੧ੴ ਸਤਿਗੁਰ ਪ੍ਰਸਾਦਿ॥

# ੧੯

**ਧਨਾਸਰੀ ਮਹਲਾ ੫ ॥**

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**
**ਸੋ ਕਹੀਅਤ ਹੈ ਸੂਰਾ॥**
**ਆਤਮ ਜਿਣੈ ਸਗਲ ਵਸਿ ਤਾ ਕੈ**
**ਜਾ ਕਾ ਸਤਿਗੁਰੁ ਪੂਰਾ॥ ੧॥**
**ਠਾਕੁਰੁ ਗਾਈਐ ਆਤਮ ਰੰਗਿ॥**
**ਸਰਣੀ ਪਾਵਨ ਨਾਮ ਧਿਆਵਨ**
**ਸਹਜਿ ਸਮਾਵਨ ਸੰਗਿ॥ ੧॥ ਰਹਾਉ॥**
**ਜਨ ਕੇ ਚਰਨ ਵਸਹਿ ਮੇਰੈ ਹੀਅਰੈ**
**ਸੰਗਿ ਪੁਨੀਤਾ ਦੇਹੀ॥**
**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ**
**ਨਾਨਕ ਕੈ ਸੁਖੁ ਏਹੀ॥ ੨॥** (ਪੰਨਾ ੬੭੯)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਅੱਜ, ਆਪ ਨੂੰ ਪਤਾ ਹੈ, ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਹ ਦਿਹਾੜਾ ਹੈ, ਜਿਸ ਦਿਨ ਗੁਰੂ ਘਰ ਮੇਂ ਹੀਦੀ੍ ਰੂ ਹੋਈ। ਇਹ ਹੀਦਾਂ ਦੇ ਵੀ ਮਹਾਂ ਹੀਦ ਸਨ, ਰਿਮਣੀ ਥੇ। ਬਾਤ ਇਹ ਹੈ ਬਈ ਤੁਸੀਂ ਜਾਣਦੇ ਹੋਂ ਇਹ ਬਾਤ, ਉਦੋਂ ਹਕੂਮਤ ਵੀ ਜੋਬਨ ਤੇ ਸੀ ਮੁਗਲਾਂ ਦੀ, ਤੇ ਗੁਰੂ ਘਰ ਦੇ ਵਿੱਚ ਵੀ ਬਹੁਤ ਉੱਚਾ ਕੰਮ ਹੋ ਗਿਆ

ਸੀ। ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝ ਗਈ, ਅੰਮ੍ਰਿਤਸਰ, ਤਰਨਤਾਰਨ ਤੀਰਥ ਸੰਪੂਰਣ ਹੋ ਗਏ, ਕਰਤਾਰਪੁਰ ਬੱਝ ਗਿਆ। ਜੋ ਵੀ ਗੁਰੂ ਰਾਮਦਾਸ ਜੀ ਕਹਿ ਕੇ ਗਏ ਸੇ, ਉਹ ਸਭ ਗੁਰੂ ਸਾਹਿਬ ਨੇ ਪੂਰਾ ਕਰ ਦਿੱਤਾ। ਇਸ ਕਰਕੇ ਜਹਾਂਗੀਰ ਉਦੋਂ ਬਾਦਾਹ ਸੀ ਤੇ ਉਹਦਾ ਲੜਕਾ ਸੀ ਖੁਸਰੋ । ਸੁਣਿਐ ਉਹ ਸੂਫੀ ਫਕੀਰਾਂ ਦਾ ਸੰਗ ਕਰਦਾ ਸੀ, ਆਜਾਦ ਸੀ। ਉਹ ਬਾਗੀ ਹੋ ਗਿਆ। ਬਾਗੀ ਹੋ ਕੇ ਉਹ ਕੁਰਕੇਤਰ ਪੀਰ ਦੇ ਪਾਸ ਵੀ ਗਿਆ, ਹੋਰ ਵੀ ਐਸੇ ਸਾਕੇ ਹੋਏ, ਜਿਨ੍ਹਾਂ ਦੇ ਪਾਸ ਉਹ ਗਿਆ। ਇਹ ਗੁਰੂ ਅਰਜਨ ਦੇਵ ਜੀ ਦੀ ਰਣ ਵੀ ਗਿਆ। ਉੱਥੇ ਜਾ ਕੇ ਉਹਨੇ ਬਾਤਚੀਤ ਜੋ  ਪੁੱਛੀ, ਗੁਰੂ ਸਾਹਿਬ ਨੇ ਉਹਨੂੰ ਸਮਝਾਇਆ। ਉਹਨਾਂ ਦਾ ਫਰ ਸੀ, ਜੋ ਵੀ ਜਗਿਆਸੂ ਭੁੱਲਿਆ ਹੋਇਆ ਆਵੇ ਉਹਨੂੰ ਸਮਝਾ ਦੇਣਾ, ਇਹ ਗੁਰੂ ਦਾ ਫਰ ਹੁੰਦਾ ਹੈ। ਇਸ ਕਰਕੇ, ਤੇ ਦੂਜਾ ਉਦੋਂ ਟਿੱਕੇ ਦਾ ਰਿਵਾਜ ਹੁੰਦਾ ਸੀ, ਸੰਗਤ ਦਾ ਟਿੱਕਾ ਵੀ ਉਹਦੇ ਲੱਗ ਗਿਆ। ਉਹ ਡਾਇਰੀ ਵਾਲੇ ਨੇ ਸਾਰੀ ਡਾਇਰੀ, ਜਹਾਂਗੀਰ ਦੇ ਕੋਲ ਪਹੁੰਚਾ ਦਿੱਤੀ। ਉਹਨਾਂ ਨੂੰ ਇਹ ੱਕ ਹੋ ਗਿਆ ਬਈ ਇਹ ਗੁਰੂ-ਕਿਆਂ ਦੇ ਪਾਸ ਗਿਆ ਤੇ ਮੇਰਾ ਲੜਕਾ ਬਾਗੀ ਸੀ। ਇਸ ੱਕ ਤੇ ਉਹਨਾਂ ਨੇ ਆਪਣਾ ਜਿਹੜਾ ਰੋਨਾਮਾ ਜੀਹਦੇ ਵਿੱਚ ਉਹ ਲਿਖਦਾ ਸੀ, ਉਸ ਵਿੱਚ ਲਿਖ ਦਿੱਤਾ "ਬਈ ਇਹ ਦੁਕਾਨ ਬਹੁਤ ਵਧ ਗਈ ਹੈ, ਦਿਨੋ ਦਿਨ ਉੱਨਤ ਹੁੰਦੀ ਜਾਂਦੀ ਹੈ, ਇਸ ਕਰਕੇ ਇਸ ਨੂੰ ਖਤਮ ਕਰਨਾ ਹੈ। ਤੇ ਉਹ ਇਹ ਸਾਰੀ ਗੱਲ ਕਹਿਕੇ ਕਮੀਰ ਨੂੰ ਚਲਾ ਗਿਆ। ਉਸਦੇ ਵਿੱਚ ਜੀਹੜਾ ਚੰਦੂ ਦਾ ਅਪਰਾਧ ਕਹਿੰਦੇ ਨੇ, ਉਹਦੀ ਬਾਬਤ ਇੱਕੋ ਹੀ ਬਾਤ ਆਉਂਦੀ ਹੈ ਬਈ ਉਸਦਾ ਨਾਈ, ਗੁਰੂ ਹਰਿ ਗੋਬਿੰਦ ਸਾਹਿਬ ਨੂੰ ਨਾਤਾ ਕਰ ਆਇਆ। ਉਸ ਨੇ ਜਦ ਆਕੇ ਦੱਸਿਆ ਚੰਦੂ ਦੇ ਮੁੱਖੋਂ ਇਹ ਨਿਕਲ ਗਿਆ, ਇਤਿਹਾਸ ਵਿੱਚ ਇਹ ਲਿਖਿਆ ਹੈ, ਬਈ ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਇਆ ਹੈਂ। ਮੈਂ ਵੀਰ ਸੀ ਹਕੂਮਤ ਵਿੱਚ, ਤੇ ਉਹ ਸਾਧ ਨੇ। ਉਹਨੇ ਆਖਿਆ, ਨਾ ਜੀ। ਉਹਨਾਂ ਦਾ ਬੜਾ ਪ੍ਰਭਾਵ ਹੈ, ਬਾਦਾਹ ਨੇ ਜੋ ਕੁੱਝ ਵੀ ਕਿਹਾ, ਇਸ ਤੇ ਚੰਦੂ ਤੇ ਵੀ ਬਲੇਮ

(ਦੋ) ਲੱਗ ਗਿਆ। ਪਰ ਚੰਦੂ ਤਾਂ ਹੁਕਮੀ ਬੰਦਾ ਸੀ, ਉਹਨੇ ਤਾਂ ਬਾਦਾਹ ਦਾ ਹੁਕਮ ਮੰਨਣਾ ਸੀ। ਇਸ ਕਰਕੇ ਉਹ ਕਹਿ ਕੇ ਬਾਤ ਚਲਾ ਗਿਆ। ਉਸ ਨੀਅਤ ਦੇ ਨਾਲ ਇਹ ਬਾਦਾਹ ਉਹਨਾਂ ਦਾ ਵਿਰੋਧੀ ਹੋ ਗਿਆ। ਜੋ ਬਾਦਾਹ ਦਾ ਹੁਕਮ ਸੀ, ਉਹ ਲੋਕਾਂ ਨੇ ਪੁਗਾਇਆ ਤੇ ਆਪ ਬਾਦਾਹ ਕਮੀਰ ਨੂੰ ਚਲਾ ਗਿਆ ਸੀ। ਉਸ ਦੇ ਰੋਨਾਮੇ ਵਿੱਚ ਇਹ ਬਾਤ ਲਿਖੀ ਦੱਸਦੇ ਨੇ, ਸੁਣਾਈ ਵੀ ਹੈ। ਇਸ ਕਰਕੇ ਇਹ ਅਪਰਾਧ ਉਹਨਾਂ ਨੇ ਆਪਣਾ ਖੜਾ ਕੀਤਾ । ਤੇ ਜਦ ਵੀ ਕੋਈ ਮਹਾਂਪੁਰ ਧਰਮ ਦਾ ਕੰਮ ਕਰਦੈ, ਉਹਦੇ ਵਿੱਚ ਹਕੂਮਤ ਵੀ ਕੁੱਝ ਵਿਰੋਧੀ ਹੋ ਜਾਂਦੀ ਹੈ । ਕੁੱਛ ਜਿਹੜੇ ਧਰਮ ਦੇ ਆਗੂ ਹੁੰਦੇ ਨੇ ਆਪੋ ਆਪਣੇ ਮਜ੍ਹਬਾਂ ਦੇ, ਉਹ ਵੀ ਵਿਰੋਧੀ ਹੋ ਜਾਂਦੇ ਨੇ। ਇਸ ਕਰਕੇ ਸੱਚਾ ਮਾਰਗ ਸੀ, ਸੱਚਾ ਰਸਤਾ ਸੀ ਤੇ ਇਹਦੀ ਬਾਬਤ ਅਸੀਂ ਆਿਦਾ ਕੁੱਛ ਕਹਿ ਨਹੀਂ ਸਕਦੇ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਜਿਹੜੇ ਜੋਤੀ ਸਰੂਪ ਆਪ ਆਏ ਸੇ ਪਰਮੇਰ –

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

ਇਸ ਕਰਕੇ ਉਹ ਜੋਤੀ ਸਰੂਪ ਪਰਮੇਰ, ਆਪ ਦੁਨੀਆਂ ਦੇ ਵਿੱਚ ਆਇਆ ਈਰ, ਉਹਨੇ **ਗੁਰੂ ਨਾਨਕ** ਕਹਾਇਆ। ਗੁਰੂ ਰੂਪ ਧਾਰਕੇ ਆਏ ਗੁਰੂ ਨਾਨਕ ਦੇਵ ਜੀ, ਉਹ ਪੰਜਵੀਂ ਜੋਤ ਸੇ।

***ਗੁਰ ਜੋਤਿ ਅਰਜੁਨ ਮਾਹਿ ਧਰੀ॥*** (ਪੰਨਾ ੧੪੦੯)

ਉਹ ਜੋਤ, ਗੁਰੂ ਰਾਮਦਾਸ ਜੀ ਜਾਂਦੇ ਹੋਏ ਗੁਰੂ ਅਰਜਨ ਵਿੱਚ ਧਰ ਗਏ। ਹੋਰ ਕਿਸੇ ਵਿੱਚ ਨਹੀਂ ਧਰੀ, ਨਾ ਪ੍ਰਿਥੀਏ ਮੇਂ, ਨਾ ਹੀ ਮਹਾਂਦੇਵ ਮੇਂ, ਹੋਰ ਕਿਸੇ ਵਿੱਚ ਨਹੀਂ ਧਰੀ । ਇਸ ਕਰਕੇ ਉਹ ਜੋਤੀ ਸਰੂਪ ਸੇ ਤੇ ਮਥੁਰਾ ਭੱਟ ਨੇ ਲਿਖਿਐ –

***ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥***
***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥***

(ਪੰਨਾ ੧੪੦੯)

ਇਹ ਸਨਮੁੱਖ ਹੋਕੇ ਉਸ ਨੇ ਬੇਨਤੀ ਕੀਤੀ ਹੈ ਕਿ "ਹੇ ਭੱਟੋ ! ਆਪਾਂ ਨੂੰ ਬਖਸ਼ਿਐ, ਗਿਆਨ ਦਾਨ ਕੀਤੈ, ਸਰਾਪ ਮੋਚਨ ਕੀਤੈ। ਇਹ ਗੁਰੂ ਅਰਜੁਨ ਦੇਵ ਾਖਿਆਤ ਹਰੀ ਨੇ।" ਇਸ ਕਰਕੇ ਉਹ ਈਰ ਰੂਪ ਸੇ, ਈਰ ਦੀ ਬਾਬਤ ਤਾਂ ਕੋਈ ਕਹਿ ਨਹੀਂ ਸਕਦਾ ਬਈ ਕੀ ਹੋਵੇ, ਕੀ ਨਾ ਹੋਵੇ। ਈਰ ਦਾ ਤਾਂ ਆਪਣਾ ਹੀ ਕੋਈ ਚਰਿੱਤਰ ਹੁੰਦਾ ਹੈ, ਜੋ ਹੋਵੇ। ਇਹ ਪ੍ਰਕਰਣ ਤਾਂ ਆਿਦਾ ਹੈ ਉੱਥੇ, ਪਰ ਇੰਨਾਂ ਕੁ ਪ੍ਰਕਰਣ ਮੈ ਸੁਣਾਉਂਦਾ ਹਾਂ। ਹੁਣ ਬਦ ਦਾ ਅਰਥ ਕਰਦੇ ਹਾਂ। ਚੱਲੀਏ–

**ਧਨਾਸਰੀ ਮਹਲਾ ੫॥**

ਧਨਾਸਰੀ ਰਾਗ ਦੇ ਵਿੱਚ ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਜੋ ਹੁਕਮਨਾਮਾ ਧੁਰੋਂ ਆਇਆ ਰੱਬੀ ਬਾਣੀ ਦਾ, ਉਹ ਕਥਨ ਕਰਦੇ ਨੇ–

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

ਜਿਸ ਨੂੰ ਹਰੀ ਦਾ ਰੰਗ ਭਾਵ ਪ੍ਰੇਮ –

***ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਯੋ॥***

(ਅਕਾਲ ਉਸਤਤਿ)

ਪ੍ਰੇਮ, ਇਕ ਗੁਰੂ ਘਰ ਮੇਂ ਮਾਰਗ ਹੈ, ਨਾਮ ਦੇ ਨਾਲ ਪ੍ਰੇਮ । ਪ੍ਰੇਮਾ ਭਗਤੀ ਗੁਰੂ ਘਰ ਦਾ ਸਿਧਾਂਤ ਹੈ। ਇਸ ਕਰਕੇ ਕਲਯੁੱਗ ਦੇ ਵਿੱਚ ਜੀਹਨੂੰ ਪੂਰਣ ਪ੍ਰੇਮ ਲੱਗ ਗਿਆ ਤੇ ਨਾਮ ਪ੍ਰਾਪਤ ਹੋ ਗਿਆ। ਨਾਮ ਦੇ ਸਿਮਰਨ ਤੇ ਹੀ ਪ੍ਰੇਮ ਪੈਦਾ ਹੁੰਦਾ ਹੈ। ਪਹਿਲੇ ਨਾਮ ਦਾ ਸਿਮਰਨ ਹੁੰਦਾ ਹੈ ਤੇ ਨਾਲ ਹੀ ਪ੍ਰੇਮ ਪੈਦਾ ਹੋ ਜਾਂਦਾ ਹੈ, ਜੀਹਨੂੰ ਇਹ ਪ੍ਰੇਮਾ ਭਗਤੀ ਪ੍ਰਾਪਤ ਹੋ ਗਈ–

**ਸੋ ਕਹੀਅਤ ਹੈ ਸੂਰਾ॥**

ਉਸ ਨੂੰ ਸੂਰਮਾ ਕਹੋ। ਦੁਨੀਆਂ ਨੂੰ ਛੱਡ ਬੈਠਾ, ਉਹ ਪਰਮੇਰ ਦੇ ਮਾਰਗ ਦੇ ਵਿੱਚ ਠੀਕ ਚੱਲ ਪਿਆ, ਪਰ ਪ੍ਰੇਮ ਸੱਚਾ ਤੇ ਸੁੱਚਾ ਚਾਹੀਏ।

**ਆਤਮ ਜਿਣੈ ਸਗਲ ਵਸਿ ਤਾ ਕੈ**

ਆਤਮ ਨਾਉਂ ਇੱਥੇ ਮਨ ਦਾ ਹੈ, ਆਤਮਾ ਦੇ ਜਿੱਤਣ ਦਾ ਤਾਂ ਕੋਈ ਸਵਾਲ ਹੀ ਨਹੀਂ। ਕਈ ਵਾਰੀ ਆਤਮ ਪਦ ਮਨ ਦਾ ਵਾਚਕ ਆਏਗਾ, ਕਈ ਵਾਰੀ ਮਨ ਆਤਮ ਵਾਚਕ ਆਏਗਾ। ਇਸ ਕਰਕੇ ਜਿਸਨੇ ਮਨ ਨੂੰ ਜਿੱਤ ਲਿਆ ਹੈ, ਆਤਮ ਜਿਣੈ , ਭਾਵ ਜਿਸ ਪੁਰ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ, ਇਹ ਮਨ ਜਿੱਤਿਆ ਹੀ ਲਿਵ ਮੇਂ ਜਾਂਦੈ, ਲਿਵ ਦੇ ਪਿੱਛੋਂ ਭਾਣਾ ਆਉਂਦੈ। ਪਹਿਲਾਂ ਨਾਮ ਹੁੰਦੈ, ਨਾਮ ਦਾ ਅਭਿਆਸ, ਸਿਮਰਣ, ਧੁਨਿ ਤੇ ਪਿੱਛੋਂ ਲਿਵ। ਲਿਵ ਦੇ ਪਿੱਛੋਂ ਭਾਣਾ ਆਪੇ ਹੀ ਆ ਜਾਂਦੈ। ਇਸ ਕਰਕੇ ਜਿਨ੍ਹਾਂ ਨੇ ਆਪਣਾ ਮਨ ਜਿੱਤ ਲਿਆ ਉਹਨਾਂ ਨੂੰ ਸੂਰਮੇ ਕਹੋ। ਉਹਨਾਂ ਨੇ ਸੰਸਾਰ ਛੱਡ ਦਿੱਤਾ, ਉਹ ਸਿੱਧੇ ਮਾਰਗ ਪਰਮੇਰ ਵੱਲ ਚਲੇ ਗਏ ਲਿਵ ਮੇਂ।

**ਜਾ ਕਾ ਸਤਿਗੁਰੁ ਪੂਰਾ॥**

ਪਰ ਜੀਹਨੂੰ ਪੂਰਣ ਗੁਰੂ ਮਿਲੇ। ਸਤਿਗੁਰੂ ਗੁਰੂ ਰਾਮਦਾਸ ਜੀ ਪੂਰਣ ਗੁਰੂ ਮਿਲੇ। ਗੁਰੂ ਅਰਜਨ ਦੇਵ ਦਾ ਮਤਲਬ, ਸਿਧਾਂਤ ਇਹ ਹੈ ਕਿ ਪੂਰੇ ਗੁਰੂ ਨੇ ਮੈਨੂੰ ਇੱਥੇ ਪਹੁੰਚਾ ਦਿੱਤਾ। ਪਰ ਮਨ ਨੂੰ ਉਹੀ ਜਿੱਤ ਸਕਦੈ ਜੀਹਦੇ ਉੱਤੇ ਪੂਰਣ ਗੁਰੂ ਦੀ ਕਿਰਪਾ ਹੋਵੇ, ਨਾਮ ਤੇ ਪ੍ਰੇਮ ਪ੍ਰਾਪਤ ਹੋ ਜਾਵੇ ਫਿਰ ਉਹਦੀ ਲਿਵ ਲੱਗ ਜਾਂਦੀ ਹੈ। ਲਿਵ ਤੇ ਮਨ ਜਿੱਤਿਆ ਜਾਂਦਾ ਹੈ, ਅੱਗੇ ਮਨ ਨਹੀਂ ਰਹਿੰਦਾ। ਫਿਰ ਤਾਂ ਆਪਣਾ ਆਤਮਾ ਸਾਖੀ ਰਹਿੰਦਾ ਹੈ, ਚੇਤਨ। ਹੋਰ ਕੁੱਝ ਨਹੀਂ ਰਹਿੰਦਾ। ਉਹਨੂੰ ਦਾਨਾ ਬੀਨਾ ਕਹੋ, ਉਹਨੂੰ ਦ੍ਰਟਾ ਕਹੋ।

***ਮੁਈ ਸੁਰਤਿ ਬਾਦੁ ਅਹੰਕਾਰੁ॥***

***ਓਹੁ ਨ ਮੂਆ ਜੋ ਦੇਖਣਹਾਰੁ॥*** (ਪੰਨਾ ੧੫੨)

ਉਸ ਨੂੰ ਤੁਸੀਂ ਚਾਹੇ ਸਾਖੀ ਕਹਿ ਲਉ। ਇਹ ਤੁਸੀਂ ਆਪਣੇ ਅੰਦਰ ਹੀ ਦੇਖ ਲਉ, ਜਦ ਤੁਸੀਂ ਸੁਨਣਾ ਹੋਏਗਾ, ਉਹ ਸੁਨਣੇ ਨਾਲ ਤੁਹਾਡਾ ਮਨ ਜੁੜੇਗਾ ਬੜਾ ਮੁਕਿਲ । ਹੋਰ ਹੀ ਤੁਹਾਡੇ ਅੰਦਰ ਸੰਕਲਪ ਚੱਲੀ ਜਾਏਗਾ, ਖਿਆਲ ਚੱਲੀ ਜਾਏਂਗੇ। ਜਦ ਸਰਗੁਣ ਦੇ ਨਾਲ ਬਿਰਤੀ ਜੁੜ ਜਾਏ, ਇਕ ਹੋ ਜਾਏ ਤਾਂ ਖਿਆਲ ਬੰਦ ਹੋ ਜਾਏਂਗੇ। ਜਦ ਨਾਮ ਦੇ ਨਾਲ ਇਹਦਾ ਮਨ ਜੁੜ ਜੇ।

***ਨਾਮੁ ਸੰਗੀ ਸੋ ਮਨਿ ਨ ਬਸਾਇਓ॥***
***ਛੋਡਿ ਜਾਹਿ ਵਾਹੂ ਚਿਤੁ ਲਾਇਓ॥*** (ਪੰਨਾ ੭੧੫)

ਇਹਦਾ ਸੰਗੀ ਇਕ ਨਾਮ ਹੈ, ਨਾਮੀ ਦੇ ਪਾਸ ਪਹੁੰਚਾਉਣ ਵਾਲਾ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨ ਜਾਨਿਆ॥*** (ਪੰਨਾ ੨੮੧)

ਹਾਂ! ਉਹ ਸੂਰਮਾ ਹੈ, ਨਾਮ ਦੇ ਨਾਲ ਜਿਸ ਨੇ ਮਨ ਨੂੰ ਜਿੱਤ ਲਿਆ। ਹੁਣ ਅਗਲੀ ਪੰਗਤੀ ਪੜ੍ਹ ਭਾਈ –

***ਠਾਕੁਰੁ ਗਾਈਐ ਆਤਮ ਰੰਗਿ॥***

ਪ੍ਰੇਮ ਦੇ ਨਾਲ ਠਾਕੁਰ ਦਾ ਨਾਮ ਜਪੀਏ, ਨਿਧਿਆਸਨ ਕਰੀਏ, ਸਿਮਰਨ ਕਰੀਏ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਜਦ ਸਿਮਰਨ ਪੱਕਾ ਚੱਲ ਜਾਏ, ਸਿਮਰਨ ਦੇ ਮਗਰੋਂ ਅਨਾਹਤ ਆਉਂਦਾ ਹੈ, ਉੱਥੇ ਹੰਕਾਰ ਡਿੱਗ ਪੈਂਦਾ ਹੈ, ਫਿਰ ਧੁਨਿ ਤੇ ਲਿਵ ਹੋ ਜਾਂਦੀ ਹੈ। ਲਿਵ ਤੇ, ਇਸ ਨੂੰ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਚੌਥੀ ਲਾਂਵ ਵਿਚ ਲਿਖਿਆ ਹੋਇਆ ਹੈ–

**ਸਰਣੀ ਪਾਵਨ ਨਾਮ ਧਿਆਵਨ**

ਜਦ ਵੀ ਨਾਮ ਧਿਆਉਣਾ ਹੈ, ਪਰਮੇਰ ਦਾ ਧਿਆਨ ਕਰਨਾ,

ਨਾਮ ਦਾ ਸਿਮਰਨ ਕਰਨਾ। ਪਹਿਲੇ ਆਪਣਾ ਆਪ ਅਰਪਣ ਕਰ ਦਿਉ। ਇਕ ਹੁੰਦੈ ਵਿਚਾਰ, ਵਿਚਾਰ ਤੇ ਗਿਆਨ ਬੜਾ ਮੁਕਿਲ ਹੁੰਦਾ ਹੈ। ਕਿਸੇ ਦੇ ਪਿਛਲੇ ਹੀ ਪੁੰਨ ਹੋਣ, ਸਾਧਨ ਕੀਤੇ। ਜਦ ਆਪਣਾ ਆਪ ਅਰਪਣ ਕਰ ਦਿਉ, ਗਿਆਨ ਮੇਂ ਛਿੰਨ ਮਾਤਰ ਹੀ ਲਗਦੈ । ਅਟਾਵਕਰ ਦਾ ਪ੍ਰਸੰਗ ਹੈ। ਪਰ ਜਨਕ ਜਦ ਉਹਦੇ ਪਾਸ ਆਇਆ ਉਸ ਨੇ ਪੁੱਛਿਆ, ਇਹ ਲਿਖਿਆ-ਪੜ੍ਹਿਐ, ਫਿਰ ਗਿਆਨ ਕਰੋ। ਉਹਦਾ ਲਿਖਿਆ ਸੀ ਕਿ ਮੈਂ ਘੋੜੇ ਦੀ ਰਕਾਬ ਵਿੱਚ ਪੈਰ ਪਾਵਾਂ, ਮੈਨੂੰ ਗਿਆਨ ਕਰਾ ਦੇਵੇ, ਉਹ ਇਸ ਗੱਦੀ ਤੇ ਬੈਠੇ। ਤੇ ਨਹੀਂ ਕੋਈ ਬੈਠਾ ਉੱਥੇ। ਲਿਖਿਆ ਹੈ ਕਿ ਉੱਥੇ ਬਾਰਾਂ ਹਾਰ ਪੰਡਿਤ, ਬ੍ਰਾਹਮਣ ਤੇ ਹੋਰ ਵੀ ਬਹੁਤ ਦੁਨੀਆਂ ਸੀ, ਪਰ ਕੋਈ ਨਹੀਂ ਗੱਦੀ ਤੇ ਬੈਠਾ। ਅਟਾਵਕਰ ਆਕੇ ਗੱਦੀ ਤੇ ਬਹਿ ਗਿਆ। ਉਹ ਜੋਗੀ ਸੀ, ਅੰਤਰਯਾਮੀ ਸੀ। ਉਸਨੇ ਆਖਿਆ ਹਾਂ ਕਰੂੰਗਾ, ਮੈਂ ਪੜ੍ਹਿਐ। ਉਹਨੇ ਜੋ ਰਿਵਾਜ ਸੀ, ਉਹਨਾਂ ਦੀ ਪੂਜਾ ਕੀਤੀ। ਉਸਨੇ ਤਿੰਨ ਚੂਲੀਆਂ ਉਸ ਤੋਂ ਭਰਾਈਆਂ। ਇਤਿਹਾਸ ਮੇਂ ਪਰੰਪਰਾ ਦੱਸਦੇ ਨੇ। ਮਨ, ਧਨ ਤੇ ਤਨ। ਬਈ ਇਹ ਅਰਪਣ ਕਰ। ਉਸ ਨੇ ਸਾਰੇ ਅਰਪਣ ਕਰ ਦਿੱਤੇ । ਉਸ ਨੇ ਖਿਆਲ ਕੀਤਾ ਕਿ ਮੈਂ ਹੁਣ ਘੋੜੇ ਦੀ ਰਕਾਬ ਵਿੱਚ ਪੈਰ ਪਾਵਾਂ। ਉਸ ਨੇ ਆਖਿਆ ਤੂੰ ਬਾਦਾਹ ਵੀ ਹੈਂ ਤੇ ਬੇਈਮਾਨ ਵੀ ਹੈਂ। ਉਹਨੇ ਆਖਿਆ ਕਿਉਂ? ਅਖੇ ਮਨ ਤੂੰ ਮੈਨੂੰ ਦਿੱਤਾ ਹੈ ਕਿ ਤੇਰਾ ਤੇਰੇ ਕੋਲ ਹੈ? ਕਹਿੰਦਾ ਨਾ ਜੀ, ਮੈ ਆਪ ਨੂੰ ਅਰਪਣ ਕਰ ਦਿੱਤਾ ਤੇ ਕਹਿੰਦਾ ਤੈਂ ਸੰਕਲਪ ਕਿਉਂ ਕੀਤਾ? ਉਹ ਬਾਦਾਹ ਨੂੰ ਇਸ ਗੱਲ ਦਾ ਪਤਾ ਲੱਗਿਆ, ਉਸ ਨੇ ਸੰਕਲਪ ਛੱਡ ਦਿੱਤਾ। ਸੰਕਲਪ-ਵਿਕਲਪ ਨੂੰ ਹੀ ਮਨ ਕਹਿੰਦੇ ਨੇ। ਜਦ ਉਹਦਾ ਸੰਕਲਪ, ਵਿਕਲਪ ਦੂਰ ਹੋ ਗਿਆ ਤਾਂ ਦ੍ਰਟਾ ਤਾਂ ਆਤਮਾ ਹੀ ਸੀ, ਉਹੀ ਸਾਖੀ ਸੀ, ਜਿਹੜਾ ਸਭ ਨੂੰ ਦੇਖਦਾ ਹੈ। ਤੁਸੀਂ ਆਪਣੇ ਅੰਦਰ ਵੀ ਦੇਖਦੇ ਹੋ, ਜਦ ਤੁਸੀਂ ਦੇਖਦੇ ਹੋ ਕਿਸੇ ਚੀ ਨੂੰ, ਤਾਂ ਪ੍ਰਤਿਬੰਧਕ ਵੀ ਨਾਲ ਚਲਦੇ ਨੇ ਖਿਆਲਾਂ ਦੇ। ਜੇ ਪੂਰਣ ਚਿੱਤ ਇਕਾਗਰ ਹੋਏਗਾ ਤਾਂ ਉਹ ਸਹੀ ਹੋਏਗਾ। ਇਸ ਕਰਕੇ ਉਸਨੂੰ ਪਤਾ ਲੱਗ ਗਿਆ ਤੇ ਉਸਨੂੰ ਆਤਮਾ ਦਾ

ਾਖ੍ਯਾਤਕਾਰ ਹੋ ਗਿਆ। ਉਹ ਚਰਨਾਂ ਤੇ ਪੈ ਗਿਆ, ਬੜੀ ਕਿਰਪਾ ਕੀਤੀ, ਮੈਂ ਨਿਹਾਲ ਹੋ ਗਿਆ। ਇਸ ਕਰਕੇ ਭਾਈ! ਗੁਰੂ ਸਾਹਿਬ ਕਹਿੰਦੇ ਨੇ ਆਪਣਾ ਆਪ ਅਰਪਣ ਕਰ ਦਿਉ, ਰਣ ਪੈ ਜਾਉ ਤੇ ਨਾਮ ਦਾ ਜਾਪ ਕਰੋ ਤੇ ਪਰਮੇਰ ਦਾ, ਪਰੀਪੂਰਣ ਦਾ ਧਿਆਨ ਕਰੋ।

**ਸਹਜਿ ਸਮਾਵਨ ਸੰਗਿ॥ ੧॥ ਰਹਾਉ॥**

ਸਹਜ, ਸੁਭਾਅ ਹੈ। ਸਹਜ, ਸੁਭਾਵ ਦਾ ਅਰਥ ਵੀ ਹੈ ਤੇ ਸਹਜ, ਗਿਆਨ ਦਾ ਨਾਮ ਵੀ ਹੈ। ਉਹ ਸਹਜ ਸੀ ਨਾ ਜਿਹੜਾ ਆਪਣਾ ਸਰੂਪ, ਗਿਆਨ ਸਰੂਪ ਉਹਦੇ ਸੰਗ ਇੱਕ ਹੋ ਗਿਆ, ਆਤਮਾ ਦੀ ਪ੍ਰਾਪਤੀ ਹੋ ਗਈ। ਆਪਾ ਤਾਂ ਹਮੇਸ਼ਾ ਹੀ ਪ੍ਰਾਪਤ ਹੈ ਪਰ ਨਾ ਹੋਏ ਦੀ ਤਰ੍ਹਾਂ ਹੈ। ਕਿਉਂ ? ਇਹਦਾ ਮਨ ਦੁਨੀਆਂ ਵਿੱਚ ਲੱਗਿਆ ਹੈ।

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥***

***ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਏਕਾ ਤਾਂ ਸਾਰਿਆਂ ਦੇ ਹਿਰਦਿਆਂ ਵਿੱਚ ਬੈਠਾ ਹੈ। ਉਹ ਅਖਰ (ਅ+ਖਰ) ਹੈ, ਅੱਖਰ ਤਾਂ ਉਹ ਹੈ ਨਹੀਂ। ਅੱਖਰਾਂ ਦੁਆਰੇ ਹੀ ਅਖਰ (ਅ+ਖਰ) ਨੂੰ ਦੇਖਣਾ ਹੈ, ਅਖਰ (ਅ+ਖਰ) ਨੂੰ ਪ੍ਰਾਪਤ ਕਰਨਾ ਹੈ, ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਹੈ –

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੨)

ਜੇ ਤੂੰ ਉਸ ਪਰਮੇਰ ਦਾ ਸੱਚੇ ਦਿਲੋਂ ਐਨਾਂ ਕ ਰੇਂ ਤੂੰ ਸੰਸਾਰ ਤੋਂ ਪਾਰ ਹੋ ਜਾਏਂ। ਜੇ ਸਾਰਿਆਂ ਦੇ ਹਿਰਦਿਆਂ ਵਿੱਚ ਤੂੰ ਪਰਮੇਰ ਦੇਖ ਲਵੇਂ ਤੇਰੀ ਮੁਕਤੀ ਹੋ ਜਾਏ। ਭਾਈ ਘਨੱਈਏ ਨੇ ਪਾਣੀ ਪਿਆਇਆ– ਸਾਰੇ ਹਿੰਦੂ, ਸਿੱਖਾਂ, ਮੁਸਲਮਾਨਾਂ ਨੂੰ। ਸਾਰਿਆਂ ਵਿੱਚ ਗੁਰੂ ਨੂੰ ਦੇਖਕੇ , ਰੱਬ ਦੇਖਕੇ ਤੇ ਉਹਦੀ ਉਦੋਂ ਹੀ ਮੋਕ ਹੋ ਗਈ। ਬਖ਼ਸ਼ਿ ਹੋ ਗਈ

ਉਹਤੇ, ਦਸਵੇਂ ਪਾਤਿਾਹ ਦੀ। ਉਹ ਮੁਕਤ ਹੋ ਗਿਆ, ਜਨਮ ਮਰਨ ਤੋਂ ਛੁੱਟ ਗਿਆ।

**ਜਨ ਕੇ ਚਰਨ ਵਸਹਿ ਮੇਰੈ ਹੀਅਰੈ**

ਉਹ ਜਨ ਜੋ ਹੈ, ਸ੍ਰੀ ਗੁਰੂ ਰਾਮਦਾਸ ਤੇ ਇਹਨਾਂ ਦਾ ਲਕ ਹੈ, ਜਨ ਤਾਂ ਸਾਰੇ ਹੀ ਨੇ, ਦਾਦੂ ਵੀ ਜਨ ਹੈ, ਕਬੀਰ ਵੀ ਜਨ ਹੈ, ਜਿੰਨੇ ਰੱਬ ਦੇ ਚੇਲੇ ਨੇ, ਜਿਹੜੇ ਰੱਬ ਨੂੰ ਪ੍ਰਾਪਤ ਕਰ ਚੁੱਕੇ ਨੇ, ਉਹ ਸਾਰੇ ਹੀ ਜਨ ਨੇ। ਪਰ ਉਹਨਾਂ ਦੇ ਗੁਰੂ ਰਾਮਦਾਸ ਦੇ ਚਰਨ ਮੇਰੇ ਹਿਰਦੇ ਵਿੱਚ ਵੱਸਦੇ ਨੇ। ਉਹਨਾਂ ਨੇ ਜੋ ਨਾਮ ਦਿੱਤਾ ਉਹ ਵੀ ਮੇਰੇ ਹਿਰਦੇ ਵਿੱਚ ਵੱਸਦਾ ਹੈ। ਨਾਮ ਨੂੰ ਵੀ ਕਿਤੇ ਚਰਨ ਕਹਿ ਦਿੰਦੇ ਨੇ।

**ਸੰਗਿ ਪੁਨੀਤਾ ਦੇਹੀ॥**

ਸਾਥ ਮੇਰੀ ਦੇਹ ਵੀ ਪਵਿੱਤਰ ਹੋ ਗਈ, ਮੇਰਾ ਮਨ ਤਨ ਸਭ ਪਵਿੱਤਰ ਹੋ ਗਿਆ, ਮੇਰੀ ਦੇਹ ਵੀ ਪਵਿੱਤਰ ਹੋ ਗਈ।

**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ**

ਸ੍ਰੀ ਗੁਰੂ ਸਾਹਿਬ ਕਹਿੰਦੇ–ਉਹਨਾਂ ਜਨਾਂ ਦੀ ਮੈਨੂੰ ਧੂੜ ਦੇ ਦਿਉ। ਉਸ ਗੁਰੂ ਰਾਮਦਾਸ ਦੇ ਚਰਣਾਂ ਦੀ ਧੂੜ ਨੇ ਮੇਰਾ ਉਧਾਰ ਕਰ ਦਿੱਤਾ।

**ਨਾਨਕ ਕੈ ਸੁਖੁ ਏਹੀ॥**

ਗੁਰੂ ਅਰਜਨ ਦੇਵ ਜੀ ਕਹਿੰਦੇ–ਸਾਡੇ ਤਾਂ ਇਹੀ ਸੁੱਖ ਨੇ। ਆਤਮ ਸੁੱਖ ਸਾਨੂੰ ਇੱਥੋਂ ਪ੍ਰਾਪਤ ਹੋਇਆ। ਆਤਮ ਸੁੱਖ ਹੀ ਸਾਨੂੰ ਚਾਹੀਦਾ ਸੀ, ਉਹ ਸਾਨੂੰ ਪ੍ਰਾਪਤ ਹੋ ਗਿਆ। ਉਹ ਪਰਮੇਰ ਦੀ, ਗੁਰੂ ਦੀ ਕਿਰਪਾ ਤੇ ਪ੍ਰਾਪਤ ਹੋ ਗਿਆ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

## ੨੦

**ਜੈਤਸਰੀ ਮਹਲਾ ੫॥**

**ਕੋਈ ਜਨੁ ਹਰਿ ਸਿਉ ਦੇਵੈ ਜੋਰਿ॥**
**ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥ ੧ ॥ ਰਹਾਉ॥**
**ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥**
**ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥੧॥**
**ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮਰੀ ਓਰਿ॥**
**ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥ ੨॥** (ਪੰਨਾ ੭੧)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

***ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥***
***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥***

(ਪੰਨਾ ੧੪੦੯)

ਭੱਟ ਸਰਾਪੇ ਹੋਏ ਸੇ, ਭਗਵਾਨ ਵਿਨੂੰ ਦੇ ਪਾਸ ਗਏ, ਪਰ ਹਟਿਆ ਨਹੀਂ, ਸਰਾਪ ਹੋ ਗਿਆ। ਉਨਾਂ ਨੇ ਬੇਨਤੀ ਕੀਤੀ ਭਗਵਾਨ ਦੇ ਪਾਸ ਬਈ ਇਹੋ ਜਿਹੀ ਕਿਰਪਾ ਸਾਡੇ ਤੇ ਕਰੋ, ਅਸੀਂ ਭੁੱਲ ਗਏ, ਉਧਾਰ ਦਾ ਸਾਨੂੰ ਕੋਈ ਉਪਾਅ ਦੱਸੋ, ਸਾਡਾ ਉਧਾਰ ਕੈਸੇ ਹੋਵੇ ? ਉਹਨੇ ਕਿਹਾ ਕਲਯੁੱਗ ਦੇ ਵਿੱਚ ਗੁਰੂ ਨਾਨਕ ਜਦ ਪੰਜਵੀਂ ਗੱਦੀ ਤੇ ਆਏਂਗੇ,

ਉਦੋਂ ਤੁਹਾਡਾ ਉਧਾਰ ਹੋਏਗਾ। ਸਾਲ ਭਰ ਉਹ ਫਿਰੇ, ਪਰ ਕਿਸੇ ਤੋਂ ਉਨਾਂ ਦਾ ਉਧਾਰ ਨਹੀਂ ਹੋਇਆ। ਜਦ ਗੁਰੂ ਅਰਜਨ ਦੇਵ ਜੀ ਦੇ ਦਰਵਾਜੇ ਤੇ ਆਏ, ਉਨਾਂ ਨੇ ਇਨਾਂ ਦਾ ਉਧਾਰ ਕਰ ਦਿੱਤਾ। ਉਧਾਰ ਵੀ ਕੀ ਕੀਤਾ? ਉਹਨਾਂ ਦੇ ਅੰਦਰ ਬਾਣੀ ਪ੍ਰਗਟ ਕਰ ਦਿੱਤੀ। ਇਹ ਭੱਟਾਂ ਦੇ ਸਵੱਈਏ ਉਨਾਂ ਨੇ ਹੀ ਕਹੇ ਨੇ। ਫਿਰ ਉਨਾਂ ਨੇ ਬਾਣੀ ਉਚਾਰਣ ਕੀਤੀ। ਉਹ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਅੰਕਿਤ ਹੈ। ਉਹ ਮਥਰਾ ਭੱਟ ਉਨਾਂ ਵਿੱਚ ਵੱਡਾ ਸੀ, ਉਸ ਨੇ ਆਖਿਆ –

***ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥***

ਉਹ ਜੋਤੀ ਸਰੂਪ ਸਾਰੇ ਵਿਆਪਕ ਪਰੀਪੂਰਣ ਹੈ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਸਾਰੇ ਚਾਰ ਖਾਣੀਆਂ ਦੇ ਜੀਵਾਂ ਦੇ ਵਿੱਚ, ਪਰਮੇਰ ਸਭ ਦੇ ਹਿਰਦਿਆਂ ਵਿੱਚ ਆਪ ਬੈਠਾ ਹੈ।

***ਈਵਰਃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ।***

(ਗੀਤਾ ੧੮/੬੧)

ਸਾਰਿਆਂ ਦੇ ਹਿਰਦਿਆਂ ਦੇ ਵਿੱਚ, ਭਗਵਾਨ ਕ੍ਰਿਨ ਚੰਦਰ ਜੀ ਦੁਆਪਰ ਦੇ ਅਵਤਾਰ, ਇਹ ਕਥਨ ਕਰਦੇ ਨੇ, ਸਭ ਦੇ ਹਿਰਦੇ ਦੇ ਵਿੱਚ ਪਰਮੇਰ ਹੈ। ਕੋਈ ਇਹੋ ਜਿਹਾ ਹਿਰਦਾ ਨਹੀਂ ਚਾਰ ਖਾਣੀਆਂ ਦੇ ਵਿੱਚ, ਜਿਸ ਦੇ ਅੰਦਰ ਪਰਮੇਰ ਨਾ ਹੋਵੇ। ਉਹ ਇਕ ਜੋ ਪਰਮੇਰ ਹੈ, ਉਹ ਸਭ ਦੇ ਅੰਦਰ ਬੈਠਾ ਹੈ।

***ਏਕਮ ਏਕੰਕਾਰੁ ਨਿਰਾਲਾ॥***
***ਅਮਰੁ ਅਜੋਨੀ ਜਾਤਿ ਨ ਜਾਲਾ॥***
***ਅਗਮ ਅਗੋਚਰੁ ਰੂਪੁ ਨ ਰੇਖਿਆ॥***
***ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਪਹਿਲੀ ਪਾਤਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਸਾਰਿਆਂ

ਦੇ ਹਿਰਦਿਆਂ ਦੇ ਵਿੱਚ, ਉਹ ਏਕਾ ਅਸੀਂ ਦੇਖਿਆ। ਦੂਸਰੀ ਹੈ ਦਵੈਤ, ਮਾਇਆ। ਮਾਇਆ ਝੂਠੀ ਹੈ, ਉਹ ਸਤਿ ਹੈ।

*ਮੂਈ ਸੁਰਤਿ ਬਾਦੁ ਅਹੰਕਾਰੁ॥*
*ਓਹੁ ਨ ਮੂਆ ਜੋ ਦੇਖਣਹਾਰੁ॥੨॥*
*ਜੈ ਕਾਰਣਿ ਤਟਿ ਤੀਰਥ ਜਾਹੀ॥*
*ਰਤਨ ਪਦਾਰਥ ਘਟ ਹੀ ਮਾਹੀ॥*
*ਪੜਿ ਪੜਿ ਪੰਡਿਤੁ ਬਾਦੁ ਵਖਾਣੈ॥*
*ਭੀਤਰਿ ਹੋਦੀ ਵਸਤੁ ਨ ਜਾਣੈ॥੩ ॥*
*ਹਉ ਨ ਮੂਆ ਮੇਰੀ ਮੁਈ ਬਲਾਇ॥*
*ਓਹੁ ਨ ਮੂਆ ਜੋ ਰਹਿਆ ਸਮਾਇ॥*
*ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥*
*ਮਰਤਾ ਜਾਤਾ ਨਦਰਿ ਨ ਆਇਆ॥੪॥* (ਪੰਨਾ ੧੫੨)

ਜਦ ਇਸ ਨੂੰ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਉਹ ਈਰ ਪਰਤੱਖ ਹੋ ਜਾਏਗਾ। ਕਦ ਹੋਏਗਾ? ਅਗਰ ਇੱਕ ਨੂੰ ਆਪਣੇ ਹਿਰਦੇ ਵਿੱਚ ਦੇਖ ਲਏਗਾ ਤਾਂ ਹੋਏਗਾ। ਇਹਦੇ ਹਿਰਦੇ ਦੇ ਵਿੱਚ ਵੀ –

*ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥*
(ਪੰਨਾ ੫੨੦)

ਉਹ ਜੋ ਸਾਰਿਆਂ ਦਾ ਮਾਲਕ ਹੈ ਪਰਮੇਰ, ਉਹ ਸਭ ਦੇ ਹਿਰਦੇ ਦੇ ਵਿੱਚ ਦਾਨਾ ਬੀਨਾ ਹੋਕੇ ਬੈਠਾ ਹੈ ਵਰਤਮਾਨ ਮੇਂ। ਉਹ ਵਿਆਪਕ ਉਦੋਂ ਹੋਵੇਗਾ ਜਦ ਤੁਹਾਡਾ ਮਨ ਲੀਨ ਹੋਏਗਾ।

*ਸੁਣਿਆ ਮੰਨਿਆ ਮਨਿ ਕੀਤਾ ਭਾਉ॥*
*ਅੰਤਰਗਤਿ ਤੀਰਥਿ ਮਲਿ ਨਾਉ॥* (ਪੰਨਾ ੪)

ਉਹ ਜਿਹੜਾ ਅੰਦਰ ਤੁਹਾਡੇ ਪਵਿੱਤਰ ਤੀਰਥ ਪਰਮੇਰ ਹੈ, ਉਹ ਇੱਕੋ ਪਰਮੇਰ ਹੈ।

*ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥*
(ਪੰਨਾ ੩੫੦)

ਮੇਰਾ ਮਾਲਕ ਇੱਕ ਰੱਬ ਹੈ, ਉਹ ਸਾਰਿਆਂ ਦੇ ਵਿੱਚ ਇੱਕ ਹੈ, ਪਰ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਹੈ। ਤੁਹਾਡੇ ਸਾਡੇ ਵਿੱਚ ਨਹੀਂ ਹੈ ? ਉਹ ਜਿਹੜਾ ਤੁਹਾਡੇ ਮਨ ਬੁੱਧੀ ਦਾ ਦ੍ਰਟਾ ਹੈ, ਉਹੀ ਪਰਮੇਰ ਹੈ। ਦਾਨਾ ਜਾਣਨੇ ਵਾਲਾ, ਬੀਨਾ ਦੇਖਣੇ ਵਾਲਾ ਉਹ ਸਾਈਂ ਮਾਲਿਕ ਹੈ। ਉਹ ਸਭ ਦੇ ਹਿਰਦੇ ਦੇ ਵਿੱਚ ਸਾਖੀ ਰੂਪੇ ਬਿਰਾਜਮਾਨ ਹੋਇਆ ਹੈ, ਦ੍ਰਟਾ ਰੂਪੇ ਹੈ, ਪਾਰਖ ਰੂਪੇ ਹੈ।

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥***

(ਪੰਨਾ ੧੪੪)

ਪਾਰਖ ਤਾਂ ਆਪ ਪਰਮੇਰ ਹੀ ਹੈ, ਹੋਰ ਤਾਂ ਕੋਈ ਹੈ ਨਹੀਂ, ਇਕ ਈਰ ਹੈ। ਗੁਰੂ ਸਾਹਿਬ ਨੇ ਵੀ ਲਿਖਿਆ ਹੈ ਤੇ ਕਬੀਰ ਸਾਹਿਬ ਨੇ ਵੀ ਲਿਖਿਆ ਹੈ–

***ਸੋ ਬਉਰਾ ਜੋ ਆਪੁ ਨ ਪਛਾਨੈ॥*** (ਪੰਨਾ ੮੫੫)

ਉਹ ਪਾਗਲ ਹੈ ਜਿਹਨੇ ਆਪਣਾ ਆਪ ਨਹੀਂ ਪਛਾਣਿਆ।

***ਸੋ ਬਉਰਾ ਜੋ ਆਪੁ ਨ ਪਛਾਨੈ ॥***
***ਆਪੁ ਪਛਾਨੈ ਤ ਏਕੈ ਜਾਨੈ॥***

ਜੇ ਉਹਨੂੰ ਆਪਣੇ ਆਪ ਦੀ ਪਛਾਣ ਆ ਜਾਏ, ਉਹ ਸਾਰਿਆਂ ਦੇ ਵਿੱਚ ਇਕ ਪਰਮੇਰ ਨੂੰ ਦੇਖ ਲਵੇ। ਉਹਦੀ ਰਾਗ ਦਵੈ ਨਹੀਂ ਕਿਸੇ ਨਾਲ ਰਹਿ ਸਕਦੀ। ਉਹਦੀ ਜਿਹੜੀ ਈਰਖਾ ਹੈ, ਉਹ ਨਾ ਹੋ ਜਾਂਦੀ ਹੈ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ਰਹਾਉ॥ ੧॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ੧॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਓ***
***ਏਹ ਸੁਮਤਿ ਸਾਧੂ ਤੇ ਪਾਈ॥ ੨॥***

***ਸਭ ਮਹਿ ਰਵਿ ਰਹਿਆ ਪ੍ਰਭੁ ਏਕੈ***
***ਪੇਖਿ ਪੇਖਿ ਨਾਨਕ ਬਿਗਸਾਈ।।। ੩।।*** (ਪੰਨਾ ੧੨੯੯)

ਗੁਰੂ ਅਰਜਨ ਦੇਵ ਮਹਾਰਾਜ ਜੀ ਕਹਿੰਦੇ ਇਹ ਸੁਮਤਿ ਅਸੀਂ ਉਸ ਸਾਧੂ ਦੇ ਸੰਗ ਤੇ ਪਾਈ ਹੈ। ਉਹ ਗੁਰੂ ਰਾਮਦਾਸ ਸੰਤ ਨੇ ਸਾਡੇ ਤੇ ਕਿਰਪਾ ਕੀਤੀ-

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ।।***
***ਨਾਮੁ ਪ੍ਰਭੂ ਕਾ ਲਾਗਾ ਮੀਠਾ।।*** (ਪੰਨਾ ੨੯੩)

ਜਦ ਅਸੀਂ ਉਸ ਸੰਤ ਦੇ ਚਰਨਾਂ ਤੇ ਪਏ ਗੁਰੂ ਰਾਮਦਾਸ ਜੀ ਦੇ। ਉਹਨਾਂ ਦੀ ਕਿਰਪਾ ਦੇ ਨਾਲ ਅਸੀਂ ਆਪਨੇ ਅੰਦਰ ਰੱਬ ਦੇਖਿਆ। ਉਸ ਸਾਧੂ ਤੇ ਅਸੀਂ ਸੁਮਤਿ ਲਈ, ਉਹਨੇ ਸਾਡੀ ਸਮ-ਦ੍ਰਿਟੀ ਕਰ ਦਿੱਤੀ। ਗੀਤਾ ਵਿੱਚ ਜਦੋਂ ਉਹ ਲਿਖਦਾ ਆਇਆ, ਉਸਨੇ ਆਖਿਆ ਬਈ ਕੋਈ ਹੋਰ ਵੀ ਯੋਗ ਹੈ ਪਾਪਾਂ ਨੂੰ ਕੱਟਣ ਲਈ ? ਕਹਿੰਦਾ **"ਸਮੱਤਮ ਯੋਗ ਉਚਯਤੇ"**। ਕਹਿੰਦਾ ਸਾਰਿਆਂ ਨਾਲੋ ਸਮ-ਯੋਗ ਬੜਾ ਹੈ । ਜਿਹੜਾ ਸਾਰਿਆਂ ਦੇ ਵਿੱਚ ਪਰਮੇਰ ਨੂੰ ਦੇਖ ਲਵੇ, ਉਹਦੀ ਮੋਕ ਹੋ ਜਾਂਦੀ ਹੈ। ਰਾਗ ਦਵੈ ਵਾਲੇ ਦੀ ਮੋਕ ਨਹੀਂ ਹੁੰਦੀ। ਇਸ ਕਰਕੇ ਭਾਈ ਜਦ ਤੱਕ ਇਹਨੂੰ ਸਮਤ ਯੋਗ ਪ੍ਰਾਪਤ ਨਹੀਂ ਹੁੰਦਾ, ਭਗਵਾਨ ਕ੍ਰਿਨ ਕਹਿੰਦੇ ਤਬ ਤੱਕ ਇਹਦੇ ਪਾਪ ਨਹੀਂ ਕੱਟੇ ਜਾਂਦੇ। ਜਦ ਇਹਦੀ ਸਮਦ੍ਰਿਟੀ ਹੋ ਗਈ, ਪਾਪਾਂ ਨੂੰ ਜਗ੍ਹਾ ਹੀ ਕੋਈ ਨਹੀਂ ਹੈ। ਉਹ ਸਾਰਿਆਂ ਦੇ ਵਿੱਚ ਪਰਮੇਰ ਹੈ, ਉਹ ਇਹਨੂੰ ਪਰਤੱਖ ਹੋ ਗਿਆ। ਇਸ ਕਰਕੇ ਉਸ ਪਰਮੇਰ ਦਾ ਭਾਈ ਨਾਮ ਜਪਣਾ ਚਾਹੀਏ, ਸਿਮਰਨ ਕਰਨਾ ਚਾਹੀਏ। ਉਹਦੇ ਨਾਲ ਜੁੜਨਾ ਚਾਹੀਏ । ਹੁਣ ਪੜ੍ਹ ਭਾਈ -

**ਜੈਤਸਰੀ ਮਹਲਾ ੫ ।।**
**ਕੋਈ ਜਨੁ ਹਰਿ ਸਿਉ ਦੇਵੈ ਜੋਰਿ।।**

ਬਹੁਤਾ ਉੱਚੀ ਨਹੀਂ ਬੋਲਣਾ ਚਾਹੀਏ, ਉਹ ਜਿੰਨੀ ਕੁ ਉਹਦੀ ਹੁੰਦੀ ਹੈ ਲੈਅ, ਉਤਨਾ ਹੀ ਬੋਲਣਾ ਚਾਹੀਏ। ਕਰ੍ਹ ਰੂ -

**ਕੋਈ ਜਨੁ ਹਰਿ ਸਿਉ ਦੇਵੈ ਜੋਰਿ।।**

ਕੋਈ ਜਨ ਇਹੋ ਜਿਹਾ ਹੈ ? ਗੁਰੂ ਅਰਜਨ ਦੇਵ ਜੀ ਕਹਿੰਦੇ ਜਿਹੜਾ ਹਰੀ ਦੇ ਨਾਲ ਮੇਰੇ ਮਨ ਨੂੰ ਜੋੜ ਦੇਵੇ। ਮੈਂ ਐਸੇ ਜਨਾਂ ਦੀ ਰਣ ਪਿਆ, ਮੈਂ ਉਸ ਗੁਰੂ ਰਾਮਦਾਸ ਮਹਾਰਾਜ ਜੀ ਦੀ ਰਣ ਪਿਆ, ਉਹਨੇ ਮੈਨੂੰ ਹਰੀ ਦੇ ਨਾਲ ਜੋੜ ਦਿੱਤਾ। ਭਾਈ ਇਹੋ ਜਿਹਾ ਕੋਈ ਦੁਨੀਆਂ ਦੇ ਵਿੱਚ ਮਹਾਂ ਪੁਰ ਹੋਵੇ ਜਿਹੜਾ ਇਹਦੇ ਮਨ ਨੂੰ ਪਰਮੇਰ ਨਾਲ ਜੋੜ ਦੇਵੇ।

**ਚਰਨ ਗਹਉ ਬਕਉ ਸੁਭ ਰਸਨਾ**

ਮੈਂ ਚਰਣ ਵੀ ਉਹਦੇ ਪਕੜਾਂ ਤੇ ਰਸਨਾ ਦੁਆਰੇ ਵੀ ਉਹਦਾ ਨਾਮ ਜਪਾਂ **ਸੁਭ** ਹੈ ਨਾਮ।

***ਸਰਬ ਧਰਮ ਮਹਿ ਸ੍ਰੇਸਟ ਧਰਮੁ।।***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।*** (ਪੰਨਾ ੨੬੬)

ਉਹ ੁੱਧ ਕਰਮ ਕਰ, ਨਿਕਾਮ ਕਰਮ ਕਰ। ਤੂੰ ਪਬਲਿਕ ਦੀ ਪਰਮੇਰ ਸਮਝ ਕੇ ਸੇਵਾ ਕਰ, ਐਵੇਂ ਨਾ ਕਰ। ਉਹ ਜੋ ਵੀ ਪਬਲਿਕ ਦੀ ਸੇਵਾ ਕਰਦੈਂ ਉਹ ਪਰਮੇਰ ਦੀ ਸਮਝ ਕੇ ਕਰ ਤੇ ਫਿਰ ਦੂਸਰਾ ਨਿਕਾਮ ਸੇਵਾ ਕਰ।

***ਸੇਵਾ ਕਰਤ ਹੋਇ ਨਿਹਕਾਮੀ।।***
**ਤਿਸ ਕਉ ਹੋਤ ਪਰਾਪਤਿ ਸੁਆਮੀ।।** (ਪੰਨਾ ੨੮੬)

ਜੋ ਪਰਮੇਰ ਦੀ ਸੇਵਾ ਕਰੇਗਾ ਉਸਨੂੰ ਪਰਮੇਰ ਪ੍ਰਾਪਤ ਹੋਏਗਾ। ਤੇ ਨਾਮ ਦਾ ਸਿਮਰਨ ਰੂਰ ਕਰ । ਉਹ ਨਾਮ ਦੇ ਸਿਮਰਨ ਦੁਆਰਾ ਤੂੰ ਪਰਮੇਰ ਨੂੰ ਮਿਲ ਜਾਏਂਗਾ। ਨਾਮ ਔਰ ਹੰਕਾਰ ਦੋਨੋਂ ਇਕੱਠੇ ਨਹੀਂ ਰਹਿੰਦੇ ਹੁੰਦੇ, ਇਹ ਨਿਯਮ ਹੈ ਸਾਰੇ ਾਸਤਰਾਂ ਦਾ । ਅਤੇ ਗੁਰੂ ਸਾਹਿਬ ਨੇ ਵੀ ਆਖਿਆ ਨਾਮ ਤੇ ਦੂਸਰਾ ਹੰਕਾਰ, ਇਹ ਇੱਕਠੇ ਇਕ ਅੰਤਹਕਰਣ ਵਿੱਚ ਨਹੀਂ ਰਹਿੰਦੇ। ਇਕ ਰਹੇਗਾ ਚਾਹੇ ਤਾਂ ਰਹੇ ਹੰਕਾਰ ਪ੍ਰਛਿੰਨ, ਇਹ ਤਾਂ ਭੁੱਲ ਵਿੱਚ ਖੜਾ ਹੈ ਤੇ ਚਾਹੇ ਪਰਮੇਰ। ਇਸ ਕਰਕੇ

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

(ਪੰਨਾ ੫੬੦)

ਨਾਮ ਤੇ ਹੰਕਾਰ ਇਹ ਅੱਜ ਤੱਕ ਕਿਸੇ ਦੇ ਅੰਤਹਕਰਣ ਵਿੱਚ ਨਹੀਂ ਇੱਕਠੇ ਹੋਏ। ਕਬੀਰ ਦੇ ਹੰਕਾਰ ਨਹੀਂ ਰਿਹਾ, ਨਾਮ ਰਿਹਾ। ਜਿੰਨੇ ਭਗਤ ਨੇ, ਇਹਨਾਂ ਦੇ ਹਿਰਦੇ ਦੇ ਵਿੱਚ ਹੰਕਾਰ ਨਹੀਂ ਰਿਹਾ, ਨਾਮ ਰਿਹਾ। ਜਿਹੜੇ ਸੰਸਾਰੀ ਜੀਵ ਭੁੱਲੇ ਹੋਏ ਨੇ, ਉਹਨਾਂ ਵਿੱਚ ਹੰਕਾਰ ਹੁੰਦੈ, ਭੁਲਾਉਣ ਵਾਲਾ ਵੀ ਇਕ ਹੰਕਾਰ ਹੀ ਹੈ।

***ਹਉ ਹਉ ਭੀਤਿ ਭਇਓ ਹੈ ਬੀਚੋ*** (ਪੰਨਾ ੬੨੪)

ਇਕ ਹੰਕਾਰ ਦੀ ਕੰਧ ਹੈ ਜਿਸ ਕਰਕੇ ਇਸ ਨੂੰ ਦਿੱਸਦਾ ਕੁੱਛ ਨਹੀਂ ਹੈ। ਇਹ ਹੰਕਾਰ ਦੇ ਨਾਲ ਹੀ ਚਲਦਾ ਹੈ। ਉਹ ਹੰਕਾਰ ਇਕ ਐਸੀ ਸੂਖਮ ਬੀਮਾਰੀ ਹੈ, ਹਉਮੈ ਬੜੀ ਬੀਮਾਰੀ ਹੈ-

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***

(ਪੰਨਾ ੪੬੬)

ਹੰਕਾਰ ਤਾਂ ਇਕ ਬੜਾ ਭਾਰੀ ਰੋਗ ਹੈ।

***ਕਈ ਜਨਮ ਭਏ ਕੀਟ ਪਤੰਗਾ॥***

***ਕਈ ਜਨਮ ਗਜ ਮੀਨ ਕੁਰੰਗਾ॥*** (ਪੰਨਾ ੧੭੬)

ਹੰਕਾਰ ਕਰਕੇ ਹੀ ਇਹ ਜੰਮਦੇ ਮਰਦੇ ਨੇ। ਹੰਕਾਰ ਗਿਆ ਤਾਂ ਜਨਮ ਮਰਨ ਮੁੱਕ ਗਿਆ। ਇਸ ਕਰਕੇ ਭਾਈ ਹੰਕਾਰ ਨੂੰ ਤਿਆਗ ਕੇ ਨਾਮ ਜਪੋ ਤੇ ਨਾਮ ਹੀ ਇਕ ਦਵਾਈ ਹੈ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***

***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਜੀਵ ਦਾ ਆਧਾਰ ਕਰਨ ਵਾਲਾ ਨਾਮ ਹੀ ਹੈ, ਹੋਰ ਦੁਨੀਆਂ ਦੇ ਵਿੱਚ ਕੋਈ ਚੀ ਨਹੀਂ। ਨਾਮ ਹੀ ਨਾਮੀ ਨੂੰ ਮਿਲਾਉਂਦਾ ਹੈ। ਨਾਮ ਦਾ ਸਿਮਰਨ, ਤੇ ਹਰੀ ਦਾ ਸੰਗ ਛੱਡੋ ਨਾ। ਕੋਈ ਇਹੋ ਜਿਹਾ ਮਹਾਂਪੁਰ

ਹੋਵੇ, ਜਿਹੜਾ ਮੇਰੇ ਮਨ ਨੂੰ ਪ੍ਰਮੇਰ ਨਾਲ ਜੋੜ ਦੇਵੇ ਤੇ ਫਿਰ ਮੈਂ ਉਹਦੇ ਚਰਨਾਂ ਤੇ ਪਵਾਂ ਤੇ੍ਭ ਬਚਨ ਕਹਾਂ, ਨਾਮ ਦਾ ਸਿਮਰਨ ਕਰਾਂ ਤੇ ਨਿਕਾਮ ਕਰਮ ਕਰਾਂ।

**ਦੀਜਹਿ ਪ੍ਰਾਨ ਅਕੋਰਿ॥ ੧॥ ਰਹਾਉ॥**

ਮੈਂ ਆਪਣੇ ਪ੍ਰਾਣ ਅਕੋਰਿ ਮਹਿਨੇ ਅਰਪਣ ਕਰਦੂੰ। ਅਕੋਰਿ ਦਾ ਅਰਥ ਹੈ ਅਰਪਣ। ਮੈ ਆਪਣੇ ਪ੍ਰਾਣਾਂ ਤੱਕ ਉਸ ਮਹਾਂ ਪੁਰ ਨੂੰ ਅਰਪਣ ਕਰ ਦੇਵਾਂਗਾ। ਤੁਹਾਨੂੰ ਪਤਾ ਹੈ ਜਨਕ ਨੇ ਜਦ ਲਿਖਕੇ ਲਾ ਦਿੱਤਾ, ਉਹ ਮਹਾਂ ਪੁਰ ਸੀ, ਬੜਾ ਉੱਚਾ ਮਹਾਂਪੁਰ ਸੀ, ਦੁਨੀਆਂ ਦਾ ਬਾਦਾਹ ਸੀ, ਪਰ ਨਾਲ ਦੁਨੀਆਂ ਦਾ ਸੇਵਕ ਵੀ ਸੀ । ਇਸ ਕਰਕੇ ਜਦ ਉਸਨੇ ਲਿਖਕੇ ਲਾ ਦਿੱਤਾ, ਉਹ ਸਾਰੇ ਬ੍ਰਾਹਮਣ ਜੋ ਵੀ ਸਾਧੂ ਇੱਕਠੇ ਹੋਏ ਕਿ ਮੈਂ ਘੋੜੇ ਦੀ ਰਕਾਬ ਵਿੱਚ ਪੈਰ ਪਾਵਾਂ ਤੇ ਮੈਨੂੰ ਗਿਆਨ ਕਰ ਦੇਵੇ। ਕੋਈ ਉੱਥੇ ਨਾ ਆਇਆ, ਉਸ ਸਿੰਘਾਸਣ ਤੇ ਕੋਈ ਨਾ ਬੈਠਾ। ਅਟਾਵਕਰ ਨੂੰ ਪਤਾ ਲੱਗਿਆ ਤੇ ਅਟਾਵਕਰ ਪਿੱਛਲੇ ਜਨਮ ਦਾ ਯੋਗੀ ਸੀ, ਬੜਾ ਉੱਚਾ ਸੀ। ਉਹ ਆਇਆ ਤੇ ਆਕੇ ਗੱਦੀ ਤੇ ਬੈਠ ਗਿਆ। ਲੋਕ ਬੜੇ ਹੱਸੇ, ਬ੍ਰਾਹਮਣ ਲੋਕ ਵੀ ਬੜੇ ਹੱਸੇ, ਬਈ ਇਹ ਇਕ ਤਾਂ ਰੰਗ ਦਾ ਕਾਲਾ ਹੈ, ਇਕ ਇਹ ਵਿੰਗਾ ਟੇਢਾ ਜਿਹਾ ਹੈ, ਇਸ ਨੂੰ ਪਤਾ ਨਹੀਂ ਸੀ ਤਾਂ ਇਹ ਆਕੇ ਗੱਦੀ ਤੇ ਬੈਠ ਗਿਆ। ਉਹ ਚੁੱਪ ਕਰਕੇ ਬੈਠਾ ਰਿਹਾ। ਜਦ ਜਨਕ ਨੇ, ਬਾਦਾਹ ਚਾਹੇ ਕਿਤਨਾ ਵੀ ਹੋਵੇ ਤਾਂ ਵੀ ਉਸਦੀ ਅਕਲ ਵਿਲੱਖਣ ਹੁੰਦੀ ਹੈ। ਉਸ ਨੇ ਸਭ ਕੁੱਝ ਸਾਮੱਗਰੀ ਲਿਆਕੇ, ਅਰਪਣ ਕਰਕੇ ਨਮਕਾਰ ਕੀਤੀ। ਕਹਿੰਦੇ ਜੀ ਆਪ ਨੇ ਪੜ੍ਹਿਆ ਹੈ? ਉਹ ਕਹਿੰਦਾ ਹਾਂ। ਅਖੇ ਦੇਖੋ ਇੱਥੇ ਕਿੰਨੇ ਬ੍ਰਾਹਮਣ ਬੈਠੇ ਨੇ, ਕਿੰਨੇ ਪੰਡਿਤ ਬੈਠੇ ਨੇ। ਉਹ ਕਹਿੰਦਾ ਨਾ ਇੱਕ ਵੀ ਨਹੀਂ ਹੈ। ਕੀ ਨੇ? ਕਹਿੰਦਾ ਕੁੱਝ ਤਾਂ ਇਹਨਾਂ ਵਿੱਚ ਕਸਾਈ ਨੇ, ਕੁਝ ਚਮਿਆਰ ਨੇ। ਉਹ ਹੈਰਾਨ ਹੋ ਗਏ, ਕਹਿੰਦੇ ਕਿਉਂ? ਕਹਿੰਦਾ ਇਹ ਮੈਨੂੰ ਦੇਖ ਕੇ ਹੱਸੇ ਜਦ ਮੈਂ ਗੱਦੀ ਤੇ ਬਹਿ ਗਿਆ। ਬਈ ਇਹ ਮਾਰਿਆ ਜਾਏਗਾ, ਇਹ ਸਾਰੇ ਹੱਸੇ। ਚਮਿਆਰ ਚੰਮ ਨੂੰ ਦੇਖ ਕੇ ਹੱਸਦਾ ਹੁੰਦਾ ਹੈ ਤੇ ਕਸਾਈ ਹੱਡਾਂ ਨੂੰ ਦੇਖਕੇ ਹੱਸਦਾ ਹੁੰਦੈ। ਮੇਰਾ ਰੰਗ

ਕਾਲਾ ਸੀ, ਤੇ ਪਿੱਛਲੇ ਜਨਮ ਦਾ ਮੈਨੂੰ ਇਹ ਸਰਾਪ ਸੀ ਮੇਰੇ ਟੇਡੇ ਹੋਣਗੇ ਜਿਤਨੇ ਸਾਰੇ ਅੰਗ ਨੇ, ਇਸ ਕਰਕੇ ਅੱਠ ਵ ਨੇ ਮੇਰੇ ਵਿੱਚ। ਇਹਨਾਂ ਨੇ ਮੇਰਾ ਕੁੱਝ ਦੇਖਿਆ ਤਾਂ ਨਹੀਂ ਸੀ । ਉਹ ਸਾਰੇ ਹੈਰਾਨ ਹੋ ਗਏ ਕਿ ਗੱਲ ਤਾਂ ਠੀਕ ਹੈ ਤੇ ਉਹ ਵੀ ਹੈਰਾਨ ਹੋ ਗਿਆ ਬਾਦਾਹ। ਉਹਨੇ ਆਖਿਆ ਜੀ ਮੈਨੂੰ ਗਿਆਨ ਕਰੋ, ਕਹਿੰਦਾ ਗਿਆਨ ਐਂ ਤਾਂ ਨਹੀਂ ਹੁੰਦਾ।

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ॥*** (ਪੰਨਾ ੯੧੮)

ਪਹਿਲਾਂ ਤਨ, ਮਨ, ਧਨ ਆਪਣੇ ਗੁਰੂ ਨੂੰ ਅਰਪਿਤ ਕਰ ਤੇ ਫਿਰ ਹੁਕਮ ਸਾਡਾ ਮੰਨ, ਫਿਰ ਅਸੀਂ ਤੈਨੂੰ ਉਪਦੇ ਕਰਾਂਗੇ। ਉਸਨੇ ਤਿੰਨੇ ਚੂਲੀਆਂ ਛੱਡ ਦਿੱਤੀਆਂ। ਤਨ, ਮਨ, ਧਨ ਆਪ ਦੇ ਅਰਪਣ ਮੈਂ ਕਰਤਾ। ਉਹ ਕਹਿੰਦਾ ਕਰ ਦਿੱਤਾ? ਉਸ ਨੇ ਅੰਦਰ ਖਿਆਲ ਕੀਤਾ, ਸੰਕਲਪ ਕੀਤਾ, ਮੈਂ ਹੁਣ ਘੋੜੇ ਤੇ ਪੈਰ ਰੱਖਾਂ, ਰਕਾਬ ਦੇ ਵਿੱਚ ਪੈਰ ਪਾਵਾਂ। ਉਹਨੇ ਆਖਿਆ ਤੂੰ ਤਾਂ ਬਾਦਾਹ ਹੈਂ, ਬਾਦਾਹ ਤਾਂ ਨੀਤੀ ਜਾਣਦੇ ਹੁੰਦੇ ਨੇ, ਤੂੰ ਤਾਂ ਬੇਈਮਾਨ ਵੀ ਹੈਂ। ਉਹਨੇ ਆਖਿਆ ਕਿਉਂ? ਅਖੇ ਤੈਂ ਸੰਕਲਪ ਕੀਤਾ ਘੋੜੇ ਦੀ ਰਕਾਬ ਚ ਪੈਰ ਪਾਉਣ ਦਾ। ਕਾਹਦੇ ਨਾਲ ਕੀਤਾ? ਅਖੇ ਮਨ ਨਾਲ। ਮਨ ਤੇਰਾ ਹੈ ਕਿ ਮੇਰਾ? ਮਨ ਤਾਂ ਤੈਂ ਮੈਨੂੰ ਅਰਪਣ ਕਰ ਦਿੱਤਾ। ਉਹ ਬਾਦਾਹ ਸੀ, ਕਹਿੰਦਾ ਜੀ ਭੁੱਲ ਗਿਆ। ਉਹਨੇ ਸੰਕਲਪ ਤਿਆਗ ਦਿੱਤਾ। ਸੰਕਲਪ ਵਿਕਲਪ ਦਾ ਅਭਾਵ ਹੋ ਜਾਏ ਤਾਂ ਆਤਮਾ ਦਾ ਪਰਤੱਖ ਹੋ ਜਾਂਦੈ। ਉਹ ਚਰਣਾ ਤੇ ਪੈ ਗਿਆ ਇਸ ਕਰਕੇ ਉਹਨੂੰ ਗਿਆਨ ਹੋ ਗਿਆ। ਜਦ ਇਹ ਜੀਵ ਸਾਰੇ ਕੰਮਾਂ ਨੂੰ ਛੱਡ ਕੇ, ਇਸ ਨੂੰ ਕੋਈ ਪੂਰਣ ਮਹਾਂਪੁਰ ਮਿਲ ਜਾਏ, ਇਹਦੇ ਮਨ ਨੂੰ ਉਸ ਪ੍ਰਮੇਰ ਨਾਲ ਜੋੜ ਦੇਵੇ ਪਰ ਇਹ ਮਨ ਤਨ ਸਭ ਨੂੰ ਇਕ ਵਾਰੀ ਅਰਪਣ ਕਰ ਦੇਵੇ। ਮੈ ਅਰਪਣ ਕਰ ਦਿੱਤਾ ਆਪਣਾ ਪ੍ਰਾਣਾਂ ਤੋਂ ਲੈ ਕੇ ਸਭ ਕੁੱਛ–

**ਮਨੁ ਤਨੁ ਨਿਰਮਲ ਕਰਤ ਕਿਆਰੋ**

ਕਹਿੰਦਾ ਮਨ ਤਨ ਨੂੰ ਨਿਰਮਲ, ੍ਧ ਕਰ ਲੈ ਜੈਸੇ ਜਿਮੀਂਦਾਰ

ਜਦ ਕਿਆਰੇ ਨੂੰ ੁੱਧ ਕਰਦੇ ਨੇ, ਆਹ ਗੰਢੇ ਲਾਉਂਦੇ ਨੇ, ਸਭ ਠੀਕ ਕਰਦੇ ਨੇ, ਫਿਰ ਉਹਨੂੰ ਸਿੰਜਦੇ ਨੇ। ਇਸ ਕਰਕੇ ਜੈਸੈ ਕਿਆਰਿਆਂ ਨੂੰ ੁੱਧ ਕਰਦੇ ਨੇ, ਮੀਨ ਦੀ ਜਗ੍ਹਾ ਨੂੰ ੁੱਧ ਕਰਦੇ ਨੇ, ਐਸੇ ਅਪਣੇ ਮਨ ਤਨ ਨੂੰ ਭਾਈ ੁੱਧ ਕਰ ਲੈ ਤੂੰ।

**ਹਰਿ ਸਿੰਚੈ ਸੁਧਾ ਸੰਜੋਗਿ॥**

ਉਹ ਕਹਿੰਦੇ ਇੱਧਰ ਲਾਉਣਾ ਅੰਤਹਕਰਣ ਨੂੰ, ਉਧਰ ਲਾਉਣਾ ਕਿਆਰਾ। ਇਹ ਦ੍ਰਿਟਾਂਤ ਹੈ ਕਹਿੰਦੇ ਉਹ ੁੱਧ ਦੇ ਨਾਲ, ਰਸ ਦੇ ਨਾਲ, ਆਨੰਦ ਦੇ ਨਾਲ ਉਹ ਤੇਰੇ ਅੰਤਹਕਰਣ ਨੂੰ ਸਿੰਜ ਦੇਂਗੇ। ਤੇਰੇ ਅੰਤਹਕਰਣ ਦੇ ਵਿੱਚ ਉਹ ਰਸ ਆ ਜਾਏਗਾ।

***ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥*** (ਪੰਨਾ ੩੪੨)

ਜਦ ਤੈਨੂੰ ਆਤਮ ਰਸ ਪ੍ਰਾਪਤ ਹੋ ਗਿਆ ਤਾਂ ਦੁਨੀਆਂ ਦਾ ਰਸ ਕੋਈ ਕੰਮ ਨਹੀਂ। ਇਸ ਕਰਕੇ ਤੇਰਾ ਜੋ ਅੰਤਹਕਰਣ ਹੈ, ਉਹਦੇ ਵਿੱਚ ਆਤਮ ਰਸ ਪ੍ਰਾਪਤ ਹੋ ਜਾਏਗਾ। ਆਤਮਾ ਆਨੰਦ ਪ੍ਰਾਪਤ ਹੋ ਜਾਏਗਾ। ਜੇ ਤੈਂ ਆਪਣਾ ਮਨ ਤਨ ੁੱਧ ਕਰਕੇ ਆਹ ਸਭ ਪਰਮੇਰ ਦੇ ਅਰਪਣ ਕਰ ਦਿੱਤਾ, ਗੁਰੂ ਦੇ ਅਰਪਣ ਕਰ ਦਿੱਤਾ।

***ਗੁਰੁ ਪ੍ਰਮੇਸਰੁ ਏਕੋ ਜਾਣੁ ॥***
***ਜੋ ਤਿਸੁ ਭਾਵੈ ਸੋ ਪਰਵਾਣੁ॥*** (ਪੰਨਾ ੮੬੪)

ਗੁਰ, ਪਰਮੇਰ ਦੋ ਨਹੀਂ ਹੁੰਦੇ। ਗੁਰੂ ਹੁੰਦੈ ਬ੍ਰਹਮ ਗਿਆਨੀ। ਬ੍ਰਹਮ ਗਿਆਨੀ ਪਰਮੇਰ ਹੁੰਦੈ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸੁਰ॥***
***ਬ੍ਰਹਮ ਗਿਆਨੀ ਕਾ ਸਗਲ ਅਕਾਰੁ॥***
***ਬ੍ਰਹਮ ਗਿਆਨੀ ਆਪਿ ਨਿਰੰਕਾਰੁ॥***
***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥***
***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥*** (ਪੰਨਾ ੨੭੩)

ਉਹ ਚੇਤਨ ਮਰਨੇ ਵਾਲਾ ਤਾਂ ਕਦੇ ਹੈ ਨਹੀਂ, ਉਹ ਤਾਂ ਜਨਮ

ਮਰਨ ਤੋਂ ਰਹਿਤ ਨਾਰਾਇਣ ਹੈ। ਉਹ ਤਾਂ ਵਿਆਪਕ ਹੈ, ਸਾਰਿਆਂ ਦਾ ਰਖਕ ਹੈ।

*ਰਾਖਾ ਏਕੁ ਹਮਾਰਾ ਸੁਆਮੀ ॥*
*ਸਗਲ ਘਟਾ ਕਾ ਅੰਤਰਜਾਮੀ॥* (ਪੰਨਾ ੧੧੩੬)

ਉਹ ਜਿਹੜਾ ਸਾਰਿਆਂ ਦੇ ਹਿਰਦਿਆਂ ਦਾ ਅੰਤਰਜਾਮੀ ਹੈ, ਸਾਰਿਆਂ ਦੇ ਹਿਰਦਿਆਂ ਨੂੰ, ਮਨ ਨੂੰ, ਬੁੱਧੀ ਨੂੰ ਜਾਣਦਾ ਹੈ, ਵੇਖਦਾ ਹੈ ਉਹ ਇਕ ਪਰਮੇਰ ਹੈ, ਹੋਰ ਕੋਈ ਪਰਮੇਰ ਕਿਤੇ ਬੈਠਾ ਤਾਂ ਨਹੀਂ? ਉਹ ਤਾਂ ਵਿਆਪਕ ਹੈ, ਪਰੀਪੂਰਣ ਹੈ। ਇਸ ਕਰਕੇ ਭਾਈ ਉਸ ਪਰਮੇਰ ਦੇ ਨਾਲ ਜਦ ਇਹ ਜੁੜ ਗਿਆ ੁੱਧ ਪਰਮੇਰ ਹੈ, ਉਹ ਵੀ ਜੇ ੁੱਧ ਤੇਰਾ ਮਨ ਹੋਵੇਗਾ ਤਾਂ ਮਿਲਾਪ ਹੋਏਗਾ। ਇਹ ਉਹ ਉਪਨਿਦ ਦੇ ਵਿੱਚ ਬੜਾ ਪ੍ਰਸੰਗ ਆਇਆ, ਉਹਨੇ ਆਖਿਆ ਜੀ ਤੁਸੀਂ ਇਹਦੀ ਬੁੱਧੀ ਦਾ ਮਿਲਾਪ ਕੈਸੇ ਕਰੋਗੇ ਪਰਮੇਰ ਦੇ ਨਾਲ ? ਉਹ ਕਹਿੰਦੇ ਜਦ ਬੁੱਧੀ ੁੱਧ ਹੋ ਜਾਏਗੀ, ਪਰਮੇਰ ਵੀ ੁੱਧ ਹੈ, ਦੋਨੋਂ ਇਕ ਹੋ ਜਾਣਗੇ । ਇਸ ਕਰਕੇ ਜਦ ਤੱਕ ਮਨ ਨਹੀਂ ੁੱਧ ਹੁੰਦਾ ਤਾਂ ਇਹਨੂੰ ਪਰਮੇਰ ਵੀ ਨਹੀਂ ਪ੍ਰਾਪਤ ਹੁੰਦਾ। ਪਹਿਲੇ ਇਸ ਨੇ ਮਨ ਨੂੰ ੁੱਧ ਕਰਨੈ, ਇਹ ਪੁਰ ਪ੍ਰਯਤਨ ਹੈ। ਪਰਮੇਰ ਨੇ ਕਿਸੇ ਰੂਪ ਵਿੱਚ ਇਹਦੇ ਤੇ ਕਿਰਪਾ ਕਰਨੀ ਹੈ, ਇਹਦੇ ਮਨ ਨੂੰ ਪਰਮੇਰ ਨਾਲ ਜੋੜਨਾ ਹੈ। ਉਹ ੁੱਧ ਮਨ, ਜੁੜਿਆ ਹੋਇਆ ਇਸ ਨੂੰ ਸਭ ਕੁੱਝ ਪ੍ਰਾਪਤ ਹੋ ਜਾਏਗਾ।ਆਤਮ ਆਨੰਦ, ਆਤਮ ਰਸ ਪ੍ਰਾਪਤ ਹੋ ਜਾਏਗਾ।

**ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ**

ਕਹਿੰਦੇ–ਜੀ ਇਹ ਜਿਹੜਾ ਮਨ ਹੈ ਉਹ ਆਤਮ ਰਸ, ਆਤਮ ਪ੍ਰਾਪਤੀ, ਆਤਮਾ ਦੇ ਆਨੰਦ, ਵਿੱਚ ਮਗਨ ਕੈਸੇ ਹੋਏਗਾ? ਕਹਿੰਦਾ – ਪਰਮੇਰ ਦੀ ਕਿਰਪਾ ਤੇ। ਜਦ ਪਰਮੇਰ ਦੀ ਕਿਰਪਾ ਹੋ ਜਾਊ ਤਾਂ ਮਗਨ ਹੋ ਜਾਊ। ਤੁਹਾਨੂੰ ਪਤਾ ਹੈ ਇਕ ਮੋਟੀ ਜਿਹੀ ਬਾਤ। ਉਹ ਘਾਹੀ ਹਮੇ ਹੀ ਘਾਹ ਖੋਤਦਾ ਸੀ। ਖੋਤ ਕੇ ਵੇਚਦਾ ਸੀ, ਉਹਦੀ ਉਹ ਰੋਟੀ ਖਾਂਦਾ ਸੀ, ਅੱਠ ਪਹਿਰ ਪਰਮੇਰ ਦਾ ਭਜਨ ਕਰਦਾ ਸੀ, ਭਗਤੀ ਕਰਦਾ ਸੀ। ਜਦ ਗੁਰੂ ਸਾਹਿਬ ਜਹਾਂਗੀਰ ਦੇ ਨਾਲ ਗਏ

ਕਮੀਰ ਨੂੰ, ਜਹਾਂਗੀਰ ਨੇ ਗੁਰੂ ਛੇਵੇਂ ਪਾਤਾਹ ਤੋਂ ਮਾਫੀ ਮੰਗੀ। ਮੇਰੇ ਤੋਂ ਬੜੀ ਗਲਤੀ ਹੋਈ ਹੈ, ਤੇ ਚੰਦੂ ਨੇ ਕਰਵਾਈ ਹੈ ਪਰ ਮੇਰਾ ਕੋਈ ਕਸੂਰ ਨਹੀਂ । ਮੈਂ ਤੁਹਾਡਾ ਦਾਸ ਹਾਂ, ਤੇ ਜਦ ਸੁਲਾਹ ਹੋ ਗਈ ਜਹਾਂਗੀਰ ਦੀ ਤਾਂ ਉਹਨੇ ਆਖਿਆ ਛੇਵੇਂ ਪਾਤਿਾਹ ਨੂੰ ਮੈਂ ਤੁਹਾਨੂੰ ਕਮੀਰ ਦੀ ਸੈਲ ਕਰਾਉਨਾਂ, ਉਹ ਮੰਨ ਗਏ। ਉਹ ਨਾਲ ਲੈ ਗਏ। ਹੁਣ ਜਿੱਥੇ ਉਹਨਾਂ ਦਾ ਪੜਾਅ ਹੁੰਦਾ ਸੀ, ਉਦੋਂ ਗੱਡੀਆਂ ਤਾਂ ਹੁੰਦੀਆਂ ਨਹੀਂ ਸੀ, ਤੇ ਉਹ ਜਾਂਦੇ ਸੇ ਤੇ ਪਹਿਲੇ ਤੰਬੂ ਗੁਰੂ ਕੇ ਲੱਗਦੇ ਸੀ ਤੇ ਫਿਰ ਜਹਾਂਗੀਰ ਦਾ ਲੱਗਦਾ ਸੀ। ਉੱਥੇ ਉਹ ਉੱਤਰਦੇ ਸੀ। ਉਸ ਨੂੰ ਵੀ ਪਤਾ ਲੱਗ ਗਿਆ ਘਾਹੀ ਨੂੰ, ਬਈ ਛੇਵੇਂ ਪਾਤਾਹ ਆਏ ਨੇ ਤੇ ਇਹ ਬਖਦੇ ਹੁੰਦੇ ਨੇ ਉਹ ਆਪ। ਪਹਿਲੇ ਦਿਨ ਉਹਨੇ ਘਾਹ ਖੋਤਿਆ, ਘਾਹ ਖੋਤ ਕੇ ਰੋਟੀ ਨਹੀਂ ਖਾਧੀ, ਉਹ ਪੈਸੇ ਉਹਨੇ ਅਪਣੇ ਪਾਸ ਰੱਖੇ ਕਿ ਹੋਰ ਤਾਂ ਮੇਰੇ ਕੋਲ ਹੈ ਕੁੱਛ ਨਹੀਂ। ਉਹ ਪੈਸੇ ਜਾਕੇ ਚੜ੍ਹਾਉਣੇ ਸਨ। ਉੱਧਰ ਕਾਜੀਆਂ ਨੇ ਇੱਕਠੇ ਹੋਕੇ ਚਾਹੇ ਮੁੱਲਾਂ ਨੇ ਸਲਾਹ ਕੀਤੀ, ਬਈ ਇਹ ਜਿਹੜੇ ਸਿੱਖ ਨੇ ਇਹ ਗੁਰੂ ਸਾਹਿਬ ਨੂੰ ਤਾਂ ਸੱਚਾ ਪਾਤਾਹ ਕਹਿੰਦੇ ਨੇ ਤੇ ਜਹਾਂਗੀਰ ਨੂੰ ਝੂਠਾ ਪਾਤਾਹ ਕਹਿੰਦੇ ਨੇ। ਇਸਲਾਮ ਦੀ ਬੜੀ ਭਾਰੀ ਹੱਤਕ ਹੈ। ਇਹ ਬਾਤ ਕਰਨੇ ਸੇ ਉਹ ਜਹਾਂਗੀਰ ਦੇ ਪਾਸ ਗਏ। ਜਹਾਂਗੀਰ ਨੇ ਆਖਿਆ ਨਾ, ਠੀਕ ਹੈ ਜੋ ਹੈ। ਉਹ ਕਹਿੰਦੇ ਨਾ ਜੀ ਇਸਲਾਮ ਦੀ ਹੱਤਕ ਹੈ ਇਹਦੇ ਵਿੱਚ ਤਾਂ ਬਹੁਤ। ਫਿਰ ਕੀ ਕਰੋਗੇ? ਕਹਿੰਦੇ ਅੱਜ ਅਸੀਂ ਸੰਤਰੀ ਜਿਹੜਾ ਖੜਾ ਹੋਵੇਗਾ ਉਹਨੂੰ ਇਹ ਕਹਾਂਗੇ। ਜਦ ਉਹ ਪੁੱਛੇ ਕਿ ਸੱਚੇ ਪਾਤਾਹ ਦਾ ਤੰਬੂ ਕਿੱਥੇ ਹੈ, ਤਾਂ ਅਸੀਂ ਥੋੜਾ ਤੰਬੂ ਦਸਾਂਗੇ। ਇਹ ਕਹਿਤਾ ਸੰਤਰੀ ਨੂੰ। ਉਹ ਆਇਆ ਘਾਹੀ, ਉਹਨੇ ਪੁੱਛਿਆ ਸੱਚੇ ਪਾਤਾਹ ਦਾ ਤੰਬੂ ਕਿੱਥੇ ਹੈ ? ਉਹਨੇ ਜਹਾਂਗੀਰ ਦੇ ਤੰਬੂ ਵੱਲ ਹੱਥ ਕਰਤਾ ਤੇ ਉਹ ਚਲਿਆ ਗਿਆ। ਜਹਾਂਗੀਰ ਬੈਠਾ ਸੀ, ਉਹਨੇ ਚਾਰ ਪ੍ਰਕਰਮਾਂ ਕਰਕੇ ਜਿਹੜੇ ਉਹਦੇ ਕੋਲ ਪੈਸੇ ਸੀ, ਉਹ ਰੱਖਤੇ ਤੇ ਡੰਡਉਤ ਕਰਕੇ ਖੜ੍ਹ ਗਿਆ। ਉਹਨੇ ਆਖਿਆ ਕੀ ਮੰਗਦੈਂ ? ਉਹਨੇ ਆਖਿਆ, ਜੀ ਮੈਂ ਮੁਕਤੀ ਮੰਗਦਾਂ। ਉਹ ਜਿਹੜੇ ਪਾਸ ਬੈਠੇ ਅਹਿਲਕਾਰ ਸੇ ਹੋਰ ਬੈਠੇ ਹੀ

ਹੁੰਦੇ ਨੇ, ਉਹਨਾਂ ਨੇ ਆਖਿਆ, ਮੁਕਤੀ ਤੋਂ ਕੀ ਲਵੇਂਗਾ? ਘਾਹ ਤਾਂ ਤੂੰ ਰੋਜ ਖੋਤਦੈਂ, ਇਕ ਖੂਹ ਦੇ ਦਿੰਦੇ ਹਾਂ ਤੈਨੂੰ। ਉਹਨੇ ਆਖਿਆ ਨਾ। ਅਖੀਰੀ ਉਹਨਾਂ ਆਖਿਆ ਪਿੰਡ ਦੇ ਦਿੰਦੇ ਹਾਂ, ਉਹਨੇ ਆਖਿਆ ਨਾ। ਨਾਮ ਬਣਾ ਦਿੰਦੇ ਹਾਂ, ਉਹਨੇ ਆਖਿਆ ਨਾ। ਮੈਂ ਤਿੰਨਾਂ ਲੋਕਾਂ ਦੀ ਚਾਹ ਨਹੀਂ ਰੱਖਦਾ, ਮੈਨੂੰ ਤਿੰਨਾਂ ਲੋਕਾਂ ਦੀ ਲੋੜ ਨਹੀਂ। ਮੈਂ ਤਾਂ ਮੁਕਤੀ ਲੈਣੀ ਹੈ ਸੱਚੇ ਪਾਤਾਹ ਦੀ। ਜਹਾਂਗੀਰ ਕਹਿੰਦਾ ਬਈ ਉਹ ਹੈ ਤੰਬੂ ਸੱਚੇ ਪਾਤਾਹ ਦਾ, ਮੈਂ ਹਾਂ ਝੂਠਾ ਪਾਤਾਹ। ਉੱਥੇ ਚੱਲ। ਉਹਨੇ ਉਹ ਪੈਸੇ ਚੁੱਕ ਲਏ ਹੋਰ ਤਾਂ ਉਹਦੇ ਕੋਲ ਪੈਸੇ ਹੈ ਹੀ ਨਹੀਂ ਸੀ। ਉਹ ਚੁੱਕ ਕੇ ਗੁਰੂ ਸਾਹਿਬ ਦੇ ਤੰਬੂ ਨੂੰ ਚੱਲ ਪਿਆ। ਪਿੱਛੇ ਜਹਾਂਗੀਰ ਵੀ ਚੱਲ ਪਿਆ, ਸਾਰੇ ਚੱਲ ਪਏ। ਜਦ ਉੱਥੇ ਜਾਕੇ ਉਸਨੇ ਪ੍ਰਕਰਮਾ ਕੀਤੀਆਂ, ਡੰਡਉਤ ਕੀਤੀ, ਪੈਸੇ ਉੱਥੇ ਅੱਗੇ ਰੱਖ ਕੇ ਡੰਡਉਤ ਕਰਕੇ ਖੜ੍ਹਾ ਹੋ ਗਿਆ। ਗੁਰੂ ਸਾਹਿਬ ਕਹਿੰਦੇ, ਕੀ ਚਾਹੁੰਨੈ? ਅਖੇ ਜੀ, ਮੁਕਤੀ। ਉਨਾਂ ਆਖਿਆ ਮੇਰੀਆਂ ਅੱਖਾਂ ਦੇ ਨਾਲ ਅੱਖਾਂ ਮਿਲਾ। ਉਹ ਜਦ ਅੱਖਾਂ ਮਿਲਾਈਆਂ, ਅਵਤਾਰ ਵਿੱਚ ਐਨੀ ਕਤੀ ਹੁੰਦੀ ਹੈ, ਉਹ ਸਾਰਿਆਂ ਨੂੰ ਪਰੇ ਕਰਕੇ, ਮਨ ਨੂੰ ਇਕਾਗਰ ਕਰਕੇ ਪਰਮੇਰ ਦੇ ਨਾਲ ਜੋੜ ਦਿੰਦਾ ਹੈ। ਉਹਨੂੰ ਪਰਮੇਰ ਦੇ ਨਾਲ ਜੋੜ ਦਿੱਤਾ। ਉਹ ਕਹਿੰਦਾ ਨਿਹਾਲ ! ਨਿਹਾਲ !! ਨਿਹਾਲ !!! ਗਿਆਨ ਹੋ ਗਿਆ ਉਹਨੂੰ। ਐਂ ਜੋੜੀਂਦੈ, ਐਂ ਪੂਰਣ ਮਹਾਂਪੁਰ ਹੀ ਜੋੜ ਸਕਦੈ। ਹੋਰ ਕੋਈ ਨਹੀਂ ਜੋੜ ਸਕਦਾ। ਜਦ ਇਹ ਹੋ ਗਿਆ ਤਾਂ ਜਹਾਂਗੀਰ ਨੇ ਆਖਿਆ – ਜੀ ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ । ਉਦੋਂ ਹਿੰਦੂ ਹੀ ਕਹਿੰਦੇ ਸਨ । ਇੰਨੇ ਪੈਸਿਆਂ ਨੂੰ ਆ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ ਤੂੰ ਕੀ ਦਿੰਦਾ ਸੀ? ਉਹ ਕਹਿੰਦਾ ਜੀ ਮੈ ਤਾਂ ਇਹ ਸਾਰਾ ਕੁਛ ਕਹਿੰਦੇ ਰਹੇ, ਬਹੁਤ ਦਿੰਦਾ ਸੀ, ਨਾਮ ਵੀ ਬਣਾਉਂਦੇ ਸੀ। ਇਹਨੇ ਆਖਿਆ ਮੈਨੂੰ ਮੁਕਤੀ ਚਾਹੀਦੀ ਹੈ। ਉਹ ਕਹਿੰਦੇ ਇਹਨੇ ਫਿਰ ਕੀ ਕਿਹਾ। ਇਹਨੇ ਆਖਿਆ ਮੈਨੂੰ ਤਿੰਨਾਂ ਲੋਕਾਂ ਦੀ ਰੂਰਤ ਨਹੀਂ, ਮੈਂ ਤਾਂ ਮੁਕਤੀ ਲੈਣੀ ਹੈ। ਕਹਿੰਦੇ ਜੇ ਤਿੰਨਾਂ ਲੋਕਾਂ ਦੀ ਇਹਦੀ ਰੂਰਤ ਨਹੀਂ ਹੈ ਤੇ ਇੰਨਾ ਇਹ ਨਿਕਾਮ ਪੁਰ ਹੈ, ਫਿਰ ਇਹਨੂੰ ਮੁਕਤੀ ਚਾਹੀਦੀ ਨਹੀਂ ਸੀ ? ਉਹ

ਕਹਿੰਦਾ ਜੀ ਹਾਂ ਚਾਹੀਦੀ ਸੀ। ਫਿਰ ਨਿਹਾਲ ਹੋ ਗਿਆ। ਇਸ ਕਰਕੇ ਜਬ ਤਕ ਇਹ ਜੀਵ ਅੰਤਹਕਰਣ ਨੂੰ ੱਧ ਨਹੀਂ ਕਰਦਾ, ਈਰ ਦੀ ਰਣ ਨਹੀਂ ਪੈਂਦਾ, ਪੂਰਣ ਭਰੋਸਾ ਪਰਮੇਰ, ਗੁਰੂ ਤੇ ਨਹੀਂ ਕਰਦਾ, ਉਦੋਂ ਤੱਕ ਇਹਦਾ ਕੋਈ ਕਾਰਜ ਨਹੀਂ ਸਿੱਧ ਹੁੰਦਾ। ਇਹ ਤਾਂ ਸੰਸਾਰ ਹੈ, ਕਰਮਾ ਸੰਦੜਾ ਖੇਤ ਹੈ, ਇਹਦੇ ਵਿੱਚ ਕੋਈ ਕਿਸੇ ਦਾ ਕੁੱਛ ਨਹੀਂ।

***ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥*** (ਪੰਨਾ ੧੫੭)

ਉਪਨਿਦ ਦੇ ਵਿੱਚ ਅਸੀਂ ਪੜ੍ਹਦੇ ਸੀ ਐਤਕੀਂ, ਉਹਦੇ ਵਿੱਚ ਇਹ ਸੁਆਲ ਆਇਆ ਕਿ ਇਹ ਮਰਕੇ ਕਿੱਥੇ ਜਾਂਦੈ ਜੀਵ? ਉਹ ਗਿ ਨੂੰ ਲੋਕਾਂ ਨੇ ਸੁਆਲ ਕੀਤਾ, ਜੀ ਇਹ ਮਰਕੇ ਕਿੱਥੇ ਜਾਂਦੈ? ਉਹਨੇ ਆਖਿਆ ਜਾਣਾ ਕਿੱਥੇ ਸੀ, ਇਹ ਤਾਂ ਜਿਹੋ ਜਿਹੇ ਕਰਮ ਨੇ ਉੱਥੇ ਚਲਾ ਜਾਂਦਾ ਹੈ। ਜੇ ਇਹਦੇ ਪੂ ਵਾਲੇ ਕਰਮ ਨੇ ਤਾਂ ਪੂ ਬਣ ਜੂ, ਪੰਛੀ ਵਾਲੇ ਕਰਮ ਨੇ, ਪੰਛੀ ਬਣ ਜੂ, ਬ੍ਰਿਛ ਦੇ ਕਰਮ ਨੇ ਬ੍ਰਿਛ ਬਣ ਜਾਏਗਾ। ਹੋਰ ਜਾਣਾ ਕਿੱਥੇ ਸੀ।

***ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥*** (ਪੰਨਾ ੧੫੨)

ਸਾਰੀ ਦੁਨੀਆਂ ਲੋਚਦੀ ਹੈ, ਮੈਂ ਬੜਾ ਹੋਜਾਂ, ਐ ਹੋਜਾਂ, ਪਰ ਨਿਬੜਨੀ ਤਾਂ ਕਰਮਾਂ ਤੇ ਹੈ । ਉਹ ਤਾਂ ਪਰਮੇਰ ਅੰਤਰਜਾਮੀ ਹੈ । ਉਹ ਤਾਂ ਸਰਬੱਗ ਹੈ। ਇਸ ਕਰਕੇ ਉਹਨੇ ਜੁਆਬ ਦਿੱਤਾ, ਕਰਮਾਂ ਤੇ ਨਿਬੜੇਗੀ। ਕਰਮ ੁਭ ਕਰੋ। ਕਰਮ ਨਿਕਾਮ ਕਰੋ, ਸੇਵਾ ਨਿਕਾਮ ਕਰੋ, ਥੋਡੇ ਉੱਤੇ ਕਿਰਪਾ ਜਰੂਰ ਹੋਏਗੀ। ਪਰਮੇਰ ਦੀ ਕਿਰਪਾ ਤੇ ਇਹਨੂੰ ਭਾਈ ਉਹ ਚੀ ਪ੍ਰਾਪਤ ਹੋਏਗੀ।

**ਮਹਾ ਬਿਖਿਆ ਤੇ ਤੋਰਿ ॥**

ਆਹ ਜਿਹੜਾ ਤੂੰ ਵਿਿਆਂ ਦੇ ਵਿਚ ਤੇਰਾ ਮਨ ਭੱਜਿਆ ਫਿਰਦੈ, ਇਹਦੇ ਨਾਲੋਂ ਤੋੜ ਲੈ। ਰਵਿਦਾਸ ਬੜਾ ਭਜਨ ਕਰਦਾ ਸੀ । ਉਸ ਨੂੰ ਸਰਗੁਣ ਪਰਮੇਰ ਨੇ ਦਰਨ ਦਿੱਤੇ। ਉਹ ਪੁੱਛਦਾ ਦੱਸ ਤੇਰੀ ਕੀ ਬਾਤ ਹੈ? ਉਹਨੇ ਇੱਕੋ ਹੀ ਜੁਆਬ ਦਿੱਤਾ–

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥* (ਪੰਨਾ ੬੫੯)

ਮੈਂ ਸੱਚੀ ਪ੍ਰੀਤ ਆਪਦੇ ਨਾਲ ਜੋੜ ਲਈ ।ਆਪਦੇ ਨਾਲ ਜੋੜ ਕੇ ਸਾਰੇ ਵਿਿਆਂ ਤੋਂ ਤੋੜ ਲਈ। ਉਹ ਜਿਹੜੇ ਮਹਾਂ ਵਿੇ ਨੇ ਸੰਕਟ ਰੂਪ, ਬਨ ਰੂਪ, ਉਹਨਾਂ ਦੇ ਨਾਲੋਂ ਭਾਈ ਉਹਨੇ ਤੋੜੀ। ਹੁਣ ਪੜ੍ਹ ਪੰਕਤੀ–

**ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ**

ਜਦ ਪਰਮੇਰ ਦੀ ਕਿਰਪਾ ਹੋਵੇ ਆਤਮ ਰਸ ਮੇਂ ਜੀਵ ਉਦੋਂ ਪ੍ਰਾਪਤ ਹੁੰਦੈ, ਤਾਂ ਉਹਦੇ ਵਿੱਚ ਮਗਨ ਹੁੰਦੈ, ਇਸਥਿਤ ਹੁੰਦੈ। ਹਾਂ ਜੀ –

**ਮਹਾ ਬਿਖਿਆ ਤੇ ਤੋਰਿ॥**

ਭਾਈ ਸਾਰੇ ਵਿਿਆਂ ਦੇ ਨਾਲੋਂ, ਬਿਰਤੀ ਨੂੰ ਤੋੜ ਦਿਉ। ਵਿਿਆਂ ਦੇ ਆਕਾਰ ਬਿਰਤੀ ਨਾ ਕਰੀਂ, ਇਕ ਪਰਮੇਰ ਦੇ ਆਕਾਰ ਕਰੀਂ। ਇਕ ਪਰਮੇਰ ਦਾ ਭਜਨ ਕਰੀਂ।

*ਸਿਮਰਿ ਸਿਮਰਿ ਨਾਮੁ ਬਾਰੰ ਬਾਰ॥*
*ਨਾਨਕ ਜੀਅ ਕਾ ਇਹੈ ਅਧਾਰ॥* (ਪੰਨਾ ੨੯੫)

ਆਧਾਰ ਹੀ ਜੀਵ ਦਾ ਸਿਮਰਨ ਦੇ ਵਿੱਚ ਹੈ ਹੋਰ ਕਾਸੇ ਚ ਨਹੀਂ ਹੈ। ਅੱਜ ਵੀ ਆਇਆ ਉੱਥੇ ਕਬੀਰ ਦਾ ਬਦ ਕਿ ਨਾਮ ਦੇ ਨਾਲ ਜਦ ਇਹਦਾ ਮਨ ਜੁੜ ਗਿਆ ਇਕ ਵਾਰੀ, ਇਉਂ ਉਹਦੀ ਮੋਕ ਹੋ ਜੂ॥

*ਨਾਮ ਸੰਗਿ ਜਿਸ ਕਾ ਮਨੁ ਮਾਨਿਆ॥*
*ਨਾਨਕ ਤਿਨਹਿ ਨਿਰੰਜਨੁ ਜਾਨਿਆ॥* (ਪੰਨਾ ੨੮੧)

ਹੁਣ ਤੁਸੀਂ ਇਹ ਗੱਲ ਆਪ ਕਰਿਓ, ਇਹ ਮੈਂ ਥੋਨੂੰ ਦਸੂੰ ਤਾਂ ਵੀ ਨਹੀਂ ਆਉਣੀ। ਤੁਸੀਂ ਦੇਖਿਓ ਤੜਕੇ ਉੱਠ ਕੇ, ਨਾਮ ਦੇ ਨਾਲ ਮਨ ਨੂੰ ਜੋੜਿਓ ।ਪਰ ਤੁਸੀਂ ਫਿਰ ਦੇਖਿਓ ਥੋਡਾ ਮਨ ਹੋਰ ਪਾਸੇ ਤਾਂ ਨਹੀਂ

ਕਿਤੇ ਭੱਜਦਾ । ਜੇ ਤਾਂ ਥੋੜਾ ਮਨ ਹੋਰ ਕਿਸੇ ਪਾਸੇ ਭੱਜਦਾ ਹੈ ਤਾਂ ਖੇਹ ਖਾਣੀ ਹੈ ? ਫਿਰ ਨਹੀਂ ਥੋੜਾ ਠੀਕ ਕੰਮ। ਫਿਰ ਤਾਂ ਕੁੱਛ ਫਾਇਦਾ ਨਹੀਂ । ਜੇ ਨਾਮ ਨਾਲ ਜੁੜ ਗਿਆ ਤਾਂ ਫਿਰ ਥੋੜੀ ਮੁਕਤੀ ਹੋ ਜੂ, ਕਾਰਜ ਸਿੱਧ ਹੋ ਜੂ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** (ਪੰਨਾ ੧੨)

ਤੇਰੀ ਵਾਰੀ ਇਹ ਮਨੁੱਖਾ ਜੀਵਨ ਮੇਂ ਗੋਬਿੰਦ ਮਿਲਣ ਦੀ ਹੈ ਤਾਂ ਤੇਰਾ ਕਾਰਜ ਸਿੱਧ ਹੋ ਗਿਆ, ਤਾਂ ਤੂੰ ਸਭ ਠੀਕ ਹੋ ਗਿਆ।

**ਆਇਓ ਸਰਣਿ ਦੀਨ ਦੁਖ ਭੰਜਨ**

ਜਿਹੜਾ ਗਰੀਬਾਂ ਦੇ ਦੁੱਖ ਭੰਜਨ ਵਾਲਾ, ਸਾਰੇ ਦੁਖਾਂ ਦੇ ਨਾ ਕਰਨ ਵਾਲਾ, ਅੰਤਰਜਾਮੀ ਪਰਮੇਰ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਮੈਂ ਉਹਦੀ ਰਣ ਪਿਆ। ਮੈਂ ਗੁਰੂ ਰਾਮਦਾਸ ਦੀ ਰਣ ਪਿਆ–

***ਹਰਿ ਜੀਉ ਨਾਮੁ ਪਰਿਓ ਰਾਮਦਾਸੁ॥*** (ਪੰਨਾ ੬੧੨)

ਗੁਰੂ ਅਰਜਨ ਦੇਵ ਜੀ ਲਿਖਦੇ ਨੇ ਇਸ ਸਲੋਕ ਵਿੱਚ, ਕਹਿੰਦੇ, ਲੋਕਾਂ ਨੂੰ ਪਤਾ ਨਹੀਂ –

***ਹਰਿ ਜੀਉ ਨਾਮੁ ਪਰਿਓ ਰਾਮਦਾਸੁ॥***

ਹਰੀ ਦਾ ਨਾਮ ਰਾਮਦਾਸ ਪਿਆ ਹੈ ਤੇ ਲੋਕਾਂ ਨੂੰ ਪਤਾ ਨਹੀਂ ਹੈ ਇਸ ਗੱਲ ਦਾ। ਤੇ ਮੈਂ ਰਣ ਪਿਆਂ ਗੁਰ–ਪਰਮੇਰ ਦੀ।

**ਚਿਤਵਉ ਤੁਮਰੀ ਓਰਿ॥**

ਮੈਂ ਹਰ ਵਕਤ ਆਪ ਦਾ ਸਿਮਰਨ ਕਰਦਾ ਹਾਂ। ਮੇਰੀ ਅੰਦਰਲੀ ਜਿਹੜੀ ਨਿਗਾਹ ਹੈ ਤੀਸਰੀ, ਵਿੱਦਿਆ ਬਿਰਤੀ ਆਪ ਦੇ ਆਕਾਰ ਹੈ। ਇਕ ਹੁੰਦੀ ਹੈ ਅਵਿੱਦਿਆ ਬਿਰਤੀ। ਅਵਿੱਦਿਆ ਬਿਰਤੀ ਹੁੰਦੀ ਹੈ ਭੁੱਲ । ਵਿੱਦਿਆ ਬਿਰਤੀ ਹੁੰਦੀ ਹੈ ਸਾਫ, ਜਿਹੜੀ ਪਰਮੇਰ ਆਕਾਰ ਬਿਰਤੀ ਹੋਵੇ। ਜਿਹਨੂੰ ਬ੍ਰਹਮਾਕਾਰ, ਅਖੰਡਾਕਾਰ ਲਿਵ ਕਹਿੰਦੇ ਨੇ। ਜਦ ਇਹਦੀ ਮੈਂ ਲਿਵ ਲਾ ਕੇ, ਹੁਣ ਆਪ ਦੇ ਪਰਾਇਣ ਕਰਕੇ

ਦੇਖਦਾਂ, ਆਪ ਦੇ ਹੀ ਪਰਾਇਣ ਮੇਂ ਸਿਮਰਨ ਕਰਦਾਂ। ਹੁਣ ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਹੁਣ ਮੇਰਾ ਮਨ ਭਾਈ ਆਹ ਕੰਮ ਕਰਦੈ।

**ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ**

ਕਹਿੰਦੇ ਮੈਂ ਇੱਕੋ ਹੀ ਦਾਨ ਮੰਗਿਐ, ਮੈਨੂੰ ਅਭੈ ਦਾਨ ਦਿਉ ਜੀ ਨਾਲ ਜਨਮ ਮਰਨ ਦਾ ਭੈ ਕੱਟਿਆ ਜਾਵੇ ਤੇ ਸੁਆਮੀ ਦਾ ਸਿਮਰਨ ਮੇਰਾ ਮਨ ਕਰੀ ਜਾਵੇ। ਮੈਂ ਰੱਬ ਤੋਂ ਇਹ ਚੀ ਮੰਗੀ ਕਿ ਹੇ ਪਰਮੇਰ ! ਮੇਰਾ ਸਿਮਰਣ ਵੀ ਹੋਵੇ ਤੇ ਮੈਂ ਜਨਮ ਮਰਨ ਤੇ ਰਹਿਤ, ਸਿਮਰਨ ਕਰਕੇ ਹੋ ਜਾਵਾਂ।

**ਪ੍ਰਭ ਨਾਨਕ ਬੰਧਨ ਛੋਰਿ॥**

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਭਾਈ ਸਾਰੇ ਬੰਧਨ ਛੁੱਟ ਗਏ, ਸਾਰੇ ਬੰਧਨ ਕੱਟੇ ਜਾਂਦੇ ਨੇ ਜਨਮ ਮਰਨ ਦੇ, ਇਹ ਜਨਮ ਮਰਨ ਤੋਂ ਰਹਿਤ ਨਰਾਇਣ ਹੋ ਜਾਂਦੈ, ਪਰਮੇਰ ਦਾ ਸਰੂਪ ਹੋ ਜਾਂਦੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ❑

ੴ ਸਤਿਗੁਰ ਪ੍ਰਸਾਦਿ॥

## ੨੧

**ਸੋਰਠਿ ਮਹਲਾ ੫ ॥**

**ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥**

**ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ॥੧॥**

**ਪ੍ਰਭ ਜੀਉ ਤੂੰ ਮੇਰੋ ਸਾਹਿਬੁ ਦਾਤਾ॥**

**ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ॥ਰਹਾਉ॥**

**ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ॥**

**ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ॥੨॥**

**ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ॥**

**ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ॥੩॥**

**ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ॥**

**ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ॥੪॥**

(ਪੰਨਾ ੬੧੫)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਬਦ ਰੱਬੀ ਬਾਣੀ ਦਾ, ਈਰੀ ਬਾਣੀ ਦਾ, ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਇਆ ਹੈ। ਇਹਦਾ ਨਾਉਂ ਹੁਕਮਨਾਮਾ ਹੈ। ਹੁਕਮਨਾਮੇ ਦੇ ਵਿੱਚ ਕਦੇ ਨਾਂਹ-ਨੁੱਕਰ ਨਹੀਂ ਹੁੰਦੀ। ਇਹਨੂੰ ਭਾਣਾ

ਵੀ ਕਹਿੰਦੇ ਨੇ, ਪਰਮੇਰ ਦਾ। ਗੁਰੂ ਸਾਹਿਬ ਨੇ ਲਿਖਿਐ –

***ਹੁਕਮੁ ਨ ਕਹਿਆ ਜਾਈ॥*** (ਪੰਨਾ ੧)

ਹੁਕਮ ਕਹਿਣੇ ਚ ਨਹੀਂ ਆਉਂਦਾ। ਹੁਕਮੀ ਅਰ ਹੁਕਮ ਦਾ ਅਭੇਦ ਹੁੰਦੈ। ਪਰਮੇਰ ਦੇ ਹੁਕਮ ਦਾ ਕਿਸੇ ਨੂੰ ਕੁੱਛ ਪਤਾ ਨਹੀਂ, ਬਈ ਹੁਣ ਤੋਂ ਦੋ ਮਿੰਟਾਂ ਨੂੰ ਕੀ ਕਰ ਦੇਣੈ। ਇਸ ਕਰਕੇ ਇਹ ਹੁਕਮਨਾਮਾ ਹੈ। ਹੁਕਮਨਾਮੇ ਦਾ ਮਤਲਬ ਇਹ ਹੁੰਦੈ ਕਿ ਜਦ ਹੁਕਮਨਾਮਾ ਸੁਣ ਲਉ, ਉਸ ਹੁਕਮਨਾਮੇ ਤੇ ਆਪਣੇ ਮਨ ਨੂੰ ਚਲਾਉਣਾ। ਜੇ ਹੁਕਮ ਦੇ ਵਿੱਚ ਮਨ ਹੋ ਗਿਆ ਤਾਂ ਹੁਕਮੀ ਪ੍ਰਾਪਤ ਹੋ ਜਾਂਦਾ ਹੈ। ਪੰਚਮ ਪਾਤਾਹ ਦੀ ਬਾਬਤ ਲਿਖਿਆ ਹੈ–

***ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥!***
***ਭਨਿ ਮਥੁਰਾ ਕਛੁ ਭੇਦੁ ਨਹੀ ਗੁਰ ਅਰਜੁਨੁ ਪਰਤਖ ਹਰਿ॥***

(ਪੰਨਾ ੧੪ ੯)

ਜਦ ਭੱਟ ਸਰਾਪੇ ਹੋਏ ਇਕ ਸਾਲ ਦੁਨੀਆਂ ਦੇ ਵਿੱਚ ਫਿਰਦੇ ਰਹੇ, ਕਿਤੇ ਬਖੇ ਨਹੀਂ ਗਏ, ਕਿਸੇ ਦਰ ਤੋਂ ਉਹਨਾਂ ਨੂੰ ਖੈਰ ਨਹੀਂ ਪਈ। ਅਖੀਰੀ ਉਹਨਾਂ ਨੂੰ ਦੱਸਿਆ ਗਿਆ ਕਿ ਤੁਸੀਂ ਗੁਰੂ ਦੇ ਦਰ ਤੇ ਜਾਉ, ਉੱਥੋਂ ਤੁਹਾਨੂੰ ਖੈਰ ਪਵੇਗੀ। ਉਹ ਆਏ, ਉਹਨਾਂ ਦਾ ਸਰਾਪ ਮੋਚਨ ਹੋ ਗਿਆ ਤੇ ਗਿਆਨ ਦੀ ਪ੍ਰਾਪਤੀ ਹੋ ਗਈ। ਉਹ ਸਤਾਰਾਂ ਭੱਟ ਲਿਖੇ ਨੇ, ਮਥਰਾ ਉਹਨਾਂ ਚੋਂ ਗਿਮਣੀ ਸੀ। ਉਹਨੇ ਆਖਿਆ ਇਹ ਪਰਤੱਖ ਸਰਗੁਣ ਰੂਪ ਵਿੱਚ ਈਰ ਰੂਪ ਨੇ, ਕਿਤੇ ਤੁਸੀਂ ਅੱਜ ਤੋਂ ੱਕ ਨਾ ਕਰਿਉ, ਸਾਨੂੰ ਗਿਆਨ ਇਹਨਾਂ ਤੋਂ ਪ੍ਰਾਪਤ ਹੋਇਐ। ਗਿਆਨ ਪੂਰਨ ਪੁਰ ਤੋਂ ਹੀ ਪ੍ਰਾਪਤ ਹੁੰਦਾ ਹੈ ਤੇ –

***ਗੁਰ ਜੋਤਿ ਅਰਜੁਨ ਮਾਹਿ ਧਰੀ॥*** (ਪੰਨਾ ੧੪ ੯)

ਗੁਰੂ ਰਾਮਦਾਸ ਜੀ ਜਦ ਚੱਲੇ ਤੇ ਉਹਨਾਂ ਨੇ ਵੀ ਜੋਤਿ ਅਰਜਨ ਦੇਵ ਮੇਂ ਹੀ ਰੱਖੀ। ਪ੍ਰਿਥੀਏ ਮੇਂ ਨਹੀਂ ਰੱਖੀ, ਦੂਸਰੇ ਉਸ ਮਹਾਂ ਦੇਵ ਮੇਂ ਨਹੀਂ ਰੱਖੀ ਤੇ ਬਾਕੀ ਕਿਸੇ ਮੇਂ ਨਹੀਂ ਰੱਖੀ। ਅਖੀਰੀ ਇਹ ਗੁਰੂ ਅਰਜਨ ਦੇਵ ਜੀ ਵਿੱਚ ਜੋਤ ਆਈ। ਉਹ ਕਿਹੜੀ ਜੋਤ ਹੈ?

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਜੋਤੀ ਸਰੂਪ, ਗੁਰੂ ਨਾਨਕ ਕਹਾਇਆ। ਚਾਰ ਉਦਾਸੀਆਂ ਕੀਤੀਆਂ, ਦੁਨੀਆਂ ਦੇ ਵਿੱਚ ਜੋ ਬਖਣ ਦੇ ਯੋਗ ਸੇ ਉਹ ਬਖੇ, ਸਿੱਖਿਆ ਦਿੱਤੀ ਬੜੇ ਬੜੇ ਪੀਰਾਂ ਨੂੰ, ਸਿੱਧਾਂ ਨੂੰ। ਸਿੱਧਾਂ ਨੂੰ ਤਾਂ ਇੱਥੋ ਤੱਕ ੌਂਕ ਸੀ ਕਿ ਅਸੀਂ ਇਹਨੂੰ ਚੇਲਾ ਹੀ ਬਣਾ ਲਈਏ, ਬੜਾ ਯਤਨ ਕੀਤਾ, ਬੜੇ ਪ੍ਰਨ ਕੀਤੇ। ਅਖੀਰੀ ਚਰਪਟ ਨਾਥ ਨੇ ਗੋਰਖ ਨੂੰ ਕਿਹਾ ਕਿ ਇਕ ਪ੍ਰਨ ਮੈਨੂੰ ਵੀ ਕਰ ਲੈਣ ਦਿਉ।

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥*** (ਪੰਨਾ ੯੩੮)

ਚਰਪਟ ਕਹਿੰਦਾ ਇਹ ਮੇਰਾ ਪ੍ਰਨ ਹੈ, ਇਸ ਸੰਸਾਰ ਦੇ ਵਿੱਚ ਰਹਿਕੇ ਦੁਨੀਆਂ ਵਿੱਚੋਂ ਕੈਸੇ ਪੁਰ ਤਰ ਸਕਦਾ ਹੈ ? ਇਹਦੀ ਮੋਕ ਕੈਸੇ ਹੋ ਸਕਦੀ ਹੈ ? ਗੁਰੂ ਸਾਹਿਬ ਨੇ ਆਖਿਆ–

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

(ਪੰਨਾ ੯੩੮)

ਜਦ ਤੂੰ ਆਪਣੇ ਮਨ ਨੂੰ ਉਸ ਨਿਰਲੇਪ ਪਰਮੇਰ ਦੇ ਵਿੱਚ ਅਲੱਗ ਕਰਕੇ, ਇੱਕੋ ਤੇ ਪੂਰਣ ਭਰੋਸਾ ਕਰਕੇ, ਮਨ ਨੂੰ ਅਸੰਗ ਕਰ ਲਏਂਗਾ ਤੇ ਬੁੱਧੀ ਤੇਰੀ ਦਾ ਮੁਰਗਾਈ ਦੀ ਨਿਆਈਂ, ਕੋਈ ਦੁਨੀਆਂ ਦੇ ਪਦਾਰਥ ਦੇ ਨਾਲ ਲੇਪ ਛੇਪ ਨਾ ਹੋਵੇ, ਫਿਰ ਤੂੰ ਸੁਰਤੀ ਨੂੰ ਬਦ ਦੇ ਨਾਲ ਜੋੜ ਦਈਂ ਤਾਂ ਤੇਰਾ ਉਧਾਰ ਹੋ ਜਾਏਗਾ। ਉਹਨੇ ਆਖਿਆ, ਠੀਕ ਹੈ। ਚਲ, ਨਾਥਾਂ ਨੇ ਬੱਸ ਕਰ ਦਿੱਤੀ। ਇਸ ਕਰਕੇ ਪਹਿਲਾਂ ਤੁਹਾਨੂੰ ਪਤੈ, ਬਈ ਦੋ ਪਦਾਰਥ ਗੁਰੂ–ਕਿਆਂ ਨੇ ਲਿਖੇ ਨੇ, ਸੇਵਾ

ਤੇ ਸਿਮਰਨ। ਸੇਵਾ ਨਾਲ ਮਨ੍ਹ ਧ ਹੋ ਜਾਂਦਾ ਹੈ, ਸਿਮਰਨ ਨਾਲ ਪਰਮੇਰ ਦੀ ਪ੍ਰਾਪਤੀ ਹੁੰਦੀ ਹੈ।

*ਸਿਮਰਿ ਸਿਮਰਿ ਨਾਮੁ ਬਾਰੰ ਬਾਰ॥*
*ਨਾਨਕ ਜੀਅ ਕਾ ਇਹੈ ਅਧਾਰ॥* (ਪੰਨਾ ੨੯੫)
*ਖੋਜਤ ਖੋਜਤ ਤਤੁ ਬੀਚਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*

(ਪੰਨਾ ੭੧੪)

ਜੇ ਤੂੰ ਸਿਮਰਨ ਕਰੇਂਗਾ, ਤੈਨੂੰ ਅਬਿਨਾਸੀ ਪਦ ਦੇ ਨਜਦੀਕ ਲੈ ਜਾਏਗਾ ਸਿਮਰਨ। ਪਰ ਸਿਮਰਨ ਦੇ ਅੱਗੇ ਸੁਰਤੀ ਆਉਂਦੀ ਹੁੰਦੀ ਹੈ।

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

(ਪੰਨਾ ੯੩੮)

ਸੁਰਤੀ ਜਦ ਤੇਰੀ, ਸੁਰਤੀ ਨਾਉਂ ਹੈ ਬਿਰਤੀ ਦਾ, ਖਿਆਲ ਦਾ। ਜਦ ਤੇਰਾ ਖਿਆਲ ਉਸ ਪਰਮੇਰ ਦੇ ਨਾਲ ਜੁੜ ਜਾਊਗਾ, ਜਦ ਤੇ ਰੀ ਲਿਵ ਲੱਗ ਜਾਏਗੀ, ਜਦ ਤੇਰੀ ਬ੍ਰਹਮਾਕਾਰ ਬਿਰਤੀ ਹੋ ਜਾਏਗੀ, ਤੇਰਾ ਉਧਾਰ ਹੋ ਜਾਏਗਾ।

*ਕਤ ਜਾਈਐ ਰੇ ਘਰ ਲਾਗੋ ਰੰਗੁ॥*
*ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ ੧ ॥ਰਹਾਉ॥*
*ਏਕ ਦਿਵਸ ਮਨੁ ਭਈ ਉਮੰਗ॥*
*ਘਸਿ ਚੰਦਨ ਚੋਆ ਬਹੁ ਸੁਗੰਧ॥*
*ਪੂਜਨ ਚਾਲੀ ਬ੍ਰਹਮ ਠਾਇ॥*
*ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥*
*ਜਹਾ ਜਾਈਐ ਤਹ ਜਲ ਪਖਾਨ॥*
*ਤੂ ਪੂਰਿ ਰਹਿਓ ਹੈ ਸਭ ਸਮਾਨ ॥*
*ਬੇਦ ਪੁਰਾਨ ਸਭ ਦੇਖੇ ਜੋਇ॥*
*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨ ॥*

***ਸਤਿਗੁਰ ਮੈ ਬਲਿਹਾਰੀ ਤੋਰ॥***
***ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥***
***ਰਾਮਾਨੰਦ ਸੁਆਮੀ ਰਮਤ ਬ੍ਰਹਮ॥***
***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥*** (ਪੰਨਾ ੧੧੯੫)

ਰਾਮਾਨੰਦ ਦਾ ਇੱਕੋ ਹੀ ਬਦ ਹੈ ਗੁਰੂ ਗ੍ਰੰਥ ਸਾਹਿਬ ਵਿੱਚ। ਇਕ ਪਰਮਾਨੰਦ ਦਾ ਹੈ, ਉਹਦੇ ਗੁਰ ਭਾਈ ਦਾ। ਰਾਮਾਨੰਦ ਕਹਿੰਦਾ ਮੈਂ ਉਹ ਜਿਹੜਾ ਬਾਹਰ ਨਾਰਾਇਣ ਦਾ ਮੰਦਰ ਸੀ, ਉਸਦੀ ਪੂਜਾ ਕਰਦਾ ਹੁੰਦਾ ਸੀ। ਜਦ ਮੇਰੇ ਅੰਦਰ ਉਸ ਪਰਮੇਰ ਦੀ ਪ੍ਰਾਪਤੀ ਹੋਈ, ਆਨੰਦ ਪ੍ਰਾਪਤ ਹੋਇਆ ਤਾਂ ਉਸ ਵਕਤ ਮੇਰੇ ਅੰਦਰ ਲੱਗ ਗਿਆ, ਪ੍ਰੇਮ ਲੱਗ ਗਿਆ। ਪੂਰਣ ਪ੍ਰੇਮ ਨਾਲ ਮੇਰਾ ਇਹ ਮਨ ਜੁੜ ਗਿਆ, ਹੁਣ–

***ਕਤ ਜਾਈਐ ਰੇ ਘਰ ਲਾਗੋ ਰੰਗੁ॥***

***ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥***

ਮੇਰਾ ਮਨ ਪਿੰਗਲਾ ਹੋ ਗਿਆ। ਮਨ ਦੇ ਦੋ ਹੀ ਪੈਰ ਹੁੰਦੇ ਨੇ ਸੰਕਲਪ ਤੇ ਵਿਕਲਪ, ਤੀਸਰਾ ਕੋਈ ਨਹੀਂ ਹੁੰਦਾ। ਜੀਵ ਕਦੇ ਤਾਂ ਸੰਕਲਪ ਕਰ ਲਏਗਾ, ਕਦੇ ਆਖੇਗਾ, ਐਂ ਨਹੀਂ, ਐਂ ਠੀਕ ਹੈ, ਵਿਕਲਪ ਕਰ ਲਏਗਾ। ਹੋਰ ਮਨ ਦਾ ਕੋਈ ਸਾਧਨ ਨਹੀਂ ਹੁੰਦਾ ਤੇ ਜਦ ਮੈਂ ਪੂਜਣ ਚੱਲਿਆ ਆਪਣੇ ਉਸ ਨਾਰਾਇਣ ਨੂੰ ਤਾਂ ਗੁਰੂ ਸਾਹਿਬ ਮੈਨੂੰ ਮਿਲੇ, ਉਹਨਾਂ ਨੇ ਆਖਿਆ –

***ਕਤ ਜਾਈਐ ਰੇ ਘਰ ਲਾਗੋ ਰੰਗੁ॥***
***ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ ਰਹਾਉ॥***
***ਏਕ ਦਿਵਸ ਮਨੁ ਭਈ ਉਮੰਗ॥***
***ਘਸਿ ਚੰਦਨ ਚੋਆ ਬਹੁ ਸੁਗੰਧ॥***
***ਪੂਜਨ ਚਾਲੀ ਬ੍ਰਹਮ ਠਾਇ॥***
***ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ॥***

ਉਹ ਮੈਨੂੰ ਗੁਰੂ ਮਿਲਿਆ, ਗੁਰੂ ਨੇ ਆਖਿਆ ਉਹ ਬ੍ਰਹਮ ਵਿਆਪਕ ਹੈ, ਬ੍ਰਹਮ ਉਹਨੂੰ ਕਹਿੰਦੇ ਨੇ ਜਿਹੜਾ ਸਾਖੀ ਰੂਪੇ, ਦ੍ਰਟਾ ਰੂਪੇ, ਤੇ

ਰੇ ਅੰਦਰ ਚੇਤਨ ਬੈਠੈ ਤੇਰਾ ਆਪਾ, ਆਤਮਾ, ਜੀਹਨੂੰ ਆਪਣਾ ਆਪ ਕਹਿੰਦੇ ਨੇ–

***ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥***
***ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥*** (ਪੰਨਾ ੪੨੧)

ਤੇ ਅਮਰ ਹੋ ਜਾਏਂਗਾ। ਅਮਰ ਪਹਿਲੇ ਹੀ ਹੈਂ ਤੂੰ, ਪਰ ਅਜੇ ਬਿਰਤੀ ਦੇ ਭੁਲੇਖੇ ਚ ਹੈਂ, ਤੂੰ ਖਿਆਲਾਂ ਦੇ ਵਿੱਚ ਫਸਿਆ ਹੋਇਆ ਹੈਂ। ਉਹ ਖਿਆਲਾਂ ਦਾ ਜੋ ਖਿਆਲੀ ਹੈ, ਉਹੀ ਸੋਹੰ ਪ੍ਰਕਾ ਅਨੁਭਵ ਹੈ।

***ਚੀਨਤ ਚੀਤੁ ਨਿਰੰਜਨ ਲਾਇਆ॥***
***ਕਹੁ ਕਬੀਰ ਤੌ ਅਨਭਉ ਪਾਇਆ॥*** (ਪੰਨਾ ੩੨੮)

ਜਦ ਉਸ ਨੇ ਚਿੱਤ ਨੂੰ ਚੇਤਨ ਦੇ ਨਾਲ ਜੋੜਿਆ ਤਾਂ ਇਹਦਾ ਆਪਾ ਪ੍ਰਾਪਤ ਹੋ ਗਿਆ, ਅਨੁਭਵ। ਆਪਾ ਪ੍ਰਾਪਤ ਹੋ ਗਿਆ ਤਾਂ ਮੈਨੂੰ ਉਹ ਬ੍ਰਹਮ, ਬਿਰਤੀ ਦੇ ਵਿੱਚ ਅੰਦਰ ਹੀ ਬਤਾਇਆ ਤੇ ਮੇਰਾ ਉਧਾਰ ਹੋ ਗਿਆ। ਹੁਣ ਮੈਨੂੰ ਐਨਾ ਰਹਿ ਗਿਆ–

***ਜਹਾ ਜਾਈਐ ਤਹ ਜਲ ਪਖਾਨ॥***
***ਤੂੰ ਪੂਰਿ ਰਹਿਓ ਹੈ ਸਭ ਸਮਾਨ॥*** (ਪੰਨਾ ੧੧੯੫)

ਹੁਣ ਮੈਨੂੰ ਇੰਨਾ ਪਤਾ ਲੱਗ ਗਿਆ ਕਿ ਜੋ ਮੇਰੇ ਹਿਰਦੇ ਵਿੱਚ ਪ੍ਰਕਾ ਰੂਪ, ਜੋਤੀ ਸਰੂਪ ਹੈ, ਉਹ ਸਾਰਿਆਂ ਦੇ ਹਿਰਦਿਆਂ ਚ ਹੈ। ਭਗਵਾਨ ਕ੍ਰਿਨ ਨੇ ਜਦੋਂ ਗਿਆਨ ੁਰੂ ਕੀਤਾ, ਉਹਨੇ ਸਾਫ ਇੱਥੋਂ ਹੀ ੁਰੂ ਕੀਤਾ –

***ਖੇਤ੍ਰ ਖੇਤ੍ਰਗਯ ਯੋਰਗਯਾਨੰ ਯਤੱਜ ਗਯਾਨੰ ਮਤੰ ਮਮ।***
(ਗੀਤਾ ੧੩/੨)

ਜਿਹੜਾ ਮੇਰੇ ਰੀਰ ਦੇ ਅੰਦਰ ਛੇਤਰੱਗਯ, ਚੇਤਨ ਗਿਆਨ, ਪਰਮਾਤਮਾ ਹੈ ਉਹ ਸਾਰਿਆਂ ਦੇ ਹਿਰਦਿਆਂ ਚ ਇੱਕੋ ਹੀ ਹੈ।

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥*** (ਪੰਨਾ ੧੩)

ਉਹ ਸਾਰਿਆਂ ਦੇ ਅੰਦਰ ਜੋਤਿ ਹੈ। ਜੇ ਜੋਤਿ ਸਭ ਦੇ ਅੰਦਰ ਨਾ ਹੋਵੇ, ਤਾਂ ਅਸੀਂ ਆਪਣੀਆਂ ਬਿਰਤੀਆਂ ਕਾਹਦੇ ਨਾਲ ਦੇਖੀਏ?

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥***

(ਪੰਨਾ ੧੪੪)

ਉਹ ਪਾਰਖ ਆਪ ਹੈ ਪਰਮੇਰ, ਜਿਹੜਾ ਹਿਰਦੇ ਦੇ ਵਿੱਚ ਬੈਠ ਕੇ ਪਰੀਖਿਆ ਕਰਦੈ, ਖੋਟਿਆਂ ਖਿਆਲਾਂ ਦੀ ਵੀ, ਖਰੇ ਖਿਆਲਾਂ ਦੀ ਵੀ। ਉਹਨੂੰ ਪਤਾ ਲੱਗ ਜਾਂਦੈ, ਇਹ ਮੇਰਾ ਠੀਕ ਸੀ, ਇਹ ਬੇਠੀਕ ਸੀ। ਉਹ ਪਰਮੇਰ ਸਭ ਦੇ ਹਿਰਦੇ ਦੇ ਵਿੱਚ ਹੈ। ਉਹਨੂੰ ਖੇਤ੍ਰਗਯ ਕਹਿੰਦੇ ਨੇ।

***ਖੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖੇਤ੍ਰੇ ਭਾਰਤ।***
***ਖੇਤ੍ਰ ਖੇਤ੍ਰਗਯ ਯੋਰ ਗਯਾਨੰ ਯਤੱਜ ਗਯਾਨੰ ਮੰਤ ਮਮ।***

(ਗੀਤਾ ੧੩/੨)

ਮੇਰਾ ਇਹੀ ਮੱਤ ਹੈ ਜਿਹਨੂੰ ਖੇਤਰ ਅਰ ਖੇਤ੍ਰਗਯ ਦਾ ਗਿਆਨ ਹੋ ਗਿਆ ਉਹਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ। ਸੰਸਾਰ ਮਿਥਿਆ ਹੈ ਤੇ ਖੇਤਰੱਗਯ ਦ੍ਰਟਾ ਹੈ, ਸਾਖੀ ਹੈ, ਵਿਆਪਕ ਹੈ, ਪਰੀਪੂਰਣ ਹੈ। ਇਸ ਕਰਕੇ-

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਦੇਖਣੇ ਚ ਆਉਂਦੈ ਤਿੰਨ ਗੁਣ ਨੇ। ਚਾਹੇ ਮਨ ਹੋਵੇ, ਚਾਹੇ ਬੁੱਧੀ ਹੋਵੇ, ਚਾਹੇ ਪ੍ਰਾਣ ਹੋਣ, ਚਾਹੇ ਇੰਦਰੇ ਹੋਣ, ਸਰੀਰ ਹੋਵੇ, ਇਹ ਸਾਰਾ ਹੀ ਮਿਥਿਆ ਹੈ। ਪਰ ਦ੍ਰਟਾ ਦੇਖਣੇ ਵਾਲਾ ਤਾਂ ਨਹੀਂ ਮਿਥਿਆ।

***ਮੂਈ ਸੁਰਤਿ ਬਾਦੁ ਅਹੰਕਾਰੁ॥***
***ਓਹੁ ਨ ਮੂਆ ਜੋ ਦੇਖਣਹਾਰੁ॥੨॥***
***ਪੜਿ ਪੜਿ ਪੰਡਿਤੁ ਬਾਦੁ ਵਖਾਣੈ॥***
***ਭੀਤਰਿ ਹੋਦੀ ਵਸਤੁ ਨ ਜਾਣੈ॥*** (ਪੰਨਾ ੧੪੨)

ਇੱਥੋਂ ਤੱਕ ਉਪਦੇ ਜਦ ਪਹਿਲੀ ਪਾਤਾਹੀ ਨੇ ਕੀਤਾ ਉਹ ਪੰਡਿਤ ਆਂਹਦਾ, ਜੀ ਫਿਰ ਤੁਸੀਂ ਨਹੀਂ ਮਰੋਂਗੇ ?

***ਹਉ ਨ ਮੂਆ ਮੇਰੀ ਮੂਈ ਬਲਾਇ॥***
***ਓਹੁ ਨ ਮੂਆ ਜੋ ਰਹਿਆ ਸਮਾਇ॥***
***ਕਹੁ ਨਾਨਕ ਗੁਰਿ ਬ੍ਰਹਮ ਦਿਖਾਇਆ॥***
***ਮਰਤਾ ਜਾਤਾ ਨਦਰਿ ਨ ਆਇਆ॥*** (ਪੰਨਾ ੧੪੨)

ਓਥੇ ਜਨਮ ਮਰਣ ਹੈ ਨਹੀਂ ਪਰਮੇਰ ਮੇਂ। ਜੰਮਣ ਮਰਣ, ਮਨ ਆਦਿ ਦਾ ਧਰਮ ਹੈ, ਸਥੂਲ, ਸੂਖਮ, ਗੀਰ ਦਾ। ਤੇ ਬਾਕੀ ਚੇਤਨ ਤਾਂ ਨਿਰਲੇਪ ਹੈ, ਉਹ ਤਾਂ ੁੱਧ ਹੈ, ਉਹ ਤਾਂ ਨਾਰਾਇਣ ਹੈ, ਉਹ ਤਾਂ ਪਰਮੇਰ ਰੂਪ ਹੈ, ਉਹ ਤਾਂ ਨਿਰਾਕਾਰ ਹੈ। ਨਿਰਾਕਾਰ ਦਾ ਜਨਮ ਮਰਨ ਕਦੇ ਹੋਇਆ ਹੀ ਨਹੀਂ ਹੈ। ਇਸ ਕਰਕੇ ਉਹ ਪਰਮੇਰ ਪਰੀਪੂਰਣ ਹੈ, ਵਿਆਪਕ ਹੈ, ਉਹ ਜੋਤੀ ਸਰੂਪ ਹੈ। ਉਹ ਜੋਤੀ ਜਦ ਪ੍ਰਗਟ ਹੋ ਜਾਏਗੀ ਤਾਂ ਸਾਰਾ ਸੰਸਾਰ ਮਿਥਿਆ ਹੋ ਜਾਏਗਾ। ਉਸ ਵਕਤ ਇਹਨੂੰ ਸੁਰਤ ਆ ਜਾਏਗੀ, ਸੂਝ ਆ ਜਾਏਗੀ। ਪਤਾ ਲੱਗ ਜਾਏਗਾ ਬਈ ਇਹ ਪ੍ਰਯੋਜਨ ਸੀ–

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜਿ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥*** (ਪੰਨਾ ੧੨)

ਤੂੰ ਇਕੁ ੱਧ ਨਾਮ ਜਪਿਆ ਕਰ। ਨਾਮ ਤੈਨੂੰ ਉਦੋਂ ਪ੍ਰਾਪਤ ਹੋਏ ਗਾ ਜਦ ਤੇਰਾ ਅੰਤਹਕਰਣੁ ੱਧ ਹੋਏਗਾ। ਉਹਦੇ ਵਿੱਚ ਜੋ ਨਾਮੀ ਬੈਠਾ ਹੈ, ਉਹੀ ਨਾਮ ਹੈ।

***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** (ਪੰਨਾ ੨੮੪)

ਜਿਸਨੇ ਸਾਰੇ ਖੰਡ ਬ੍ਰਹਮੰਡ ਧਾਰਨ ਕੀਤੇ ਨੇ, ਉਹਨੂੰ ਨਾਮ ਕਹਿੰਦੇ ਨੇ। ਨਾਮ ਨਾਮੀ ਦਾ ਅਭੇਦ ਹੁੰਦਾ ਹੈ। ਉਸ ਵਕਤ ਤੈਨੂੰ ਆਪਣੇ ਆਪ ਸੱਤ ਦਾ ਪਤਾ ਲੱਗ ਜਾਏਗਾ, ਬਈ ਸੱਤ ਤੇ ਅਸੱਤ ਕੀ ਚੀ ਹੈ ? ਫਿਰ ਤੈਨੂੰ ਇਹ ਪਤਾ ਲੱਗ ਜੂ –

***ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ***

***ਨਾਨਕ ਹੋਸੀ ਭੀ ਸਚੁ॥ ੧॥*** (ਪੰਨਾ ੧)

ਉਹ ਸੱਚ ਹਮੇਸ਼ਾ ਰਹਿਣ ਵਾਲਾ ਹੈ, ਤਿੰਨੇ ਕਾਲਾਂ ਮੇਂ ਇਕ ਰਸ। ਝੂਠ ਜਿਹੜਾ ਹੈ ਉਹਦੀ ਸੱਤਾ ਨਹੀਂ ਹੁੰਦੀ, ਉਂ ਦੇਖਣੇ ਮੇਂ ਤਾਂ ਹੁੰਦੈ। ਰੱਸੀ ਦੇ ਵਿੱਚ ਸਰਪ ਪ੍ਰਤੀਤ ਹੁੰਦੈ। ਜਦ ਰੱਸੀ ਦਾ ਗਿਆਨ ਹੁੰਦੈ ਤਾਂ ਸਰਪ ਹੈ ਨਹੀਂ ਉੱਥੇ। ਸਿੱਪੀ ਵਿੱਚ ਚਾਂਦੀ ਪ੍ਰਤੀਤ ਹੁੰਦੀ ਹੈ। ਜਦ ਬੱਚਾ ਜਾਂਦੈ, ਚੁੱਕਦੈ, ਚਾਂਦੀ ਖਤਮ ਹੋ ਗਈ ਤੇ ਸਿੱਪੀ ਉਹਨੇ ਸੁੱਟ ਦਿੱਤੀ, ਕਿਉਂ ? ਝੂਠੀ ਸੀ, ਮਿਥਿਆ ਸੀ। ਇਸੇ ਲੋਟ ਜਦ ਇਹਨੂੰ ਅਪਣੇ ਆਪ ਦੀ ਸੁਰਤ ਆ ਗਈ, ਸੂਝ ਆ ਗਈ, ਇਹਨੂੰ ਪਤਾ ਲੱਗ ਜਾਏਗਾ ਕਿ ਮੇਰਾ ਆਪਾ ਜਨਮ ਮਰਨ ਤੋਂ ਰਹਿਤ ਹੈ ਨਾਰਾਇਣ । ਉਹ ਮੇਰੀ ਬਿਰਤੀ ਦੇ ਵਿਚ ਬੈਠਾ ਹੈ, ਉਹ ਮੇਰੀ ਬਿਰਤੀ ਨੂੰ ਵੀ ਦੇਖਦੈ ਤੇ ਮੇਰੀ ਬਿਰਤੀ ਦੇ ਦੁਆਰਾ ਸਾਰੇ ਸੰਸਾਰ ਨੂੰ ਵੀ ਦੇਖਦੈ, ਉਹ ਹੈ ਦ੍ਰਟਾ, ਉਹ ਹੈ ਸਾਖੀ, ਚੇਤਨ, ਉਹ ਆਪਾ ਹੈ, ਉਹ ਜੋਤੀ ਸਰੂਪ ਹੈ। ਉਹ ਜੋਤੀ ਸਰੂਪ ਇਹਨੂੰ ਕੈਸੇ ਪ੍ਰਾਪਤ ਹੁੰਦੈ? ਹੁਣ ਪੜ੍ਹ ਭਾਈ –

**ਸੋਰਠਿ ਮਹਲਾ ੫॥**

ਸੋਰਠਿ ਰਾਗ ਦੇ ਵਿਚ ਪੰਚਮ ਪਾਤਾਹ ਗੁਰੂ ਅਰਜਨ ਦੇਵ ਜ ੀ ਮਹਾਰਾਜ ਕਥਨ ਕਰਦੇ ਨੇ–

**ਪ੍ਰਭ ਕੀ ਸਰਣਿ ਸਗਲ ਭੈ ਲਾਥੇ**

ਜਦ ਤੂੰ ਪਰਮੇਰ ਦੀ ਰਣ ਪੈ ਗਿਆ, ਤੇਰੇ ਸਾਰੇ ਭੈ ਨਾ ਹੋ ਜਾਣਗੇ। ਰਣ ਅਖੀਰੀ ਧਰਮ ਹੈ, ਸਾਰਿਆਂ ਧਰਮਾਂ ਚੋਂ ਅਖੀਰੀ ਧਰਮ ਰਣ ਹੈ।

***ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।***
***ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ੍ ਚਃ॥***

(ਗੀਤਾ ੧੮/੬੬)

ਗੀਤਾ ਖਤਮ ਕਰ ਦਿੱਤੀ ਇੱਥੇ, ਬੱਸ। ਅਖੀਰੀ ਉਹਨੇ ਦੱਸਿਆ, ਇਕ ਰਣ ਹੀ ਸਾਧਨ ਹੈ, ਤੂੰ ਰਣ ਲੈ ਲੈ ਸਚਿਦਾਨੰਦ ਪਰਮੇਰ ਦੀ, ਵਿਆਪਕ ਪਰੀਪੂਰਣ ਦੀ, ਤੇਰੇ ਸਾਰੇ ਭੈਅ ਨਾ ਹੋ ਜਾਣਗੇ, ਤੇ

ਰੇ ਸਾਰੇ ਪਾਪ ਨਾ ਹੋ ਜਾਣਗੇ। ਗੁਰੂ ਸਾਹਿਬ ਨੇ ਲਿਖਿਐ –

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥*** (ਪੰਨਾ ੫੪੪)

ਜੋ ਰਣ ਆਉਂਦੈ ਉਹਨੂੰ ਕੰਠ ਲਾ ਲੈਂਦੈ। ਰਣ ਤਾਂ ਅਖੀਰੀ ਦੀ ਪਉੜੀ ਹੈ। ਬੱਸ ! ਜਦ ਇਹ ਰਣ ਪੈ ਗਿਆ ਇਹਨੂੰ ਪੂਰਣ ਪਰਮੇਰ ਉਸੇ ਛਿਨ ਵਿੱਚ ਪ੍ਰਾਪਤ ਹੋ ਜੂ। ਜਦ ਸੁਗਰੀਵ ਨੇ ਕਿਹਾ ਕਿ ਤਰੂ ਦਾ ਭਰਾਤਾ ਆਇਐ ਤੇ ਆਪ ਦੇ ਪਾਸ ਆਉਣ ਨੂੰ ਕਹਿੰਦੈ, ਭਭੀਣ ਆਇਐ ਚੱਲ ਕੇ ਦਿਲੋਂ, ਉਹਨੇ ਆਖਿਆ ਲਿਆ। ਫਿਰ ਕੈਸੇ ਲਿਆਈਏ ? ਤੁਸੀਂ ਸਾਰੇ ਵਜੀਰ ਪਿੱਛੇ ਹੋ ਜਾਉ, ਬੜੇ ਆਦਰ ਨਾਲ ਲਿਆਉ। ਉਹ ਆ ਗਿਆ, ਲਿਆਂਦਾ। ਜਦ ਉਸ ਨੇ ਨਮਕਾਰ ਕੀਤੀ, ਮੱਥਾ ਚੁੱਕਿਆ ਤਾਂ ਰਾਮ ਨੇ ਲੈਕੇ ਉਸ ਲੋਟੇ ਚੋਂ ਉਹਨੂੰ ਤਿਲਕ ਕਰ ਦਿੱਤਾ, ਕਹਿੰਦਾ ਆ ਬਈ ਲੰਕੇ ! ਲੰਕਾ ਦਾ ਮਾਲਕ ਬਣਾ ਦਿੱਤਾ। ਸੁਗਰੀਵ ਨੇ ਆਖਿਆ ਜੀ ਇਹ ਨੀਤੀ ਨਹੀਂ ਹੈ। ਉਹ ਕਹਿੰਦੇ –

***ਸਖਾ ਨੀਤਿ ਤੁਮ੍ ਨੀਕਿ ਬਿਚਾਰੀ॥*** (ਰਾਮਾਇਣ)

ਵਜੀਰ ਨੀਤੀ ਜਾਣਦੇ ਹੁੰਦੇ ਨੇ, ਤੂੰ ਬਹੁਤ ਅੱਛੀ ਨੀਤੀ ਜਾਣਦੈਂ। ਪਰ ਮੇਰਾ ਤਾਂ ਇਹ ਨਿਯਮ ਹੈ ਜੋ ਮੇਰੀ ਰਣ ਆਵੇ, ਮੈਂ ਉਹਦਾ ਜਨਮ ਮਰਨ ਕੱਟ ਦਿੰਦਾ ਹਾਂ। ਤੂੰ ਮੇਰੀ ਨੀਤੀ ਨਹੀਂ ਜਾਣਦਾ ? ਮੇਰੀ ਤਾਂ ਧਰਮਨੀਤੀ ਹੈ, ਤੇਰੀ ਰਾਜਨੀਤੀ ਹੈ। ਰਾਜਨੀਤੀ ਵਿੱਚ ਤਾਂ ਅੱਜ ਤੱਕ ਕਿਸੇ ਦੀ ਮੋਕ ਨਹੀਂ ਹੋਈ, ਧਰਮ ਨੀਤੀ ਚ ਹੀ ਬਖਿਆ ਜਾਣਾ ਹੈ। ਇਹ ਰਣ ਆਇਆ ਹੈ, ਇਹਦਾ ਉਧਾਰ ਕਰਤਾ, ਇਹਦਾ ਜਨਮ ਮਰਨ ਕੱਟਤਾ। ਰਣ ਅਖੀਰੀ ਹੈ, ਰਣ ਦਾ ਨਾਮ ਹੀ ਪ੍ਰੇਮਾ ਭਗਤੀ ਹੈ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
**ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥** (ਪੰਨਾ ੧੩੯੮ )

ਜਦ ਇਹ ਪ੍ਰੇਮਾ ਭਗਤੀ ਵਿੱਚ ਰਣ ਜਾਂਦੈ, ਇਹਦਾ ਆਪ ਹੀ

ਉਧਾਰ ਹੋ ਜਾਂਦੈ। ਸੰਤ ਬਣ ਜਾਂਦੈ ਪਰ ਉੱਥੇ ਪਹੁੰਚ ਜਾਏ ਤਾਂ। ਇਹਦਾ ਆਪਾ ਸਾਰੇ ਵਿਆਪਕ ਹੈ। ਇਸ ਕਰਕੇ ਗੁਰੂ ਸਾਹਿਬ ਕਹਿੰਦੇ ਜੇ ਤੁਸੀਂ ਸਾਰੇ ਭੈਅ ਨਾ ਕਰਨੇ ਚਾਹੁੰਦੇ ਹੋ ਪਾਪਾਂ ਦੇ, ਜਨਮ ਮਰਨ ਦੇ ਤਾਂ ਪਰਮੇਰ ਦੀ ਰਣ ਲੈ ਲਉ, ਇਸ ਤੋਂ ਉਤੋਂ ਦੀ ਹੋਰ ਕੋਈ ਸਾਧਨ ਨਹੀਂ ਹੈ।

**ਦੁਖ ਬਿਨਸੇ ਸੁਖੁ ਪਾਇਆ॥**

ਸਾਰੇ ਤੇਰੇ ਦੁੱਖ ਨਾ ਹੋ ਜਾਣਗੇ, ਸੁੱਖ ਸਰੂਪ ਪਰਮੇਰ ਤੈਨੂੰ ਪ੍ਰਾਪਤ ਹੋ ਜਾਏਗਾ।

**ਦਇਆਲੁ ਹੋਆ ਪਾਰਬ੍ਰਹਮੁ ਸੁਆਮੀ**

ਮੇਰੇ ਉੱਤੇ, ਗੁਰੂ ਅਰਜਨ ਦੇਵ ਜੀ ਕਹਿੰਦੇ, ਉਹ ਸੁਆਮੀ ਮਹਾਂਪੁਰ ਪੂਰਨ ਪਰਮੇਰ ਬੜਾ ਦਿਆਲ ਹੋਇਆ, ਮੈਨੂੰ ਗੁਰੂ ਰਾਮਦਾਸ ਜੀ ਦੀ ਭੇਟਾ ਕਰਾਇਆ, ਮੈਨੂੰ ਗੁਰੂ ਰਾਮਦਾਸ ਦੀ ਪ੍ਰਾਪਤੀ ਹੋ ਗਈ। ਮੈਨੂੰ ਉਹ ਗੁਰੂ ਔਰ ਪਰਮੇਰ ਨੇ ਬਖ ਦਿੱਤਾ।

***ਗੁਰੁ ਪਰਮੇਸਰ ਏਕੋ ਜਾਣੁ॥***

ਗੁਰੂ ਔਰ ਪਰਮੇਰ ਇੱਕੋ ਹੁੰਦੇ ਨੇ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸਰ॥***
***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥***
***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥*** (ਪੰਨਾ ੨੭੩)

ਉਹ ਜਨਮ ਮਰਣ ਵਾਲੀ ਵਸਤੂ ਨਹੀਂ ਹੁੰਦਾ। ਉਹ ਆਤਮ ਸਰੂਪ ਹੁੰਦਾ ਹੈ।

***ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥***
***ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥*** (ਪੰਨਾ ੪੨੧)

ਉਹ ਅਮਰ ਹੋ ਜਾਏਗਾ। ਇਸ ਕਰਕੇ ਭਾਈ, ਰਣ ਬੜੀ ਉੱਚੀ ਚੀਜ ਹੈ। ਪਰ ਕਦ ? ਜਦ ਈਰ ਪੂਰਣ ਪ੍ਰਸੰਨ ਹੋ ਜਾਏ, ਪ੍ਰੇਮਾ ਭਗਤੀ ਜਦ ਇਹਨੂੰ ਪ੍ਰਾਪਤ ਹੋ ਜਾਏ ਤਾਂ ਇਹਦਾ ਮਨ ਪ੍ਰੇਮ ਨਾਲ

ਜੁੜ ਜਾਂਦੈ, ਪਰਮੇਰ ਨਾਲ। ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹਨੂੰ ਲਿਵ ਕਹਿੰਦੇ ਨੇ, ਉੱਧਰ ਬ੍ਰਹਮਾਕਾਰ ਬਿਰਤੀ ਕਹਿੰਦੇ ਨੇ, ਕੋਈ ਅਖੰਡਾਕਾਰ। ਇਹ ਆਪੋ ਆਪਣੇ ਮੱਤ ਨੇ, ਵਸਤੂ ਇੱਕ ਹੀ ਹੈ। ਇਸ ਕਰਕੇ ਇਹਦਾ ਆਪਾ ਚੇਤਨ ਹੈ, ਵਿਆਪਕ ਹੈ, ਸਤਿ ਹੈ, ਗਿਆਨ ਹੈ, ਆਨੰਦ ਹੈ, ਪਰੀਪੂਰਣ ਹੈ। ਉਹ ਭਾਈ ਇਹਦੇ, ਪਰਮੇਰ ਦੀ ਕਿਰਪਾ ਤੇ ਦੁੱਖ ਨਾ ਹੋ ਗਏ, ਸੁੱਖ ਪ੍ਰਾਪਤ ਹੋ ਗਿਆ, ਆਤਮ ਸੁੱਖ ਪ੍ਰਾਪਤ ਹੋ ਗਿਆ। ਇਹ ਪਰਮੇਰ ਔਰ ਗੁਰੂ ਦੀ ਕਿਰਪਾ ਹੈ।

**ਪੂਰਾ ਸਤਿਗੁਰੁ ਧਿਆਇਆ॥**

ਪੂਰਨ ਗੁਰੂ ਰਾਮਦਾਸ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸੁਰ॥*** (ਪੰਨਾ ੨੭੩)

ਇਸ ਕਰਕੇ ਪੂਰਨ ਬ੍ਰਹਮ ਗਿਆਨੀ ਗੁਰੂ ਰਾਮਦਾਸ ਸਤਿਗੁਰੂ ਦਾ ਜੋ ਨਾਮ ਸੀ, ਉਹ ਮੈਂ ਜਪਿਆ, ਜੋ ਧਿਆਨ ਦੱਸਿਆ ਉਹ ਧਿਆਇਆ। ਮੈਂ ਪੂਰੇ ਗੁਰੂ ਦੀ ਰਣ ਪਿਆ ਤੇ ਮੈਨੂੰ ਇਹ ਫਲ ਹੋਇਆ।

**ਪ੍ਰਭ ਜੀਉ ਤੂੰ ਮੇਰੋ ਸਾਹਿਬੁ ਦਾਤਾ॥**

ਹੁਣ ਮੈਨੂੰ ਇਹ ਪਤਾ ਲੱਗ ਗਿਆ ਕਿ ਹੇ ਪਰਮੇਰ! ਤੂੰ ਮੇਰਾ ਮਾਲਿਕ ਹੈਂ, ਤੂੰ ਹੀ ਮੇਰਾ ਦਾਤਾ ਹੈਂ।

***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ॥*** (ਪੰਨਾ ੨)

ਜਿਹੜਾ ਸਾਰਿਆਂ ਦਾ ਦਾਤਾ ਪਰਮੇਰ ਹੈ, ਉਹਨੂੰ ਕਦੇ ਭੁੱਲਣਾ ਨਹੀਂ। ਜਦ ਇਹ ਭੁੱਲ ਗਿਆ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਬੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*** (ਪੰਨਾ ੧੩੫)

ਇਸ ਕਰਕੇ ਉਸ ਪਰਮੇਰ ਨੂੰ ਭੁੱਲਣਾ ਨਹੀਂ। ਉਹੀ ਸਾਹਿਬ ਹੈ,

ਉਹੀ ਮਾਲਿਕ ਹੈ, ਉਹੀ ਦਾਤਾ ਹੈ, ਉਹੀ ਰਖਕ ਹੈ, ਉਹੀ ਅੰਤਰਜਾਮੀ ਹੈ।

*ਰਾਖਾ ਏਕੁ ਹਮਾਰਾ ਸੁਆਮੀ ॥*
*ਸਗਲ ਘਟਾ ਕਾ ਅੰਤਰਜਾਮੀ॥* (ਪੰਨਾ ੧੧੩੬)

**ਕਰਿ ਕਿਰਪਾ ਪ੍ਰਭ ਦੀਨ ਦਇਆਲਾ**

ਹੇ ਦੀਨਾਂ ਤੇ ਦਇਆ ਕਰਨ ਵਾਲੇ, ਹੇ ਪ੍ਰਭੂ ! ਪ੍ਰੇਰਕ, ਪਰਮੇਰ ਮੇ ਰੇ ਤੇ ਕਿਰਪਾ ਕਰ। ਗੁਰੂ ਅਰਜਨ ਦੇਵ ਜੀ ਨੇ ਇਕ ਜਗ੍ਹਾ ਸੁਖਮਨੀ ਸਾਹਿਬ ਵਿੱਚ ਲਿਖਿਆ ਹੈ ਕਿ ਸੰਤ ਦੇ ਸੰਗ ਮਿਲਣੇ ਕਰਕੇ ਪਰਮੇਰ ਦੀ ਪ੍ਰਾਪਤੀ ਹੁੰਦੀ ਹੈ। ਪਰਮੇਰ ਕਦ ਮਿਲਦਾ ਹੈ?

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
(ਪੰਨਾ ੨੯੩)

ਉਹ ਮੇਰੇ ਮਨ ਦੇ ਵਿੱਚ ਗਿਆਨ ਦਾ ਪ੍ਰਕਾ ਹੋ ਗਿਆ, ਉਹ ਗਿਆਨ ਮੈਨੂੰ ਪ੍ਰਾਪਤ ਹੋ ਗਿਆ।

*ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ॥* (ਪੰਨਾ ੨੯੩)

ਮੈਂ ਉਸ ਸੰਤ ਦੇ ਸੰਗ ਕਰਕੇ ਗੁਰੂ ਰਾਮਦਾਸ ਦੇ, ਆਪਣੇ ਅੰਦਰ ਰੱਬ ਦੇਖਿਆ। ਹੁਣ ਮੈਨੂੰ ਉਹ ਕਦੇ ਭੁੱਲਦਾ ਨਹੀਂ। ਐਨਾ ਪਿਆਰਾ ਲੱਗਿਆ ਕਿ ਹੁਣ ਨਹੀਂ ਮੈਨੂੰ ਕਦੇ ਭੁੱਲਦਾ। ਇਸ ਕਰਕੇ ਮੈਨੂੰ ਪਰਮੇ ਰ, ਮੇਰੇ ਹਿਰਦੇ ਦੇ ਵਿੱਚ ਪ੍ਰਾਪਤ ਹੋਇਆ, ਪਰ ਗੁਰੂ ਰਾਮਦਾਸ ਜੀ ਦੀ ਕਿਰਪਾ ਤਾਂ ਪਹਿਲੇ ਵੀ ਸੀ, ਪਰ ਗੁਰੂ ਦੀ ਜਦ ਕ੍ਰਿਪਾ ਮੋਹਰ ਲੱਗ ਗਈ ਤਾਂ ਮੈਨੂੰ ਅੰਦਰ ਪ੍ਰਾਪਤ ਹੋ ਗਿਆ। ਹੁਣ ਮੈਨੂੰ ਕਿਤੇ ਭੱਜਣਾ ਨਹੀਂ ਪਿਆ । ਹੁਣ ਤਾਂ –

*ਪੂਜਨ ਚਾਲੀ ਬ੍ਰਹਮ ਠਾਇ॥*
*ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥* (ਪੰਨਾ ੧੧੯੫)

ਹੁਣ ਤਾਂ ਪਤਾ ਲੱਗ ਗਿਆ ਜਿਹੜੀ ਮਨ ਦੇ ਵਿੱਚ ਰੋਨੀ, ਚੇਤਨ– ਜੋਤੀ ਹੈ, ਉਹ ਪਰਮੇਰ ਹੈ। ਉਹ ਵਿਆਪਕ ਹੈ, ਉਹ ਆਪਾ ਹੈ, ਉਹਨੂੰ ਆਤਮਾ ਕਹਿੰਦੇ ਨੇ। ਉਹ ਆਤਮਾ– ਪਰਮਾਤਮਾ ਦਾ ਕਦੇ ਭੇਦ ਨਹੀਂ ਹੁੰਦਾ। ਸੂਫੀਆਂ ਨੇ ਇੱਥੇ ਮੁਕਾ ਦਿੱਤਾ ਸਾਰਾ –

***ਖੁਦ ਨਾੀ ਖੁਦਾ ਨਾੀ॥***

ਐਨੀ ਗੱਲ ਵਿੱਚ ਸੂਫੀਆਂ ਦਾ ਾਸਤਰ ਖਤਮ ਹੋ ਗਿਆ। ਉਹਨਾਂ ਨੇ ਸਾਫ ਇਹ ਗੱਲ ਕਹਿ ਦਿੱਤੀ “ਖੁਦ ਸਨਾੀ ਖੁਦਾ ਨਾੀ”। ਜਦ ਖੁਦ ਨੂੰ ਜਾਣ ਲਿਆ, ਖੁਦ ਹੀ ਖੁਦਾ ਹੈ। ਉਹੀ ਇਕ ਹੈ ਪਰਮੇਰ। ਇਸ ਕਰਕੇ ਬੁੱਧ ਨੇ ਵੀ ਇਹੀ ਕਿਹਾ ਨਿਰਬਾਣ ਪਦ। ਇਹਦਾ ਉਹੀ ਹੈ ਆਪਾ, ਹੋਰ ਕੋਈ ਨਹੀਂ ਹੈ, ਜਿਸ ਤੇ ਸਾਰੇ ਦੁੱਖ ਨਾ ਹੋ ਜਾਂਦੇ ਨੇ। ਪਰਮੇਰ **ਨਿਰਬਾਣ ਪਦ** ਦੀ ਪ੍ਰਾਪਤੀ ਹੋ ਜਾਂਦੀ ਹੈ। ਹੋਰ ਉਹਨੇ ਈਰ ਦਾ ਨਾ ਖੰਡਨ ਕੀਤਾ ਨਾ ਮੰਡਨ ਕੀਤਾ, ਕੋਈ ਗੱਲ ਨਹੀਂ ਕਰੀ। **ਨਿਰਬਾਣ ਪਦ** ਦੀ ਉਹਨੂੰ ਪ੍ਰਾਪਤੀ ਹੋਈ, ਛੇ ਸਾਲ ਉਹਨੇ ਸਾਧਨ ਕੀਤਾ ਬੁੱਧ ਨੇ। ਉਹ ਹਿੰਦੁਸਤਾਨ ਦਾ ਇਕ ਬੜਾ ਭਾਰੀ ਮਹਾਂਪੁਰ ਹੋਇਐ। ਗੁਰੂ ਨਾਨਕ ਦੇ ਬਰਾਬਰ ਦੀ ਬਾਤ ਤਾਂ ਉਹਦੀ ਹੋ ਨਹੀਂ ਸਕਦੀ । ਇਹ ਤਾਂ –

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*** (ਪੰਨਾ ੧੧੦੮)

ਇਹ ਤਾਂ ਇਕ ਜਗਦਾ ਗੈਸ ਆਇਆ, ਤੇ ਉਹਨੇ ਤਾਂ ਜਗਾਇਐ ਬੁੱਧ ਨੇ। ਬੁੱਧ ਨੇ ਇਤਨਾ ਸਾਧਨ ਕੀਤਾ ਛੇ ਸਾਲ, ਜੋ ਵੀ ਗੁਰੂ ਨੇ ਦੱਸਿਆ। ਬਈ ਤਿੰਨ ਮਹੀਨੇ ਤਾਂ ਇਕ ਚੌਲ ਹੀ ਖਾਣਾ ਹੈ, ਉਹਨੇ ਉਹੀ ਖਾਧਾ। ਫਿਰ ਦੱਸਿਆ ਬਈ ਹੋਰ ਕਿਸੇ ਕੋਲ ਚਲਿਆ ਜਾ, ਮੇਰੀ ਤਾਂ ਇੱਥੇ ਤੱਕ ਗੰਮਤਾ ਸੀ। ਜਦ ਸਾਰੇ ਖਤਮ ਹੋ ਗਏ ਵਿ, ਸਰੀਰ ਬੜਾ ਹੀ ਕਮੋਰ ਹੋ ਗਿਆ, ਨਿਰੰਜਨਾ ਨਦੀ ਬੁੱਧ ਗਿਆ, ਐਵੇਂ ਛੋਟੀ ਜਿਹੀ ਹੈ। ਉਹਦੇ ਵਿੱਚ ਜਦ ਥੋੜੇ ਜਿਹੇ ਪਾਣੀ ਚੋਂ ਲੰਘਣ ਲੱਗਿਆ, ਉਹਤੋਂ ਹਿੱਲਿਆ ਨਹੀਂ ਗਿਆ। ਉਹਨੇ ਪਿੱਪਲ

ਦੀ ਫੜੀ ਟਾਹਣੀ ਜਿਹੀ ਤੇ ਉਹਦੀਆਂ ਜੜ੍ਹਾਂ ਵਿੱਚ ਬਹਿ ਗਿਆ। ਉਹ ਨਿਰਾ ਹੋ ਗਿਆ, ਕਹਿੰਦਾ ਕੁੱਛ ਨਹੀਂ। ਕਹਿੰਦਾ ਦੁਨੀਆਂ ਦੇ ਵਿੱਚ ਕੁੱਛ ਨਹੀਂ। ਜਦ ਉਹਨੇ ਸੰਸਾਰ ਸਾਰਾ ਅੰਦਰੋਂ ਕੱਢ ਦਿੱਤਾ ਤਾਂ ਆਪਣੇ ਆਪ ਹੀ ਉਹਨੂੰ **ਨਿਰਬਾਣ ਪਦ** ਪਰਮੇਰ ਪ੍ਰਾਪਤ ਹੋ ਗਿਆ। ਉਸ ਨੇ ਆਖਿਆ ਹੁਣ ਕੀ ਕਰੀਏ ? ਮੇਰੇ ਜਿਹੜੇ ਚਾਰ ਪੰਜ ਸੇਵਕ ਸੀ, ਉਹ ਪੰਜੇ ਛੱਡ ਕੇ ਚਲੇ ਗਏ। ਕਿਉਂ ? ਉਹ ਖੀਰ ਲਿਆਕੇ ਥਾਲੀ, ਇਕ ਮਾਈ ਨੇ ਰੱਖ ਦਿੱਤੀ। ਉਹੂ ਦਰਣੀ ਹੋਣੀ ਐਂ, ਉਹਨਾਂ ਨੇ ਆਖਿਆ ਗੌਤਮੂ ਦਰਣੀ ਦੀ ਖੀਰ ਖਾ ਗਿਆ, ਭ੍ਰਟ ਹੋ ਗਿਆ। ਇਹਨੂੰ ਗੁਰੂ ਨਹੀਂ ਮੰਨਣਾ, ਉਹ ਛੱਡ ਕੇ ਚਲੇ ਗਏ। ਉਹਨੇ ਆਖਿਆ ਹੁਣ ਮੈਨੂੰ ਪ੍ਰਾਪਤ ਹੋਇਐ ਤੇ ਉਹ ਮੇਰੇ ਚੇਲੇ ਚਲੇ ਗਏ ਸੇਵਾ ਕਰਦੇ, ਉਹਨਾਂ ਨੂੰ ਪਤਾ ਨਹੀਂ ਸੀ। ਪਹਿਲੇ ਮੈਨੂੰ ਪ੍ਰਾਪਤ ਵੀ ਕੁੱਛ ਨਹੀਂ ਸੀ, ਇਸ ਕਰਕੇ ਜਦ ਪ੍ਰਾਪਤ ਹੋਇਆ, ਹੁਣ ਕੀ ਕਰੀਏ ? ਫਿਰ ਉਹਨਾਂ ਚੇਲਿਆਂ ਕੋਲ ਨੂੰ ਉੱਠ ਕੇ ਤੁਰਿਆ। ਜਦ ਉਹ ਚੇਲਿਆਂ ਨੇ ਦੇਖਿਆ ਕਹਿੰਦੇ ਉਹ ਆਉਂਦੈ ਗੌਤਮ। ਪਰ ਹੁਣ ਆਪਾਂ ਨਾ ਇਹਦੇ ਪੈਰਾਂ ਨੂੰ ਮੱਥਾ ਟੇਕਣੈ ਨਾ ਇਹ ਨੂੰ ਮੰਨਣੈ। ਜਦ ਉਹ ਪਾਸ ਗਿਆ, ਜਬਰਦਸਤੀ ਉਹਨਾਂ ਦੇ ਮੱਥੇ ਝੁਕ ਗਏ। ਉਹਨੇ ਆਖਿਆ ਤੁਸੀਂ ਤਾਂ ਆਹ ਸਲਾਹ ਕਰਦੇ ਸੀ, ਸਰਬੱਗਤਾ ਆ ਗਈ, ਉਹਦੇ ਵਿੱਚ। ਤੁਸੀਂ ਤਾਂ ਐਂ ਗੱਲਾਂ ਕਰਦੇ ਸੇ, ਉਹ ਕਹਿੰਦੇ ਸਾਡਾ ਪੱਕਾ ਇਰਾਦਾ ਸੀ, ਪਰ ਕੋਈ ਕਤੀ ਹੈ ਜਿਹਨੇ ਫੜਕੇ ਤੇਰੇ ਚਰਨਾਂ ਤੇ ਸਾਨੂੰ ਪਾ ਦਿੱਤਾ। ਫਿਰ ਉਹਨੇ ਆਖਿਆ ਓਏ **ਨਿਰਬਾਣ ਪਦ** ਦੀ ਮੈਨੂੰ ਪ੍ਰਾਪਤੀ ਹੋ ਗਈ ਹੈ। ਆਹ ਪਦ ਹੈ, ਐਂ ਪ੍ਰਾਪਤ ਹੁੰਦਾ ਹੈ, ਉਹ ਥੋੜਾ ਆਪਾ ਹੈ, ਉਹ ਆਤਮਾ ਹੈ। ਇਸ ਕਰਕੇ ਫਿਰ ਉਹਨਾਂ ਨੂੰ ਵੀ ਗਿਆਨ ਹੋ ਗਿਆ, ਫਿਰ ਉਹਦਾ ਪ੍ਰਚਾਰ ਕਰਨ ਲੱਗ ਗਏ। ਇਕ ਵਾਰੀ ਸਾਰਾ ਏਿਆ ਬੋਧੀ ਹੋ ਗਿਆ ਸੀ। ਦੂਸਰੀ ਵਾਰ ਬ੍ਰਾਹਮਣ ਵਿਦਿਆ ਨੇ ਪਛਾੜ ਕੇ ਠੱਲ੍ਹ ਪਾਈ ਹੈ। ਇਸ ਕਰਕੇ ਬੋਧੀ ਉਹ ਬੁੱਧ ਬੜਾ ਉੱਚਾ ਹੋਇਆ ਹੈ। ਇਸ ਕਰਕੇ ਉਹਨੇ ਆਖਿਆ ਓਏ **ਨਿਰਬਾਣ ਪਦ** ਤੈਨੂੰ ਉਦੋਂ ਪ੍ਰਾਪਤ ਹੋਏਗਾ ਜਦ ਤੇਰਾ ਮਨ ਸੰਸਾਰ ਤੋਂ ਖਾਲੀ ਹੋਏਗਾ। ਜਬ ਤੱਕ

ਤੇਰੇ ਮਨ ਦੇ ਵਿੱਚ ਸੰਸਾਰ ਹੈ, ਉਹਦੀਆਂ ਕਾਮਨਾ ਨੇ, ਵਾਨਾ ਨੇ, ਤਬ ਤੱਕ ਉਹ ਪਦ ਨਹੀਂ ਪ੍ਰਾਪਤ ਹੁੰਦਾ। ਇਸ ਕਰਕੇ ਭਾਈ ਉਹ ਪਰਮੇਰ ਹੈ, ਜਿਹੜਾ ਬਿਰਤੀ ਦਾ ਸਾਖੀ, ਦ੍ਰਟਾ, ਦੇਖਣੇ ਵਾਲਾ, ਚੇਤਨ, ਉਹੀ ਬ੍ਰਹਮ ਤੇ ਉਹੀ ਈਰ ਹੈ। ਗੁਰੂ ਸਾਹਿਬ ਨੇ ਲਿਖਿਐ –

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰ॥***

(ਪੰਨਾ ੧੪੨੭)

ਜਿਹੜਾ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਵਸਦੈ, ਉਹ ਤੇਰੇ ਹਿਰਦੇ ਵਿੱਚ ਵੀ ਹੈ । ਜਿਸ ਦਿਨ ਤੈਨੂੰ ਉਹ ਪ੍ਰਾਪਤ ਹੋ ਗਿਆ ਤੇਰੀ ਮੋਕ ਹੋ ਜਾਏਗੀ, ਸੰਸਾਰ ਤੋਂ ਪਾਰ ਹੋ ਜਾਏਂਗਾ । ਕ੍ਰਿਨ ਜੀ ਨੇ ਵੀ ਇਹੀ ਲਿਖਿਆ ਜਾਕੇ ਅਠਾਰਵੇਂ ਵਿੱਚ –

***ਈਵਰਃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ।***

(ਗੀਤਾ ੧੮/੬੧)

***ਭ੍ਰਾਮਯਨ ਸਰਵ ਭੂਤਾਨਿ ਯੰਤ੍ਰਾਰੂਢਾਨਿ ਮਾਯਯਾ।***

ਉਹ ਕਹਿੰਦਾ ਉਏ ਸਾਰਿਆਂ ਦੇ ਹਿਰਦਿਆਂ ਵਿੱਚ ਈਰ ਬੈਠਾ ਹੈ, ਤੇ ਤੇਰੇ ਹਿਰਦੇ ਵਿੱਚ ਵੀ ਅਰਜਨ ! ਈਰ ਬੈਠਾ ਹੈ, ਪਰ ਤੈਨੂੰ ਅਪਣੇ ਆਪ ਦੀ ਸੁਰਤ ਨਹੀਂ ਆਈ ਤੇ ਬਾਹਜ ਹੈ ਤੇਰੀ ਬਿਰਤੀ। ਤੂੰ ਉਸ ਜਿਹੜੀ ਅੰਦਰ ਜੋਤ ਹੈ ਉਹਦੇ ਆਕਾਰ ਬਿਰਤੀ ਕਰ, ਤੇਰਾ ਆਪਾ ਉਹੀ ਹੈ, ਤੂੰ ਵੀ ਤਰ ਜਾਏਂਗਾ। ਈਰ ਤੇਰੇ ਤੇ ਅਲਹਿਦਾ ਨਹੀਂ। ਤੇ ਤੁਲਸੀ ਦਾਸ ਨੇ ਵੀ ਰਾਮਾਇਣ ਚ ਇਹੀ ਬਾਤ ਲਿਖੀ ਹੈ–

***ਈਰ ਅੰ ਜੀਵ ਅਬਿਨਾਸੀ।***
***ਚੇਤਨ ਅਸਲ ਸਹਿਜ ਸੁਖ ਰਾਸੀ।***
***ਸੋ ਮਾਇਆ ਵਸ ਭਇਓ ਗੁਸਾਈਂ।***
***ਬੰਧਿਓ ਜੀਵ ਮਰਕਟ ਕੀ ਨਿਆਈਂ।*** (ਰਾਮਾਇਣ)

ਕਹਿੰਦਾ ਉਏ ਇਹ ੁੱਧ ਹੈ, ਵਿਆਪਕ ਹੈ, ੍ਟ ਹੈ, ਪਰੀਪੂਰਣ ਹੈ । ਪਰ ਮਾਇਆ ਦੇ ਮੋਹ ਨੇ ਇਹਨੂੰ ਦੋ ਗੱਲਾਂ ਭੁਲਾ ਦਿੱਤੀਆਂ ਜੈਸੇ ਬੰਦਰ ਲੋਭ ਵਿੱਚ ਚਣਿਆਂ ਦੇ ਵਿੱਚ ਹੱਥ ਪਾਕੇ ਮੁੱਠੀ ਛੱਡਦਾ

ਨਹੀਂ, ਫੜਿਆ ਜਾਂਦਾ ਹੈ ਤੇ ਜੈਸੇ ਪਿੰਜਰੇ ਦੇ ਵਿੱਚ ਤੋਤਾ ਬੰਦ ਹੋ ਜਾਂਦਾ ਹੈ, ਚੋਗੇ ਦੇ ਲਾਲਚ ਵਿੱਚ। ਇਸ ਕਰਕੇ ਤੂੰ ਦੁਨੀਆਂ ਦਾ ਲੋਭ, ਮੋਹ, ਹੰਕਾਰ ਆਦਿ ਤਿਆਗ ਦੇ । ਈਰ ਤੇਰੇ ਤੇ ਅਲਹਿਦਾ ਕਿਤੇ ਨਹੀਂ ਹੈ । ਤੂੰ ਈਰ ਅੰ ਹੈਂ ਤੇ ਜੀਵ ਨਹੀਂ ਹੈਂ। ਤੂੰ ਅਸਲ ਹੈਂ, ਸਹਿਜ ਸੁਖ ਰਾਸੀ, ਤੂੰ ਗਿਆਨ ਦੀ ਰਾੀ ਹੈਂ, ਤੂੰ ਗਿਆਨ ਦਾ ਸਮੂਹ ਹੈਂ। ਤੈਨੂੰ ਭਰਮ ਤੇ ਜੀਵ- ਪੁਣਾ ਪ੍ਰਾਪਤ ਹੋਇਆ, ਇਸ ਕਰਕੇ ਭਾਈ ਈਰ ਸਾਰੇ ਵਿਆਪਕ ਹੈ । ਉਹਨੂੰ ਬ੍ਰਹਮ ਕਹਿ ਲਉ, ਈਰ ਕਹਿ ਲਉ, ਵਿਆਪਕ ਕਹਿ ਲਉ, ਸੱਤ ਚਿੱਤ ਅਨੰਦ ਕਹਿ ਲਉ, ਉਹ ਇਹਦਾ ਆਪਾ ਹੈ, ਉਹਨੂੰ ਆਤਮਾ ਵੀ ਕਹਿੰਦੇ ਨੇ, ਪਰਮੇਰ ਵੀ ਕਹਿੰਦੇ ਨੇ । ਚੱਲ-

**ਗੁਣ ਗਾਵਉ ਰੰਗਿ ਰਾਤਾ॥**

ਪ੍ਰੇਮ ਦੇ ਨਾਲ ਉਹਦੇ ਗੁਣ ਗਾਵੋ। ਪਹਿਲਾਂ ਪ੍ਰੇਮ ਦੇ ਨਾਲ ਮਨ ਨੂੰ ਰੱਤ ਲਉ। ਪ੍ਰੇਮ ਦੇ ਨਾਲ, ਪ੍ਰੇਮ ਦੇ ਵਿੱਚ ਜਦ ਮਨ ਹੋ ਜਾਏਗਾ ਤਾਂ ਫਿਰ ਉਹਦੇ ਗੁਣ ਗਾਉ, ਤੁਹਾਨੂੰ ਪਰਮੇਰ ਪ੍ਰਾਪਤ ਹੋ ਜਾਏਗਾ।

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਯੋ॥***(ਅਕਾਲ ਉਸਤਤਿ)

ਦਸਮ ਪਾਤਾਹ ਕਹਿੰਦੇ ਜਿਸ ਨੇ ਵੀ ਪ੍ਰੇਮ ਕੀਤਾ ਭਾਈ, ਉਹਨੇ ਪਰਮੇਰ ਨੂੰ ਪਾਇਆ। ਹੋਰ ਇਹਦੇ ਵਿੱਚ ਕੋਈ ਸਾਧਨ ਨਹੀਂ।

***ਸਾਚੁ ਕਹੌਂ ਸੁਨ ਲੇਹੁ ਸਭੈ***

ਜਦ ਸਾਰਿਆਂ ਨੇ ਬੇਨਤੀ ਕੀਤੀ ਕਹਿੰਦੇ ਸਾਰੇ ਸੁਣ ਲਉ ਮੈ ਸੱਚ ਕਹਿੰਨਾ -

***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਯੋ॥***

ਜਿਸ ਨੇ ਵੀ ਪ੍ਰੇਮ ਕੀਤਾ, ਪ੍ਰਭੂ ਨੂੰ ਉਹੀ ਪਾਉਂਦਾ ਹੈ। ਇਸ ਕਰਕੇ ਭਾਈ ਪਰਮੇਰ ਦੇ ਜਦ ਗੁਣ ਗਾਉ, ਭਜਨ ਕਰੋ, ਪੂਰਣ ਪ੍ਰੇਮ ਨਾਲ ਗਾਉ। ਥੋੜਾ ਮਨ ਕਿਸੇ ਪਾਸੇ ਹੋਰ ਨਾ ਜਾਏ, ਮਨ ਦਾ ਲਗਾਵ ਹੋਰ

ਦੁਨੀਆਂ ਚ ਨਾ ਹੋਵੇ, ਇਕ ਥੋੜੀ ਬਿਰਤੀ ਪ੍ਰੇਮ ਰੰਗ ਨਾਲ ਭਰਕੇ, ਪ੍ਰੇਮ ਦੁਆਰਾ ਪਰਮੇਰ ਨਾਲ ਜੁੜ ਜਾਵੇ ਤਾਂ ਤੁਹਾਨੂੰ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਏਗੀ।

**ਰਹਾਉ ।।**

ਰਹਾਉ ਰਾਗੀਆਂ ਵਾਸਤੇ ਹੁੰਦੈ।

**ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ**

ਸਤਿਗੁਰੂ ਰਾਮਦਾਸ ਨੇ ਮੈਨੂੰ ਨਾਮ ਦ੍ਰਿੜ ਕਰਾ ਦੀਆ, ਯਾਦ ਕਰਾ ਦੀਆ। **ਨਾਮ** ਨਾਉਂ ਹੈ ਪਰਮੇਰ ਦਾ, ਵਿਆਪਕ ਦਾ, ਚੇਤਨ ਦਾ।

***ਨਾਮ ਕੇ ਧਾਰੇ ਖੰਡ ਬ੍ਰਹਮੰਡ।।*** (ਪੰਨਾ ੨੮੪)

ਜਿਹੜਾ ਸਾਰੀ ਦੁਨੀਆਂ ਦਾ ਮਾਲਿਕ ਹੈ। ਕਬੀਰ ਨੂੰ ਇਹੰ ਕਾ ਕੀਤੀ ਬ੍ਰਾਹਮਣਾਂ ਨੇ ਬਈ ਤੂੰ ਓਮ ਕਿਉਂ ਕਹਿੰਦਾ ਹੈਂ ? ਤੂੰ ਜੁਲਾਹਾ ਹੈਂ ਇਹ ਤਾਂ ਬ੍ਰਾਹਮਣਾਂ ਦਾ ਅਧਿਕਾਰ ਹੈ। ਤੇਰਾ ਓਮ ਦਾ ਕੀ ਅਧਿਕਾਰ ਹੈ? ਉਹਨੇ ਆਖਿਆ ਮੈਂ ਓਮ ਤੁਹਾਡੇ ਵਾਲਾ ਨਹੀਂ ਕਹਿੰਦਾ, ਜਿਹੜਾ ਤੁਸੀਂ ਲਿਖਕੇ ਓਮ ਮੇਟ ਦਿੰਦੇ ਹੋ, ਉਹਨੂੰ ਨਹੀਂ ਮੈਂ ਕਹਿੰਦਾ।

***ਓਅੰਕਾਰ ਆਦਿ ਮੈ ਜਾਨਾ।।***
***ਲਿਖਿ ਅਰੁ ਮੇਟੈ ਤਾਹਿ ਨ ਮਾਨਾ।।***
***ਓਅੰਕਾਰ ਲਖੈ ਜਉ ਕੋਈ।।***
***ਸੋਈ ਲਖਿ ਮੇਟਣਾ ਨ ਹੋਈ।।*** (ਪੰਨਾ ੩੪ )

ਮੈਂ ਤਾਂ ਉਸ ਓਅੰਕਾਰ ਨੂੰ ਮੰਨਦਾਂ ਜਿਹੜਾ ਸਾਰੀ ਦੁਨੀਆਂ ਦਾ ਆਦਿ ਹੈ- ਉਤਪਤੀ ਕਰਤਾ, ਪਾਲਣਾ ਕਰਤਾ, ਲੈਅ ਕਰਤਾ, ਰਖਾ ਕਰਤਾ। ਮੈਂ ਉਸ ਓਮ ਦਾ ਪੁਜਾਰੀ ਹਾਂ। ਜਿਹੜਾ ਤੁਸੀਂ ਓਮ ਲਿਖ ਕੇ ਮਿਟਾ ਦਿੰਦੇ ਹੋਂ, ਇਹਨੂੰ ਮੈ ਨਹੀਂ ਮੰਨਦਾ। ਇਸ ਕਰਕੇ ਨਾਮ ਭਾਈ ਪਰਮੇਰ ਹੈ। ਨਾਮ, ਨਾਮੀ ਦਾ ਅਭੇਦ ਹੈ। ਉਹ ਮੈਨੂੰ ਨਾਮ, ਗੁਰੂ ਅਰਜਨ ਦੇਵ ਜੀ ਕਹਿੰਦੇ, ਗੁਰੂ ਰਾਮਦਾਸ ਜੀ ਨੇ ਦ੍ਰਿੜ ਕਰਾ ਦਿੱਤਾ। ਦ੍ਰਿੜ ਕੀ ਕਰਾ ਦੀਆ, ਯਾਦ ਕਰਾ ਦਿੱਤਾ। ਪਹਿਲੇ ਜੇ ਥੋੜਾ

ਆਪਾ ਨਾ ਹੋਵੇ ਤਾਂ ਤੁਸੀਂ ਬੁੱਧੀ ਕਾਹਦੇ ਨਾਲ ਦੇਖੋਂ ? ਬੁੱਧੀ ਤਾਂ ਜੜ੍ਹ ਹੈ। ਬੁੱਧੀ ਨੂੰ ਤੁਸੀਂ ਕਹਿੰਦੇ ਹੋ ਕਿ ਅੱਜ ਮੇਰੀ ਬੁੱਧੀ ਭਾਈ ਕੁੱਛ ਭ੍ਰਟ ਜਿਹੀ ਹੋ ਗਈ, ਮੈਂ ਭੁੱਲ ਗਿਆ, ਅੱਜ ਮੇਰਾ ਮਨ ਵੀ ਕੁੱਛ ਠੀਕ ਨਹੀਂ ਹੈ। ਉਹ ਜਿਹੜਾ ਠੀਕ, ਬੇ-ਠੀਕ ਨੂੰ ਜਾਣਨੇ ਵਾਲਾ ਚੇਤਨ ਆਤਮਾ ਹੈ, ਇਹਦਾ ਆਪਾ ਹੈ । ਉਹ ਪਰਮੇਰ ਹੈ, ਉਹ ਮੈਨੂੰ ਦ੍ਰਿੜ ਕਰਾ ਦੀਆ, ਉਹ ਮੈਨੂੰ ਨਾਮ ਦ੍ਰਿੜ ਕਰਾ ਦੀਆ, ਉਸੇ ਦਾ ਨਾਮ ਜਪਣਾ। ਉਸੇ ਦਾ ਨਾਮ ਏਕੰਕਾਰ ਹੈ, ਉਸੇ ਦਾ ਨਾਮ ਸਤਿਨਾਮ ਹੈ। ਗੁਰੂ ਸਾਹਿਬ ਨੇ ਲਿਖਿਐ -

***ਏਕਮ ਏਕੰਕਾਰੁ ਨਿਰਾਲਾ॥***
***ਅਮਰੁ ਅਜੋਨੀ ਜਾਤਿ ਨ ਜਾਲਾ॥***
***ਅਗਮ ਅਗੋਚਰੁ ਰੂਪੁ ਨ ਰੇਖਿਆ॥***
***ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਕਹਿੰਦੇ, ਹੈ ਕਿੱਥੇ ? ਕਹਿੰਦੇ **"ਖੋਜਤ ਖੋਜਤ ਘਟਿ ਘਟਿ ਦੇਖਿਆ** ਕਹਿੰਦੇ ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਓਅੰਕਾਰ ਬੈਠਾ ਹੈ । ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ -

***ਏਕਾ ਏਕੰਕਾਰੁ ਲਿਖਿ ਦੇਖਾਲਿਆ।***
***ਊੜਾ ਓਅੰਕਾਰੁ ਪਾਸਿ ਬਹਾਲਿਆ।*** (ਭਾਈ ਗੁਰਦਾਸ ੩/੧੫)

ਪਹਿਲਾਂ ਏਕਾ ਲਿਖਿਆ ਬਈ ਪਰਮੇਰ ਇੱਕ ਹੈ । ਜਨਮ ਮਰਣ ਸੇ ਰਹਿਤ ਹੈ, ੱਧ ਹੈ, ਤੇ-

***ਆਦਿ ਸਚੁ ਜਗਾਦਿ ਸਚੁ ॥ ਹੈ ਭੀ ਸਚੁ***
***ਨਾਨਕ ਹੋਸੀ ਭੀ ਸਚੁ॥ ੧॥*** (ਪੰਨਾ ੧)

ਪਿੱਛੋਂ ਓਮ ਲਿਖਿਆ ਬਈ ਇਹ ਉਹਦਾ ਨਾਮ ਹੈ। ਇਸ ਏਕੇ ਦਾ ਤੁਸੀਂ ਨਾਮ ਜਪਣਾ। ਇਕ ਦੇ ਤੁਸੀਂ ਪੁਜਾਰੀ ਹੋ, ਹੋਰ ਨਾਨਾਂ ਦੇ ਪੁਜਾਰੀ ਨਹੀਂ। ਜਿਹੜਾ ਅਨੇਕਾਂ ਚ ਇਕ ਜਾਣਦੈ ਉਹਨੂੰ ਸੁਮੱਤੀ ਕਹਿਤੇ ਨੇ, ਜਿਹੜਾ ਇਕ ਚ ਅਨੇਕਾਂ ਦੇਖਦੈ ਉਹ ਕੁਮੱਤੀ ਹੈ। ਕੁਮੱਤੀ ਔਰ ਸੁਮੱਤੀ ਦਾ ਐਨਾ ਹੀ ਫਰਕ ਹੈ। ਭਾਈ ਸਾਹਿਬ ਭਾਈ

ਘਨੱਈਏ ਨੇ ਸਾਰਿਆਂ ਚ ਇਕ ਦੇਖਿਆ, ਸਭ ਨੂੰ ਜਲ ਪਿਲਾਇਆ ਤੇ ਤੁਸੀਂ ਦੇਖਦੇ ਹੋ, ਉਹਨੂੰ ਕੀ ਫਲ ਪ੍ਰਾਪਤ ਹੋਇਆ? ਉਹਨੂੰ ਗਿਆਨ ਪ੍ਰਾਪਤ ਹੋਇਆ, ਉਹ ਬਖਸ਼ਿਆ ਗਿਆ। ਗੁਰੂ ਦਸਮ ਪਾਤਾਹ ਨੇ ਬਖ਼ਸ਼ਿ ਕਰਕੇ ਉਹਨੂੰ ਇੱਥੇ ਖੜਾਇਆ। ਉਹਨੂੰ ਆਪਣਾ ਆਪ ਾਖਾਤ ਕਰਾ ਦਿੱਤਾ। ਉਹ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਕਹਿੰਦੇ ਨਾਮ ਮੈਨੂੰ ਦ੍ਰਿੜ ਕਰਾ ਦਿੱਤਾ, ਾਖਾਤ ਕਰਾ ਦਿੱਤਾ, ਨਾਮ ਨਾਮੀ ਦਾ ਅਭੇਦ ਹੈ ।

**ਚਿੰਤਾ ਸਗਲ ਬਿਨਾਸੀ॥**

ਹੁਣ ਸਾਰੀ ਚਿੰਤਾ ਮੁੱਕ ਗਈ, ਕੋਈ ਚਿੰਤਾ ਬਾਕੀ ਨਹੀਂ ਰਹੀ ਹੈ। ਪਰਮੇਰ ਨੂੰ ਕੋਈ ਚਿੰਤਾ ਹੁੰਦੀ ਹੈ ? ਚਿੰਤਾ ਬੁੱਧੀ ਚ ਹੁੰਦੀ ਹੈ। ਇਹ ਸਭ ਕੁੱਝ ਬੁੱਧੀ ਚ ਹੁੰਦਾ ਹੈ।

***ਭਰੀਐ ਮਤਿ ਪਾਪਾ ਕੈ ਸੰਗਿ ॥***

***ਓਹੁ ਧੋਪੈ ਨਾਵੈ ਕੈ ਰੰਗਿ॥*** (ਪੰਨਾ ੪)

ਮੈਲ ਬੁੱਧੀ ਤੱਕ ਹੀ ਜਾਂਦੀ ਹੈ। ਉਹ ਤਾਂ ੁੱਧ ਹੈ, ਚੇਤਨ ਤਾਂ ਪ੍ਰਕਾਕ ਹੈ, ਉਥੇ ਤਾਂ ਮੈਲ ਹੈ ਨਹੀਂ, ਉੱਥੇ ਤਾਂ ਚਿੰਤਾ ਵੀ ਨਾ ਹੋ ਗਈ, ਸਭ ਪਾਪ ਵੀ ਨਾ ਹੋ ਗਏ।

**ਕਰਿ ਕਿਰਪਾ ਅਪੁਨੋ ਕਰਿ ਲੀਨਾ**

ਪਰਮੇਰ ਨੇ ਕ੍ਰਿਪਾ ਕਰਕੇ ਗੁਰੂ ਅਰਜਨ ਦੇਵ ਜੀ ਕਹਿੰਦੇ ਮੈਨੂੰ ਆਪਣਾ ਬਣਾ ਲਿਆ। ਹੁਣ ਮੇਰਾ ਮਾਲਿਕ ਪਰਮੇਰ ਹੋ ਗਿਆ। ਹੁਣ ਮੈਨੂੰ ਇਹ ਪੱਕਾ ਯਕੀਨ ਹੋ ਗਿਆ।

***ਰਾਖਾ ਏਕੁ ਹਮਾਰਾ ਸੁਆਮੀ॥***

***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਉਹ ਜਿਹੜਾ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਅੰਤਰਜਾਮੀ ਬੈਠਾ ਹੈ ਉਹ ਮੇਰਾ ਮਾਲਿਕ ਹੈ। ਉਹ ਮੇਰੇ ਹਿਰਦੇ ਵਿੱਚ ਵੀ ਬੈਠੈ, ਉਹ ਸਭ ਦੇ ਹਿਰਦੇ ਵਿੱਚ ਬੈਠੈ। ਉਹ ਵਿਆਪਕ, ਪਰੀਪੂਰਣ, ਚਿੱਤ, ਚੇਤਨ ਹੈ।

**ਮਨਿ ਵਸਿਆ ਅਬਿਨਾਸੀ॥**

ਹੁਣ ਨਾ ਤੇ ਰਹਿਤ ਜੋ ਅਬਿਨਾਸੀ ਪਦ ਸੀ, ਚੇਤਨ, ਨਾ ਤੇ ਰਹਿਤ, ਉਹ ਮੇਰੇ ਮਨ ਦੇ ਵਿੱਚ ਪ੍ਰਗਟ ਹੋ ਗਿਆ, ਯਖਾਤ ਹੋ ਗਿਆ, ਅਬਿਨਾਸੀ ਪਦ ਦੀ ਮੈਨੂੰ ਪ੍ਰਾਪਤੀ ਹੋ ਗਈ। ਅਬਿਨਾਸੀ ਪਦ ਦੀ ਪ੍ਰਾਪਤੀ ਹੀ ਮੋਕ ਹੈ, ਆਪ ਨੂੰ ਅਬਿਨਾਸੀ ਪੱਕਾ ਯਖਾਤ ਹੋ ਜਾਣਾ, ਇਹਦੀ ਮੋਕ ਹੋ ਗਈ। ਜਦ ਤੱਕ ਇਹ ਮਨ ਬੁੱਧੀ ਹੋਰ ਕਿਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿੱਚ ਹੈ, ਬਦ, ਸਪਰ, ਰੂਪ, ਗੰਧ, ਰਸ ਵਿੱਚ ਹੈ, ਤਬ ਤੱਕ ਇਹ ਪਰਮੇਰ ਦੇ ਪਾਸ ਨਹੀਂ ਪਹੁੰਚਿਆ । ਇਹ ਆਪਣੀ ਪ੍ਰੀਖਿਆ ਆਪ ਹੀ ਕਰੇ, ਹੋਰ ਕਿਸੇ ਤੋਂ ਨਾ ਕਰਾਏ । ਇਹਨੂੰ ਆਪ ਹੀ ਪਤਾ ਲੱਗ ਜੂ।

**ਤਾ ਕਉ ਬਿਘਨੁ ਨ ਕੋਊ ਲਾਗੈ**

ਹੁਣ ਕੋਈ ਬਿਘਨ, ਕੋਈ ਪਾਪ ਨਹੀਂ ਲਗੇਗਾ ਉਸ ਬ੍ਰਹਮਗਿਆਨੀ, ਮਹਾਂਪੁਰ ਕੋ।

**ਜੋ ਸਤਿਗੁਰਿ ਅਪੁਨੈ ਰਾਖੇ॥**

ਜੋ ਸਤਿਗੁਰ ਨੇ ਆਪਣੇ ਬਣਾ ਲਏ, ਉਹਨਾਂ ਨੂੰ ਜਨਮ ਮਰਨ ਤੇ ਰੱਖ ਲਿਆ, ਪਾਪਾਂ ਤੇ ਰੱਖ ਲਿਆ, ਉਹ ਬਖੇ ਗਏ।

***ਜਾ ਕਉ ਅਪੁਨੀ ਕਰੈ ਬਖਸੀਸ॥***
***ਤਾ ਕਾ ਲੇਖਾ ਨ ਗਨੈ ਜਗਦੀਸ॥*** (ਪੰਨਾ ੨੭੭)

ਉਹ ਲੇਖੇ ਤੋਂ ਅਲੇਖੇ ਹੋ ਜਾਂਦਾ ਹੈ।

***ਲੇਖਾ ਛੋਡਿ ਅਲੇਖੈ ਛੂਟਹ*** (ਪੰਨਾ ੭੧੩)
***ਚਰਨ ਕਮਲ ਬਸੇ ਰਿਦ ਅੰਤਰਿ***

ਉਸ ਗੁਰੂ ਦੇ ਚਰਨ ਕਮਲ ਮੇਰੇ ਹਿਰਦੇ ਚ ਵਸਦੇ ਨੇ, ਗੁਰੂ ਰਾਮਦਾਸ ਮਹਾਰਾਜ ਦੇ । ਜੋ ਉਹਨਾਂ ਬਦ ਦਿੱਤਾ, ਮੇਰੇ ਹਿਰਦੇ ਵਿੱਚ ਵੱਸਦੈ। ਉਹਨੇ ਬਦੀ ਪ੍ਰਗਟ ਕਰ ਦਿੱਤਾ, ਪਰਮੇਰ ਪ੍ਰਗਟ ਕਰ ਦਿੱਤਾ। ਬਦ ਬਦੀ ਦਾ ਅਭੇਦ ਹੁੰਦਾ ਹੈ।

***ਸੁਰਤਿ ਸਬਦਿ ਭਵ ਸਾਗਰੁ ਤਰੀਐ***

***ਨਾਨਕ ਨਾਮੁ ਵਖਾਣੇ॥*** (ਪੰਨਾ ੯੩੮)

ਜਦ ਸੁਰਤੀ ਅਬਿਨਾਸੀ ਬਦ ਨਾਲ ਮਿਲ ਗਈ ਤਾਂ ਫਿਰ ਨਾਮ ਦਾ ਵਖਿਆਨ ਕਰਿਆ ਤੇ ਫਿਰ ਬਖਿਆ ਗਿਆ।

**ਅੰਮ੍ਰਿਤ ਹਰਿ ਰਸੁ ਚਾਖੇ॥**

ਉਹ ਜਿਹੜਾ ਅਮਰ ਕਰਨੇ ਵਾਲਾ ਹਰੀ ਰਸ ਸੀ, ਉਹ ਮੈਂ ਚੱਖ ਲਿਆ। ਗੁਰੂ ਅਰਜਨ ਦੇਵ ਜੀ ਕਹਿੰਦੇ, ਮੈਨੂੰ ਪ੍ਰਾਪਤ ਹੋ ਗਿਆ, ਮੈਂ ਪੀ ਲਿਆ।

**ਕਰਿ ਸੇਵਾ ਸੇਵਕ ਪ੍ਰਭ ਅਪੁਨੇ**

ਕਹਿੰਦੇ ਆਪਣੇ ਪ੍ਰਭੂ ਦਾ ਸੇਵਕ ਬਣਕੇ, ਆਪਣੇ ਪ੍ਰਭੂ ਦੀ ਸੇਵਾ ਕਰਿਆ ਕਰ। ਪਰਮੇਰ ਦੀ ਉਪਾਨਾ ਕਰਿਆ ਕਰ, ਪਰਮੇਰ ਦਾ ਸਿਮਰਨ ਕਰਿਆ ਕਰ ਤੇ ਪਰਮੇਰ ਸਮਝ ਕੇ ਸਾਰਿਆਂ ਦੀ ਸੇਵਾ ਕਰਿਆ ਕਰ। ਉਹ ਕਦ ਹੋਏਗੀ ?

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥੧॥***
***ਜੋ ਪ੍ਰਭੁ ਕੀਨੋ ਸੋ ਭਲ ਮਾਨਿਓ***
***ਏਹ ਸੁਮਤਿ ਸਾਧੂ ਤੇ ਪਾਈ॥੨॥***
***ਸਭ ਮਹਿ ਰਵਿ ਰਹਿਆ ਪ੍ਰਭੁ ਏਕੈ***
***ਪੇਖਿ ਪੇਖਿ ਨਾਨਕ ਬਿਗਸਾਈ॥੩॥੪॥*** (ਪੰਨਾ ੧੨੯੯)

ਹੁਣ ਮੈਨੂੰ ਉਹ ਪਰਮੇਰ ਪ੍ਰਾਪਤ ਹੋ ਗਿਆ। ਤਾਤਿ ਨਾਉਂ ਹੈ ਈਰਾ ਦਾ। ਹੁਣ ਮੇਰੀ ਈਰਖਾ ਸਾਰੀ ਹਟ ਗਈ। ਈਰਖਾ ਇਕ ਐਸੀ ਬੀਮਾਰੀ ਹੈ, ਇਹ ਜੀਵ ਨੂੰ ਬੜਾ ਦੁੱਖ ਦਿੰਦੀ ਹੈ। ਇਸ ਕਰਕੇ ਜੀਵ ਬਣਾਇਆ ਹੀ ਇਸੇ ਨੇ ਹੈ। ਹੁਣ ਇਹ ਸਾਰਾ ਈਰਖਾ ਚਲਾ ਗਿਆ, ਤੇ ਹੁਣ ਸੁਮਤੀ ਪ੍ਰਾਪਤ ਹੋ ਗਈ। ਸਾਰਿਆਂ ਚ ਪਰਮੇਰ ਦਿਸ ਪਿਆ, ਹੁਣ ਮੈਂ ਬੜਾ ਖੁ ਹਾਂ।

**ਜਿਨਿ ਮਨ ਕੀ ਇਛ ਪੁਜਾਈ॥**

ਜਿਸ ਪਰਮੇਰ ਨੇ ਮਨ ਦੀਆਂ ਇੱਛਾਂ ਸਾਰੀਆਂ ਪੂਰਣ ਕਰ ਦਿੱਤੀਆਂ । ਚਾਰ ਬਾਤਾਂ ਹੀ ਗੁਰੂ ਰਾਮਦਾਸ ਜੀ ਕਹਿ ਕੇ ਗਏ ਥੇ। ਇਤਿਹਾਸ ਵਿੱਚ –

(੧) ਅੰਬਰਸਰ (ਅੰਮ੍ਰਿਤਸਰ) ਤੀਰਥ ਸੰਪੂਰਣ ਕਰਨਾ।

(੨) ਤਰਨਤਾਰਨ ਤੀਰਥ ਬਣਾਉਣਾ।

(੩) ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣੀ ।

(੪) ਕਰਤਾਰਪੁਰ ਇਕ ਨਗਰ ਵਸਾਉਣਾ।

ਉਹ ਚਾਰੇ ਪੂਰੀਆਂ ਹੋ ਗਈਆਂ ਗੁਰੂ ਅਰਜਨ ਦੇਵ ਜੀ ਦੀਆਂ। ਇਸ ਕਰਕੇ, ਮੇਰੀਆਂ ਸਾਰੀਆਂ ਇੱਛਾਂ ਹੀ ਪੂਰੀਆਂ ਕਰ ਦਿੱਤੀਆਂ ਗੁਰ ਪਰਮੇਰ ਨੇ।

**ਨਾਨਕ ਦਾਸ ਤਾ ਕੈ ਬਲਿਹਾਰੈ**

ਗੁਰੂ ਅਰਜਨ ਮਹਾਰਾਜ ਆਂਹਦੇ ਮੈਂ ਉਹਦੇ ਉੱਤੋਂ ਬਲਿਹਾਰ ਜਾਂਦਾਂ, ਪਰਮੇਰ ਦੇ ਉੱਤੋਂ ਕੁਰਬਾਨ ਜਾਂਦਾਂ, ਜਿਸਨੇ ਮੇਰੀ, ਕਿਰਪਾ ਕਰਕੇ ਬੁੱਧੀ ੁੱਧ ਕਰਤੀ, ਗਿਆਨ ਦੀ ਪ੍ਰਾਪਤੀ ਹੋ ਗਈ, ਸਾਰੇ ਕਾਰਜ ਮੇ ਰੇ ਪੂਰੇ ਹੋ ਗਏ।

**ਜਿਨਿ ਪੂਰਨ ਪੈਜ ਰਖਾਈ॥**

ਜਿਸ ਨੇ ਮੇਰੀ ਪੂਰਨ ਇੱਜਤ ਰੱਖੀ। ਸਾਰੇ ਵਿਰੋਧੀ ਸੀ, ਜਿੰਨੇ ਈਰਖਾ ਕਰਨ ਵਾਲੇ, ਫਿੱਕੇ ਪੈ ਗਏ ਪ੍ਰਿਥੀਆ ਬਗੈਰਾ। ਪਰ ਉਹ ਮੇਰੀ ਪੂਰਨ ਪੈਜ, ਉਸ ਪਰਮੇਰ ਨੇ ਰੱਖੀ। ਮੇਰੀ ਇੱਜਤ ਪਰਮੇਰ ਨੇ ਰੱਖੀ, ਮੈਨੂੰ ਆਪਣਾ ਸਮਝਕੇ ਬਚਾਇਆ। ਉਹਨੇ ਆਪਣੀ ਰਣ ਆਏ ਦੀ ਮੇਰੀ ਇੱਜਤ ਰੱਖੀ। ਪਹਿਲੇ ਰਣ ਪਦ ਆਇਆ। ਰਣ ਵਿੱਚ ਐਨੀ ਕਤੀ ਹੈ। ਬਖਿਆ ਜਾਂਦਾ ਹੈ ਰਣ ਚ ਆਕੇ ਜੀਵ।

**ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।**

❑

ੴ ਸਤਿਗੁਰ ਪ੍ਰਸਾਦਿ॥

# ੨੨

**ਸੋਰਠਿ ਮਹਲਾ ੫॥**

**ਅਪਨਾ ਗੁਰੂ ਧਿਆਏ॥ ਮਿਲਿ ਕੁਸਲ ਸੇਤੀ ਘਰਿ ਆਏ॥**
**ਨਾਮੈ ਕੀ ਵਡਿਆਈ॥ ਤਿਸੁ ਕੀਮਤਿ ਕਹਣੁ ਨ ਜਾਈ॥੧॥**
**ਸੰਤਹੁ ਹਰਿ ਹਰਿ ਹਰਿ ਆਰਾਧਹੁ॥**
**ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ॥ ਰਹਾਉ॥**
**ਪ੍ਰੇਮ ਭਗਤਿ ਪ੍ਰਭ ਲਾਗੀ॥ ਸੋ ਪਾਏ ਜਿਸੁ ਵਡਭਾਗੀ॥**
**ਜਨ ਨਾਨਕ ਨਾਮੁ ਧਿਆਇਆ॥ ਤਿਨਿ ਸਰਬ ਸੁਖਾ ਫਲ ਪਾਇਆ॥ ੨॥**

(ਪੰਨਾ ੬੨੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਬਦ ਤੁਸੀਂ ਸੁਣਿਆ ਰੱਬੀ ਬਾਣੀ ਦਾ, ਗੁਰੂ ਅਰਜਨ ਦੇਵ ਜੀ ਦੁਆਰਾ ਆਇਆ। ਇਹਦੇ ਵਿੱਚ ਬਾਤ ਇੱਕ ਹੀ ਹੈ, ਮੁਕਤੀ ਆਰਾਧਨ ਵਿੱਚ ਹੀ ਹੈ।

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥***

(ਪੰਨਾ ੯੩੮)

ਗੋਰਖ ਨੂੰ ਉਹਨੇ ਆਖਿਆ, ਜਦ ਸਾਰਿਆਂ ਨੇ ਪ੍ਰਸ਼ਨ ਕਰ ਲਏ, ਸਾਰੇ ਹਾਰ ਚੁੱਕੇ। ਮੈਨੂੰ ਵੀ ਇਕ ਪ੍ਰਸ਼ਨ ਦੀ ਇਜਾਜ਼ਤ ਦਿਉ। ਉਹਨੇ ਆਖਿਆ ਤੂੰ ਵੀ ਕਰ ਲੈ। ਇਹ ਪ੍ਰਸ਼ਨ ਚਰਪਟ ਨੇ ਕੀਤਾ।

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥*** (ਪੰਨਾ ੯੩੮)

ਹੇ ਅਵਧੂਤ ਨਾਨਕ ! **ਅਵਧੂਤ** _ੱਧ ਦਾ ਨਾਉਂ ਹੈ। ਜਿਸ ਦਾ ਮਨ ਆਦਿ ਦਾ ਕੋਈ ਸੰਸਾ, ਵਿਕਾਰ, ਅੰਤਹਕਰਣ ਵਿੱਚ ਨਾ ਰਹੇ, ਉਹਨੂੰ ਅਵਧੂਤ ਕਹਿੰਦੇ ਨੇ। ਆਪ ਹੁਣ ਮੈਨੂੰ ਸੱਚਾ ਵੀਚਾਰ ਕਰੋ ਕਿ ਪਾਰ ਕੈਸੇ ਕਰੀਏ ? ਇਹ ਦੁਨੀਆਂ ਜੋ ਹੈ ਇਹ ਤਾਂ ਇਕ ਸਮੁੰਦਰ ਹੈ, ਇਹ ਤਾਂ ਸਾਗਰ ਹੈ, ਇਹਦੇ ਚੋਂ ਪਾਰ ਹੋਣ ਦਾ ਕੋਈ ਉਪਾਅ ਦੱਸੋ।

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

(ਪੰਨਾ ੯੩੮)

ਇਹ ਉੱਤਰ ਗੁਰੂ ਸਾਹਿਬ ਨੇ ਦਿੱਤਾ । ਉਹਨੇ ਆਖਿਆ ਠੀਕ ਹੈ, ਬਿਲਕੁਲ ਠੀਕ। ਇਹਦਾ ਮਤਲਬ ਇਹ ਹੈ ਅਰਾਧਨ, ਸੁਰ ਹੋਈ ਹੋਈ ਸੁਰਤ ਨੇ ਕਰਨੈ।

***ਸੁਰਤਿ ਸਬਦਿ ਭਵ ਸਾਗਰੁ ਤਰੀਐ॥*** (ਪੰਨਾ ੯੩੮)

ਸੁਰਤ ਦਾ ਸੁਰ ਹੋਣਾ ਬੜਾ ਮੁਕਿਲ ਹੈ। ਇਹ ਕੰਮ ਥੋਡਾ ਹੈ। ਗੁਰੂ ਤਾਂ ਬਦ ਹੈ।

***ਗੁਰੁ ਪਰਮੇਸਰੁ ਏਕੋ ਜਾਣੁ॥***
***ਜੋ ਤਿਸੁ ਭਾਵੈ ਸੋ ਪਰਵਾਣੁ॥*** (ਪੰਨਾ ੮੬੪)

ਉਹ ਬਦ ਹੈ। ਕਿਤੇ ਬਦ ਬ੍ਰਹਮ ਕਿਹੈ ਤੇ ਕਿਤੇ ਗੁਰੂ, ਬਦ ਨੂੰ ਕਿਹੈ। ਗੁਰੂ ਸਾਹਿਬ ਨੇ ਤਾਂ ਸਾਫ ਹੀ ਲਿਖਿਐ–

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੪੪)

ਥੋਡੀ ਸੁਰਤੀ ਦੀ ਧੁਨ ਜਿਹੜੀ ਲੱਗ ਜਾਣੀ ਹੈ ਇਹ ਚੇਲਾ ਹੈ, ਬਦ ਗੁਰੂ ਹੈ।

***ਗੁਰੁ ਪਰਮੇਸਰੁ ਏਕੋ ਜਾਣੁ॥*** (ਪੰਨਾ ੮੬੪)

ਜਿਤਨੇ ਵੀ ਮਹਾਂਪੁਰ ਹੋਏ ਸਭ ਨੇ ਇਹੀ ਕਿਹੈ। ਗਰੀਬ ਦਾਸ ਨੇ ਆਪਣੇਗ੍ਰੰਥਚ ਲਿਖਿਐ–

***ਸੁਰਤਿ ਨਿਰਤੁ ਕਾ ਬਾਂਧਉ ਬੇੜਾ, ਗਗਨ ਮੰਡਲ ਕੋ ਕੂਚ ਹੈ॥***

ਨਾਨਕ ਦਾਸ ਨੇ ਵੀ ਸੁਰਤ ਨੂੰ ਕਿਹਾ । ਸੁਰਤ ਜਦ ਇਹਦੀ ਸੁਰ ਹੋਏਗੀ। ਇਹ ਬਿਨਾਂ ਗੁਰੂ ਤੋਂ ਨਹੀਂ ਹੋ ਸਕਦੀ, ਗੁਰੂ ਵੀ ਪੂਰਣ ਹੋਏਗਾ, ਪਰਮੇਰ ਰੂਪ ਹੋਏਗਾ, ਤਾਂ ਸੁਰਤ ਸੁਰ ਹੋਏਗੀ। ਸੁਰਤ ਜਦ ਸੁਰ ਹੋ ਗਈ ਤਾਂ ਇਹਦਾ ਆਰਾਧਨ ਚੱਲ ਜੂਗਾ ਫਿਰ ਇਹਦਾ ਨਾਮ ਚੱਲ ਜੂਗਾ। ਜਦ ਸੁਰਤ ਥੋਡੀ ਹੋਰ ਪਾਸੇ ਹੋਵੇ ਤੁਸੀਂ ਆਪ ਹੀ ਦੇਖੋ ਜੇ ਥੋਡੀ ਐਸ ਪਾਸੇ ਹੋਵੇ ਤਾਂ ਥੋਨੂੰ ਨਾਮ ਪੰਜ ਵਾਰੀ ਵੀ ਕੋਈ ਦੇ ਦੇਵੇ ਤਾਂ ਚੱਲੇਗਾ ਨਹੀਂ । ਕਿਉਂ ? ਸੁਰਤ ਨੇ ਨਾਮ ਨਾਲ ਜੁੜਨਾ ਹੈ। ਬਦ ਦੇ ਨਾਲ ਸੁਰਤ ਨੇ ਇੱਕ ਹੋ ਜਾਣੈ।

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

ਗੁਰੂ ਸਾਹਿਬ ਕਹਿੰਦੇ ਫਿਰ ਉਹ ਨਾਮ ਨੂੰ ਛੱਡਣਾ ਨਹੀਂ ਤੇ ਨਾਮ ਨਾ ਤੁਹਾਥੋਂ ਛੁੱਟੇ। ਫਿਰ ਤੁਹਾਡੀ ਤਾਕਤ ਨਹੀਂ ਕਿ ਤੁਸੀਂ ਨਾਮ ਨੂੰ ਛੱਡ ਦਿਉ । ਇਹੋ ਜਿਹੀ ਚੀ ਕਿਸੇ ਨੂੰ ਪ੍ਰਾਪਤ ਹੋ ਜਾਏ, ਉਹ ਛੱਡਦਾ ਹੈ ਕਦੇ ? ਉਹ ਨਾਮ ਸੁਰਤ ਦੇ ਨਾਲ ਜਦ ਸੁਰ ਹੋਏਗਾ। ਬਦ ਗੁਰੂ ਹੈ, ਬਦ ਪਰਮੇਰ ਹੈ, ਪਰ ਸੁਰਤ ਦੀ ਧੁਨਿ ਉਹਦੇ ਨਾਲ ਲੱਗ ਜਾਣੀ ਚਾਹੀਦੀ ਹੈ । ਜਦ ਸੁਰਤ ਦੀ ਧੁਨਿ ਇਕ ਵਾਰੀ ਲੱਗ ਗਈ ਫਿਰ ਤੁਸੀਂ ਨਾਮ ਨੂੰ ਛੱਡੋਂਗੇ ਨਹੀਂ। ਫੇਰ ਤਾਂ ਤੁਹਾਨੂੰ ਨਾਮੀ ਪ੍ਰਾਪਤ ਹੋ ਜਾਣੈ। ਨਾਮ ਨਾਮੀ ਤਾਂ ਇੱਕ ਨੇ, ਦੋ ਤਾਂ ਹੈ ਨਹੀਂ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਹੁਣ ਤੈਂ ਨਿਰਾਕਾਰ ਨੂੰ ਜਾਣ ਲਿਆ, ਨਾਮ ਦੇ ਨਾਲ ਮਨ ਮੰਨ

ਗਿਆ ਪਰ ਸੁਰਤੀ ਜਿਹੜੀ ਹੈ, ਉਹ ਗੁਰੂ ਨੇ ਸੁਰ ਕਰਨੀ ਹੈ। ਤੁਹਾਡੇ ਸਾਹਮਣੇ ਰਾਗੀਆਂ ਨੇ ਪੜ੍ਹਿਆ, ਹੇ ਮੇਰੇ ਗੁਰਦੇਵ! ਮੈਨੂੰ ਰਾਮ ਨਾਮ ਦਾ ਪ੍ਰਕਾ ਕਰੋ। ਪਰ ਰਾਮ ਨਾਮ ਪਹਿਲੇ ਨਹੀਂ ਸੀ ਉਹ ਜਾਣਦੇ, ਗੁਰੂ ਅਰਜਨ ਦੇਵ ਜੀ ? ਪਰ ਉਹ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਕਹਿੰਦੇ ਮੈਨੂੰ ਨਾਮ ਦਾ ਪ੍ਰਕਾ ਕਰੋ। **ਪ੍ਰਕਾ** ਨਾਉਂ ਹੁੰਦੈ ਗਿਆਨ ਦਾ । ਨਾਮ ਦੇ ਨਾਲ ਮੇਰੀ ਸੁਰਤ ਜੁੜ ਜਾਏ ਤੇ ਫਿਰ ਮੈਂ ਕ੍ਰਿਤ ਕ੍ਰਿਤ ਹੋ ਜਾਊਂਗਾ। ਤੇ-

***ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ*** (ਪੰਨਾ ੧ )

ਗੁਰੂ ਦੀ ਮੱਤ ਦੁਆਰਾ ਜਿਹੜਾ ਨਾਮ ਪ੍ਰਾਪਤ ਹੁੰਦਾ ਹੈ ਉਹ ਮੇਰੇ ਪ੍ਰਾਣਾਂ ਦਾ ਸਖਾ ਹੁੰਦਾ ਹੈ । ਮੇਰੇ ਦਾ ਹੀ ਨਹੀਂ ਸਭ ਦੇ ਪ੍ਰਾਣਾਂ ਦਾ ਸਖਾ ਹੁੰਦੈ। ਉਹ ਮਿੱਤਰ ਹੋ ਜਾਂਦੈ। ਇਸ ਕਰਕੇ ਜੁਗਤੀ ਭਵਸਾਗਰ ਵਿੱਚੋਂ ਤਰਨ ਦੀ, ਪਹਿਲਾਂ ਸੁਰਤ ਸੁਰ ਹੋਏਗੀ ਬਦ ਦੇ ਨਾਲ ਸੁਰਤ ਜੁੜੇ ਗੀ ਤੇ ਫਿਰ ਭਵਸਾਗਰ ਤੋਂ ਤਰਨ ਦੀ ਕੋਈ ਔਖਿਆਈ ਨਹੀਂ ਹੁੰਦੀ। ਫਿਰ ਠੀਕ ਹੈ। ਚੱਲ ਭਾਈ -

**ਸੋਰਠਿ ਮਹਲਾ ੫ ॥**

ਸੋਰਠਿ ਰਾਗ ਵਿੱਚ ਪੰਚਮ ਪਾਤਾਹ ਕਥਨ ਕਰਦੇ ਨੇ -

***ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥***

***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥***

(ਪੰਨਾ ੧੪੦੯)

ਉਹ ਪਰਤੱਖ ਹਰੀ ਹੋਏ।

***ਗੁਰ ਜੋਤਿ ਅਰਜੁਨ ਮਾਹਿ ਧਰੀ॥***

ਉਹ ਰਾਮਦਾਸ ਜੀ ਨੇ ਜੋਤ ਗੁਰੂ ਅਰਜਨ ਦੇਵ ਜੀ ਦੇ ਵਿੱਚ ਰੱਖ ਦਿੱਤੀ। ਉਹ ਜੋਤੀ ਆਈ ਸੀ ਧੁਰੋਂ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***

***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਜੋਤੀ ਸਰੂਪ ਨੇ ਗੁਰੂ ਨਾਨਕ ਕਹਾਇਆ। ਗੁਰੂ ਕਹੋ ਜਾਂ ਪਰਮੇਰ ਕਹੋ।

***ਗੁਰੁ ਪਰਮੇਸਰ ਏਕੋ ਜਾਣੁ॥*** (ਪੰਨਾ ੮੬੪)

ਗੁਰ ਪਰਮੇਰ ਇਕੋ ਹੀ ਹੁੰਦੈ। ਇਸ ਕਰਕੇ ਉਹ ਜੋਤਿ ਹੁਣ ਗੁਰੂ ਅਮਰਦੇਵ ਜੀ ਨੇ ਗੁਰੂ ਰਾਮਦਾਸ ਮੇਂ ਰੱਖੀ। ਗੁਰੂ ਰਾਮਦਾਸ ਜੀ ਨੇ ਉਹੀ ਜੋਤ ਗੁਰੂ ਅਰਜਨ ਦੇਵ ਜੀ ਮੇਂ ਰੱਖ ਦਿੱਤੀ। ਏਸ ਕਰਕੇ ਹੋਰ ਬੜੀ ਉਗਾਹੀ ਬਹੁਤੀ ਇਹੀ ਹੈ ਸੁਖਮਨੀ ਸਾਹਿਬ ਮੇਂ –

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਗੁਰੂ ਸਾਹਿਬ ਕਹਿੰਦੇ ਮੈਂ ਸੰਤ ਗੁਰੂ ਰਾਮਦਾਸ ਮਹਾਰਾਜ ਜੀ ਦੇ ਸੰਗ ਕਰਕੇ ਆਪਣੇ ਅੰਦਰ ਰੱਬ ਦੇਖਿਆ। ਉਹ ਜੋ ਦੇਖਣੇ ਵਾਲੇ ਕਹਿੰਦੇ ਨੇ, ਮੈਂ ਆਪਣੇ ਅੰਦਰ ਰੱਬ ਦੇਖਿਆ"। ਤਾਂ ਰੱਬ ਕੋਈ ਹੋਏਗਾ ਹੀ ਉੱਥੇ, ਜਾਂ ਸਾਖੀ ਰੂਪੇ ਬੈਠਾ ਹੋਏਗਾ ਜਾਂ ਦਾਨਾ ਬੀਨਾ ਰੂਪੇ ਬੈਠਾ ਹੋਏਗਾ ਜਾਂ ਪਾਰਖ ਰੂਪੇ ਬੈਠਾ ਹੋਏਗਾ ਜਾਂ ਦ੍ਰਟਾ ਰੂਪੇ ਬੈਠਾ ਹੋਏਗਾ। ਜਦ ਇਹਦੀ ਬਿਰਤੀ ਦ੍ਰਟਾ ਦੇ ਨਾਲ ਛਿਨ ਮਾਤਰ ਇੱਕ ਹੋ ਜਾਏ ਤਾਂ ਇਹਨੂੰ ਂਤੀ ਆ ਜਾਏਗੀ। ਉਸ ਸਮੇਂ ਇਹਦੇ ਅੰਦਰ ਂਤੀ ਹੋਵੇਗੀ। ਪਰ ਇਹਦੀ ਬਿਰਤੀ ਸੁਰ ਹੋ ਜਾਏ। ਇਸ ਕਰਕੇ ਭਾਈ ਇਹ ਗੁਰੂ ਦਾ ਬਦ ਹੈ। ਪਰਮੇਰ ਵੱਲੋਂ ਇਹ ਬਦ ਪ੍ਰਾਪਤ ਹੋਇਆ ਤੇ ਗੁਰੂ ਨੂੰ ਹੀ ਪ੍ਰਾਪਤ ਹੋਇਆ। ਹੁਣ ਚੱਲ –

**ਅਪਨਾ ਗੁਰੂ ਧਿਆਏ॥**

ਮੈਂ ਆਪਣੇ ਗੁਰੂ ਦਾ ਧਿਆਨ ਕੀਤਾ ਤੇ ਤੁਸੀਂ ਵੀ ਆਪਣੇ ਗੁਰੂ ਦਾ ਭਾਈ ਧਿਆਨ ਕਰੋ।

***ਗੁਰੁ ਪਰਮੇਸਰ ਏਕੋ ਜਾਣੁ॥*** (ਪੰਨਾ ੮੬੪)

ਗੁਰੂ, ਪਰਮੇਰ ਹੁੰਦਾ ਹੈ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥***
***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥***
***ਬ੍ਰਹਮ ਗਿਆਨੀ ਕਾ ਸਗਲ ਅਕਾਰੁ॥***
***ਬ੍ਰਹਮ ਗਿਆਨੀ ਆਪਿ ਨਿਰੰਕਾਰੁ॥*** (ਪੰਨਾ ੨੭੩)

ਉਹ ਤਾਂ ਨਿਰੰਕਾਰ ਦਾ ਰੂਪ ਹੈ। ਰੂਪ ਨਹੀਂ, ਨਿਰੰਕਾਰ ਹੀ ਹੈ। ਇਸ ਕਰਕੇ ਮੈਂ ਆਪਣੇ ਗੁਰੂ ਨੂੰ ਧਿਆਇਆ। ਤੁਸੀਂ ਵੀ ਅਪਣੇ ਗੁਰੂ ਨੂੰ ਧਿਆਉ। ਫਿਰ ਕੀ ਹੋਏਗਾ ?

**ਮਿਲਿ ਕੁਸਲ ਸੇਤੀ ਘਰਿ ਆਏ॥**

ਜਦ ਗੁਰੂ ਨੂੰ ਮਿਲ ਪਏ ਤਾਂ ਫਿਰ ਬੜੀ ਕੁਲ ਆਨੰਦ ਦੇ ਨਾਲ ਅਪਣੇ ਘਰ ਮੇਂ, ਅਪਣੇ ਸਰੂਪ ਮੇਂ, ਅਪਣੇ ਅੰਤਹਕਰਣ ਦੇ ਵਿੱਚ ਆਏ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਐ ਕਿ ਕਿਰਪਾ ਕਰਕੇ ਪਰਮੇਰ ਨੇ, ਮੈਨੂੰ ਬੁਲਾ ਲਿਆ ਤੇ ਨਾਲ ਲਿਖਣਗੇ ਬੁਲਾ ਨਹੀਂ ਲਿਆ, ਉਹ ਪਰਮੇਰ ਘਰੇ ਬੈਠਾ ਸੀ, ਜਿਸ ਨੇ ਮੈਨੂੰ ਬੁਲਾਇਆ ਪਹਿਲੇ ਹੀ। ਉਹ ਅੰਤਹਕਰਣ ਦੇ ਵਿੱਚ ਨਹੀਂ ਸੀ ਚੇਤਨ? ਜਿਹੜਾ ਸਾਰੇ ਵਿਆਪਕ ਹੈ। ਉਹ ਨਿਰਾਕਾਰ ਥੋਡੇ ਅੰਤਹਕਰਣ ਵਿੱਚ ਨਹੀਂ? ਉਸ ਨੇ ਆਪਣੀ ਕਿਰਪਾ ਦੇ ਨਾਲ, ਇਹਦਾ ਨਾਉਂ ਹੈ ਪ੍ਰੇਮਾ ਭਗਤੀ, ਬੜੀ ਕਿਰਪਾ ਕੀਤੀ ਮੈਨੂੰ ਬੁਲਾ ਲਿਆ ਤੇ ਉਹ ਘਰ ਪਹਿਲਾਂ ਹੀ ਬੈਠਾ ਸੀ। ਕਿਰਪਾ ਕਰਕੇ ਮੈਨੂੰ ਉਥੇ ਪਹੁੰਚਾ ਦਿੱਤਾ ਉਹਨੇ, ਪਰ ਉਹ ਤਾਂ ਅੰਤਹਕਰਣ ਵਿੱਚ ਪਹਿਲਾਂ ਹੀ ਬੈਠਾ ਸੀ। ਉਹ ਤਾਂ ਅੰਤਹਕਰਣ ਚ ਦੇਖਣੇ ਵਾਲਾ, ਬੁੱਧੀ ਨੂੰ ਦੇਖਣੇ ਵਾਲਾ, ਮਨ ਨੂੰ ਦੇਖਣੇ ਵਾਲਾ, ਪ੍ਰਾਣਾਂ ਦਾ ਦ੍ਰਟਾ, ਉਹ ਤਾਂ ਪਹਿਲਾਂ ਹੀ ਉੱਥੇ ਬੈਠਾ ਸੀ। ਇਸ ਕਰਕੇ ਤੇ ਮੈਂ ਦੇਖਿਆ ਕਿ ਗੁਰੂ ਤਾਂ ਪਹਿਲਾਂ ਘਰ ਹੈ, ਜੀਹਨੇ ਮੈਨੂੰ ਕਿਰਪਾ ਕਰਕੇ ਇਹ ਦਿਖਾਇਆ, ਉਹ ਤਾਂ ਪਹਿਲੇ ਹੀ ਬੈਠਾ ਸੀ। ਇਸ ਕਰਕੇ ਉਹ ਪਰਤੱਖ ਦੇ ਨਾਲ ਮੈਨੂੰ ਮਿਲਾ ਦਿੱਤਾ। ਤੁਹਾਡੇ ਹਿਰਦੇ ਦੇ ਵਿੱਚ ਪਰਮੇਰ ਹੈ, ਉਹਦੇ ਹੁਕਮ ਦੇ ਨਾਲ ਸਾਰਾ ਕੰਮ ਚਲਦਾ ਹੈ, ਪਰ ਤੁਸੀਂ

ਦੇਖਿਆ ਤਾਂ ਨਹੀਂ ਕਦੇ। ਕਿਉਂ? ਇਹ ਅੱਖਾਂ ਉਹਨੂੰ ਦੇਖ ਨਹੀਂ ਸਕਦੀਆਂ, ਇਹ ਨੇਤਰ ਨਹੀਂ ਉਹਨੂੰ ਦੇਖ ਸਕਦੇ। ਉਹ ਤਾਂ ਔਰ ਹੀ ਨੇਤਰ ਹੈ ਉਹਨੂੰ ਦੇਖਣੇ ਵਾਲਾ। ਉਹ ਤਾਂ ਉਹਦੀ ਕਿਰਪਾ ਦੁਆਰਾ ਹੀ ਥੋਡੀ ਤਦਾਕਾਰ ਬਿਰਤੀ ਹੋਵੇਗੀ। ਫਿਰ ਥੋਨੂੰ ਗਿਆਨ ਹੋ ਜੂ । ਇਹਨੂੰ ਸਮਾਧੀ ਕਹਿੰਦੇ ਨੇ। ਸਮ+ਧੀ, ਉੱਥੇ ਬੁੱਧੀ ਨੇ ਸਮ ਹੋ ਜਾਣੈ।

***ਸਮੋ ਬ੍ਰਹਮ ਉੱਚਤੇ॥***

ਸਮ ਜੋ ਹੈ ਉਹ ਪਰਮੇਰ ਹੈ। ਇਸ ਕਰਕੇ ਉਹ ਗੁਰੂ ਦੇ ਨਾਲ ਮੈਂ ਗਿਆ, ਗੁਰੂ ਨੂੰ ਮਿਲਕੇ ਮੈਂ ਅਪਣੇ ਘਰ ਆਨੰਦ ਸਰੂਪ ਮੇਂ ਆਇਆ। ਆਨੰਦ ਰੂਪ ਹੋਕੇ, ਸਰੂਪ ਬਣਕੇ, ਮੈਂ ਆਪਣੇ ਅੰਤਹਕਰਣ ਚ ਉਹਦਾ ਰੂਪ ਹੋ ਗਿਆ। ਇਹਨੂੰ ਕਹਿੰਦੇ ਨੇ ਪ੍ਰੇਮਾ ਭਗਤੀ ਤੇ ਗਿਆਨ ਵੀ ਏ ਹੀ ਹੈ ਤੇ ਅਸਲੀ ਪ੍ਰੇਮਾ ਭਗਤੀ ਹੀ ਹੈ। ਚੱਲੀਏ –

**ਨਾਮੈ ਕੀ ਵਡਿਆਈ॥**

ਇਹ ਸਾਰੀ ਨਾਮ ਦੀ ਵਡਿਆਈ ਹੈ, ਹੋਰ ਕਿਸੇ ਦੀ ਨਹੀਂ। ਨਾਮੀ ਮਿਲਣਾ ਹੀ ਨਾਮ ਨਾਲ ਹੈ। ਨਾਮ ਕਹੋ, ਬਦ ਕਹੋ, ਜੋ ਥੋਡੀ ਖੁੀ ਹੈ ਕਹੋ, ਪਰ ਸੁਰਤ ਤਾਂ ਥੋਡੀ ਹੈ। ਥੋਡੀ ਸੁਰਤ ਨੇ ਸੁਰ ਹੋਣੈ ਤੇ ਸੁਰ ਕਰਨਾ ਤੁਸੀਂ ਜਾਣਦੇ ਨਹੀਂ। ਬ੍ਰਹਮ ਗਿਆਨੀ ਤੋਂ ਬਿਨਾਂ ਸੁਰ ਕਰਨਾ ਨਹੀਂ ਕੋਈ ਜਾਣਦਾ।

***ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥*** (ਪੰਨਾ ੨੭੩)

ਹੁਣ ਤੁਸੀਂ ਦੱਸੋ, ਮਹਿਲ ਉਹ ਗੁਰੂ ਕੇ, ਰੱਥ ਤੇ ਚੜ੍ਹ ਕੇ ਗਏ ਤੇ ਗਏ ਜਿਹੜੀ ਬਾਤ ਲਈ, ਉਹ ਤੁਹਾਨੂੰ ਪਤਾ ਹੀ ਹੈ, ਸਾਹਿਬਜਾਦੇ ਦੀ ਖਾਤਰ ਗਏ। ਉਹਨਾਂ ਨੂੰ ਗੁਰੂ ਸਾਹਿਬ ਨੇ ਆਖਿਆ, ਬਾਬੇ ਬੁੱਢੇ ਕੋਲ ਜਾਉ, ਜੇ ਤੁਹਾਨੂੰ ਬਹੁਤ ਇਸ ਚੀ ਦੀ ਰੂਰਤ ਹੈ। ਉਹਨਾਂ ਨੇ ਆਖਿਆ ਅਖੇ ਕੌਣ ਹੈ ? ਧੂੜ ਆਉਂਦੀ ਹੈ ? ਅਖੇ ਜੀ ਗੁਰੂ ਕੇ ਮਹਿਲ ਨੇ। ਕਹਿੰਦੇ ਉਹਨਾਂ ਨੂੰ ਕਿੱਥੋਂ ਭਾਜੜ ਪੈ ਗਈ। ਤਿੰਨ ਸਾਲ ਜਾਕੇ ਰਹਿਣਾ ਪਿਆ। ਤੇ ਫਿਰ ਧਮ ਨੂੰ ਜਦ ਰਾਤ ਨੂੰ ਗੱਲ ਕੀਤੀ, ਉਹ ਕਹਿੰਦੇ ਇਉਂ ਤਾਂ ਨਹੀਂ ਸੰਤਾਂ ਦੇ ਪਾਸ ਜਾਈਦਾ, ਇਹ ਤਾਂ ਤਰੀਕਾ

ਨਹੀਂ। ਤੁਸੀਂ ਤਾਂ ਕੁੱਝ ਬਣਕੇ ਗਏ ਸੀ । ਸੰਤਾਂ ਕੋਲ ਕੁੱਝ ਬਣਕੇ ਤਾਂ ਨਹੀਂ ਜਾਈਦਾ। ਜਿਹੜਾ ਬਣਿਆ ਹੋਇਐ ਉਹਨੂੰ ਗੁਰੂ ਕੋਲ ਜਾਣ ਦੀ ਜ਼ਰੂਰਤ ਹੀ ਕੋਈ ਨਹੀਂ। ਉਹ ਤਾਂ ਗੁਰੂ ਹੀ ਹੋਇਆ। ਉਹਨਾਂ ਆਖਿਆ ਫਿਰ। ਬਈ ਜਾਣਦੇ ਹੋ ਤੁਸੀਂ ਸਾਰੇ ਕੰਮ ਉਹ ਕਰਦੇ ਨੇ, ਉਹ ਗੁਰੂ ਨਾਨਕ ਦੇ ਬਖ਼ੇ ਹੋਏ ਨੇ, ਬਖ਼ਿਆਂ ਕੋਲ ਹੁਣ ਜਾਉ। ਫਿਰ ਉਹਨਾਂ ਦੱਸਆ ਕਿ ਬਈ ਐਂ ਦੁੱਧ ਜੰਮਾਣੈ, ਐਂ ਰਿੜਕਣੈ, ਐਂ ਮਿੱਸੀਆਂ ਰੋਟੀਆਂ ਪਕੌਣੀਆਂ, ਨਾਲ ਗੰਢੇ ਲੈਣੇ ਨੇ। ਜਾਣਾ ਵੀ ਪੈਦਲ ਲੈ ਕੇ ਨੰਗੇ ਪੈਰੀਂ। ਉਹ ਗਏ, ਉਹ ਜਦ ਐਨੀ ਦੂਰ ਹੀ ਸੀ, ਉਹ ਕਹਿੰਦੇ ਮਾਤਾ ਦੇ ਬਿਨਾਂ ਪੁੱਤਰ ਦੀ ਭੁੱਖ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ। ਪੁੱਤਰ ਦੀ ਭੁੱਖ ਦਾ ਮਾਤਾ ਨੂੰ ਹੀ ਪਤਾ ਹੁੰਦੈ ਤੇ ਉਹਨਾਂ ਕਿਹਾ ਰੱਖ ਦਿਓ। ਉਹਨਾਂ ਰੱਖ ਦਿੱਤਾ ਤੇ ਉਹਨੇ ਮਾਰਿਆ ਗੰਢੇ ਤੇ ਹੱਥ ਤੇ ਕਹਿੰਦੇ ਤੁਰਕਾਂ ਦੇ ਸਿਰ ਥੋਡਾ ਸਾਹਿਬਜਾਦਾ ਐਂ ਤੋੜੂਗਾ। ਕਿਉਂ ? ਉਹ ਪੂਰਣ ਸੇ, ਉਹ ਬਖ਼ੇ ਵੀ ਸੇ ਪਹਿਲੀ ਪਾਤਾਹੀ ਦੇ, ਉਹ ਬਖ਼ੇ ਹੋਏ ਸਨ। ਇਸ ਕਰਕੇ ਜਦ ਤੱਕ ਤੁਸੀਂ ਬਖ਼ੇ ਹੋਏ ਪਾਸ ਨਹੀਂ ਜਾਉਂਗੇ, ਤਬ ਤੱਕ ਤੁਹਾਡੀ ਸੁਰਤ ਨਹੀਂ ਜੁੜੇਗੀ। ਇਹ ਕੋਈ ਕਹਿਣ ਦੀ ਬਾਤ ਨਹੀਂ । ਇਹ ਜਿਹੜੀ ਗੁਰਬਾਣੀ ਹੈ ਇਹ ਪਰਤੱਖ ਹੈ ਇਹਦੇ ਚ ਕੋਈ ਕਹਿਣ ਵਾਲੀ ਬਾਤ ਨਹੀਂ, ਇਹ ਪੁਰਾਣ ਤਾਂ ਨਹੀਂ। ਪੁਰਾਣਾ ਚ ਤਾਂ ਕਥਾ ਆਉਂਦੀ ਹੈ, ਵੱਡੇ ਵਡੇਰਿਆਂ ਦੀ ਕਹੀ ਹੋਈ। ਇਹ ਕੋਈ ਪੁਰਾਣ ਹੈ ? ਇਹ ਤਾਂ ਪਰਤੱਖ ਹੈ, ਸੱਤੋ ਸੱਤ ਹੈ। ਇੱਥੇ ਤੁਸੀਂ ਅਸੀਂ ਸਾਰੇ ਬੈਠੇ ਹਾਂ, ਤੁਸੀਂ ਸੱਚ ਦੱਸੋ, ਤੁਹਾਡੀ ਸੁਰਤ ਕਦੇ ਬਦ ਨਾਲ ਜੁੜੀ ਹੈ ? ਨਹੀਂ। ਇਹ ਤਾਂ ਇਹੋ ਜਿਹਾ ਹੀ ਕੰਮ ਹੈ। ਇਹ ਪਰਮੇਰ ਦੀ ਦਯਾ ਤੇ ਗੁਰੂ ਦੀ ਦਯਾ ਦੋਵੇਂ ਇੱਕਠੀਆਂ ਹੋਣਗੀਆਂ। ਕ੍ਰਿਪਾ ਤੇ ਤੁਹਾਡੀ ਸੁਰਤ ਬਦ ਨਾਲ ਜੁੜੇਗੀ। ਇਹ ਵਗਾਰ ਥੋਡੇ ਜੁੰਮੇ ਹੋਏਗੀ। ਬੇਫਿਕਰ ਹੋ ਜਾਉਂਗੇ। ਤਾਂ ਇਹ ਰੋਜ ਦਾ ਫਾਹਾ ਵੱਢਿਆ ਜਾਏਗਾ। ਐਂ ਕੀਕਣ ਮਿਲੀਏ, ਕੀ ਕਰੀਏ ? ਉਹਨੂੰ ਆਖੇ ਹੋ ਗਿਆ, ਬਾਕੀ ਕੀ ਰਹਿ ਗਿਆ? ਉਹ ਤਾਂ

***ਸੁਰਤਿ ਸਬਦਿ ਭਵ ਸਾਗਰੁ ਤਰੀਐ*** (ਪੰਨਾ ੯੨੮)

ਗੁਰੂ ਨਾਨਕ ਦੇਵ ਜੀ, ਗਰੀਬ ਦਾਸ ਜਿੰਨੇ ਸੰਤ ਹੋਏ ਨੇ, ਉਹਨਾਂ ਨੇ ਇੱਥੇ ਆਕੇ ਹੀ ਸਾਰਿਆਂ ਨੇ ਗੱਲ ਕੀਤੀ ਹੈ ਤੇ ਰਾਧਾ ਸੁਆਮੀ ਤਾਂ ਲੈਂਦੇ ਹੀ ਇਸ ਨੂੰ ਤੇ ਬਦ ਸੁਰਤ ਨੂੰ ਚਾਹੇ ਉਹ ਕਿਸੇ ਲੋਟ ਵੀ ਲੈਣ। ਪਹਿਲਾਂ ਤਾਂ ਉਹਨਾਂ ਦਾ ਸੁਰਤ ਬਦ ਹੀ ਹੁੰਦੈ। ਇਸ ਕਰਕੇ ਭਾਈ ਮੈਂ ਇਕ ਥਾਉਂ ਸੀ, ਉਹ ਮੇਰੇ ਨਾਲ ਗੱਲ ਕਰਨ ਲੱਗ ਪਏ। ਮੈਂ ਇਹ ਗੱਲਾਂ ਉਹਨਾਂ ਨਾਲ ਕਰ ਦਿੱਤੀਆਂ, ਉਹ ਕਹਿੰਦੇ ਤੂੰ ਰਾਧਾ ਸੁਆਮੀ ਹੈਂ ? ਕਹਿੰਦੇ ਇਹ ਸੁਰਤ ਬਦ ਤਾਂ ਰਾਧਾ ਸੁਆਮੀਆਂ ਤੋਂ ਬਿਨਾ ਕੋਈ ਜਾਣਦਾ ਨਹੀਂ। ਤੁਸੀਂ ਤਾਂ ਐਂ ਕਹਿਤਾ। ਮੈਂ ਕਿਹਾ ਉਏ ਮੈਂ ਲਿਖਿਆ ਹੋਇਆ ਪੜ੍ਹਿਆ ਸੀ, ਮੈਂ ਜਾਣਦਾ ਜੂਣਦਾ ਕੁੱਛ ਨਹੀਂ। ਇਸ ਕਰਕੇ ਭਾਈ ਸੁਰਤ ਜਦ ਤੁਹਾਡੀ ਸੁਰ ਹੋਜੇਗੀ ਬਦ ਨਾਲ, ਤਾਂ ਸਾਰਾ ਕੰਮ ਥੋਡਾ ਹੋ ਜੂ। ਪਰ ਗੁਰੂ ਨਾਲ ਮਿਲਕੇ, ਗੁਰੂ ਨੇ ਹੀ ਬਦ ਦੇ ਵਿੱਚ ਇਹਦੀ ਸੁਰਤ ਨੁੰ ਸੁਰ ਕਰਨੈ। ਫਿਰ ਉਹਦਾ ਸਾਰਾ ਕੰਮ ਹੋ ਜਾਊ।

**ਨਾਮੈ ਕੀ ਵਡਿਆਈ॥**

ਇਹ ਨਾਮ ਦੀ ਵਡਿਆਈ ਹੈ। ਜਿਹੜਾ ਸੁਰਤ ਨੇ ਬਦ ਦੇ ਨਾਲ ਜੁੜਕੇ ਫਿਰ ਰਾਮ ਕਹਿਣਾ, ਸਤਿਨਾਮ ਕਹਿਣਾ, ਵਾਹਿਗੁਰੂ ਕਹਿਣਾ, ਓਮ, ਜੋ ਥੋਡੀ ਖ਼ੁੀ ਹੈ ਕਹਿ ਲਉ, ਉਹਦੇ ਚ ਕੋਈ ਫਰਕ ਨਹੀਂ ਪੈਂਦਾ, ਹੈ ਤਾਂ ਉਹੀ। ਅੱਲਾ ਵੀ ਤਾਂ ਉਹੀ ਹੈ।

***ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥***

(ਪੰਨਾ ੭੨੭)

ਪਹਿਲੀ ਪਾਤਾਹੀ ਕਹਿੰਦੇ ਕਾੀ ਨੂੰ ਅਖੇ ਜੀ ਅੱਲਾ ਜਿਹੜਾ ਹੈ ਇਹ ਜਾਤੀ ਨਾਤੀ ਤੇ ਰਹਿਤ ੍ਹੱਧ ਹੈ। ਉਹ ਕਹਿੰਦੇ ਜੀ ਅੱਲਾ ਤਾਂ ਠੀਕ ਹੈ ਪਰ ੱਕ ਤਾਂ ਕਰੋ ਜੇ ਅੱਲਾ ਤੋਂ ਬਿਨਾ ਦੂਸਰਾ ਕੋਈ ਹੋਵੇ । ਉਹਨੂੰ ਅੱਲਾ ਕਹਿ ਦਿਉ, ਉਹ ਨੂੰ ਨਿਰਾਕਾਰ ਕਹਿ ਦਿਉ, ਕੋਈ ਓਮ ਕਹਿ ਦੇ, ਕੋਈ ਸਤਿਨਾਮ ਕਹਿ ਦੇ। ਉਸ ਸੱਤ ਦਾ ਨਾਮ ਹੀ ਸਤਿਨਾਮ ਹੈ।

***ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥***
***ਹਲਤਿ ਪਲਤਿ ਮੁਖ ਊਜਲ ਹੋਈ ਹੈ***
***ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥*** (ਪੰਨਾ ੬੭੦)

ਤੂੰ ਨਿਰੰਜਨ ਪੁਰਖ ਦਾ ਧਿਆਨ ਕਰ। ਇਸ ਕਰਕੇ ਸੁਰ ਇਹਨੇ ਕਰਨੀ ਹੈ ਸੁਰਤ। ਕਿਉਂ ? ਆਪਣੀ ਸੁਰਤ ਨੂੰ ਇਹਨੇ ਕਿਤੇ ਨਾ ਕਿਤੇ ਜੋੜਨਾ ਹੈ। ਇਸ ਕਰਕੇ-

***ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ॥***
(ਪੰਨਾ ੯੩੮)

ਨਾਮ ਨੇ ਹੀ ਕੱਢਣੈ, ਉਸ ਨਾਮ ਦੀ ਇਹ ਵਡਿਆਈ ਹੈ। ਆਹ ਜਿਹੜਾ ਗੁਰੂ ਦਾ ਮਿਲਾਪ ਕਰਾ ਦਿੱਤਾ, ਤੇ ਗੁਰੂ ਨੇ ਆਨੰਦ ਕਰ ਦਿੱਤਾ, ਕ੍ਰਿਤ ਕ੍ਰਿਤ ਕਰ ਦਿੱਤਾ, ਇਹ ਉਸ ਨਾਮ ਦੀ ਵਡਿਆਈ ਹੈ । ਉਹ ਜਿਹੜਾ ਨਾਮ ਸੁਰਤ ਜੋੜ ਕੇ ਕਹਿਣਾ ਇੱਕ ਵਾਰੀ ਕਹਿ ਦਿੱਤਾ।

***ਏਕ ਚਿਤ ਜਿਹਿ ਇਕ ਛਿਨ ਧਿਆਇਓ॥***
***ਕਾਲ ਫਾਸ ਕੇ ਬੀਚ ਨ ਆਇਓ॥*** (ਅਕਾਲ ਉਸਤਤਿ)

ਇਕ ਵਾਰੀ ਦਾ ਬਹੁਤ ਹੈ, ਉਹ ਬੋਾ ਤਾਂ ਹੈ ਨਹੀਂ ਰੱਬ, ਬਈ ਤੁਸੀਂ ਬਹੁਤਾ ਕਹੋਂਗੇ ਤਾਂ ਉਹਨੂੰ ਸੁਣੇਗਾ, ਨਾ, ਨਾ। ਉੱਥੇ ਤੁਹਾਡੀ ਸੁਰਤੀ ਸੁਰ ਹੋ ਜਾਣੀ ਹੈ, ਫਿਰ ਉਹ ਕੰਮ ਤਾਂ ਬਦ ਨੇ ਕਰ ਦੇਣੈ, ਉਹਨੂੰ ਗੁਰੂ ਕਹਿ ਲਉ, ਪਰਮੇਰ ਕਹਿ ਲਉ, ਉਹਨੂੰ ਸਰਗੁਣ ਬ੍ਰਹਮ ਕਹਿ ਲਉ, ਜੋ ਤੁਹਾਡੀ ਖ਼ੀ ਹੈ ਕਹਿ ਲਉ, ਨਾਉਂ ਬਹੁਤ ਨੇ।

**ਤਿਸੁ ਕੀਮਤਿ ਕਹਣੁ ਨ ਜਾਈ॥**

ਇਸ ਨਾਮ ਦੀ ਕੀਮਤ ਕੋਈ ਕਹਿ ਨਹੀਂ ਸਕਦਾ । ਗੁਰੂ ਸਾਹਿਬ ਕਹਿੰਦੇ ਅਸੀਂ ਵੀ ਨਹੀਂ ਕਹਿ ਸਕਦੇ। ਇਹ ਜਿਹੜਾ ਨਾਮ ਹੈ, ਸੁਰਤੀ ਜੋੜਕੇ ਇਹਦੀ ਵਡਿਆਈ ਅਸੀਂ ਕਹਿ ਨਹੀਂ ਸਕਦੇ। ਇਹ ਬੇ-ਕੀਮਤੀ ਹੈ। ਇਹਨੇ ਤੁਹਾਨੂੰ ਉੱਥੇ ਪਹੁੰਚਾਣਾ ਵੀ ਹੈ।

***ਨਾਮੁ ਸੰਗੀ ਸੋ ਮਨਿ ਨ ਬਸਾਇਓ॥***
***ਛੋਡਿ ਜਾਹਿ ਵਾਹੂ ਚਿਤੁ ਲਾਇਓ॥*** (ਪੰਨਾ ੭੧੫)

ਜਿਹੜੀਆਂ ਚੀਜਾਂ ਛੱਡ ਕੇ ਜਾਣੀਆਂ ਸੀ ਸਾਰਾ ਕੁੱਝ ਇਹਨੇ ਚਿੱਤ ਵਿੱਚ ਰੱਖਿਆ ਤੇ **ਨਾਮੁ ਸੰਗੀ ਸੋ ਮਨਿ ਨ ਬਸਾਇਓ** ਨਾਮ ਨੇ ਸੰਗੀ ਹੋ ਕੇ ਨਾਮੀ ਨੂੰ ਮਿਲਾਉਣਾ ਸੀ, ਉਹਦੇ ਨਾਲ ਤੁਹਾਡਾ ਚਿੱਤ ਨਹੀਂ ਜੁੜਿਆ । ਇਸ ਕਰਕੇ

***ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ॥***
(ਪੰਨਾ ੬੩੮)

ਉਹ ਨਾਮ ਨੂੰ ਛੱਡਣਾ ਨਹੀਂ ਤੇ ਨਾ ਤੁਸੀਂ ਛਡੋਂਗੇ। ਜੀਹਦਾ ਵੀ ਸੁਰ ਹੋ ਗਿਆ, ਕਬੀਰ ਦਾ ਹੋ ਗਿਆ, ਰਵਿਦਾਸ ਦਾ ਹੋ ਗਿਆ, ਧੰਨੇ ਦਾ ਹੋ ਗਿਆ, ਉਹਨਾਂ ਨੇ ਛੱਡਿਆ ਨਹੀਂ। ਉਹ ਸੁੱਤਾ ਪਿਆ ਵੀ ਨਹੀਂ ਛੱਡ ਸਕਦਾ। ਉਹਦੀ ਤਾਕਤ ਹੀ ਨਹੀਂ ਛੱਡਣ ਦੀ। ਫਿਰ ਉਹਦਾ ਰਿਹਾ ਹੀ ਨਾ ਕੁੱਛ। ਉਹਦਾ ਜਿਹੜਾ ਹੰਕਾਰ ਸੀ, ਉਹ ਤਾਂ ਗਿਆ ਆਇਆ, ਉਹ ਤਾਂ ਜੋ ਕੁੱਛ ਸੀ ਉਹੀ ਹੋ ਗਿਆ। ਇਸ ਕਰਕੇ ਭਾਈ ਇਹ ਉਸ ਨਾਮ ਦੀ ਵਡਿਆਈ ਹੈ। ਕੁੱਛ ਕਹੋ। ਕਹਿੰਦੇ ਇਹਦੀ ਕੀਮਤ ਕੋਈ ਨਹੀਂ। ਕੀਮਤ ਤਾਂ ਅਨਾਤਮ ਵਸਤੂ ਦੀ ਹੁੰਦੀ ਹੈ ਜਾਂ ਫਿਰ ਉਹਦੇ ਮੁਕਾਬਲੇ ਦਾ ਕੋਈ ਹੋਵੇ, ਤਾਂ ਹੁੰਦੀ ਹੈ। ਉਹਦੀ ਕੀਮਤ ਤੁਸੀਂ ਕੀ ਲਾਉਂਗੇ, ਜਦ ਪਰਮੇਰ ਦੇ ਬਰਾਬਰ ਦਾ ਤਾਂ ਕੋਈ ਹੈ ਨਹੀਂ। ਜਾਂ ਦੋ ਨਿਰਾਕਾਰ ਨੇ, ਇਕ ਨਿਰੰਕਾਰੀਆਂ ਦਾ ਨਿਰਾਕਾਰ ਹੈ, ਇਕ ਤੁਹਾਡਾ । ਉਹ ਜਿਹੜਾ ਨਿਰੰਕਾਰੀਆਂ ਦਾ ਨਿਰਾਕਾਰ ਹੈ, ਉਹੀ ਸਾਡਾ ਹੈ। ਤੇ ਜਿਹੜਾ ਸਾਡਾ ਨਿਰਾਕਾਰ ਹੈ, ਉਹੀ ਨਿਰੰਕਾਰੀਆਂ ਦਾ ਹੈ। ਹੋਰ ਤਾਂ ਕੁੱਛ ਹੈ ਨਹੀਂ, ਇਸ ਕਰਕੇ ਭਾਈ ਇਹਦੀ ਕੀਮਤ ਨਹੀਂ ਕਹੀ ਜਾ ਸਕਦੀ ਬਿਨਾਂ ਬ੍ਰਹਮ ਗਿਆਨੀ ਤੋਂ- ਚੱਲੀਏ--

**ਸੰਤਹੁ ਹਰਿ ਹਰਿ ਹਰਿ ਆਰਾਧਹੁ॥**

ਸੰਤੋ ! ਜਿਹੜਾ ਸਭ ਨੂੰ ਹਰੇ ਕਰਨ ਵਾਲਾ, ਹਰ ਜਗ੍ਹਾ ਹੈ ਉਸ ਦਾ ਆਰਾਧਨ ਕਰੋ ਸੰਤੋ ! ਇਹ ਜੋ ਸੰਬੋਧਨ ਹੈ ਸੰਤਾਂ ਨੂੰ ਹੈ। ਗੁਰੂ ਸਾਹਿਬ

ਕਹਿੰਦੇ ਜਿਹੜਾ ਹਰ ਜਗ੍ਹਾ ਹੈ, ਵਿਆਪਕ ਹੈ, ਹਰੇ ਭਰੇ ਸੰਸਾਰ ਨੂੰ ਕਰਨ ਵਾਲਾ ਹੈ, ਉਹਦਾ ਆਰਾਧਨ ਕਰੋ। ਉਹ ਤੁਸੀਂ ਆਰਾਧਨ ਸੁਰਤ ਨਾਲ ਕਰ ਸਕਦੇ ਹੋ, ਹੋਰ ਤਾਂ ਤੁਹਾਡੇ ਕੋਲ ਕੋਈ ਚੀ ਨਹੀਂ ਆਰਾਧਨ ਦੀ, ਜਾਂ ਤੁਸੀਂ ਦੱਸੋ ਹੋਰ ਕੋਈ ਚੀ ਹੈ ? ਕਿਸੇ ਪਾਸ ਵੀ ਨਹੀਂ ਹੈ। ਉਹਦਾ ਆਰਾਧਨ ਜਦ ਤੁਹਾਡੀ ਸੁਰਤ ਜੁੜ ਜਾਏਗੀ ਤਾਂ ਚੱਲੂ। ਉਸ ਪਰਮੇਰ ਦਾ ਆਰਾਧਨ ਕਰੋ।

**ਹਰਿ ਆਰਾਧਿ ਸਭੋ ਕਿਛੁ ਪਾਈਐ**

ਜੇ ਤੁਸੀਂ ਹਰੀ ਦਾ ਆਰਾਧਨ ਕਰ ਲਿਆ, ਸਭ ਕੁੱਛ ਪਾ ਲਿਆ। ਬਾਕੀ ਕੁੱਛ ਨਹੀਂ ਤੇ ਬਾਕੀ ਕੋਈ ਚੀ ਹੀ ਨਹੀਂ ਰਹਿੰਦੀ, ਜਦ ਪਰਮੇਰ ਦਾ ਆਰਾਧਨ ਹੋ ਜਾਏ। ਹੋਰ ਦੱਸੋ ਕਿਹੜੀ ਬਾਤ ਹੈ ? ਜਾਂ ਕੋਈ ਦੋ ਨਿਰਾਕਾਰ ਹੋਣ ਤਾਂ ਵੀ ਤੁਸੀਂ ਕਹਿ ਸਕਦੇ ਹੋ, ਉਹ ਤਾਂ ਇੱਕ ਹੈ। ਉੱਥੇ ਇੱਕ ਹੈਗਾ ਗੁਰਾਇਆ, ਉਹ ਕਲਾਮ ਬੜਾ ਪੜ੍ਹਦਾ ਤੇ ਸੁਣਾਉਂਦਾ, ਬੜਾ ਐਸ.ਡੀ.ਓ. ਹੈ। ਉਹਦੇ ਕੋਲ ਕਈ ਟੀਕੇ ਕੁਰਾਣ ਦੇ ਨੇ, ਉਹ ਬੜਾ ਸੁਣਾਉਂਦੈ। ਉਹਦੇ ਵਿੱਚ ਇਕ ਬਾਤ ਆ ਗਈ ਕੁਰਾਣ ਚ ਮਹੁੰਮਦ ਦੀ, ਅਖੇ ਉਹ ਜਿਹੜਾ ਅੰਦਰ ਦੇਖਦੈ ਉਹ ਖੁਦਾ ਹੈ । ਮੈਂ ਕਿਹਾ ਕੋਈ ਫਰਕ ਤਾਂ ਪਿਆ ਨਹੀਂ, ਜਿਹੜਾ ਅੰਦਰ ਦੇਖਣੇ ਵਾਲਾ ਤੇ ਜਾਨਣੇ ਵਾਲਾ ਉਹੀ ਖੁਦਾ ਹੈ, ਹੋਰ ਤਾਂ ਖੁਦਾ ਹੈ ਨਹੀਂ। ਤੇ ਮੈਂ ਆਖਿਆ ਬਾਤ ਤਾਂ ਇਹਨੂੰ ਵੀ ਉਹੀ ਕਹਿਣੀ ਪਈ ਕੁਰਾਣ ਵਾਲੇ ਨੂੰ, ਹੋਰ ਤਾਂ ਕੁੱਛ ਨਹੀਂ ਕਿਹਾ । ਇਹ ਬਾਤ ਭਾਈ ਸਿੱਖਾਂ ਨੂੰ, ਹਿੰਦੂਆਂ ਨੂੰ, ਸਭ ਨੂੰ ਕਹਿਣੀ ਪਈ। ਜਦ ਤੁਸੀਂ ਉਹਦਾ ਆਰਾਧਨ ਕਰ ਲਿਆ ਹੋਰ ਬਾਕੀ ਤਾਂ ਕੁੱਛ ਨਹੀਂ। ਤੁਸੀਂ ਭੁੱਲ ਗਏ। ਪਰ ਆਹ ਹੈ ਸਿੱਧਾ ਰਸਤਾ। ਇਕ ਹੁੰਦੀ ਹੈ, ਕੱਚੀ ਚਾਂਦਮਾਰੀ ਉਹ ਕਿਸੇ ਕਿਸੇ ਵੇਲੇ ਕੰਮ ਦੇ ਜਾਂਦੀ ਹੈ ਪਰ ਪੱਕਾ ਨਹੀਂ। ਕਿਤੇ ਇੱਧਰ ਕਿਤੇ ਉੱਧਰ। ਉਹ ਪੱਕੀ ਚਾਂਦਮਾਰੀ ਜਿਹੜੀ ਸੋਲ੍ਹਾਂ ਆਨੇ ਹੋਵੇ, ਉਹੀ ਹੈ।

ਇਸ ਕਰਕੇ ਜਦ ਤੁਸੀਂ ਉਸ ਬਦ ਦੇ ਨਾਲ ਇਕ ਹੋਗੇ, ਤੁਹਾਡੀ ਸੁਰਤ ਜੁੜ ਗਈ, ਜਿਹੜਾ ਤੁਸੀਂ ਨਾਮ ਕਹੋਂਗੇ, ਉਹ ਨਾਮੀ ਨੂੰ ਮਿਲਾ ਦੇਵੇਗਾ। ਦੇਖਣੇ ਵਾਲਾ ਵੀ ਉਹੀ ਹੈ, ਹੋਰ ਤਾਂ ਕੋਈ ਹੈ ਨਹੀਂ। ਉਹੀ

ਸੱਤ ਹੈ, ਨਿਰੰਕਾਰ, ਉਹੀ ਪਰਮੇਰ ਹੈ।

**ਕਾਰਜ ਸਗਲੇ ਸਾਧਹੁ ॥ ਰਹਾਉ ॥**

ਸਾਰੇ ਕਾਰਜ ਸਿੱਧ ਕਰ ਲਉ । ਸਾਰੇ ਕਾਰਜ ਭਾਈ ਸਿੱਧ ਹੋ ਜਾਣਗੇ, ਜਦ ਤੁਸੀਂ ਉਹਦਾ ਆਰਾਧਨ ਕਰ ਲਉਂਗੇ। ਤੁਹਾਡੇ ਸਾਰੇ ਕੰਮ ਸਿੱਧ ਹੋ ਜਾਣਗੇ। ਪਰ ਇਹ ਕਿਰਪਾ ਦੀ ਗੱਲ ਹੈ। ਈਰ ਦੀ ਕਿਰਪਾ ਤੇ ਈਰ ਪ੍ਰਾਪਤ ਹੁੰਦਾ ਹੈ, ਪਰਮੇਰ ਦੀ ਕਿਰਪਾ ਤੇ ਪਰਮੇਰ ਪ੍ਰਾਪਤ ਹੁੰਦੈ। ਹਾਲਾਂਕਿ ਗੁਰੂ ਤਾਂ ਇੱਕੋ ਹੈ, ਜੋਤ ਤਾਂ ਿ ਇੱਕੋ ਹੀ ਹੈ। ਸਾਰਿਆਂ ਦਾ ਗੁਰੂ ਇੱਕੋ ਹੀ ਹੁੰਦੈ, ਪਰਮੇਰ ਜੋਤ ਤਾਂ ਇਕੋ ਹੀ ਹੈ। ਪਰ ਉਹ ਗੁਰੂ ਵੀ ਤਾਂ ਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦੈ। ਬਖਿਆ ਹੋਇਆ ਜੋ ਹੋਵੇਗਾ ਉਹਦੇ ਬਰਾਬਰ ਕੋਈ ਨਹੀਂ।

ਇਹ ਤਾਂ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਤੇ ਕਥਾ ਵੀ ਕਰਦੇ ਹਾਂ। ਉਹ ਜਦ ਬੁੱਧੂ ਦੇ ਆਵੇ ਦੀ ਅਰਦਾਸ ਕਰਨ ਲੱਗੇ, ਪੰਚਮ ਪਾਤਾਹ ਕਰਾਉਂਦੇ ਨੇ ਸਿੱਖ ਤੋਂ ਉਹ ਕਹਿੰਦਾ ਪੱਕਾ । ਉਹ ਬਾਹਰ ਖੜਾ ਕਹਿੰਦਾ ਕੱਚਾ, ਕੱਚਾ, ਕੱਚਾ। ਬਾਹਰ ਖੜਾ ਉਹ ਕਹਿੰਦਾ ਸੀ ਮੈਨੂੰ ਅੰਦਰ ਗੁਰੂ ਦੇ ਦਰਨ ਕਰ ਲੈਣ ਦਿਓ । ਉਹ ਜਿਹੜਾ ਬਾਹਰ ਦਰਵਾਜੇ ਤੇ ਖੜ੍ਹਾ ਸੀ ਸਿੱਖ, ਉਹ ਸਮਝਦਾ ਸੀ ਕਿ ਮੈਲੇ ਲੀੜਿਆਂ ਵਾਲਾ ਕਿਉਂ ਜਾਏ ਅੰਦਰ । ਇਹਦੇ ਤਾਂ ਲੀੜੇ ਪਾਟੇ ਤੇ ਮੈਲੇ ਨੇ । ਉਹ ਕਹਿੰਦੇ ਜੀ !ਆਹ ਕੀ ਹੋਇਆ ? ਕਹਿੰਦੇ ਜੋ ਹੋਣਾ ਸੀ ਸੋ ਹੋ ਗਿਆ। ਇਹ ਕਹਿੰਦੇ, ਇਹ ਕੀ ਬਾਤ ? ਕਹਿੰਦੇ ਉਹ ਗੁਰੂ ਰਾਮਦਾਸ ਬੋਲੇ ਨੇ , ਉਹ ਗੁਰੂ ਰਾਮਦਾਸ ਦਾ ਅਨਿੰਨ ਸਿੱਖ ਹੈ। ਉਹ ਗੁਰੂ ਰਾਮਦਾਸ ਬੋਲੇ ਨੇ, ਅਸੀਂ ਹਟਾ ਸਕਦੇ ਹਾਂ ? ਸਾਡੇ ਤਾਂ ਗੁਰੂ ਨੇ। ਛੇਤੀ ਕਰੋ, ਉਹਨੂੰ ਅੰਦਰ ਲਿਆਉ। ਅੰਦਰ ਕਿਉਂ ਨਹੀਂ ਸੀ ਆਉਣ ਦਿੱਤਾ? ਅਖੇ ਜੀ ਲੀੜੇ ਮੈਲੇ ਨੇ, ਪਾਟੇ ਹੋਏ ਨੇ ਸੰਗਤ ਚੰਗੀ ਬੈਠੀ ਹੈ, ਅੱਛਾ ਨਹੀਂ ਲੱਗੇਗਾ। ਉਹਨਾਂ ਆਖਿਆ ਨਾ। ਉਹੀ ਬਾਤ ਗੁਰੂ ਸਾਹਿਬ ਨੇ ਇਹ ਤਾਂ ਕਹਿਤਾ ਕਿ ਪੱਕਿਆਂ ਦੇ ਭਾਅ ਵਿਕੇਗਾ। ਪਰ ਪਕਦਾ ਨਹੀਂ। ਤੇ ਵਿਕਿਆ ਵੀ ਪੱਕਿਆਂ ਦੇ ਭਾਅ ਹੀ, ਤੁਸੀਂ ਇਤਿਹਾਸ ਪੜ੍ਹਿਆ

ਹੋਣੈ ਸਾਰਾ। ਇਸ ਕਰਕੇ ਭਾਈ ਜਦ ਤੱਕ ਇਹਦੀ ਸੁਰਤ ਸੁਰ ਨਹੀਂ ਹੁੰਦੀ। ਉਹਦੀ ਸੁਰਤ ਗੁਰੂ ਰਾਮਦਾਸ ਜੀ ਨੇ ਸੁਰ ਕੀਤੀ ਹੋਈ ਸੀ, ਉਹ ਆਪ ਤਾਂ ਨਹੀਂ ਬੋਲਿਆ, ਉਹ ਜਿੱਥੇ ਸੁਰਤ ਸੁਰ ਸੀ, ਉੱਥੋਂ ਬੋਲਿਆ। ਇਸ ਕਰਕੇ ਸਾਰੇ ਕਾਰਜ ਸਿੱਧ ਹੋ ਜਾਣਗੇ, ਪਰ ਜੇ ਤੁਸੀਂ ਇਹ ਕੰਮ ਕਰੋਂਗੇ। ਆਰਾਧਨ ਕਰੋਂਗੇ ਪਰਮੇਰ ਦਾ। ਆਰਾਧਨ ਦਾ ਇੱਕੋ ਹੀ ਅਰਥ ਹੈ, ਇਕ ਰਸ। ਜੈਸੇ ਤੇਲ ਦੀ ਧਾਰਾ ਵਹਿੰਦੀ ਹੈ, ਉਹਦੇ ਵਿੱਚ ਫਰਕ ਨਹੀਂ ਕਦੇ ਪੈਂਦਾ, ਉਹ ਇੱਕ ਥਾਂ ਹੀ ਪਈ ਜਾਂਦੀ ਹੈ। ਆਰਾਧਨ ਉਸ ਬਿਰਤੀ ਦਾ ਨਾਉਂ ਹੈ, ਉਹ ਬਿਰਤੀ ਕਦੇ ਇੱਧਰ, ਉੱਧਰ ਨਾ ਜਾਵੇ। ਸਮਝ ਗਏ, ਇਹ ਬਾਤ ਹੈ ਭਾਈ। ਹੁਣ ਪੜ੍ਹ–

**ਹਰਿ ਆਰਾਧਿ ਸਭੋ ਕਿਛੁ ਪਾਈਐ**

ਜੇ ਹਰੀ ਦਾ ਆਰਾਧਨ ਕਰੋਂਗੇ ਤਾਂ ਸਭ ਕੁੱਛ ਪਾ ਲਉਂਗੇ। ਕੁੱਛ ਬਾਕੀ ਨਹੀਂ ਰਹੇਗਾ।

**ਕਾਰਜ ਸਗਲੇ ਸਾਧਹੁ॥ਰਹਾਉ ॥**

ਸਾਰੇ ਕਾਰਜ ਭਾਈ ਆਪਦੇ ਸਿੱਧ ਕਰ ਲਉਂਗੇ, ਕੋਈ ਤੁਹਾਡਾ ਬਾਕੀ ਨਹੀਂ ਰਹੂ। ਪਰ ਤੁਹਾਡਾ ਆਰਾਧਨ ਚੱਲ ਜਾਏ। ਉਹ ਬਦ, ਸੁਰਤ ਜਿੱਥੇ ਜੁੜੀ ਹੈ ਬਦ ਨਾਲ, ਉਹ ਇਕ ਰਸ ਚਲ ਜਾਏ। ਉਹ ਹਟੇਗੀ ਨਹੀਂ।

**ਪ੍ਰੇਮ ਭਗਤਿ ਪ੍ਰਭ ਲਾਗੀ॥**

ਪ੍ਰੇਮਾ ਭਗਤੀ ਪਰਮੇਰ ਦੇ ਨਾਲ ਜੁੜ ਗਈ। ਆਰਾਧਨ ਦਾ ਅਰਥ ਹੈ, ਪ੍ਰੇਮਾ ਭਗਤੀ ਵਧ ਜਾਣੀ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
***ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥*** (ਪੰਨਾ ੧੩੮੮)

ਸੰਤ ਤਾਂ ਪ੍ਰੇਮਾ ਭਗਤੀ ਦੁਆਰਾ ਹੀ ਬਣਦੈ ਜਾਂ ਹੋਰ ਤਾਂ ਮੈਨੂੰ ਦੱਸੋ ਜਗ੍ਹਾ ਕਿ ਫਲਾਣਾ ਸੰਤ ਬਣ ਗਿਆ ? ਜਦ ਇਹਦੀ ਪ੍ਰੇਮ ਦੇ ਨਾਲ ਬਿਰਤੀ ਜੁੜ ਗਈ ਤੇ ਸੰਤ ਬਣ ਜਾਊ। ਫਿਰ ਸੰਤ ਚ ਇਹ ਤਾਕਤ ਆ ਜਾਂਦੀ ਹੈ।

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***

***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਉਹਨੇ ਆਪਣੇ ਅੰਦਰ ਦੇਖ ਕੇ ਤੇ ਦੂਜੇ ਨੂੰ ਦਿਖਾਲ ਦਿੱਤਾ ਪਰਮੇਰ। ਇਸ ਕਰਕੇ ਭਾਈ ਆਹ ਗੱਲ ਕਰਨੀ ਹੈ।

**ਸੋ ਪਾਏ ਜਿਸੁ ਵਡਭਾਗੀ॥**

ਜੀਹਦੇ ਵੱਡੇ ਭਾਗ ਹੋਣਗੇ, ਉਹ ਇਹਨੂੰ ਪਾਏਗਾ। ਆਰਾਧਨ ਉਹ ਪਾਏਗਾ ਜੀਹਦੇ ਅਤਿਅੰਤ ਵੱਡੇ ਭਾਗ ਹੋਣਗੇ, ਉਹਦੀ ਬਿਰਤੀ ਭਾਈ ਉੱਥੇ ਜੁੜੇਗੀ। ਤੇ ਬੜਾ ਉੱਥੇ ਲਿਖਿਐ ਤੁਲਸੀ ਦਾਸ ਨੇ :-

***ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।***

***ਸਤਸੰਗਤਿ ਸੰਸ੍ਰਿਤਿ ਕਰਿ ਅੰਤਾ॥*** (ਰਾਮਾਇਣ)

ਉਹ ਤੁਲਸੀ ਦਾਸ ਨੂੰ ਕਹਿੰਦੇ, ਜੀ ਸੰਤ ਕੈਸੇ ਮਿਲੇਗਾ?

***ਪੁੰਨ ਪੁੰਜ ਬਿਨੁ ਮਿਲੇ ਨਾ ਸੰਤਾ॥***

ਜਿੰਨਾ ਚਿਰ ਪੁੰਨਾਂ ਦਾ ਸਮੂਹ ਨਹੀਂ ਇਕੱਠਾ ਹੁੰਦਾ, ਉਤਨਾ ਚਿਰ ਸੰਤ ਨਹੀਂ ਮਿਲਦਾ। ਉਹ ਕਹਿੰਦੇ, ਜੀ ਸੰਤ ਮਿਲੇ ਤੇ ਕੀ ਹੋਏਗਾ?

***ਪੁੰਨ ਪੁੰਜ ਬਿਨੁ ਮਿਲੇ ਨਾ ਸੰਤਾ॥***

***ਸੰਤ ਸੰਗਤ ਸੰਸਕ੍ਰਿਤੀ ਕਾ ਹੰਤਾ॥***

ਉਹ ਸੰਤ ਦੇ ਸੰਗ ਨਾਲ ਤੇਰੇ ਸੰਸਾਰ ਦਾ ਅੰਤ ਹੋ ਜਾਊ । ਤੇਰਾ ਜਨਮ ਮਰਨ ਕੱਟਿਆ ਜਾਊ। ਤੁਲਸੀ ਦਾਸ ਨੇ ਲਿਖਿਐ। ਇਸ ਕਰਕੇ ਜੋ ਬੜੇ ਪੁੰਨਾਂ ਵਾਲਾ, ਬੜੇ ਭਾਗਾਂ ਵਾਲਾ ਹੈ, ਉਹ ਪ੍ਰੇਮਾ ਭਗਤੀ ਦੁਆਰੇ ਸੰਤ ਬਣ ਜਾਏਗਾ ਤੇ ਸੰਤ ਫਿਰ ਇਹਦਾ ਆਪਾ ਦਿਖਾਲ ਦੇਗਾ। ਇਹ ਤਾਂ ਸਿੱਧੀ ਬਾਤ ਹੈ, ਤੁਸੀਂ ਵੀ ਬਣ ਕੇ ਦੇਖ ਲਉ।

**ਜਨ ਨਾਨਕ ਨਾਮੁ ਧਿਆਇਆ॥**

ਜਿੰਨੇ ਵੀ ਜਨ ਨੇ, ਦਾਸ ਨੇ, ਜਿਨ੍ਹਾਂ ਵੀ ਨਾਮ ਧਿਆਇਆ, ਕਿਸੇ

ਨੇ ਵੀ ਧਿਆਇਆ, ਇਹ ਇਕੋ ਹੀ ਬਦ ਹੈ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਉੱਥੇ ਕੁੱਛ ਨਹੀਂ ਹੁੰਦਾ।

ਉਹ ਮੈਂ ਚਲਾ ਗਿਆ ਉੱਥੇ ਹਜੂਰ ਸਾਹਿਬ। ਜੱਥੇਦਾਰ ਕੋਲ ਰਹਿੰਦਾ ਸੀ। ਉਹ ਕਥਾ ਕਰਦਾ ਸੀ, ਉੱਥੇ ਹਜੂਰ ਸਾਹਿਬ। ਉਹ ਮੇਰੇ ਕੋਲ ਆਏ ਕਹਿੰਦੇ ਕਥਾ ਕਰੋ ਤੇ ਜਾਂਦੇ ਹੋਏ ਕਹਿ ਗਏ ਬਈ ਮੋਟਰ ਭੇਜਾਂਗੇ। ਮੈਨੂੰ ਪਤਾ ਸੀ ਕਿ ਪੈਸੇ ਤਾਂ ਮੇਰੇ ਕੋਲ ਹੈ ਨਹੀਂ, ਮੈਂ ਤੁਰਕੇ ਵੀ ਤਾਂ ਜਾਊਂਗਾ, ਮੈਂ ਕਿਹਾ ਚੰਗਾ ਭੇਜ ਦੇਈਂ। ਮੈਂ ਗਿਆ, ਕਹਿੰਦੇ ਜੀ ਕਥਾ ਕਰੋ। ਤੇ ਜਦ ਮੈਂ ਬੈਠਿਆ ਤਾਬਿਆ ਗੁਰੂ ਗ੍ਰੰਥ ਸਾਹਿਬ ਦੀ ਤਾਂ ਇਕ ਨਿਹੰਗ ਆ ਗਿਆ। ਉਹ ਕਹਿੰਦਾ, ਉਏ ਸਾਡੀ ਗੱਦੀ ਤੇ ਭਗਵਿਆਂ ਕੱਪੜਿਆਂ ਵਾਲਾ ? ਉਹਨੇ ਅੱਗੇ ਹੀ ਬੋਚ ਲਿਆ ਜੱਥੇਦਾਰ ਨੇ ਉਹਨੂੰ। ਮੈਂ ਸੁਣ ਤਾਂ ਲਿਆ ਸਾਰਾ। ਜੱਥੇਦਾਰ ਬੋਚ ਕੇ ਉਹਨੂੰ ਉੱਧਰ ਲੈ ਗਿਆ। ਮੈਂ ਉਹੀ ਬਦ ਲਿਆ।

***ਉਪਦੇਸੁ ਚਹੁ ਵਰਨਾ ਕਉ ਸਾਝਾ॥*** (ਪੰਨਾ ੭੪੮)

ਹੁਣ ਜਦ ਮੈਂ ਸਾਰੇ ਬਦ ਦਾ ਅਰਥ ਕੀਤਾ ਕਿ ਬਈ ਇਹ ਤਾਂ ਸਾਰਿਆਂ ਦੀ ਸਾਂਝੀ ਹੈ ਬਾਣੀ। ਜਿਸ ਦਿਨ ਨਿਹੰਗੋ ਤੁਹਾਡੀ ਬਾਣੀ ਹੋਊ ਕਦੇ ਨਹੀਂ ਬਹਿੰਦੇ, ਨੇੜੇ ਵੀ ਨਹੀਂ ਆਉਂਦੇ। ਉਹ ਜਦ ਮੈਂ ਕਥਾ ਕਰਕੇ ਹਟਿਆ, ਉਹਨੂੰ ਜੱਥੇਦਾਰ ਲਿਆਇਆ, ਕਹਿੰਦਾ ਹੁਣ ਦੱਸ। ਉਹ ਕਹਿੰਦਾ ਮੈਨੂੰ ਕੀ ਪਤਾ ਸੀ, ਸਾਧ ਇੰਨਾ ਪੜ੍ਹਿਆ ਹੋਇਐ। ਫਿਰ ਮੇਰੇ ਕੋਲ ਬੈਠੇ ਰਹੇ । ਮੈਂ ਕਿਹਾ ਕੀ ਆਖਿਐ ਓਏ ਬਾਬਿਆਂ ਨੇ, ਸਾਂਝੀ ਨਹੀਂ ਬਾਣੀ? ਚਹੁ ਵਰਨਾਂ ਲਈ ਸਾਂਝੀ ਨਹੀਂ ? ਕਹਿੰਦਾ-ਜੀ ਵਹਿਮ ਪੈ ਗਿਆ । ਇਹ ਲੀੜਿਆਂ ਦਾ ਵੀ ਵਹਿਮ ਪੈ ਗਿਆ। ਮੈ ਆਖਿਆ ਵਹਿਮ ਹੀ ਹੈ ਹੋਰ ਤਾਂ ਨਹੀਂ ਕੁੱਛ ਹੈਗਾ! ਇਸ ਕਰਕੇ ਵਹਿਮ ਹੀ ਹੈ ਭਾਈ। ਉਹ ਪਰਮੇਰ ਸਾਰਿਆਂ ਦਾ ਸਾਂਝਾ ਹੈ। ਇਹ ਬਾਣੀ ਪਰਮੇਰ ਦੀ ਹੈ, ਇਹ ਵੀ ਸਾਰਿਆਂ ਦੀ ਸਾਂਝੀ ਹੈ। ਪਰਮੇਰ ਦੀ ਨਦੀ ਚਲਦੀ ਹੈ, ਕੋਈ ਨਹਾ ਲਵੇ, ਕੋਈ ਪਾਣੀ ਪੀ ਲਵੇ, ਕੋਈ ਧੋ ਲਵੇ, ਨਦੀ ਨੇ ਕੁੱਛ ਨਹੀਂ ਕਹਿਣਾ। ਜੋ ਵੀ ਪਰਮੇਰ ਦੀਆਂ ਸਾਂਝੀਆਂ ਚੀਜਾਂ ਨੇ - ਇਹ ਪ੍ਰਿਥਵੀ ਸਾਂਝੀ ਹੈ, ਸਾਰੇ ਬੈਠੇ ਨੇ, ਕਿਸੇ ਨੂੰ ਕਹਿੰਦੀ ਹੈ ਕਿ ਤੁਸੀਂ

ਉੱਠ ਕੇ ਚਲੇ ਜਾਓ ? ਇਹ ਪਰਮੇਰ ਦੀ ਸਾਂਝੀ ਚੀਜ ਹੈ। ਇਹ ਉਪਦੇ ਵੀ ਚਹੁੰ ਵਰਨਾਂ ਨੂੰ ਸਾਂਝਾ ਹੈ, ਮੈਂ ਕਿਹਾ। ਉਹ ਕਹਿੰਦਾ ਜੀ ਗੱਲ ਤਾਂ ਠੀਕ ਕਹੀ। ਮੈਨੂੰ ਪਿੱਛੋਂ ਪਤਾ ਲਗਿਆ ਜਦੋਂ ਤੁਸੀਂ ਕਹੀ। ਮੈਂ ਕਿਹਾ- ਮੈਂ ਵੀ ਜਾਣ ਕੇ ਕਹੀ ਸੀ।

ਇਸ ਕਰਕੇ ਭਾਈ ਸਾਰਿਆਂ ਦਾ ਪਰਮੇਰ ਇੱਕ ਹੈ, ਦੋ ਤਾਂ ਹੈ ਨਹੀਂ। ਗੁਰੂ ਸਾਹਿਬ ਨੇ ਵੀ ਏਕਾ ਹੀ ਲਿਖਿਐ।

***ਏਕਮ ਏਕੰਕਾਰੁ ਨਿਰਾਲਾ॥***
***ਅਮਰੁ ਅਜੋਨੀ ਜਾਤਿ ਨ ਜਾਲਾ॥***
***ਅਗਮ ਅਗੋਚਰੁ ਰੂਪੁਨ ਰੇਖਿਆ॥***
***ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਗੁਰੂ ਸਾਹਿਬ ਕਹਿੰਦੇ ਸਾਰਿਆਂ ਦੇ ਹਿਰਦਿਆਂ ਚ ਬੈਠੈ। ਗੁਰੂ ਸਾਹਿਬ ਪਹਿਲੀ ਪਾਤਾਹੀ ਦਾ ਇਹ ਅਰਥ ਕੀਤਾ ਹੋਇਐ ਬਿਲਾਵਲ ਰਾਗ ਵਿੱਚ। ਅਸੀਂ ਦੇਖਿਆ ਉਹ ਏਕਾ ਸਾਰਿਆਂ ਦੇ ਹਿਰਦਿਆਂ ਚ ਬੈਠਾ ਦਿਸਿਆ। ਭਾਈ ਘਨੱਈਏ ਨੂੰ ਵੀ ਉਹੀ ਦਿਸਿਆ, ਉਹਨੇ ਵੀ ਪਾਣੀ ਪਿਆਇਆ ਸਾਰਿਆਂ ਨੂੰ।

❑

ੴ ਸਤਿਗੁਰ ਪ੍ਰਸਾਦਿ॥

# ੨੩

---

**ਜੈਤਸਰੀ ਮਹਲਾ ੯  ਸਤਿਗੁਰ ਪ੍ਰਸਾਦਿ॥**

**ਭੂਲਿਓ ਮਨੁ ਮਾਇਆ ਉਰਝਾਇਓ॥**
**ਜੋ ਜੋ ਕਰਮ ਕੀਓ ਲਾਲਚ ਲਗਿ**
**ਤਿਹ ਤਿਹ ਆਪੁ ਬੰਧਾਇਓ॥੧ ॥ ਰਹਾਉ ॥**
**ਸਮਝ ਨ ਪਰੀ ਬਿਖੈ ਰਸ ਰਚਿਓ**
**ਜਸੁ ਹਰਿ ਕੋ ਬਿਸਰਾਇਓ॥**
**ਸੰਗਿ ਸੁਆਮੀ ਸੋ ਜਾਨਿਓ ਨਾਹਿਨ**
**ਬਨੁ ਖੋਜਨ ਕਉ ਧਾਇਓ॥੧॥**
**ਰਤਨੁ ਰਾਮੁ ਘਟ ਹੀ ਕੇ ਭੀਤਰਿ**
**ਤਾ ਕੋ ਗਿਆਨੁ ਨ ਪਾਇਓ॥**
**ਜਨ ਨਾਨਕ ਭਗਵੰਤ ਭਜਨ ਬਿਨੁ**
**ਬਿਰਥਾ ਜਨਮੁ ਗਵਾਇਓ॥੨॥੧॥** (ਪੰਨਾ ੭੦੨)

---

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

**ਜੈਤਸਰੀ ਮਹਲਾ ੯  ਸਤਿਗੁਰ ਪ੍ਰਸਾਦਿ॥**

ਜੈਤਸਰੀ ਰਾਗ ਦੇ ਵਿੱਚ ਨੌਵੇਂ ਪਾਤਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਕਥਨ ਕਰਦੇ ਨੇ–

***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥***
***ਕੀਨੋ ਬਡੋ ਕਲੂ ਮਹਿ ਸਾਕਾ॥***

***ਸਾਧਨਿ ਹੇਤਿ ਇਤੀ ਜਿਨਿ ਕਰੀ।।***
***ਸੀਸ ਦੀਆ ਪਰ ਸੀ ਨ ਉਚਰੀ।।*** (ਬਚਿੱਤ੍ਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ, **ਹਿੰਦ ਦੀ ਚਾਦਰ** ਇਹਨਾਂ ਨੂੰ ਇਸ ਕਰਕੇ ਕਹਿੰਦੇ ਨੇ, ਇਹਨਾਂ ਨੇ ਹਿੰਦ ਦਾ ਧਰਮ ਰਖਿਆ। ਧਰਮ, ਬਿਨਾਂ ਅਵਤਾਰ ਦੇ ਕੋਈ ਨਹੀਂ ਰੱਖ ਸਕਦਾ। ਕਾਰਕ ਵੀ ਨਹੀਂ ਰੱਖ ਸਕਦਾ। ਇਹ ਗੁਰੂ ਅਵਤਾਰ ਸੇ। ਗੁਰੂਆਂ ਦਾ ਇਹੀ ਅਸਲੀ ਧਰਮ ਹੈ, ਧਰਮ ਦੀ ਰੱਖਿਆ ਕਰਨਾ, ਕਿਉਂ ? ਗੁਰੂ ਜੋ ਹੋਏ। ਇਸ ਕਰਕੇ ਉਹਨਾਂ ਨੇ ਧਰਮ ਦੀ ਰੱਖਿਆ ਕੀਤੀ।

***ਸਾਧਨਿ ਹੇਤਿ ਇਤੀ ਜਿਨਿ ਕਰੀ।।***

ਧਰਮੀ ਲੋਕਾਂ ਵਾਸਤੇ ਉਹਨਾਂ ਨੇ ਸਰੀਰ ਲਾ ਦਿੱਤਾ। ਇਉਂ ਵੀ ਲਾਉਂਦੇ ਨੇ ਕਿ-

ਉਹਨਾਂ ਨੇ ਬੜਾ ਸਾਧਨ ਕੀਤਾ। ਮੇਰੇ ਸਤਿਗੁਰੂ ਜਾਂਦੇ ਥੇ ਬਾਬੇ ਬਕਾਲੇ। ਮੈਂ ਉਹਨਾਂ ਨੂੰ ਮੱਥਾ ਟੇਕਣ ਗਿਆ। ਉਹਨਾਂ ਆਖਿਆ ਚੱਲ ਚੱਲੀਏ। ਮੈਂ ਵੀ ਬਹਿ ਗਿਆ । ਉਹਦੇ ਚ ਭਾਈ ਕਾਹਨ ਸਿੰਘ ਨਾਭੇ ਵਾਲੇ ਤੇ ਭਾਈ ਅਰਜਨ ਸਿੰਘ ਬਾਗੜੀਆਂ ਵਾਲੇ, ਇਕ ਮੋਟਰ ਉਹਨਾਂ ਦੀ ਸੀ ਤੇ ਇਕ ਮੋਟਰ ਮਹਾਰਾਜ ਦੀ ਸੀ। ਜਦ ਉੱਥੇ ਜਾਕੇ ਦੇਖਿਆ ਮੈਨੂੰ ਕਾਹਨ ਸਿੰਘ ਕਹਿੰਦਾ ਮਿਣ ਕੇ ਤਾਂ ਦੇਖ ਜਿੰਨੀ ਗੁਫਾ ਚਾਹੀਦੀ ਹੈ ਓਨੀ ਹੈ ਕਿ ਵੱਧ ਘੱਟ ਹੈ। ਮੈਂ ਆਖਿਆ ਠੀਕ ਹੈ। ਉਹ ਕਹਿੰਦਾ ਐਨੀ ਕੁ ਗੁਫਾ ਦੇ ਵਿੱਚ ਹੀ ਆਦਮੀ ਤਪ ਕਰ ਸਕਦਾ ਹੈ, ਬਹੁਤਾ ਪੈ ਵੀ ਨਹੀਂ ਸਕਦਾ। ਇਸ ਕਰਕੇ ਉਹਨਾਂ ਨੇ ਬੜਾ ਭਾਰੀ ਤਪ ਕੀਤਾ। ਉਸ ਤਪ ਦੀ ਮਰਿਆਦਾ ਦਾ ਪੂਰਾ ਕੰਮ ਕੀਤਾ, ਧਰਮ ਦੀ ਰਖਿਆ ਕੀਤੀ। ਤਿਲਕ ਜੰਞੂ ਦੀ ਰਾਖੀ ਕਿਸੇ ਹੋਰ ਤੇ ਨਾ ਹੋਈ, ਉਹਨਾਂ ਨੂੰ ਹੀ ਕਰਨੀ ਪਈ। ਉਸ ਗੁਰੂ ਸਾਹਿਬ ਦਾ ਇਹ ਬਦ ਹੈ। ਚੱਲੀਏ-

**ਸਤਿਗੁਰ ਪ੍ਰਸਾਦਿ।।**

ਇਕ ਜੋ ਪਰਮੇਰ ਹੈ, ਉਹ ਸਤਿਗੁਰੂ ਦੀ ਕਿਰਪਾ ਤੇ ਹੀ ਪ੍ਰਾਪਤ ਹੁੰਦਾ ਹੈ, ਹੋਰ ਕੋਈ ਹੀਲਾ ਨਹੀਂ।

***ਭਾਈ ਰੇ ਗੁਰ ਬਿਨੁ ਗਿਆਨ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*** (ਪੰਨਾ ੫੯)

ਤੁਸੀਂ ਉਹਨਾਂ ਨੂੰ ਜਾਕੇ ਪੁੱਛ ਲਉ ਜੇ ਤੁਹਾਨੂੰ ੱਕ ਹੈ। ਪੂਰਣ ਗੁਰੂ ਬਿਨਾਂ ਗਿਆਨ ਨਹੀਂ ਹੁੰਦਾ, ਗਿਆਨ ਬਿਨਾਂ, ਮੋਕ ਨਹੀਂ ਹੁੰਦੀ ਹੈ।

**ਭੂਲਿਓ ਮਨੁ ਮਾਇਆ ਉਰਝਾਇਓ॥**

ਇਹ ਮਨ ਭੁੱਲ ਗਿਆ, ਉਲਝ ਗਿਆ। ਕੀ ਉਲਝ ਗਿਆ ? ਅਵਿੱਦਿਆ ਬਿਰਤੀ ਹੁੰਦੀ ਹੈ ਇੱਕ, ਇੱਕ ਵਿੱਦਿਆ ਬਿਰਤੀ ਹੁੰਦੀ ਹੈ। ਅਵਿੱਦਿਆ ਬਿਰਤੀ ਇਹ ਹੁੰਦੀ ਹੈ ਬਈ ਬਿਰਤੀ ਤੇ ਬਿਰਤੀ ਦਾ ਸਾਖੀ ਜੋ ਚੇਤਨ ਹੈ, ਉਹਨਾਂ ਨੂੰ ਉਹ ਦੋ ਨਹੀਂ ਜਾਣਦਾ, ਜੇ ਉਹ ਦੋ ਜਾਣ ਜਾਏ ਤਾਂ ਬਿਰਤੀ ਤਾਂ ਜੜ੍ਹ ਹੈ, ਇਹ ਚੇਤਨ ਹੈ। ਜੜ੍ਹ ਚੇਤਨ ਦਾ ਤਾਂ ਸੰਬੰਧ ਹੀ ਨਹੀਂ ਆਪਸ ਮੇਂ। ਇਹਦੀ ਭੁੱਲ ਨੇ ਇਕ ਐਸੀ ਭੁੱਲ ਪਾਈ ਇਹ ਭੁੱਲਿਆ ਹੀ ਚਲਾ ਗਿਆ। ਉਹ ਜੜ੍ਹ ਚੇਤਨ ਦੀ ਭੁੱਲ ਐਸੀ ਪਈ ਕਿ ਇਹਨੂੰ ਇਹ ਨਾ ਪਤਾ ਲੱਗਿਆ ਕਿ ਮੈਂ ਚੇਤਨ ਸਾਖੀ ਹਾਂ। ਬਿਰਤੀ ਦ੍ਿ ਹੈ, ਚਾਹੇ ਰਜੋ, ਸਤੋ, ਤਮੋ ਕਿਸੇ ਦੀ ਵੀ ਹੈ, ਹੈ ਤਾਂ ਗੁਣਾਂ ਦੀ, ਪ੍ਰਕਿਰਤੀ ਦੀ ਹੈ। ਇਹ ਪ੍ਰਕਿਰਤੀ ਜੜ੍ਹ ਹੈ। ਮੈਂ ਚੇਤਨ ਹਾਂ, ਕੋਈ ਸੰਬੰਧ ਨਹੀਂ।

***ਅਸੰਗੋ ਹੀ ਪੁਰਾ ਅਸੰਗੋ ਨਹੀ ਸਜਯਤੇ*** (ਉਪਨਿਦ)

ਅਸੰਗ ਹੈ ਪੁਰ। ਨਿਰਾਕਾਰ ਅਸੰਗ ਹੈ, ਨਹੀਂ ਕਦੇ ਸੰਬੰਧ ਵਾਲਾ ਹੋਇਆ ਅੱਜ ਤੱਕ। ਇਹ ਦੋ ਹੀ ਸੁਰਤੀਆਂ ਨੇ। ਇਸ ਕਰਕੇ ਇਹਨੂੰ ਪਤਾ ਨਾ ਲੱਗਿਆ। ਜੜ੍ਹ-ਚੇਤਨ ਦਾ ਜਿਹੜਾ ਭੇਦ ਕਰਨਾ ਸੀ, ਉਹ ਇਹਤੋਂ ਭੇਦ ਨਾ ਹੋਇਆ। ਇਹ ਉਸ ਦੀਆਂ ਜਿਹੜੀਆਂ ਇੰਦਰੀਆਂ ਸੀ, ਮਨ ਬੁੱਧੀ ਸੀ ਉਹ ਵਿਿਆਂ ਨਾਲ ਮਿਲ ਗਈਆਂ। ਤੇ ਇਹਨੂੰ ਆਪ ਵੀ ਨਾ ਪਤਾ ਲੱਗਿਆ ਕਿ ਮੈਂ ਕੌਣ ਹਾਂ। ਇਹਨੇ

ਮਿਲਿਆ ਜਿਹਾ ਹੀ ਸਮਝ ਲਿਆ ਪਰ ਮਿਲਿਆ ਤਾਂ ਹੈ ਨਹੀਂ, ਪਰ ਮਿਲਿਆ ਜੈਸਾ ਹੋ ਗਿਆ, ਇਹਦਾ ਨਾਉਂ ਅਵਿੱਦਿਆ ਬਿਰਤੀ ਹੈ। ਭੁੱਲ ਗਿਆ।

ਤੇ ਜਦ ਇਹਨੂੰ ਕੋਈ ਸਤਿਸੰਗ ਪ੍ਰਾਪਤ ਹੋ ਗਿਆ ਤਾਂ ਇਹਨੂੰ ਵਿਵੇਕ ਹੋ ਜੂ।

ਇਕ ਕਬੀਰ ਪੰਥੀਆ ਸਾਡੇ ਨਾਲ ਸੀ। ਇਕ ਘੰਟਾ ਉਹ ਦ੍ਰਟਾ, ਦ੍ਰਿ ਦੇ ਉੱਤੇ ਲਾਉਂਦਾ ਸੀ ਅਲਹਿਦਾ ਕਰਨ ਵਿੱਚ, ਵਿਵੇਕ ਕਰਦਾ ਸੀ। ਉਸ ਨੂੰ ਮੈਂ ਆਖਿਆ ਤੂੰ ਇਨ੍ਹਾਂ ਨਾਲ ਕੋਈ ਗੱਲ ਕਰ। ਉਹ ਕਰਨ ਲੱਗ ਗਿਆ, ਉਹ ਗੁੱਸੇ ਹੋ ਗਏ। ਉਹ ਕਹਿੰਦਾ ਮੈਂ ਨਹੀਂ ਤੁਹਾਡੇ ਨਾਲ ਗੱਲ ਕਰਦਾ। ਉਹ ਕਹਿੰਦੇ ਕਿਉਂ? ਕਹਿੰਦਾ ਤੁਹਾਨੂੰ ਵਿਵੇਕ ਨਹੀਂ, ਜੀਹਨੂੰ ਵਿਵੇਕ ਨਾ ਹੋਵੇ ਉਹਨੂੰ ਉਪਦੇ ਦੇਣਾ, ਗੱਲ ਕਰਨੀ ਗਲਤ ਹੁੰਦੀ ਹੈ, ਜਾਂ ਤਾਂ ਪਹਿਲੇ ਵਿਵੇਕ ਹੋਵੇ। ਵਿਵੇਕ ਕੀ ਹੈ ? ਉਹ ਜੜ੍ਹ ਚੇਤਨ ਨੂੰ ਭਿੰਨ ਭਿੰਨ ਮੰਨਣਾ। ਮੈਂ ਚੇਤਨ, ਸਾਖੀ ਸਾਰੀਆਂ ਬਿਰਤੀਆਂ ਦਾ ਸਾਖੀ, ਦ੍ਰਟਾ ਹਾਂ। ਜਿੰਨੀਆਂ ਵੀ ਬਿਰਤੀਆਂ, ਜਿੰਨੇ ਵੀ ਖਿਆਲ, ਜਿੰਨੀਆਂ ਵੀ ਇੱਛਾਂ ਵਾਨਾਵਾਂ, ਸਭ ਸਾਖੀ ਦੇ ਅੱਗੇ ਦੀ ਲੰਘਦੀਆਂ ਨੇ। ਤੁਸੀਂ ਆਪਣੇ ਅੰਦਰ ਵੀ ਦੇਖ ਲਉ, ਇਕ ਦੇਖੀ ਵੀ ਜਾਏਗਾ, ਉਹ ਲੰਘੀ ਵੀ ਜਾਣਗੇ। ਜੇ ਥੋੜਾ ਜਿਹਾ ਚਿਰ ਉਹ ਨਾਮ ਨਾਲ ਜੁੜੇਗਾ, ਉਹ ਫਿਰ ਉਹਨੂੰ ਪੁੱਟ ਕੇ ਲੈ ਜਾਊਗਾ। ਕਿਉਂ ? ਉਹ ਨਾਮ ਵੱਲ ਨੂੰ ਚਲਿਐ। ਦਸੂਰਾ ਖਿਆਲ ਆਇਆ ਇੱਧਰ ਲੈ ਗਿਆ। ਫਿਰ ਉਹਨੇ ਮਨ ਨੂੰ ਰੋਕਿਆ, ਫਿਰ ਖਿਆਲ ਨੂੰ ਰੋਕਣ ਲੱਗਿਆ, ਫਿਰ ਦੂਆ ਖਿਆਲ ਆ ਗਿਆ, ਫਿਰ ਤੀਆ ਖਿਆਲ ਆ ਗਿਆ, ਉਹ ਇੱਧਰੇ ਹੀ ਚੱਲ ਪਿਆ। ਇਸ ਕਰਕੇ ਜਦ ਇਸ ਨੂੰ ਜੜ੍ਹ ਔਰ ਚੇਤਨ ਦਾ ਵਿਵੇਕ ਹੋ ਜਾਊ ਕਿ ਮੈਂ ਚੇਤਨ ਹਾਂ, ਸਾਖੀ ਹਾਂ, ਸਾਰੀਆਂ ਬਿਰਤੀਆਂ ਦਾ ਦ੍ਰਟਾ ਹਾਂ, ਪਾਰਖ ਹਾਂ ਫਿਰ ਇਹ ਨੂੰ ਕਿਤੇ ਇਹ ਵੀ ਆ ਜਾਊ ਮੈਂ ਵਿਆਪਕ ਵੀ ਹਾਂ। ਇਸ ਕਰਕੇ ਜਦ ਇਹਨੂੰ ਇਹ ਅਕਲ

ਆਏਗੀ, ਜਦ ਇਹਨੂੰ ਇਹ ਵਿਵੇਕ ਹੋਏਗਾ ਕਿ ਜੜ੍ਹ, ਜੜ੍ਹ ਹੀ ਹੈ ਤੇ ਚੇਤਨ, ਚੇਤਨ ਹੀ ਹੈ। ਦ੍ਰਟਾ, ਦ੍ਰਟਾ ਹੀ ਰਹੇਗਾ । ਦ੍ਰਿ, ਦ੍ਰਿ ਹੀ ਰਹੇਗਾ। ਸੱਤ, ਸੱਤ ਹੀ ਰਹੇਗਾ। ਅਸੱਤ, ਅਸੱਤ ਹੀ ਰਹੇਗਾ। ਇਹ ਫਿਰ ਮਿਲ ਨਹੀਂ ਸਕਦੇ। ਪਰ ਵਿਵੇਕ ਵੀ ਤਾਂ ਇਕ ਬਿਰਤੀ ਹੈ। ਅਵਿੱਦਿਆ ਦੀ ਬਿਰਤੀ, ਭੁੱਲ ਜੀਹਨੂੰ ਭੁੱਲ ਕਹਿੰਦੇ ਨੇ। ਕਿਉਂ?

**ਭੂਲਿਓ ਮਨੁ ਮਾਇਆ ਉਰਝਾਇਓ॥**

ਹੈ ਨਾ। ਜੇ ਭੁੱਲਿਆ ਤਾਂ ਮਾਇਆ ਨੇ ਉਲਝਾਇਆ । ਭੁਲਾਉਣ ਵਾਲੀ ਵੀ ਇਹਦੇ ਮਨ ਨੂੰ ਮਾਇਆ ਹੀ ਹੈ। ਇਸ ਕਰਕੇ ਜਦ ਇਹਨੂੰ ਜੜ੍ਹ ਚੇਤਨ ਦਾ ਪਤਾ ਲੱਗ ਗਿਆ ਤੇ ਉਹ ਵੀ ਤਾਂ ਇਕ ਬਿਰਤੀ ਹੈ। ਇਹ ਨੂੰ ਇਹ ਪਤਾ ਲੱਗ ਗਿਆ ਕਿ ਜੜ੍ਹ ਮਿਥਿਆ ਹੈ, ਚੇਤਨ ਸੱਤ ਹੈ। ਚੇਤਨ ਗਿਆਨ ਹੈ, ਇਹ ਅਗਿਆਨ ਹੈ। ਉਹ ਨਿੱਤ ਹੈ, ਇਹ ਅਨਿੱਤ ਹੈ। ਇਹ ਨੂੰ ਸਾਰਾ ਨਿਰਣਾ ਹੋ ਗਿਆ, ਵਿਵੇਕ ਹੋ ਜਾਊ। ਪਰ ਵਿਵੇਕ ਵੀ ਤਾਂ ਇਕ ਬਿਰਤੀ ਹੈ, ਅਵਿੱਦਿਆ ਵੀ ਇਕ ਬਿਰਤੀ ਹੈ। ਉਹ ਵਿਵੇਕ ਬਿਰਤੀ ਨੇ ਅਵਿੱਦਿਆ ਬਿਰਤੀ ਦਾ ਨਾ ਕਰਨਾ ਹੈ। ਪਰ ਉਹ ਜਿਹੜੀ ਵਿੱਦਿਆ ਬਿਰਤੀ ਹੈ, ਉਹ ਜਿਹੜਾ ਚੇਤਨ ਹੈ। ਉਹ ਵਿੱਦਿਆ ਬਿਰਤੀ ਵਾਲਾ ਵਿੱਦਮਾਨ ਤਾਂ ਇਹ ਆਪ ਹੀ ਹੈ। ਵਿੱਦਿਆ ਬਿਰਤੀ ਦੇ ਵਿੱਚ ਬੈਠਾ ਵਿੱਦਿਆ ਬਿਰਤੀ ਨੂੰ ਦੇਖਣੇ ਜਾਨਣੇ ਵਾਲਾ ਦ੍ਰਟਾ ਇਹ ਆਪ ਹੀ ਹੈ। ਆਪ ਹੀ ਨਿਰਾਕਾਰ ਹੈ, ਅਸੰਗ ਹੈ, ਨਿਰਵਿਕਾਰ ਹੈ, ਨਿਰਵਿਕਾਰ ਇਕ ਚੇ ਤਨ ਹੀ ਹੈ, ਹੋਰ ਦੁਨੀਆਂ ਦੀ ਕੋਈ ਨਿਰਵਿਕਾਰ ਵਸਤੂ ਤੁਹਾਨੂੰ ਨਹੀਂ ਮਿਲੇਗੀ। ਕਿਉਂ ? ਜੜ੍ਹ ਵਸਤੂਆਂ ਨੇ ਸਾਰੀਆਂ। ਇਸ ਕਰਕੇ ਉਹ ਨਿਰਵਿਕਾਰ ਹੈ, ਇਹ ਪ੍ਰਕਿਰਤੀ ਹੈ। ਪ੍ਰਕਿਰਤੀ ਜੜ੍ਹ ਹੈ। ਇਸ ਕਰਕੇ ਉਸ ਬਿਰਤੀ ਵਾਲਾ ਵਿੱਦਮਾਨ ਇਹ, ਚੇਤਨ ਹੈ। ਜਦ ਆਪਣੇ ਆਪ ਦਾ ਇਹਨੂੰ ਗਿਆਨ ਹੋ ਗਿਆ, ਉਹ ਨਿਤ-ਅਪਰੋਕ ਹੈ, ਕਦੇ ਉਹ ਢਕਿਆ ਨਹੀਂ ਗਿਆ ਹੈ, ਉਹ ਲੁਕਿਆ ਨਹੀਂ।

***ਦਾਨਾ ਬੀਨਾ ਸਾਈ ਮੈਡਾ***

***ਨਾਨਕ ਸਾਰ ਨ ਜਾਣਾ ਤੇਰੀ॥*** (ਪੰਨਾ ੪੨੦)

ਉਹ ਦਾਨਾ ਬੀਨਾ ਸਾਈਂ ਮਾਲਿਕ ਹੈ। ਉਹ ਸਾਈਂ ਆਪ ਹੀ ਸਭ ਦੇ ਅੰਦਰ ਸਾਖੀ ਰੂਪ ਚ ਬਿਰਾਜਮਾਨ ਹੈ। ਉਹ ਹੈ ਵਿਦਮਾਨ, ਉਹ ਹੈ ਚੇਤਨ। ਇੱਥੇ ਆਕੇ ਇਸ ਦੀ ਭੁੱਲ ਨਿਕਲ ਗਈ। ਹੁਣ ਪੜ੍ਹ ਭਾਈ –

**ਭੂਲਿਓ ਮਨੁ ਮਾਇਆ ਉਰਝਾਇਓ॥**

ਮਾਇਆ ਨੇ ਇਸ ਮਨ ਨੂੰ ਭੁਲਾ ਕੇ ਉਲਝਾ ਲਿਆ। ਇਹਨੂੰ ਇਹੀ ਪਤਾ ਨਾ ਲੱਗਿਆ ਕਿ ਮੈਂ ਕੌਣ ਹਾਂ ਤੇ ਮਿਥਿਆ ਕੌਣ ਹੈ, ਸੱਤ ਕੌਣ ਹੈ, ਅਸੱਤ ਕੌਣ ਹੈ, ਅਸਲੀ ਕੌਣ ਹੈ, ਨਕਲੀ ਕੌਣ ਹੈ, ਨਿੱਤ ਕੌਣ ਹੈ, ਅਨਿੱਤ ਕੌਣ ਹੈ। ਇਸ ਮਾਇਆ ਦੇ ਵਿੱਚ ਇਹਦਾ ਮਨ ਉਲਝ ਗਿਆ। ਮਨ ਵੀ ਤਾਂ ਇਕ ਬਿਰਤੀ ਹੈ। ਇਹਦੀ ਬਿਰਤੀ ਕਿਉਂ ਉਲਝ ਗਈ। ਅੱਗੇ ਚੱਲ –

**ਜੋ ਜੋ ਕਰਮ ਕੀਓ ਲਾਲਚ ਲਗਿ**

ਜੋ ਵੀ ਇਸ ਨੇ ਸਕਾਮ ਕਰਮ ਕੀਆ ਲਾਲਚ ਵਾਸਤੇ ਕੀਆ ।

**ਜੋ ਜੋ ਕਰਮ ਕੀਉ ਲਾਲਚ ਲਗਿ**
**ਤਿਹ ਤਿਹ ਆਪੁ ਬੰਧਾਇਓ॥ ੧॥ ਰਹਾਉ॥**

ਉਹਦੇ ਵਿੱਚ ਇਹ ਆਪ ਬੱਝ ਗਿਆ। ਗੁਰੂ ਸਾਹਿਬ ਨੇ ਸਾਫ ਲਿਖਿਆ ਹੈ।

***ਕਰਮਾ ਉਪਰ ਨਿਬੜੈ ਜੇ ਲੋਚੈ ਸਭ ਕੋਇ॥***

ਨਿਬੜੂ ਕਰਮਾਂ ਤੇ ਚਾਹੇ ਕੋਈ ਕੁਛ ਕਹੇ। ਇਹਦੇ ਕਰਮਾਂ ਤੇ ਇਹਦਾ ਨਿਬੇੜਾ ਹੋਣਾ ਹੈ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*** (ਪੰਨਾ ੧੩੪)

ਇਹ ਤਾਂ ਕਰਮਾਂ ਦਾ ਖੇਤ ਹੈ। ਕਰਮ ਦੋ ਪ੍ਰਕਾਰ ਦੇ ਲਿਖੇ ਨੇ। ਇਕ ਵਿਧੀ ਤੇ ਇਕ ਨਿਧ। ਉਹ ਵਿਧੀ ਚਾਰ ਪ੍ਰਕਾਰ ਦੇ ਲਿਖੇ ਨੇ।

(1) ਨਿੱਤ (2) ਨਮਿੱਤ (3) ਪ੍ਰਾਚਿਤ (4) ਕਾਮਯ (ਕਾਮਨਾ ਕਰਕੇ ਕਰਨਾ)। ਜੋ ਵੀ ਕਾਮਨਾ ਕਰਕੇ ਕਰਮ ਕਰੇਗਾ, ਉਸ ਦਾ ਭੋਗਤਾ ਇਸੇ ਨੂੰ ਬਣਨਾ ਪੈਣੈ । ਇਹਨੂੰ ਗਿਆਨ ਨਹੀਂ ਹੋਏਗਾ। ਉਹ ਪ੍ਰਤਿਬੰਧਕ ਨੇ ਕਰਮ। ਕਰਮਾਂ ਦੀ ਨਵਿਰਤੀ ਤੇ ਗਿਆਨ ਹੋਣਾ ਹੈ। ਉਹ ਗਿਆਨ ਨੇ ਕਰਮਾਂ ਦੀ ਨਵਿਰਤੀ ਕਰਨੀ ਐਂ। ਗਿਆਨ ਨੇ ਕਰਮ ਫੂਕਣੇ ਨੇ। ਇਸ ਕਰਕੇ ਜੋ ਜੋ ਵੀ ਇਹਨੇ ਕਰਮ ਕੀਏ ਕਾਮਨਾ ਕਰਕੇ ਕਰੇ। ਪਰ ਸਾਰਿਆਂ ਨਾਲੋਂ ਅਸਲੀ ਕਰਮ ਤਾਂ ਇੱਕੋ ਹੀ ਸੀ, ਕੌਣ ? ਨਿਕਾਮ ਕਰਮ, ਨਿਕਾਮ ਸੇਵਾ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** (ਪੰਨਾ ੨੮੬)

ਇਸ ਨੇ ਜਿਤਨੇ ਵੀ ਸੇਵਾ ਦੇ ਕਰਮ ਕੀਤੇ, ਨਿਕਾਮ ਕਰਮ ਕੀਤੇ, ਕਾਮਨਾ ਕਰਕੇ ਤਾਂ ਕੋਈ ਨਹੀਂ ਕੀਤਾ ਤੇ ਫਿਰ ਇਹਨੂੰ ਫੜੇ ਕੌਣ ? ਇਹਨੂੰ ਬੰਨ੍ਹੇ ਕੌਣ ? ਕਰਮ ਤਾਂ ਭਾਈ ਘਨੱਈਏ ਨੇ ਵੀ ਕੀਤਾ। ਲੜਾਈ ਦੇ ਵਿੱਚ ਪਾਣੀ ਪਿਆਇਆ, ਬੜਾ ਚਿਰ ਪਿਆਇਆ, ਜਿੰਨਾਂ ਚਿਰ ਉੱਥੇ ਰਹਿੰਦੇ ਰਹੇ। ਪਰ ਉਹਨੂੰ ਕਰਮ ਨੇ ਬੰਨਿਆਂ ਨਹੀਂ। ਓਸ ਨੇ ਈਰ ਦੀ, ਗੁਰੂ ਦੀ ਸੇਵਾ ਕੀਤੀ, ਉਹਨੇ ਹੋਰ ਕਿਸੇ ਦੀ ਸੇ ਵਾ ਨਹੀਂ ਕੀਤੀ। ਕਰਮ ਕੈਸੇ ਉਹਨੂੰ ਬੰਨ੍ਹਦੇ ? ਜੇ ਉਸਦਾ ਕਰਮ ਕਾਮਨਾ ਕਰਕੇ ਸਕਾਮ ਕਰਮ ਹੁੰਦਾ ਤਾਂ ਉਹ ਬੱਝ ਜਾਂਦਾ ਜਨਮ ਮਰਨ ਦੇ ਵਿੱਚ। ਨਿਕਾਮ ਕਰਮ ਕਰਕੇ ਉਹ ਜਨਮ ਮਰਨ ਵਿੱਚ ਨਹੀਂ ਬੱਝਿਆ। ਨਿਕਾਮ ਕਰਮ ਕਰੋ, ਈਰ ਅਰਪਣ ਕਰਮ ਕਰੋ, ਗੁਰੂ ਅਰਪਣ ਕਰਮ ਕਰੋ।

**ਸਮਝ ਨ ਪਰੀ ਬਿਖੈ ਰਸ ਰਚਿਓ**

ਜਦ ਵਿਿਆਂ ਦੇ ਵਿੱਚ ਇਹਦੀ ਬਿਰਤੀ ਰਚ ਗਈ। ਇਹਦੀਆਂ ਇੰਦਰੀਆਂ ਵੀ ਵਿੇ ਵਿਖ ਹੋਈਆਂ, ਇਹਦੀ ਮਨ ਬੁੱਧੀ ਵੀ ਵਿੇ ਵਿਖ ਹੋਈ, ਇਹਨੂੰ ਇਹ ਸਮਝ ਨਾ ਪਈ ਮੈਂ ਕੌਣ ਹਾਂ ? ਇਹ

ਤਾਂ ਚੇਤਨ ਸੀ, ਇਹ ਤਾਂ ਨਿਰਾਕਾਰ ਸੀ। ਨਿਰਾਕਾਰ ਅੱਜ ਤੱਕ ਬੱਝਿਆ ਤਾਂ ਹੈ ਹੀ ਨਹੀਂ ਕਦੇ। ਭੁਲੇਖਾ ਪੈਂਦਾ ਹੈ। ਇਸ ਕਰਕੇ ਉਨ੍ਹਾਂ ਵਿਆਂ ਦੇ ਰਸ ਨੂੰ ਇਹਨੇ ਸੱਚਾ ਮੰਨ ਲਿਆ। ਇਸ ਕਰਕੇ ਇਹਨੂੰ ਸਮਝ ਨਾ ਪਈ।

***ਸਮਝਿ ਪਰੀ ਤਉ ਬਿਸਰਿਓ ਗਾਵਨੁ॥***

ਕਬੀਰ ਸਭ ਕੁੱਛ ਕਹਿਕੇ ਆਖਿਰ ਕਹਿੰਦਾ–

***ਕਥਨੀ ਬਦਨੀ ਕਹਨੁ ਕਹਾਵਨੁ॥***
***ਸਮਝਿ ਪਰੀ ਤਉ ਬਿਸਰਿਓ ਗਾਵਨੁ॥*** (ਪੰਨਾ ੪੭੮)

ਜਦ ਇਹਨੂੰ ਸਮਝ ਪੈ ਗਈ ਤਾਂ ਇਹਦਾ ਭਾਈ ਉਹ ਜਿਹੜਾ ਗੌਣ ਸੀ ਬੇਅਰਥ, ਮਿਥਿਆ ਗਿਆਨ ਉਹ ਨਵਿਰਤ ਹੋ ਗਿਆ। ਪਰ ਉਹ ਯਥਾਰਥ ਗਿਆਨ ਤੇ ਮਿਥਿਆ ਗਿਆਨ ਨਵਿਰਤ ਹੋਏਗਾ। ਜਦ ਇਹਨੂੰ ਇਹ ਪਤਾ ਲੱਗਿਆ–

***ਨਹੀਂ ਦ੍ਰਟੂ ਦ੍ਰਿਟੀ ਨ ਲਿਪਯਤੇ।*** (ਉਪਨਿਦ)

ਦ੍ਰਟਾ ਦੀ ਦ੍ਰਿਟੀ ਕਦੇ ਲੋਪ ਨਹੀਂ ਹੋਈ। ਇਹਨੂੰ ਤੁਸੀਂ ਖਿਆਲ ਨਾਲ ਸੋਚਿਓ। ਉਹ ਕੌਣ ਹੈ ? ਇਹਦੀਆਂ ਬਿਰਤੀਆਂ ਕਿੰਨੀਆਂ ਬਦਲਦੀਆਂ ਨੇ ਦਿਹਾੜੀ ਵਿੱਚ। ਪਰ ਜਿਹੜੀ ਉਹ ਦ੍ਰਿਟੀ ਚੇ ਤਨ ਦੇਖਣ ਵਾਲੀ ਹੈ, ਉਹ ਸਾਰਿਆਂ ਦਾ ਨਿਰਣਾ ਕਰੀ ਜਾਂਦੀ ਹੈ ਕਿ ਪਹਿਲਾਂ ਮੇਰਾ ਇਹ ਸੰਕਲਪ ਸੀ, ਫਿਰ ਮੇਰਾ ਆਹ ਸੰਕਲਪ ਸੀ, ਫਿਰ ਮੈਂ ਸੰਕਲਪ ਕੀਤਾ ਹੀ ਨਹੀਂ। ਉਹਨਾਂ ਸਾਰਿਆਂ ਦਾ ਪ੍ਰਕਾਕ, ਚੇਤਨ, ਸਾਖੀ ਆਤਮਾ, ਦ੍ਰਟਾ ਉਹ ਕਦੇ ਨਹੀਂ ਬਦਲੇਗਾ।

***ਨਹੀਂ ਦ੍ਰਟੂ ਦ੍ਰਿਟੀ ਨ ਲਿਪਯਤੇ।***

ਉਹ ਦ੍ਰਟਾ ਦੀ ਦ੍ਰਿਟੀ ਕਦੇ ਲੋਪ ਨਹੀਂ ਹੁੰਦੀ।

***ਨ ਲਿਪਯਤੇ।***

ਕਦੇ ਨਹੀਂ ਲੋਪ ਹੋਵੇਗੀ। ਪਰ ਉਹਨੂੰ ਨਹੀਂ ਭਾਲਿਆ ਇਹਨੇ।

ਉਹ ਇਹਦਾ ਜਿਹੜਾ ਦ੍ਰਟਾ ਸੀ ਨਾ, ਸਾਖੀ ਚੇਤਨ, ਉਹਨੂੰ ਨਹੀਂ ਭਾਲਿਆ ਇਹਨੇ। ਇਹ ਤਾਂ ਉਹ ਜਿਹੜੀਆਂ ਬਾਹਰਲੀਆਂ ਬਿਰਤੀਆਂ ਸਨ, ਉਹਨਾਂ ਨਾਲ ਹੀ ਜੁੜਿਆ ਰਿਹਾ। ਕਦੇ ਹੱਸਣ ਲੱਗ ਗਿਆ, ਕਦੇ ਰੋਣ ਲੱਗ ਗਿਆ, ਕਦੇ ੋਕ ਕਰਨ ਲੱਗ ਗਿਆ। ਉਹ ਜਿਹੋ ਜਿਹੀ ਬਿਰਤੀ ਆਈ, ਉਹੋ ਜਿਹਾ ਹੀ ਇਹ ਹੋ ਗਿਆ। ਇਹ ਬਾਹਜ ਬਿਰਤੀ ਹੈ। ਪਰ ਇਹਦੇ ਅੰਦਰ ਉਹ ਬਿਰਤੀ ਵੀ ਸੀ ਜਿਹੜੀ ਸਾਰੀਆਂ ਬਿਰਤੀਆਂ ਨੂੰ ਦੇਖਣ ਵਾਲੀ ਸੀ, ਸਾਰੇ ਖਿਆਲਾਂ ਨੂੰ ਦੇਖਣ ਵਾਲੀ ਸੀ। ਉਹ ਤਾਂ ਚੇਤਨ ਦ੍ਰਿਟੀ ਸੀ, ਉਹ ਤਾਂ ਦ੍ਰਟਾ ਦੀ ਦ੍ਰਿਟੀ ਸੀ।

***ਤਦਾ ਦ੍ਰਟ੍ਰ ਸ੍ਵਰੂਪੇ ਅਵਸਥਾਨੰ।*** (ਉਪਨਿਦ)

ਪਤੰਜਲ ਨੇ ਜਾਕੇ ਪਿੱਛੋਂ ਕਿਹਾ, ਉਏ ਤੂੰ ਸਰੂਪ ਦੇ ਵਿੱਚ ਇਸਥਿਤ ਹੋ ਜਾ। ਤੂੰ ਦ੍ਰਟਾ ਹੈਂ ਨਾ। ਜਿਹੜੀ ਹੈ ਨਾ ਦ੍ਰਿਟੀ ਤੇਰੀ ਨਿੱਤ, ਸੱਚ, ਚੇਤਨ, ਉਹਦੇ ਵਿੱਚ ਲੋਪ ਹੋ ਜਾ, ਤੂੰ ਉਹਦੇ ਵਿੱਚ ਇਸਥਿਤ ਹੋ ਜਾ, ਤੇਰੇ ਸਾਰੇ ਦੁੱਖ-ਮੁੱਕ ਜਾਣਗੇ। ਇਸ ਕਰਕੇ ਉਹ ਦ੍ਰਿਟੀ ਇਹਨੂੰ ਨਾ ਥਿਆਈ। ਬਾਹਜ ਦ੍ਰਿਟੀਆਂ ਤੇ ਰਿਹਾ। ਜਿੰਨਾਂ ਚਿਰ ਬਾਹਜ ਦ੍ਰਿਟੀਆਂ ਨੇ, ਉਹ ਇਹਦੀ ਬਿਰਤੀ ਨੂੰ ਜਰੂਰ ਖਿਚਣਗੀਆਂ। ਉਹ ਮਨ ਨੂੰ ਖਿੱਚ ਕੇ ਲੈ ਜਾਣਗੀਆਂ। ਜਦ ਇਹ ਮਨ ਦਾ ਦ੍ਰਟਾ ਹੋਏਗਾ, ਇਹਨੂੰ ਖਿੱਚੂ ਕੌਣ ? ਦ੍ਰਟਾ ਦਾ ਦ੍ਰਟਾ ਕੋਈ ਨਹੀਂ ਹੈ। ਨਿਯਮ ਹੈ ਇਹ ਇਕ, ਸਾਰੇ ਗ੍ਰੰਥਾਂ ਦਾ । ਤੇਰਾ ਦ੍ਰਟਾ ਤੂੰ ਹੈਂ ਚੇਤਨ, ਦੇਖਣੇ ਵਾਲਾ ਤੂੰ ਹੈਂ।

***ਮੂਈ ਸੁਰਤਿ ਬਾਦੁ ਅਹੰਕਾਰੁ॥***
***ਓਹੁ ਨ ਮੂਆ ਜੋ ਦੇਖਣਹਾਰੁ॥***
***ਪੜਿ ਪੜਿ ਪੰਡਿਤੁ ਬਾਦੁ ਵਖਾਣੈ॥***
***ਭੀਤਰਿ ਹੋਦੀ ਵਸਤੁ ਨ ਜਾਣੈ ॥*** (ਪੰਨਾ ੧੫੨)

ਉਹ ਕਹਿੰਦਾ ਤੈਨੂੰ ਉਹ ਆਤਮ ਵਸਤੂ, ਆਤਮ ਦ੍ਰਿਟੀ ਥਿਆਈ

ਨਹੀਂ। ਉਹ ਪੰਡਿਤ ਆਂਹਦਾ ਜੀ ਤੁਸੀਂ ਨਹੀਂ ਫਿਰ ਮਰੋਂਗੇ? ਉਹ ਕਹਿੰਦਾ –

***ਹਉ ਨ ਮੂਆ ਮੇਰੀ ਮੂਈ ਬਲਾਇ॥***

ਉਹ ਮੇਰੀ ਅਵਿੱਦਿਆ ਰੂਪੀ ਬਲਾ ਮਰ ਗਈ। ਵਿਵੇਕ ਬਿਰਤੀ ਦੁਆਰਾ ਅਪਦੇ ਸਰੂਪ ਨੂੰ ਸਮਝ ਲਿਆ, ਜਾਣ ਲਿਆ, ਮੇਰਾ ਜਨਮ ਮਰਨ ਕੈਸੇ ਹੋਏਗਾ ?

***ਹਉ ਨ ਮੂਆ ਮੇਰੀ ਮੂਈ ਬਲਾਇ ॥***
***ਓਹੁ ਨ ਮੂਆ ਜੋ ਰਹਿਆ ਸਮਾਇ ॥*** (ਪੰਨਾ ੧੫੨)

ਉਹ ਜਿਹੜਾ ਸਾਰੇ ਵਿਆਪਕ ਹੈ, ਉਹ ਕਦੇ ਜਨਮ ਮਰਨ ਵਾਲਾ ਹੈ ? ਉਹ ਕਿੱਥੇ ਜੰਮੇ ਮਰੇਗਾ ? ਉਹ ਤਾਂ ਵਿਆਪਕ ਹੈ, ਦ੍ਰਟਾ ਤਾਂ ਵਿਆਪਕ ਹੈ। ਇਸ ਕਰਕੇ ਦ੍ਰਟਾ ਦਾ ਦ੍ਰਟਾ ਕੋਈ ਨਹੀਂ, ਸਾਖੀ ਦਾ ਸਾਖੀ ਕੋਈ ਨਹੀਂ। ਇਸ ਕਰਕੇ ਇਹਨੂੰ ਉਹ ਪਤਾ ਲੱਗ ਗਿਆ। ਇਹ ਕਰਮਾਂ ਦੇ ਵਿੱਚ ਫੱਸ ਗਿਆ ਸਕਾਮ ਕਰਮਾਂ ਚ, ਤੇ ਜਨਮ ਮਰਨ ਵਿੱਚ ਜਾ ਪਿਆ। ਜੇ ਪਹਿਲਾਂ ਹੀ ਇਹ ਨਿਕਾਮ ਤੋਂ ਚਲਦਾ, ਇਹਦੇ ਫਸਣ ਦਾ ਮਤਲਬ ਹੀ ਕੋਈ ਨਹੀਂ ਸੀ। ਪਰ ਪਹਿਲਾਂ ਇਹ ਨਿਕਾਮ ਮੇਂ ਚੱਲ ਹੀ ਨਹੀਂ ਸਕਿਆ । ਇਹਨੂੰ ਬਹੁਤ ਚੀਆਂ ਦੇ ਸੰਸਕਾਰ ਥੇ, ਦੇਖਣੇ ਜਾਨਣੇ ਦੇ। ਇਸ ਕਰਕੇ ਇਹ ਫਸ ਗਿਆ। ਇਹ ਗਿਆ ਤਾਂ ਸੀ ਹਰਾ ਘਾਹ ਚਰਣ, ਪਰ ਫੜ ਲਿਆ ਉੱਥੇ ਮਾਲਿਕ ਨੇ । ਹੁਣ ਕੀ ਕਰੇ ? ਇਸ ਕਰਕੇ ਇਹ ਭੁੱਲਿਆ ਹੋਇਆ ਸੀ ਤਾਂ ਇਹ ਭੁੱਲਕੇ ਮਾਇਆ ਵਿੱਚ ਉਲਝ ਗਿਆ ਤੇ ਸਕਾਮ ਕਰਮਾਂ ਵਿੱਚ ਪੈ ਗਿਆ। ਪਹਿਲੇ ਸਕਾਮ ਕਰਮਾਂ ਨੂੰ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਇਜਾਤ ਨਹੀਂ ਦਿੱਤੀ। ਹਠ-ਯੋਗ ਦੀ ਵੀ ਕਿਤੇ ਇਜਾਤ ਨਹੀਂ ਦਿੱਤੀ । ਹੋਰ ਜਿਹੜੇ ਕੰਮ ਨੇ ਉਹਨਾਂ ਦੀ ਵੀ ਕਿਤੇ ਇਜਾਜਤ ਨਹੀਂ ਦਿੱਤੀ। ਇਹੀ ਕਿਹਾ –

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***

***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਤੂੰ ਸਿਮਰਨ ਨਾ ਬੰਦ ਕਰੀਂ ਉਸ ਪਰਮੇਰ ਦਾ, ਸਿਮਰਨ ਦੇ ਵਿੱਚ ਜਦ ਪਰਮੇਰ ਦਾ ਹੀ ਸਿਮਰਨ ਹੋਊ, ਪਰਮੇਰ ਦਾ ਹੀ ਧਿਆਨ ਹੋਊ ਤਾਂ ਇਹਨੂੰ ਕੋਈ ਫੜ ਨਹੀਂ ਸਕਦਾ। ਨਾ ਹੀ ਕੋਈ ਫੜਨੇ ਵਾਲਾ ਹੈ ਇਹਨੂੰ। ਇਸ ਕਰਕੇ ਇਹ ਸਿੱਧੇ ਰਸਤੇ ਆ ਜਾਏ। ਇਹ ਮਾਇਆ ਦੇ ਵਿੱਚ ਉਲਝ ਗਿਆ, ਸਕਾਮ ਕਰਮਾਂ ਵਿੱਚ ਫਸਿਆ ਹੋਇਆ, ਫਿਰ ਇਹ ਜਨਮ ਮਰਨ ਵਿੱਚ ਚਲਾ ਗਿਆ। ਇਹਨੂੰ ਸਮਝ ਨਾ ਪਈ ਇਸ ਬਾਤ ਦੀ। ਹੁਣ ਪੜ੍ਹ ਭਾਈ –

**ਜਸੁ ਹਰਿ ਕੋ ਬਿਸਰਾਇਓ॥**

ਤੈਂ ਇਕ ਹੀ ਕੰਮ ਕਰਨਾ ਸੀ ਪਰਮੇਰ ਦਾ ਜਸ, ਸਿਮਰਨ ਨਾਮ ਦਾ, ਪਰ ਤੈਨੂੰ ਵਿਸਰ ਗਿਆ, ਤੂੰ ਰੱਬ ਨੂੰ ਭੁੱਲ ਗਿਆ ਜਿਹੜਾ ਯਾਦ ਰੱਖਣ ਵਾਲਾ ਹਰ ਵਕਤ ਤੇਰੇ ਨਾਲ ਸੀ, ਜਿਹਦੀ ਸੱਤਾ ਤੇ ਤੂੰ ਦੁਨੀਆਂ ਨੂੰ ਯਾਦ ਕਰਦੈਂ, ਉਹ ਤੈਨੂੰ ਭੁੱਲ ਗਿਆ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

(ਪੰਨਾ ੨)

ਉਹ ਜਿਹੜਾ ਸਭਨਾ ਜੀਆਂ ਦਾ ਇਕੋ ਦਾਤਾ ਹੈ ਉਹਨੂੰ ਕਦੇ ਭੁੱਲਣਾ ਨਹੀਂ। ਗੁਰੂ ਸਾਹਿਬ ਕਹਿੰਦੇ ਤੂੰ ਉਹਨੂੰ ਭੁੱਲ ਗਿਆ, ਵਿਸਾਰ ਦਿੱਤਾ ਤਾਂ ਤੂੰ ਇੱਧਰ ਫਸਿਆ।

**ਸੰਗਿ ਸੁਆਮੀ ਸੋ ਜਾਨਿਓ ਨਾਹਿਨ**

ਤੁਸੀਂ ਇਹ ਗੱਲ ਦੇਖੋ, ਜਿਹੜੀ ਨਿੱਤ ਦ੍ਰਿਟੀ ਹੈ, ਉਹ ਚੇਤਨ ਥੋਡੇ ਅੰਦਰ ਸਾਰਿਆਂ ਨੂੰ ਦੇਖਦਾ ਹੈ। ਸਾਖੀ, ਉਹ ਦ੍ਰਟਾ ਸਭ ਨੂੰ ਦੇਖਦਾ, ਸਭ ਨੂੰ ਜਾਣਦਾ ਹੈ। ਉਹ **ਦਾਨਾ ਬੀਨਾ ਸਾਈਂ ਮੈਂਡਾ** ਜਿਹੜਾ ਹੈ, ਉਹ ਸਭ ਨੂੰ ਦੇਖਣੇ ਵਾਲਾ, ਸਭ ਨੂੰ ਜਾਨਣੇ ਵਾਲਾ, ਪਰ ਸੱਤਾ ਸਫੁਰਤੀ ਵੀ ਤਾਂ ਉਹੀ ਦਿੰਦੈ। ਇਸ ਸਾਰੀ ਸ੍ਰਿਟੀ ਨੂੰ ਬਣਾਉਣਾ, ਇਹਨੂੰ ਪਾਲਣਾ ਤੇ ਖਤਮ ਕਰਨਾ, ਇਹ ਤਿੰਨੇ ਕੰਮ ਉਹਨੇ ਕਿਸੇ ਨੂੰ

ਦਿੱਤੇ ਨਹੀਂ। ਨਾ ਉਤਪਤੀ ਦਿੱਤੀ ਹੈ, ਨਾ ਪਾਲਣਾ ਦਿੱਤੀ ਹੈ । ਉਹਦਾ ਅੰਤ ਤੇ ਆਕੇ ਜਦ ਸੁਆਸ ਪੂਰੇ ਹੋਣ ਉਹਦੀ ਬਦਲੀ ਕਰਨੀ ਜਾਂ ਮੋਕ ਕਰਨੀ, ਇਹ ਵੀ ਉਹਦੇ ਹੱਥ ਚ ਹੈ ਸਭ। ਇਹ ਕਿਸੇ ਦੇ ਹੱਥ ਚ ਨਹੀਂ ਹੈਗਾ। ਉਸ ਨੂੰ ਯਾਦ ਰੱਖਣਾ ਹਰ ਵਕਤ ਬੱਸ। ਉਸ ਨੂੰ ਵਿਸਰ ਗਿਆ, ਉਹ ਹਰੀ ਦਾ ਜਸ, ਭਾਈ ਇਹ ਜੀਵ ਭੁੱਲ ਗਿਆ। ਨੌਂਵੇਂ ਪਾਤਾਹ ਕਹਿੰਦੇ –

**ਬਨੁ ਖੋਜਨ ਕਉ ਧਾਇਓ॥**

ਬਨ ਕਹੀਏ ਸੰਸਾਰ ਦੀ ਖੋਜ ਕਰਨ ਲੱਗ ਪਿਆ। ਸਾਇੰਸ ਵਾਲਿਆਂ ਨੇ ਸੰਸਾਰ ਦੀ ਕਿੰਨੀ ਖੋਜ ਕੀਤੀ ਹੈ, ਪਰ ਉਸ ਖੋਜ ਨੇ ਉਹਨੂੰ ਉਹ ਪਦ ਨਹੀਂ ਦੇਣਾ ਕਦੇ ਵੀ, ਮੋਕ ਪਦ ਨਹੀਂ ਇਹਨੂੰ ਮਿਲਣਾ। ਇਸ ਕਰਕੇ ਭਾਈ ਇਹ ਸੰਸਾਰ ਨੂੰ ਖੋਜਣ ਲੱਗ ਗਿਆ।

***ਕਾਹੇ ਰੇ ਬਨ ਖੋਜਨ ਜਾਈ॥*** (ਪੰਨਾ ੬੮੪)

ਉਹ ਤਾਂ –

***ਰਤਨ ਪਦਾਰਥ ਘਟ ਹੀ ਮਾਹੀ॥*** (ਪੰਨਾ ੧੫੨)

ਉਹ ਪਦਾਰਥ ਤਾਂ ਤੇਰੇ ਹਿਰਦੇ ਦੇ ਵਿੱਚ ਹੈ, ਉਹ ਕਿਤੇ ਬਾਹਰ ਤਾਂ ਹੈ ਨਹੀਂ। ਇਸ ਕਰਕੇ ਭਾਈ ਜਿਸ ਰਤਨ ਨੂੰ ਤੂੰ ਖੋਜਣਾ ਸੀ, ਆਤਮਾ ਨੂੰ, ਆਪਣੇ ਆਪ ਨੂੰ ਸਹੀ ਕਰਨਾ ਸੀ, ਉਹਦੀ ਖੋਜ ਨੂੰ ਛੱਡਕੇ ਤੂੰ ਸੰਸਾਰ ਦੀ ਖੋਜ ਵਿੱਚ ਲੱਗ ਗਿਆ।

**ਰਤਨੁ ਰਾਮੁ ਘਟ ਹੀ ਕੇ ਭੀਤਰਿ**

ਜਿਹੜਾ ਸਾਰੇ ਰਮਿਆ ਹੋਇਆ ਰਾਮ ਹੈ।

***ਰਮਤ ਰਾਮ ਜਨਮ ਮਰਣੁ ਨਿਵਾਰੈ॥*** (ਪੰਨਾ ੮੬੫)

ਉਹ ਤੇਰੇ ਹਿਰਦੇ ਦੇ ਵਿੱਚ ਹੈ। ਜੇ ਉਹ ਤੇਰੇ ਅੰਦਰ ਲੈਟ ਨਾ ਹੋਵੇ, ਤੇ ਰੀ ਬਿਜਲੀ ਹੀ ਨਾ ਜਗੇ। ਉਹ ਤੇਰਾ ਜਿਹੜਾ ਕਮਲ ਹੈ ਲਾਟੂ, ਉਹਦਾ ਹੀ ਨਾ ਪਤਾ ਲੱਗੇ। ਤੇਰੇ ਅੰਦਰ ਚੇਤਨ ਨਾ ਹੋਵੇ ਤਾਂ ਮਨ ਦਾ

ਤੈਨੂੰ ਕੈਸੇ ਪਤਾ ਲੱਗੇ ? ਇਹ ਤਾਂ ਤੂੰ ਅੰਦਾਜਾ ਕਰ ਲਿਆ ਬਈ ਸੰਕਲਪ ਵਿਕਲਪ ਹੈ। ਭਾਈ ਸੰਕਲਪ ਤੇ ਵਿਕਲਪ, ਇਹਦਾ ਨਾਉਂ ਹੀ ਮਨ ਹੈ। ਜਿਹੜੀ ਨਿਚੇ ਰੂਪੀ ਬਿਰਤੀ ਹੈ ਉਹਨੂੰ ਬੁੱਧੀ ਕਹਿੰਦੇ ਨੇ। ਜਿਹੜਾ ਚਿੰਤਨ ਮੇਂ ਲੱਗਿਆ ਹੈ, ਚਾਹੇ ਸੰਸਾਰ ਦੇ, ਚਾਹੇ ਪਰਮੇਰ ਦੇ, ਉਹ ਚਿੱਤ ਹੈ। ਜਿਹੜਾ ਹੰਕਾਰ ਕਰਨਾ, ਚਾਹੇ ਰੀਰ ਦਾ ਕਰੋ, ਚਾਹੇ ਸਰੂਪ ਦਾ ਕਰੋ। ਸਰੂਪ ਦਾ ਹੰਕਾਰ ਤਾਂ ਇਹਨੂੰ ਨੇੜੇ ਲੈ ਜਾਏਗਾ ਤੇ ਜਿਹੜਾ ਦੇਹ ਦਾ ਅਭਿਮਾਨ ਹੈ ਇਹਨੂੰ ਬਾਹਰ ਕੱਢ ਲਿਆਊ। ਇਸ ਕਰਕੇ ਜੇ ਉਹ ਨਾਂ ਅੰਦਰ ਹੁੰਦਾ, ਚਾਰੇ ਅੰਤਹਕਰਣ ਦੀਆਂ ਬਿਰਤੀਆਂ ਤੈਨੂੰ ਦਿਸਦੀਆਂ ਹੀ ਨਾ। ਨਾ ਬੁੱਧੀ ਦਿਸਦੀ, ਨਾ ਮਨ ਦਿਸਦਾ, ਨਾ ਚਿੱਤ ਦਿਸਦਾ ਨਾ ਹੰਕਾਰ। ਉਹ ਜਿਨ੍ਹਾਂ ਕਰਕੇ ਤੂੰ ਉਸ ਨੂੰ ਦੇਖਦਾ ਹੈਂ ਅੰਤਹਕਰਣ ਨੂੰ, ਉਹ ਪਰਮੇਰ ਹੈ, ਉਹ ਤੇਰਾ ਆਪਾ ਹੈ। ਤੇਰਾ ਆਪਾ ਤਾਂ ਉਹੀ ਹੈ, ਹੋਰ ਤਾਂ ਤੇਰਾ ਆਪਾ ਹੈ ਨਹੀਂ। ਜੇ ਤੇਰਾ ਆਪਾ ਮਨ ਹੁੰਦਾ ਉਹ ਜੜ੍ਹ ਹੈ, ਬੁੱਧੀ ਜੜ੍ਹ ਹੈ, ਚਿੱਤ ਜੜ੍ਹ ਹੈ, ਹੰਕਾਰ ਜੜ੍ਹ ਹੈ। ਤੇ ਜੜ੍ਹ ਨੇ ਕਿਸੇ ਨੂੰ ਦੇਖਿਆ ਜਾਣਿਆਂ ਨਹੀਂ ਅਜ ਤੱਕ। ਦੇਖਣੇ ਵਾਲਾ ਤੇ ਜਾਨਣੇ ਵਾਲਾ ਸੋਹੰ ਪ੍ਰਕਾ ਹੁੰਦਾ ਹੈ ।

***ਏਕ ਸਮੇਂ ਹੀ ਭਾਂਨ ਹੋਇ ਸਾਖੀ ਅਰੁ ਆਭਾਸ।***
***ਦੂਜੋ ਚੇਤਨ ਕੋ ਵਿੈ ਸਾਖੀ ਸਵਯੰ ਪ੍ਰਕਾਸ।।***

(ਨਿਹਚਲਦਾਸ, ਵਿਚਾਰ ਸਾਗਰ ੪/੧੧੬)

ਉਸ ਨੇ ਆਖਿਆ ਇਕੈ ਸਮੇਂ ਪ੍ਰਤਿਬੰਬ ਤੇ ਬਿੰਬ ਹੁੰਦੇ ਨੇ । ਭਾਂਨ ਹੁੰਦੇ ਨੇ।

ਜਦ ਵੀ ਤੁਸੀਂ ਘੜੇ ਵਿੱਚ ਪ੍ਰਤੀਬਿੰਬ ਦੇਖਦੇ ਹੋ, ਉਸ ਘੜੇ ਨੂੰ ਭੰਨ ਦਿਉਂਗੇ, ਉਹ ਪ੍ਰਤਿਬਿੰਬ ਇਥੋਂ ਜਾਕੇ ਕਿੱਥੇ ਜਾਏਗਾ? ਬਿੰਬ ਮੇਂ ਜਾਏਗਾ, ਹੋਰ ਕਿਤੇ ਲੈਅ ਨਹੀਂ ਹੋਏਗਾ। ਉਹ ਫਿਰ ਸੂਰਜ ਚੋਂ ਉਹਨੂੰ ਕੱਢ ਨਹੀਂ ਸਕਦੇ ਤੁਸੀਂ। ਫਿਰ ਉਹਦੇ ਅਕ ਨੂੰ ਕੱਢ ਸਕਦੇ ਹੋ? ਉਹ ਆਕਾਰ ਨੂੰ ਤਾਂ ਕੱਢ ਸਕਦੇ ਹੋ, ਉਸ ਨੂੰ ਨਹੀਂ ਕੱਢ ਸਕਦੇ। ਉਹ ਮੂਲ ਹੁੰਦਾ। ਉਹ ਤਾਂ ਬਿੰਬ ਹੈ, ਪ੍ਰਤਿਬਿੰਬ ਤਾਂ ਉਹਦੇ

ਵਿੱਚ ਹੈ। ਉਹ ਤਾਂ, ਪਾਣੀ ਡੋਲ ਦਿਉ ਤਾਂ –

***ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥***

(ਪੰਨਾ ੪੭੫)

ਉਹ ਕਹਿੰਦਾ ਉਦਕ ਦਾ ਕੁੰਭ ਜਦੋਂ ਡੁੱਲ੍ਹ ਗਿਆ, ਪ੍ਰਤਿਬਿੰਬ ਜਾਕੇ ਬਿੰਬ ਨੂੰ ਮਿਲ ਗਿਆ। ਕਦ ? ਜਦ ਇਹਨੂੰ ਆਪਣੇ ਸਰੂਪ ਦਾ ਪਤਾ ਲੱਗ ਗਿਆ। ਉਹ ਜਿਹੜਾ ਇਹਨੇ ਜੀਵ ਕਲਪਿਤ ਕੀਤਾ ਹੋਇਐ ਪ੍ਰਤੀਬਿੰਬ ਉਹ ਆਪੇ ਹੀ ਹਟ ਜਾਏਗਾ। ਇਹ ਜੋ ਕੁਛ ਹੈ, ਆਪਣਾ ਸਰੂਪ ਰਹੇਗਾ। ਉਹ ਕੌਣ ਹੈ ? ਉਹ ਸੋਹੰ ਪ੍ਰਕਾ ਹੈ।

***ਸਾਖੀ ਬ੍ਰਹਮ ਸ੍ਰੂਪ ਇਕ, ਨਹੀਂ ਭੇਦ ਕੋ ਗੰਧ।***
***ਰਾਗ ਦਵੇ ਮਤੀ ਕੇ ਧਰਮ, ਤਾ ਮੈਂ ਮਾਨਤ ਅੰਧ॥***

(ਨਿਹਚਲਦਾਸ, ਵਿਚਾਰ ਸਾਗਰ ੨/੧੨)

ਇਹ ਅਗਿਆਨੀ ਲੋਕ ਬੁੱਧੀ ਦੇ ਧਰਮਾਂ ਨੂੰ ਮੰਨਦੇ ਨੇ। ਉਸਦਾ ਕੋਈ ਧਰਮ ਨਹੀਂ ਉਹ ਤਾਂ ਪਰਮੇਰ_ੱਧ ਹੈ, ਸੋਹੰ ਪ੍ਰਕਾ ਹੈ, ਵਿਆਪਕ ਹੈ। ਉਸੇ ਦਾ ਅਰਥ ਹੈ। ਹੁਣ ਪੜ੍ਹ ਇਹ ਬਦ –

**ਰਤਨੁ ਰਾਮੁ ਘਟ ਹੀ ਕੇ ਭੀਤਰਿ**

ਉਹ ਰਤਨ ਰੂਪੀ ਰਾਮ੍ਰੱਧ, ਚੇਤਨ, ਉਹ ਤੇਰੇ ਹਿਰਦੇ ਦੇ ਵਿੱਚ ਹੈ। ਉਹ ਬ੍ਰਹਮ, ਪਾਰਬ੍ਰਹਮ ਸਭ ਦਾ ਆਤਮਾ ਰੂਪ ਹੋਕੇ ਸਭ ਦੇ ਹਿਰਦੇ ਵਿੱਚ ਬੈਠਾ ਹੈ। ਉਹ ਪਾਰਬ੍ਰਹਮ ਰੂਪ ਹੈ, ਉਹ ਪਰੀਪੂਰਣ ਹੈ, ਤੇਰਾ ਆਪਾ ਉਹ ਹੈ, ਜੀਵ ! ਤੇਰਾ ਆਪਾ ਇਹ ਨਹੀਂ। ਤੂੰ ਤਾਂ ਆਤਮਾ ਹੈਂ, ਤੂੰ ਮਨ ਨਹੀਂ, ਬੁੱਧੀ ਨਹੀਂ, ਚਿੱਤ ਨਹੀਂ ਤੂੰ ਗਿਆਨ ਇੰਦਰੀਏ ਨਹੀਂ, ਕਰਮ ਇੰਦਰੀਏ ਨਹੀਂ, ਕੁੱਛ ਨਹੀਂ। ਇਹ ਤਾਂ ਜੜ੍ਹ ਹੈ ਸਾਰਾ ਤੇ ਤੇਰਾ ਆਪਾ ਉਹ ਹੈ।

**ਤਾ ਕੋ ਗਿਆਨੁ ਨ ਪਾਇਓ॥**

ਉਹਦਾ ਤੈਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਹੋਇਆ ਕਿ ਮੇ ਰਾ ਸਰੂਪ ਇਹ ਹੈ । ਇਹ ਤੈਨੂੰ ਗਿਆਨ ਪੱਕਾ ਦ੍ਰਿੜ ਨਹੀਂ ਹੋਇਆ

ਬਈ ਮੇਰਾ ਸਰੂਪ ਇਹ ਹੈ। ਜਦ ਤੂੰ ਇੱਥੇ ਆ ਜਾਏਂਗਾ, ਤੇਰੇ ਆਹ ਜਿਹੜੀਆਂ ਮਾਲਾ ਨੇ ਇਹ ਵੀ ਛੁੱਟ ਜਾਣਗੀਆਂ ਤੇ ਸਿਮਰਣ ਵੀ ਛੁੱਟ ਜੂ, ਫਿਰ ਤਾਂ ਸਮਾਧੀ ਹੋ ਗਈ, ਚਾਹੇ ਛਿਨ ਮਾਤਰ ਹੋਵੇ।

***ਏਕ ਚਿਤਿ ਜਿਹ ਇਕ ਛਿਨ ਧਿਆਇਓ॥***

***ਕਾਲ ਫਾਸ ਕੇ ਬੀਚ ਨ ਆਇਓ॥*** (ਅਕਾਲ ਉਸਤਤਿ)

ਜੇ ਇਸ ਦੇ ਉੱਤੇ ਈਰੀ ਕਿਰਪਾ ਹੋ ਗਈ, ਇਹ ਸਿੱਧਾ ਹੋਕੇ ਪਰਮੇਰ ਦਾ ਹੋ ਗਿਆ ਸਾਰਿਆਂ ਨੂੰ ਤਿਆਗ ਕੇ। ਇਸ ਨੂੰ ਆਪਣਾ ਸਰੂਪ ਲੱਭ ਜਾਏਗਾ, ਇਹ ਜਨਮ ਮਰਨ ਤੋਂ ਛੁੱਟ ਜਾਏਗਾ। ਉਹ ਕਿਹੋ ਜਿਹਾ ਸਰੂਪ ਹੈ ? ਅੱਗੇ ਚੱਲ –

**ਜਨ ਨਾਨਕ ਭਗਵੰਤ ਭਜਨ ਬਿਨੁ**
**ਬਿਰਥਾ ਜਨਮੁ ਗਵਾਇਓ॥**

ਇਹ ਹੈ ਹੋਰ, ਜਿਹੜਾ **ਰਮਤ ਰਾਮ ਘਟ ਹੀ ਕੇ ਭੀਤਰ** ਉਹ ਹੋਰ ਹੈ। ਉਹ ਜਿਹੜਾ ਰਮਿਆ ਹੋਇਆ ਰਾਮ ਸੀ ਵਿਆਪਕ ਤੇਰੇ ਹਿਰਦੇ ਚ ਨਹੀਂ ਸੀ?

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਇਹ ਤਾਂ ਦੁਨੀਆਂ ਦੇ ਸੰਤ ਦੱਸ ਗਏ ਕਿ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਰੱਬ ਵਸਦੈ। ਇਹ ਤਾਂ ਸੰਤਾਂ ਦੀ ਗਵਾਹੀ ਹੈ, ਤੇ ਫਿਰ ਉਹ ਕਿਉਂ ਬੇਅਰਥ ਗਿਆ? ਉਹ ਘਟ ਦੇ ਵਿੱਚ ਜਿਹੜਾ ਤੇਰਾ ਰਤਨ ਹੈ ਨਾ ੍ਧ ਚੇਤਨ, ਉਹ ਤੇਰਾ ਆਪਾ ਹੈ। ਹੁਣ ਚੱਲ –

**ਤਾ ਕੋ ਗਿਆਨੁ ਨ ਪਾਇਓ॥**

ਉਹਦਾ ਤੈਨੂੰ ਗਿਆਨ ਨਹੀਂ ਹੋਇਆ, ਸਰੂਪ ਗਿਆਨ ਨਹੀਂ ਹੋਇਆ ਇਹਦਾ ਅਰਥ ਇਹ ਹੈ। ਦੁਨੀਆਂ ਦੇ ਤੈਂ ਗਿਆਨ ਕਰ ਲਏ , ਦੁਨੀਆਂ ਨੂੰ ਤੂੰ ਖੋਜ ਲਿਆ ਪਰ ਤੈਨੂੰ ਆਪਣਾ ਸਰੂਪ ਨਾ ਲੱਭਿਆ।

ਤੂੰ ਸਗੋਂ ਉਲਝਾ ਚ ਪੈ ਗਿਆ। ਇਹ ਮਾਇਆ ਦੇ ਝੋਰੇ ਚ ਪੈ ਗਿਆ।

**ਜਨ ਨਾਨਕ ਭਗਵੰਤ ਭਜਨ ਬਿਨੁ**

ਭਾਈ ਭਗਵਾਨ ਦੇ ਭਜਨ ਬਿਨਾਂ ਕਿਸੇ ਨੂੰ ਅੱਜ ਤੱਕ ਗਿਆਨ ਨਹੀਂ ਹੋਇਆ। ਨਾਮ ਨਾਮੀ ਦਾ ਅਭੇਦ ਹੈ। ਜਿਸ ਵਕਤ ਤੇਰਾ ਮਨ ਨਾਮ ਨਾਲ ਇੱਕ ਹੋ ਗਿਆ, ਇਹ ਤਾਂ ਤੁਸੀਂ ਅੱਗੇ ਕਿੰਨੀ ਵਾਰ ਸੁਣ ਚੁਕੇ ਹੋਂ ਬਈ ਨਾਮ ਦੇ ਨਾਲ ਜਦ ਮਨ ਮਿਲ ਜਾਏਗਾ ਤਾਂ ਇਹਨੂੰ ਪਰਮੇ ਰ ਮਿਲ ਜੂ। ਨਾਮ-ਨਾਮੀ ਦਾ ਅਭੇਦ ਹੈ। ਇਸ ਕਰਕੇ ਭਾਈ ਨਾਮ ਸਾਰਿਆਂ ਤੋਂ ਉੱਚੀ ਚੀਜ ਹੈ। ਉਹ ਭਗਵਾਨ ਦੇ ਭਜਨ ਤੋਂ ਬਿਨਾਂ, ਅੱਗੇ ਚੱਲ -

**ਬਿਰਥਾ ਜਨਮੁ ਗਵਾਇਓ॥**

ਤੇਰਾ ਸਾਰਾ ਜਨਮ ਬੇਅਰਥ ਗਿਆ, ਸਿਫਰ ਹੋ ਗਿਆ। ਤੈਨੂੰ ਉਹ, ਚੀ ਤਾਂ ਲੱਭੀ ਨਹੀਂ ਜਿਹੜੀ ਤੂੰ ਚਾਹੁੰਦਾ ਸੀ। ਉਹ ਤੇਰਾ ਆਪਾ ਸੀ ਤੇਰੇ ਹਿਰਦੇ ਚ। ਆਪਾ ਤਾਂ ਲੱਭਿਆ ਨਾ, ਬਾਹਰ ਫਿਰੀ ਗਿਆ। ਆਪਣਾ ਆਪ ਤਾਂ ਤੈਨੂੰ ਲੱਭਿਆ ਨਾ, ਤੈਨੂੰ ਬਾਹਰ ਫਿਰਨ ਦੀ ਆਦਤ ਪੈ ਗਈ। ਉਹ ਤੇਰੀ ਬਿਰਤੀ ਦੁਨੀਆਂ ਵਿੱਚ ਫੱਸ ਗਈ ਤੇ ਦੁਨੀਆਂ ਨੂੰ ਖੋਜਦਾ ਖੋਜਦਾ ਤੂੰ ਮਰਿਆ ਤੇ ਮਿਲਿਆ ਕੁੱਛ ਨਹੀਂ। ਇਸ ਕਰਕੇ ਜਦ ਤੱਕ ਤੈਨੂੰ ਸਰੂਪ ਦਾ ਦ੍ਰਿੜ ਨਿਚਾ ਨਹੀਂ ਹੋਏਗਾ ਤੱਦ ਤੱਕ ਤੈਨੂੰ ਪਰਮੇਰ ਦੀ ਸਾਖਾਤ ਪ੍ਰਾਪਤੀ ਨਹੀਂ ਹੋਵੇਗੀ। ਸਾਖਾਤ ਤਾਂ ਤੇਰਾ ਆਪਾ ਹੀ ਹੈ। ਪਹਿਲਾਂ ਉਹਦਾ ਧਰਮ ਹੀ ਸਾਖਾਤ ਹੈ। ਲੁਕਿਆ ਤਾਂ ਕਦੇ ਹੈ ਨਹੀਂ ਪਰਮੇਰ, ਉਹਦੇ ਆਸਰੇ ਤਾਂ ਸਾਰੀ ਦੁਨੀਆਂ ਹੈ। ਉਹਦੀ ਸੱਤਾ ਸਫੁਰਤੀ ਨਾਲ ਤਾਂ ਦੁਨੀਆਂ ਚਲਦੀ ਹੈ। ਇਹ ਉਹਦਾ ਆਪਾ ਹੈ ਪਰ ਮਿਲਦਾ ਹੈ ਨਹੀਂ। ਇਹਦੀ ਬਿਰਤੀ ਬਾਹਰ ਚਲੀ ਗਈ, ਇਹ ਬਾਹਜ ਬਿਰਤੀ ਤੇ ਠਹਿਰ ਗਿਆ, ਉਹ ਜਿਹੜੀ ਦ੍ਰਿਟੀ ਸੀ ਇਹਦੀ, ਦ੍ਰਟਾ ਉਹਨੂੰ ਭੁੱਲ ਗਿਆ। ਇਸ ਕਰਕੇ **ਨ ਲਿਪਯਤੇ** ਉਹ ਕਦੇ ਲੋਪ ਹੋਣ ਵਾਲੀ ਨਹੀਂ।

***ਨਹੀਂ ਦ੍ਰਟੂ ਦ੍ਰਿਟੀ ਨ ਲਿਪਯਤੇ।*** (ਉਪਨਿਦ)

ਉਹ ਤਾਂ ਕਹਿੰਦਾ ਅਬਿਨਾਸੀ ਹੈ, ਇਹ ਉਪਨਿਦ ਵਿੱਚ ਆਉਂਦਾ ਹੈ। ਕਹਿੰਦਾ ਇਹਦਾ ਦ੍ਰਟਾ, ਆਪਾ ਕਦੇ ਲੋਪ ਨਹੀਂ ਹੋਇਆ ਪਰ ਇਸ ਦਾ ਮਨ ਨਹੀਂ ਠਹਿਰਿਆ। ਹੁਣ ਮਨ ਨੇ ਠਹਿਰਨਾ ਤਾਂ ਕਿਤੇ ਹੈ, ਤੇ ਠਹਿਰਨੇ ਦੀ ਜਗ੍ਹਾ ਵੀ ਕੋਈ ਹੋਰ ਨਹੀਂ। ਇਕ ਚੀ ਨੂੰ ਦੇਖੋਂਗੇ, ਕਰੋਂਗੇ ਫਿਰ ਹੋਰ ਕੁੱਝ ਕਰਨਾ ਪਏਗਾ। ਇਕ ਬਦ ਤੁਸੀਂ ਗਾਉਂਗੇ, ਅਗਲਾ ਫਿਰ ਹੋਰ ਸੋਚਣਾ ਪਏਗਾ ਨਾਲ ਹੀ। ਠਹਿਰਨ ਦਾ ਤਾਂ ਵਕਤ ਨਹੀਂ ਮਿਲਿਆ, ਤਾਂ ਹੀ ਪਿਛਲੇ ਲੋਕ ਜਾਕੇ ਬੜਾ ਅਭਿਆਸ ਕਰਦੇ ਹੁੰਦੇ। ਇਸ ਕਰਕੇ ਕਿ ਕਿਸੇ ਵਕਤ ਪਰਮੇਰ ਨੂੰ ਰਹਿਮ ਆ ਜਾਏ, ਠਹਿਰ ਜਾਏ। ਫਿਰ ਜੋ ਹੋਇਆ ਦੇਖੀ ਜਾਊ।

***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥***

(ਪੰਨਾ ੩੮੧)

ਪਹਿਲਾਂ ਅਪਣੇ ਮਨ ਨੂੰ ਗਿਆਨ ਕਰ ਲਵੇ ਫਿਰ ਲੋਕਾਂ ਨੂੰ ਵੀ ਰਿਝਾ ਦੇਵੇ, ਖੁ ਕਰ ਲਵੇ, ਫਿਰ ਕੋਈ ਡਰ ਨਹੀਂ ਹੈ। ਪਰ ਸਰੂਪ ਨਾ ਭੁੱਲੇ ਆਪਣਾ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

❑

ੴ ਸਤਿਗੁਰ ਪ੍ਰਸਾਦਿ॥

## ੨੪

### ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
### ਸਤਿਗੁਰ ਪ੍ਰਸਾਦਿ॥

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥
ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥ (ਪੰਨਾ ੧੩੩)

ਆਪ ਇਸ ਬਾਤ ਨੂੰ ਜਾਣਦੇ ਹੋ, ਪਹਿਲੀ ਪਾਤਾਹੀ ਨੇ ਬਾਰਹ ਮਾਹਾ ਤੁਖਾਰੀ ਮੇਂ ਉਚਾਰਿਆ ਸੀ। ਪਰ ਉਹਦੇ ਵਿੱਚ ਅਲੰਕਾਰ ਜਿਆਦਾ ਸੇ, ਸਮਝ ਕਮ ਆਉਂਦੀ ਸੀ। ਸਾਰੀ ਸੰਗਤ ਨੇ ਇੱਕਠੇ ਹੋ ਕੇ, ਪੰਚਮ ਪਾਤਾਹ ਦੇ ਪਾਸ ਬੇਨਤੀ ਕੀਤੀ ਬਈ ਇਹੋ ਜਿਹਾ ਬਾਰਹ ਮਾਹ ਉਚਾਰੋ, ਮਹਾਰਾਜ! ਜਿਹੜਾ ਸਾਡੀ ਸਮਝ ਚ ਆ ਜਾਏ। ਗੁਰੂ ਸਾਹਿਬ ਨੇ ਬਹੁਤ ਸਰਲ ਕੀਤਾ। ਇਹਦੇ ਚ ਪੰਜਾਬੀ ਦੇ ਪਦ ਬਹੁਤ ਜਿਆਦਾ ਨੇ। ਅੰਮ੍ਰਿਤਸਰ ਦੀ ਬੋਲੀ ਹੈ, ਪੰਜਾਬ ਦੇ ਮੱਧ ਦੀ ਬੋਲੀ ਹੈ। ਇਸ ਕਰਕੇ ਪੰਜਾਬੀਆਂ ਨੂੰ ਖਾਸ ਸਮਝ ਆਉਂਦੈ। ਸਭ ਕਿਰਪਾ ਕਰਕੇ, ਦਇਆ ਕਰਕੇ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

**ਸਤਿਗੁਰ ਪ੍ਰਸਾਦਿ ॥**

ਇੱਕ ਜੋ ਪਰਮੇਰ ਹੈ, ਉਹ ਪੂਰਨ ਬ੍ਰਹਮ ਗਿਆਨੀ ਦੀ ਕਿਰਪਾ ਤੇ ਪ੍ਰਾਪਤ ਹੁੰਦਾ ਹੈ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*** (ਪੰਨਾ ੨੭੩)
***ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥***(ਪੰਨਾ ੩੫੦)

ਇਹ ਨਿਯਮ ਕਰਤਾ ਗੁਰੂ ਸਾਹਿਬ ਨੇ, ਮੇਰਾ ਮਾਲਿਕ ਇੱਕੋ ਹੈ। ਆਪ ਨੇ ਪੜ੍ਹਿਆ ਹੋਏਗਾ, ਗੁਰੂ ਗ੍ਰੰਥ ਸਾਹਿਬ ਵਿੱਚ। ਇਕ ਵੈਨੂੰ ਸੰਤ ਠਾਕੁਰਾਂ ਦਾ ਉਪਾਕ, ਪੰਚਮ ਪਾਤਾਹ ਦੇ ਪਾਸ ਆਇਆ, ਉਹਦੇ ਜਿਹੜੇ ਸਾਥ ਥੇ, ਉਹਨਾਂ ਨੇ ਆਖਿਆ ਮਹਾਰਾਜ, ਠਾਕੁਰਾਂ ਦਾ ਉਪਾਕ ਹੈ। ਜਿੰਨਾਂ ਚਿਰ ਠਾਕੁਰਾਂ ਦਾ ਭੋਗ ਨਹੀਂ ਲਵਾ ਲੈਂਦਾ, ਅੰਨ ਜਲ ਨੂੰ ਉਤਨਾ ਚਿਰ ਇਹ ਅੰਗੀਕਾਰ ਨਹੀਂ ਕਰਦਾ। ਗੁਰੂ ਸਾਹਿਬ ਨੂੰ ਇਹ ਬਾਤ ਪਸਿੰਦ ਨਹੀਂ ਸੀ। ਪ੍ਰਤੀਕ ਉਪਾਸਨਾ ਗੁਰੂ ਗ੍ਰੰਥ ਸਾਹਿਬ ਮੇਂ ਨਹੀਂ ਲਿਖੀ। ਪ੍ਰੇਮਾ ਭਗਤੀ ਹੈ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
***ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥*** (ਪੰਨਾ ੧੩੮੮)

ਪ੍ਰੇਮਾ ਭਗਤੀ ਦੁਆਰੇ ਇਹ ਸੰਤ ਬਣ ਜਾਏਗਾ। ਸੰਤ ਦੀ ਕਿਰਪਾ ਤੇ ਇਹਨੂੰ ਪਰਮੇਰ ਪ੍ਰਾਪਤ ਹੋ ਜਾਏਗਾ।

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਏਸ ਕਰਕੇ ਉਪਾਸਨਾ ਇੱਕ ਦੀ ਕਰਨੀ ਹੈ। ਪਰ–

***ਗੁਰੁ ਪਰਮੇਸਰੁ ਏਕੋ ਜਾਣੁ॥***
***ਜੋ ਤਿਸੁ ਭਾਵੈ ਸੋ ਪਰਵਾਣੁ॥*** (ਪੰਨਾ ੮੬੪)

ਗੁਰੂ ਔਰ ਪਰਮੇਰ ਇਕ ਹੁੰਦੇ ਨੇ। ਬ੍ਰਹਮ ਗਿਆਨੀ ਦਾ ਨਾਮ ਗੁਰੂ ਹੈ।

***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥***
***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥*** (ਪੰਨਾ ੨੭੩)

ਜਨਮ ਮਰਨ ਦੇ ਵਿੱਚ ਬ੍ਰਹਮ ਗਿਆਨੀ ਨਹੀਂ ਹੁੰਦਾ। ਉਹ ਪਰਮੇਰ ਰੂਪ ਹੁੰਦੈ। ਸਾਰੀ ਸ੍ਰਿਟੀ ਦਾ ਕਰਤਾ ਵੀ ਉਹਨੂੰ ਕਿਹਾ ਗਿਐ। ਕਰਤਾ ਪੁਰਖ ਇੱਕ ਹੈ।

ਜਦ ਇਹ ਬਾਤ ਹੋ ਚੱਲੀ, ਗੁਰੂ ਸਾਹਿਬ ਨੇ ਸਾਫ ਕਿਹਾ–

***ਘਰ ਮਹਿ ਠਾਕੁਰੁ ਨਦਰਿ ਨ ਆਵੈ॥***
***ਗਲ ਮਹਿ ਪਾਹਣੁ ਲੈ ਲਟਕਾਵੈ॥੧॥***
***ਭਰਮੇ ਭੂਲਾ ਸਾਕਤੁ ਫਿਰਤਾ॥***
***ਨੀਰੁ ਬਿਰੋਲੈ ਖਪਿ ਖਪਿ ਮਰਤਾ॥ ੧॥ ਰਹਾਉ॥***
***ਜਿਸੁ ਪਾਹਣ ਕਉ ਠਾਕੁਰੁ ਕਹਤਾ॥***
***ਓਹੁ ਪਾਹਣੁ ਲੈ ਉਸ ਕਉ ਡੁਬਤਾ॥ ੨॥***
***ਗੁਨਹਗਾਰ ਲੂਣ ਹਰਾਮੀ॥***
***ਪਾਹਣ ਨਾਵ ਨ ਪਾਰਗਿਰਾਮੀ॥੩॥***
***ਗੁਰ ਮਿਲਿ ਨਾਨਕ ਠਾਕੁਰੁ ਜਾਤਾ॥***
***ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥੪॥*** (ਪੰਨਾ ੭੩੯)

ਕਹਿੰਦੇ ਅਸੀਂ ਠਾਕੁਰ ਨੂੰ ਮੰਨਦੇ ਹਾਂ। ਠਾਕੁਰ ਮਾਲਕ ਨੂੰ ਕਹਿੰਦੇ ਨੇ , ਅਸੀਂ ਪਰ ਉਹ ਠਾਕੁਰ ਪਾਇਆ ਹੈ।

***ਗੁਰ ਮਿਲਿ ਨਾਨਕ ਠਾਕੁਰੁ ਜਾਤਾ॥***

ਅਸੀਂ ਗੁਰੂ ਰਾਮਦਾਸ ਨੂੰ ਮਿਲਕੇ ਉਹ ਠਾਕੁਰ ਨੂੰ ਜਾਣਿਆ। ਉਹ ਕਿਹੋ ਜਿਹਾ ਹੈ ?

***ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥***

ਉਹ ਪੂਰਣ ਹੈ, ਵਿਆਪਕ ਹੈ। ਪਰ ਅਸੀਂ ਆਪਣੇ ਗੁਰੂ ਨੂੰ ਮਿਲਕੇ , ਉਸ ਠਾਕੁਰ ਨੂੰ ਪਛਾਣਿਆ ਹੈ। ਇਹ ਜਿਹੜਾ ਤੁਸੀਂ ਪੱਥਰ ਦੇ ਠਾਕੁਰ ਨੂੰ ਠਾਕੁਰ ਕਹਿੰਦੇ ਹੋ, ਇਹ ਮਾਲਕ ਨਹੀਂ ਦੁਨੀਆਂ ਦਾ। ਇਹ ਇਕ ਪ੍ਰਤੀਕ ਉਪਾਸਨਾ ਹੈ, ਰਧਾ ਹੈ। ਪ੍ਰਥਾਂ ਸਾਰੀ ਦੁਨੀਆਂ ਦੀਆਂ ਅਲਹਿਦਾ ਚਲਦੀਆਂ ਨੇ, ਪਰ ਸਿਧਾਂਤ ਇੱਕ ਹੁੰਦਾ ਹੈ, ਇਹ ਨਿਯਮ ਹੈ। ਸਿਧਾਂਤ ਕਦੇ ਦੋ ਨਹੀਂ ਹੋਏ, ਪ੍ਰਥਾਂ ਸਾਰਿਆਂ ਦੀਆਂ ਅਲਹਿਦਾ ਹੋਣਗੀਆਂ। ਪਰ ਕਦ ਤੱਕ ? ਜਦ ਤੱਕ ਅਗਿਆਨ ਹੈ। ਗਿਆਨੀ ਨੂੰ ਸਾਰੇ ਪਰਮੇਰ ਦਿਸਦਾ ਹੈ।

***ਬ੍ਰਹਮ ਗਿਆਨੀ ਕਾ ਸਗਲ ਅਕਾਰੁ॥***
***ਬ੍ਰਹਮ ਗਿਆਨੀ ਆਪਿ ਨਿਰੰਕਾਰੁ॥*** (ਪੰਨਾ ੨੭੩)

ਉਹ ਨਿਰਾਕਾਰ ਪਰਮੇਰ ਬ੍ਰਹਮ ਗਿਆਨੀ ਹੈ। ਉਹ ਦੁਨੀਆਂ ਦਾ ਮਾਲਕ ਹੈ। ਅਸੀਂ ਉਹਨੂੰ ਜਾਣਿਆ ਹੈ ਪਰ ਇੱਕ ਦੀ ਉਪਾਸਨਾ ਕਰਕੇ। ਇੱਕ ਨੂੰ ਮਿਲਣਾ ਹੈ, ਇੱਕ ਦੇ ਹੀ ਅਸੀਂ ਸਾਰੇ ਹਾਂ। ਇੱਕ ਮਾਲਕ ਹੈ, ਉਸਦੇ ਅਸੀਂ ਸੇਵਕ ਹਾਂ। ਪਰ ਬ੍ਰਹਮਗਿਆਨੀ ਵੀ ਆਪਣੇ ਆਪ ਨੂੰ ਦਾਸ ਮੰਨਦੈ । ਇਹ ਉਸ ਦੀ ਬੜੀ ਭਾਰੀ ਨਿੰਮਰਤਾ ਹੈ, ਨਿਰਹੰਕਾਰਤਾ ਹੈ। ਬ੍ਰਹਮ ਗਿਆਨੀ ਪਰਮੇਰ ਵੀ ਹੈ ਪਰ ਉਹਨੇ ਸਾਨੂੰ ਦੱਸਣਾ ਹੁੰਦੈ ਬਈ ਦਾਸ ਬਣਕੇ ਪਰਮੇਰ ਨੂੰ ਜਾਣਕੇ ਤੇ ਤੁਸੀਂ ਇਸ ਰਸਤੇ ਦੁਨੀਆਂ ਨੂੰ ਲਿਆਉਣੈ । ਇਸ ਕਰਕੇ ਉਹ ਗੁਰੂ ਦੀ ਕਿਰਪਾ ਤੇ ਮਿਲਦਾ ਹੈ। ਉਹ ਇੱਕ ਹੈ।

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ***

*ਜਾਲਾ॥*

> ***ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਸਭ ਦੇ ਹਿਰਦੇ ਦੇ ਵਿੱਚ ਸਾਖੀ ਰੂਪੇ, ਅੰਤਰਜਾਮੀ ਰੂਪੇ ਹੈ। ਉਹਨੂੰ ਸਾਖੀ ਵੀ ਕਹਿੰਦੇ ਨੇ, ਅੰਤਰਜਾਮੀ ਵੀ ਕਹਿੰਦੇ ਨੇ, ਰਾਖਾ ਵੀ ਕਹਿੰਦੇ ਨੇ–

> ***ਰਾਖਾ ਏਕੁ ਹਮਾਰਾ ਸੁਆਮੀ॥***
> ***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਉਹ ਜੋ ਅੰਤਰਜਾਮੀ ਜਾਨਣੇ ਵਾਲਾ ਪਰਮੇਰ ਹੈ, ਉਹ ਸਾਰੀ ਦੁਨੀਆਂ ਦਾ ਰਾਖਾ ਹੈ। ਸਾਡਾ ਰਾਖਾ ਵੀ ਗੁਰੂ ਸਾਹਿਬ ਕਹਿੰਦੇ ਉਹੀ ਹੈ। ਪਰ –

> ***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
> ***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***
>
> (ਪੰਨਾ ੧੪੦੮)

ਇਸ ਕਰਕੇ ਇਸ ਪ੍ਰਕਾਰ ਉਹ ਜੋਤੀ ਸਰੂਪ ਪਰਮੇਰ ਥੇ। ਪਰ ਇਸ ਜਗ੍ਹਾ ਉਹਨਾਂ ਨੂੰ ਕਹਿਣਾ ਹੀ ਬਣਦਾ ਸੀ ਕਿ ਉਹ ਸਾਡਾ ਅੰਤਰਜਾਮੀ ਹੈ, ਮਾਲਿਕ ਹੈ। ਸਾਰੀ ਦੁਨੀਆਂ ਦਾ ਮੁੱਖ ਸਨਮੁਖ ਕਰਤਾ ਬਈ ਤੁਸੀਂ ਉਸ ਅੰਤਰਜਾਮੀ ਦੇ ਉਪਾਕ ਹੋ, ਉਸ ਏਕੰਕਾਰ ਦੇ ਉਪਾਕ ਹੋ, ਜਿਹੜਾ ਸਾਰਿਆਂ ਦੇ ਹਿਰਦਿਆਂ ਚ ਬੈਠਾ ਹੈ। ਉਹ ਕੌਣ ਹੈ ?

> ***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
> ***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***
>
> (ਪੰਨਾ ੧੪੨੭)

ਤੂੰ ਸੰਸਾਰ ਤੋਂ ਪਾਰ ਹੋ ਜਾਏਂਗਾ ਜੇ ਉਸ ਈਰ ਦਾ ਉਪਾਕ ਹੋ ਜਾਏਂ। ਇਸ ਕਰਕੇ ਉਹ ਏਕਾ ਜੋ ਹੈ ਉਹ ਸਭ ਦੇ ਹਿਰਦੇ ਵਿੱਚ ਹੈ, ਉਹ ਸਾਰੇ ਵਿਆਪਕ ਹੈ, ਪਰ ਜਦ ਉਹ ਗੁਰੂ ਪਰਮੇਰ ਕਿਰਪਾ ਕਰੇ

ਤਾਂ ਇਹਨੂੰ ਇਹ ਪ੍ਰਾਪਤ ਹੁੰਦੈ, ਫਿਰ ਇਹ ਪੁੱਗ ਜਾਂਦਾ ਹੈ। ਚੱਲ –

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**

ਉਹ ਜੀਵ ਆਪਣੇ ਕਰਮਾਂ ਦੇ ਅਨੁਸਾਰ ਵਿੱਛੜੇ ਨੇ ਪਰਮੇਰ ਨਾਲੋਂ। ਕਿਸੇ ਨੇ ਵਿਛੋੜੇ ਨਹੀਂ ਜੇ ਵਿਛੋੜੇ ਹੁੰਦੇ ਤਾਂ ਉਹਦਾ ਨਾਉਂ ਲੈਂਦੇ।

**ਕਿਰਤਿ ਕਰਮ ਕੇ ਵੀਛੁੜੇ**

ਇਹ ਇਹਨਾਂ ਨੇ ਜਿਹੋ ਜਿਹੇ ਕੰਮ ਕੀਤੇ ਉਸ ਕਿਰਤ ਦੇ ਅਨੁਸਾਰ ਵਿੱਛੜੇ।

**ਕਰਿ ਕਿਰਪਾ ਮੇਲਹੁ ਰਾਮ ॥**

ਹੇ ਰਾਮ ! ਹੇ ਵਿਆਪਕ ! ਕਿਰਪਾ ਕਰਕੇ ਆਪ ਇਹਨਾਂ ਨੂੰ ਆਪਣੇ ਨਾਲ ਮਿਲਾ ਲਉ। ਇਹ ਪਰਮੇਰ ਪ੍ਰਤੀ ਪੁਰਾਰਥ ਹੈ। ਆਹ ਗੁਰੂ ਸਾਹਿਬ ਰਸਤਾ ਦਸਦੇ ਨੇ ਬਈ ਉਸ ਪਰਮੇਰ ਦੀ ਕਿਰਪਾ ਤੇ ਪਰਮੇਰ ਨੂੰ ਪ੍ਰਾਪਤ ਹੋਵੋਂਗੇ।

**ਚਾਰਿ ਕੁੰਟ ਦਹ ਦਿਸ ਭ੍ਰਮੇ**

ਚਾਰ ਖਾਣੀਆਂ ਦੇ ਵਿੱਚ ਤੇ ਦਸਾਂ ਦਿਾਂ ਦੇ ਵਿੱਚ ਉਹ ਭਰਮਕੇ ਆਏ। ਸਾਰੇ ਫਿਰ ਚੁੱਕੇ ਨੇ।

**ਥਕਿ ਆਏ ਪ੍ਰਭ ਕੀ ਸਾਮ॥**

ਜਦ ਇਹ ਥੱਕ ਗਏ ਤਾਂ ਪ੍ਰਭੂ ਦੀ ਰਣ ਆਏ। ਗੁਰੂ ਰਾਮਦਾਸ ਤੱਕ ਆਏ। ਫਿਰ ਇਹ ਪ੍ਰਭੂ ਦੀ ਰਣ ਪਏ।

**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥**

ਜਿਹੜੀ ਗਊ ਦੁੱਧ ਨਹੀਂ ਦਿੰਦੀ, ਉਹ ਕਿਸੇ ਕੰਮ ਦੀ ਨਹੀਂ। ਲੋਕ ਉਹਨੂੰ ਛੱਡ ਦਿੰਦੇ ਨੇ, ਬਾਹਰ ਛੱਡ ਦਿੰਦੇ ਨੇ। ਗਊਆਂ ਜਿਹੜੀਆਂ ਆਿਦਾ ਦੁੱਧ ਦਿੰਦੀਆਂ ਨੇ, ਉਹਨਾਂ ਨੂੰ ਇਨਾਮ ਮਿਲਦਾ ਹੈ। ਇਸ ਕਰਕੇ ਜੈਸੇ ਉਹ ਬਿਅਰਥ ਹੈ। ਜਬ ਤੱਕ ਇਹ ਪਰਮੇਰ ਦਾ ਦਾਸ

ਨਹੀਂ ਬਣਿਆ ਤਬ ਤੱਕ ਇਹ ਬਿਅਰਥ ਹੈ, ਉਦੋਂ ਤੱਕ ਭਗਤਾਂ ਵਿੱਚ ਗਿਣਿਆ ਨਹੀਂ ਗਿਆ । ਉਦੋਂ ਤੱਕ ਇਹ ਕਿਰਪਾ ਦਾ ਪਾਤਰ ਨਹੀਂ ਹੋਇਆ।

**ਜਲ ਬਿਨੁ ਸਾਖ ਕੁਮਲਾਵਤੀ**

ਜਲ ਤੋਂ ਬਿਨਾਂ **ਸਾਖ** ਨਾਉਂ ਹੈ ਖੇਤੀ ਦਾ। ਜਦ ਉਹ ਕੁਮਲਾ ਜਾਏ, ਜਦ ਉਹ ਸੁੱਕ ਜਾਏ ਤਾਂ –

**ਉਪਜਹਿ ਨਾਹੀ ਦਾਮ ॥**

ਫਿਰ ਉਹਦੇ ਪੈਸੇ ਤਾਂ ਨਹੀਂ ਵੱਟੇ ਜਾਂਦੇ, ਦਾਮ ਤਾਂ ਨਹੀਂ ਮਿਲਦੇ। ਉਹ ਤਾਂ ਗਈ ਆਈ, ਸੁੱਕ ਗਈ। ਇਸ ਕਰਕੇ ਜੋ ਨਾਮ ਤੋਂ ਬਿਹੂਣਾ ਜੀਵ ਹੈ, ਉਹ ਕਿਸੇ ਕੰਮ ਦਾ ਨਹੀਂ। ਉਹ ਜੰਮੇਗਾ ਤੇ ਮਰੇਗਾ ਤੇ ਜੂਨਾਂ ਵਿੱਚ ਜਾਏਗਾ, ਉਹ ਕਿਸੇ ਗਿਣਤੀ ਵਿੱਚ ਨਹੀਂ ਭਾਈ। ਇਸ ਕਰਕੇ ਜਿਹੜੀ ਖੇਤੀ ਪੱਕ ਕੇ ਫਲ ਦੇ ਦੇਵੇ ਉਹਦੇ ਦਾਮ ਵੀ ਮਿਲਣਗੇ, ਖਾਣਗੇ ਪੀਣਗੇ ਸਾਰੇ, ਜਾਣਦੇ ਹੋ ਤੁਸੀਂ।

**ਹਰਿ ਨਾਹ ਨ ਮਿਲੀਐ ਸਾਜਨੈ**

**ਹਰੀ** ਜਿਹੜਾ ਮਾਲਕ ਹੈ ਸਾਰਿਆਂ ਦਾ, ਉਹ ਸੱਚਾ ਸੱਜਣ ਜਿੰਨਾ ਚਿਰ ਤੀਕਰ ਨਾ ਪ੍ਰਾਪਤ ਹੋਵੇ।

**ਕਤ ਪਾਈਐ ਬਿਸਰਾਮ॥**

ਇਹ ਜਨਮ ਮਰਨ ਤੋਂ ਕੈਸੇ ਛੁੱਟੇ ? ਇਹਦਾ ਜਨਮ ਮਰਨ ਤੋਂ ਛੁਟਕਾਰਾ ਕੈਸੇ ਹੋਏਗਾ ? ਨਹੀਂ ਹੋਏਗਾ।

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ**

ਜਿਸ ਅੰਤਹਕਰਣ ਦੇ ਵਿੱਚ, ਜਿਸ ਮਨ ਦੇ ਵਿੱਚ ਪਰਮੇਰ ਪ੍ਰਗਟ ਨਹੀਂ ਹੋਇਆ, ਸਾਖਾਤਕਾਰ ਨਹੀਂ ਹੋਇਆ। ਪਰ ਪਰਮੇਰ ਤਾਂ ਮਨ ਦੇ ਵਿੱਚ ਬੈਠਾ ਹੈ। ਮਨ ਤਾਂ ਤੁਹਾਡੇ ਸਾਹਮਣੇ ਹੈ, ਜੋ ਮਨ ਸੰਕਲਪ ਵਿਕਲਪ ਕਰਦੈ, ਉਹ ਤੁਸੀਂ ਸਭ ਜਾਣਦੇ ਹੋ। ਮਨ ਤਾਂ ਜੜ੍ਹ ਹੈ। ਮਨ ਨੂੰ ਤਾਂ ਕਦੇ ਸੰਕਲਪ ਵਿਕਲਪ ਕਰਨ ਦੀ ਤਾਕਤ ਹੀ ਨਹੀਂ

ਹੈ। ਜੋ ਮਨ ਦੇ ਵਿੱਚ ਈਰ ਵੱਲੋਂ ਸੰਕਲਪ ਵਿਕਲਪ ਆਉਂਦੈ, ਜਾਂ ਭੁੱਲ ਵੱਜੋਂ ਆਉਂਦੈ, ਉਹ ਤੁਸੀਂ ਸਭ ਜਾਣਦੇ ਹੋ।

**ਭਠਿ ਨਗਰ ਸੇ ਗ੍ਰਾਮ॥**

ਉਹ ਗ੍ਰਾਮ, ਉਹ ਸਰੀਰ ਭੱਠ ਦੀ ਤਰ੍ਹਾਂ ਹੈ। ਭਾਵੇਂ ਉਹ ਬੜਾ ਸੁਹਣਾ ਗਰਾਮ ਹੈ, ਬੜਾ ਸੁਹਣਾ ਰੀਰ ਹੈ, ਬੜਾ ਸੁਹਣਾ ਨਗਰ ਹੈ, ਪਰ ਉਹਨੂੰ ਤੁਸੀਂ ਭੱਠ ਸਮਝੋ। ਉਹ ਬੇਅਰਥ ਹੈ, ਉਹਦੇ ਵਿੱਚ ਬਹਿ ਕੇ ਤੁਸੀਂ ਸੁੱਖ, ਆਤਮ ਸੁੱਖ ਨਹੀਂ ਪਾਇਆ। ਦੁਨੀਆਂ ਦੇ ਦੁੱਖ ਸੁੱਖ ਦਾ ਅਨੁਭਵ ਕੀਤਾ, ਇਸ ਕਰਕੇ ਉਹ ਕਿਸੇ ਕੰਮ ਦਾ ਨਹੀਂ।

**ਸ੍ਰਬ ਸੀਗਾਰ ਤੰਬੋਲ ਰਸ**

ਜਿਤਨੇ ਵੀ ਵੈਰਾਗ, ਵਿਵੇਕ ਇਹਨੇ ਸਿੰਗਾਰ ਕੀਤੇ, ਤੰਬੋਲ, ਦੁਨੀਆਂ ਦੇ ਰਸ ਵੀ ਇਹਨੇ ਭੋਗੇ ਨੇ।

**ਸਣੁ ਦੇਹੀ ਸਭ ਖਾਮ॥**

ਪਰ ਸਣੇ ਰੀਰ ਦੇ ਸਭ ਬੇਅਰਥ। ਖਾਮ ਮਹਿਨੇ ਬੇਅਰਥ। ਉਹ ਸਭ ਬੇਅਰਥ ਗਏ।

**ਪ੍ਰਭ ਸੁਆਮੀ ਕੰਤ ਵਿਹੂਣੀਆ**

ਉਹ ਜਿਹੜਾ ਸਾਰਿਆਂ ਦਾ ਮਾਲਕ, ਪ੍ਰੇਰਕ, ਪ੍ਰਭੂ ਹੈ ਸੁਆਮੀ, ਉਹਦੇ ਬਿਨਾਂ ਇਹ ਸਭ ਜਮ ਹੋ ਗਏ। ਇਹਨਾਂ ਨੇ ਤੁਹਾਡਾ ਕੁੱਛ ਨਹੀਂ ਕਰਨਾ। ਉਹਨਾਂ ਨੇ ਭਾਈ ਤੁਹਾਡੀ ਕੋਈ ਸਹਾਇਤਾ ਨਹੀਂ ਕਰਨੀ ਹੈਗੀ।

***ਅੰਤ ਬਾਰ ਨਾਨਕ ਬਿਨੁ ਹਰਿ ਜੀ***
***ਕੋਊ ਕਾਮਿ ਨ ਆਇਓ॥*** (ਪੰਨਾ ੬੩੪)

ਅੰਤ ਵਾਰ ਬਿਨਾ ਪਰਮੇਰ ਦੇ ਕੋਈ ਕੰਮ ਨਹੀਂ ਆਉਂਦਾ। ਪਰਮੇਰ ਦੇ ਦਰਨ ਹੁੰਦੇ ਨੇ ਤਾਂ ਇਹਦਾ ਜਨਮ ਮਰਨ ਕੱਟਿਆ ਜਾਂਦੈ। ਇਹ ਪਰਮੇਰ ਨਾਲ ਇਕ ਹੋ ਜਾਂਦੈ। ਇਹਨੂੰ ਥਹੁ ਮਿਲ ਜਾਂਦੈ ਮਨੁੱਖਾ ਰੀਰ ਦਾ। ਪਰ ਜਦ ਤੱਕ ਇਹ ਪਰਮੇਰ ਤੋਂ ਬੇਮੁੱਖ ਹੈ ਤਾਂ

ਉਹ ਸਾਰੇ ਲੋਕ ਇਹਦੇ ਵਾਸਤੇ ਜਮ ਦੀ ਤਰ੍ਹਾਂ ਨੇ, ਦੁਖਦਾਈ ਨੇ –

**ਮੀਤ ਸਜਣ ਸਭਿ ਜਾਮ॥**

ਜਿੰਨੇ ਵੀ ਇਹਦੇ ਮਿੱਤਰ ਨੇ, ਸੱਜਣ ਨੇ, ਕਿਉਂ ਜਮ ਨੇ? ਉਹਨਾਂ ਨੇ ਅੰਤ ਨੂੰ ਇਹਦਾ ਭਲਾ ਨਾ ਕੀਤਾ। ਈਰ ਦੇ ਦਰਨ ਦੇ ਨਾਲ ਈਰ ਦੀ ਪ੍ਰਾਪਤੀ ਹੁੰਦੀ ਹੈ। ਜਿੰਨਾਂ ਚਿਰ ਪਰਮੇਰ ਦੇ ਦਰਨ ਨਾ ਹੋਣ ਉਤਨਾਂ ਚਿਰ ਇਹਨੂੰ ਪਰਮੇਰ ਨਹੀਂ ਪ੍ਰਾਪਤ ਹੁੰਦਾ। ਜਦ ਪਰਮੇਰ ਦੀ ਕਿਰਪਾ ਹੋਈ ਇਹਨੂੰ ਪਰਮੇਰ ਪ੍ਰਾਪਤ ਹੋ ਜਾਊ। ਇਹਦਾ ਸਭ ਰੀਰ ਵੀ, ਮਨ ਵੀ, ਬੁੱਧੀ ਵੀ ਸਭ ਸਫਲ ਹੋ ਜਾਏਂਗੇ।

**ਨਾਨਕ ਕੀ ਬੇਨੰਤੀਆ**

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਮੇਰੀ ਇਕ ਬੇਨਤੀ ਹੈ।

**ਕਰਿ ਕਿਰਪਾ ਦੀਜੈ ਨਾਮੁ॥**

ਹੇ ਪਰਮੇਰ! ਕਿਰਪਾ ਕਰਕੇ ਮੈਨੂੰ ਨਾਮ ਦਿਉ।

***ਨਾਮ ਸੰਗਿ ਜਿਸਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਨਾਮ ਦੇ ਨਾਲ ਜਦ ਮਨ ਮੰਨ ਗਿਆ, ਇਹਨੂੰ ਨਿਰਾਕਾਰ ਪਰਮੇਰ ਦਾ ਸਾਖਾਤਕਾਰ ਹੋ ਜਾਏਗਾ।

***ਨਾਮੁ ਸੰਗੀ ਸੋ ਮਨਿ ਨ ਬਸਾਇਓ॥***
***ਛੋਡਿ ਜਾਹਿ ਵਾਹੂ ਚਿਤੁ ਲਾਇਓ॥*** (ਪੰਨਾ ੭੧੫)

ਨਾਮ ਇਹਦੇ ਸੰਗ ਨਾ ਹੋਇਆ, ਜੇ ਨਾਮ ਇਹਦੇ ਸੰਗ ਹੁੰਦਾ ਤਾਂ ਇਹਦਾ ਭਲਾ ਹੋ ਜਾਂਦਾ ਤੇ ਇਹਨੂੰ ਸਭ ਕੁੱਝ ਪ੍ਰਾਪਤ ਹੁੰਦਾ। ਜਨਕ ਨੇ ਜਿਹੜਾ ਉੱਥੇ ਦਿਖਾਇਆ ਹੈ। ਜਦੋਂ ਜਮ ਨੇ ਕਿਹਾ ਪਰਮੇਰ ਦੇ ਕੋਲ ਚਲੋ। ਜਨਕ ਉਸ ਰਸਤੇ ਗਿਆ। ਜਦ ਉਹਨੇ ਨਰਕਾਂ ਦਾ ਦੁੱਖ ਸੁਣਿਆ, ਉਹਨੇ ਧਰਮਰਾਜ ਨੂੰ ਪੁੱਛਿਆ ਇਹ ਕੀ ਹੈ ? ਅਖੇ ਜੀ! ਇਹ ਨਰਕ ਦੇ ਜੀਵ ਨੇ। ਕਰਮਾਂ ਦੇ ਅਨੁਸਾਰ ਦੁਖੀ ਜੀਵ ਹਾਇ! ਹਾਇ! ਕਰਦੇ ਨੇ। ਕਹਿੰਦੇ ਇਹਨਾਂ ਨੂੰ ਛੱਡ ਦਿਉ। ਉਹ ਕਹਿੰਦਾ ਨਾ ਜੀ ਨਾ। ਮੈਂ ਸੇਵਕ ਹਾਂ, ਮੈਂ ਈਰ ਦਾ ਦਾਸ ਹਾਂ, ਮੈਂ ਹੁਕਮ ਮੰਨਦਾਂ

ਉਹਦਾ, ਮੇਰੇ ਵਿੱਚ ਤਾਕਤ ਨਹੀਂ ਛੱਡਣ ਦੀ। ਉਹਨਾਂ ਆਖਿਆ ਇਹਨਾਂ ਦਾ ਭਲਾ ਹੋ ਸਕਦੈ? ਮੈਂ ਦੇਖਣ ਜਾਣੈ। ਉਹ ਗਏ, ਉੱਥੇ ਾਂਤੀ ਹੋ ਗਈ । ਕਿਉਂ ਾਂਤੀ ਹੋ ਗਈ ? ਉਹਦੇ ਪਾਸ ਨਾਮ ਸੀ। ਜਦ ਜਨਕ ਗਿਆ, ਉਹ ਾਂਤ ਹੋ ਗਏ। ਉਹ ਕਹਿੰਦੇ ਹੁਣ ਨੀ ਹਾਇ! ਹਾਇ! ਕਰਦੇ ? ਅਖੇ ਜੀ ! ਤੁਸੀਂ ਹੋ ਬ੍ਰਹਮ ਗਿਆਨੀ ਪੂਰਣ, ਤੁਹਾਡੇ ਪ੍ਰਭਾਵ ਤੇ ਇਹਨਾਂ ਦੇ ਦੁੱਖ ਹੱਟ ਗਏ, ਇਸ ਕਰਕੇ ਾਂਤ ਹੋ ਗਏ। ਉਹਨਾਂ ਆਖਿਆ ਫਿਰ ਮੈਂ ਇੱਥੇ ਹੀ ਰਹਿ ਪੈਂਦਾ ਹਾਂ ਜੇ ਮੇਰੇ ਨਾਲ ਇਹ ਾਂਤ ਹੁੰਦੇ ਨੇ, ਮੈਂ ਇੱਥੇ ਹੀ ਰਹਿ ਜਾਨਾਂ। ਤੇ ਰਹਿਣਾ ਵੀ ਨਹੀਂ ਬਣਦਾ ਤੁਹਾਡਾ ਇੱਥੇ। ਇਸ ਕਰਕੇ ਉਹ ਜਨਕ ਨੇ ਇਹ ਆਖਿਆ ਫਿਰ ਇਹਨਾਂ ਦਾ ਛੁਟਕਾਰਾ ਹੋ ਸਕਦੈ ? ਉਹਨੇ ਆਖਿਆ ਹਾਂ, ਹੋ ਸਕਦੈ ਜੀ। ਕਾਹਦੇ ਨਾਲ ? ਅਖੇ ਜੀ ਨਾਮ ਨਾਲ ਹੋ ਸਕਦੈ। ਹੋਰ ਕੋਈ ਉਹਨਾਂ ਦੇ ਛੁਟਕਾਰੇ ਦਾ ਉਪਾਅ ਨਹੀਂ। ਜਦ ਨਾਮ ਪ੍ਰਾਪਤ ਹੋ ਜਾਏ ਤਾਂ ਨਾਮੀ ਓਥੇ ਹੀ ਹੁੰਦੈ। ਜਦ ਨਾਮੀ ਓਥੇ ਹੈ ਫਿਰ ਓਥੇ ਹਾਇ ! ਹਾਇ ! ਕਰਨ ਦਾ ਕੀ ਮਤਲਬ ? ਇਸ ਕਰਕੇ ਉਹ ਕਹਿੰਦਾ ਜੇ ਨਾਮ ਨਾਲ ਹੋ ਸਕਦੈ ਤਾਂ ਮੇਰਾ ਨਾਮ ਜੋ ਮੈਂ ਜਪਿਐ ਉਹ ਇੱਕ ਵਾਰ ਦਾ ਰੱਖ ਲੈ ਤੇ ਇਹਨਾਂ ਦੇ ਕਰਮ ਰੱਖ ਲੈ। ਉਹਨੇ ਇਸੇ ਤਰ੍ਹਾਂ ਹੀ ਕੀਤਾ। ਉਹ ਪਲੜਾ ਨਾਮ ਵਾਲਾ ਭਾਰਾ ਹੋ ਗਿਆ। ਅਖੇ ਜੀ ਕੱਟੇ ਗਏ ਸਾਰੇ। ਉਹ ਤੁਹਾਡਾ ਨਾਮ ਰੱਖਣੇ ਸੇ ਸਾਰੇ ਦੁੱਖ ਕੱਟੇ ਗਏ। ਪਲੜਾ ਨਾਮ ਦਾ ਭਾਰੀ ਹੈ, ਇਸ ਕਰਕੇ ਸਾਰੇ ਦੁੱਖ ਕੱਟੇ ਗਏ, ਨਾਮ ਚ ਐਨੀ ਤਾਕਤ ਹੈ। ਨਾਮ ਤੇ ਨਾਮੀ ਇਕ ਹੁੰਦੇ ਨੇ, ਦੋ ਨਹੀਂ। ਇਕ ਜਗ੍ਹਾ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦੈ। ਗੁਰੂ ਸਾਹਿਬ ਕਹਿੰਦੇ – ਇਹ ਜਿਹੜਾ ਸੰਸਾਰ ਹੈ, ਇਹ ਬੜਾ ਅਥਾਹ ਹੈ । ਅਸੀਂ ਵੀ ਇਹਦੇ ਚ ਵੜੇ ਪਰ ਅਸੀਂ ਨਾਮ ਨਾਲ ਲੈ ਕੇ ਵੜੇ ਤੇ ਪਾਰ ਹੋ ਗਏ। ਨਾਮ ਜਹਾਜ ਹੈ, ਨਾਮ ਨੌਕਾ ਹੈ । ਇਹ ਨਾਮ ਨੂੰ ਨਾ ਭੁੱਲੇ, ਨਾਮੀ ਇਹਨੂੰ ਪ੍ਰਾਪਤ ਹੋ ਜਾਂਦੈ। ਫਿਰ ਇਹ ਡੁਬਦਾ ਨਹੀਂ। ਤੁਹਾਨੂੰ ਇਹ ਪਤੈ ਪ੍ਰਹਿਲਾਦ ਡੁੱਬਿਆ ਨਹੀਂ, ਪਹਾੜ ਤੋਂ ਸੁੱਟਿਆ, ਮਰਿਆ ਨਹੀਂ, ਕੁੱਛ ਨਹੀਂ ਹੋਇਆ। ਉਸ ਨੇ ਸਗੋਂ ਇਹ ਕਿਹਾ ਕਿ ਥਲ ਦੇ ਵਿੱਚ, ਜਲ ਦੇ ਵਿੱਚ, ਸਾਰੇ ਪਰਮੇਰ ਹੈ। ਕਿਉਂ

? ਉਹ ਨਾਮੀ ਸੀ, ਬ੍ਰਹਮ ਗਿਆਨੀ ਸੀ, ਨਾਮੀ ਉਹਦੇ ਪਾਸ ਸੀ, ਉਹ ਬ੍ਰਹਮ ਗਿਆਨੀ ਸੀ। ਨਾਮ ਜਦ ਪ੍ਰਾਪਤ ਹੋ ਜਾਏ ਤਾਂ ਨਾਮੀ ਪ੍ਰਾਪਤ ਹੋ ਜਾਂਦੈ। ਇਹ ਨਾਮ, ਗੁਰੂ ਸਾਹਿਬ ਕਹਿੰਦੇ ਕਿਰਪਾ ਕਰ ਪਰਮੇਰ ! ਮੈਂ ਇਕ ਮੰਗ ਮੰਗਦਾ ਹਾਂ, ਮੈਨੂੰ ਨਾਮ ਦਿਉ, ਹੋਰ ਕੋਈ ਚੀ ਨਹੀਂ ਮੰਗਦਾ। ਨਾਮ ਤੇ ਹੀ ਛੁਟਕਾਰਾ ਹੋਣਾ ਹੈ। ਚੱਲ -

**ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥**

ਜਿਸ ਦਾ, **ਨਿਹਚਲ ਧਾਮ** ਪਰਮੇਰ ਦਾ ਹੈ। ਹੇ ਸੁਆਮੀ ! ਹੇ ਪਰਮੇਰ ! ਹੇ ਮਾਲਿਕ ! ਮੈਨੂੰ ਉਹਦੇ ਨਾਲ ਮੇਲ ਦਿਉ। ਇਹ ਇਕ ਮੇ ਰੀ ਬੇਨਤੀ ਹੈ।

**ਚੇਤਿ ਗੋਵਿੰਦੁ ਅਰਾਧੀਐ**

ਚੇਤ ਮਹੀਨਾ ਚੱਲਿਆ, ਇਹਦਾ ਇਹ ਮਤਲਬ ਹੈ ਕਿ-

***ਚੇਤਿ ਗੋਵਿੰਦੁ ਅਰਾਧੀਐ***

ਚੇਤ ਦੇ ਮਹੀਨੇ ਭਾਈ ਤੁਸੀਂ ਪਰਮੇਰ ਦਾ ਅਰਾਧਨ ਕਰਨਾ। ਇਹ ਚੇਤ ਮਹੀਨੇ ਦਾ ਇੱਥੇ ਮਤਲਬ ਹੈ।

**ਹੋਵੈ ਅਨੰਦੁ ਘਣਾ ॥**

ਫਿਰ ਤੁਹਾਨੂੰ ਘਣਾ ਕਹੀਏ ਬਹੁਤਾ ਆਨੰਦ ਹੋਏਗਾ। ਬਹੁਤ ਅਨੰਦ ਹੋਏਗਾ। ਬਾਂਗਰ ਦੀ ਬੋਲੀ ਹੈ। **ਘਣਾ** ਬਹੁਤੇ ਨੂੰ ਕਹਿੰਦੇ ਨੇ। ਤੁਹਾਨੂੰ ਬਹੁਤਾ ਆਨੰਦ ਹੋਏਗਾ, ਪਰ ਜੇ ਤੁਸੀਂ ਚੇਤ ਦੇ ਮਹੀਨੇ ਉਸ ਪਰਮੇਰ ਦੇ ਨਾਮ ਦਾ ਅਰਾਧਨ ਕਰੋਂਗੇ।

**ਸੰਤ ਜਨਾ ਮਿਲਿ ਪਾਈਐ**

ਅਸੀਂ ਸੰਤਾਂ ਨੂੰ ਮਿਲ ਕੇ ਪਾਇਐ ਗੁਰੂ ਸਾਹਿਬ ਕਹਿੰਦੇ।

**ਰਸਨਾ ਨਾਮੁ ਭਣਾ॥**

ਸਾਡੀ ਰਸਨਾ ਦੇ ਨਾਲ ਨਾਮ ਇਕ ਹੋ ਗਿਆ, ਸਾਡੇ ਹਿਰਦੇ ਵਿੱਚ ਨਾਮ ਪ੍ਰਾਪਤ ਹੋ ਗਿਆ। ਨਾਮੀ ਦੀ ਕਿਰਪਾ ਹੋ ਗਈ ਤੇ ਇਸ ਕਰਕੇ ਉਹ ਸਾਨੂੰ ਪ੍ਰਾਪਤ ਹੋਇਆ ਪਰ ਗੁਰੂ ਰਾਮਦਾਸ ਸੰਤ ਦੀ ਕਿਰਪਾ ਤੇ

ਪ੍ਰਾਪਤ ਹੋਇਆ।

**ਜਿਨਿ ਪਾਇਆ ਪ੍ਰਭੁ ਆਪਣਾ**

ਜਿਨਾਂ ਨੇ ਆਪਣਾ ਆਪਾ ਪ੍ਰਭੂ ਪਾ ਲਿਆ। ਪ੍ਰਭੂ ਇਹਦਾ ਆਪਾ ਹੈ। ਕਿਉਂ? ਪਰਮੇਰ ਇਕ ਹੈ ਦੋ ਤਾਂ ਹੈ ਨਹੀਂ।

***ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥***

(ਪੰਨਾ ੯੩੦

ਇੱਕ ਏਕੰਕਾਰ ਹੈ ਦੂਸਰਾ ਕੋਈ ਨਹੀਂ, ਇਸ ਕਰਕੇ ਉਹ ਏਕੰਕਾਰ ਜੋ ਪਰਮੇਰ ਹੈ ਸਾਰਿਆਂ ਦੇ ਹਿਰਦਿਆਂ ਚ ਬੈਠਾ, ਉਹ ਪ੍ਰਾਪਤ ਹੋ ਗਿਆ । ਫੇਰ ਪੜ੍ਹਦੇ–

**ਜਿਨਿ ਪਾਇਆ ਪ੍ਰਭੁ ਆਪਣਾ**

ਜਿਸ ਨੇ ਆਪਣਾ ਆਤਮਾ–ਪਰਮਾਤਮਾ ਪਾ ਲਿਆ।

**ਆਏ ਤਿਸਹਿ ਗਣਾ॥**

ਉਹਨਾਂ ਦਾ ਆਉਣਾ ਸੰਸਾਰ ਦੇ ਵਿੱਚ ਸਫਲ ਹੋ ਗਿਆ। **ਗਣਾ** ਕਹੀਏ ਸਫਲ ਹੋ ਗਿਆ।

**ਇਕੁ ਖਿਨੁ ਤਿਸੁ ਬਿਨੁ ਜੀਵਣਾ**

ਨਾਮ ਨੂੰ ਭੁੱਲ ਕੇ ਇਕ ਖਿਨ ਮਾਤਰ ਵੀ ਜਿਹੜਾ ਜਿਉਣਾ ਹੈ।

**ਬਿਰਥਾ ਜਨਮੁ ਜਣਾ॥**

ਉਸ ਜਣੇ ਦਾ ਜਨਮ ਬੇਅਰਥ ਹੋ ਗਿਆ। ਉਥੇ ਅਸੀਂ ਗਏ ਸੀ ਬਾਗ ਦੇ ਵਿੱਚ। ਉੱਥੇ ਜਾਂਦੇ ਔਂਦੇ ਸੀ ਲੋਕ। ਉਹ ਸਾਡੇ ਕੋਲ ਆਂਹਦੇ ਜੀ ਫਲਾਣਾ ਜਣਾ ਨਹੀਂ ਆਇਆ। ਉਹ ਬੰਦੇ, ਪੁਰ ਨੂੰ ਜਣਾ ਕਹਿੰਦੇ ਨੇ। ਉਸ ਜਣੇ ਨੂੰ ਜਿਹਨੂੰ ਉਹ ਪ੍ਰਾਪਤ ਨਹੀਂ ਹੋਇਆ, ਉਹਦਾ ਜਨਮ ਬੇਅਰਥ ਹੈ।

**ਜਲਿ ਥਲਿ ਮਹੀਅਲਿ ਪੂਰਿਆ**

ਉਹ ਪਰਮੇਰ ਕਿਹੋ ਜਿਹਾ ਹੈ ? ਜਲ ਮੇਂ, ਥਲ ਮੇਂ, **ਮਹੀ** ਪ੍ਰਿਥਵੀ ਮੇਂ, **ਅਲਿ** ਆਕਾਸ ਮੇਂ ਸਾਰੇ ਪੂਰਣ ਹੈ।

**ਰਵਿਆ ਵਿਚਿ ਵਣਾ॥**

ਉਹ ਬਨਾਂ ਦੇ ਵਿੱਚ ਵੀ ਵਿਆਪਕ ਹੈ ਸਾਰੇ।

**ਸੋ ਪ੍ਰਭੁ ਚਿਤਿ ਨ ਆਵਈ**

ਜਦ ਉਹ ਪ੍ਰਭੂ ਇਤਨਾ ਨਦੀਕ ਆਪਣਾ ਆਪਾ ਚਿੱਤ ਮੇਂ ਨਾ ਆਵੇ ਤਾਂ ਬੜੇ ਅਫਸੋਸ ਦੀ ਬਾਤ ਹੈ। ਉਹ ਤਾਂ ਆਪਾ ਹੈ, ਆਤਮਾ ਹੈ।

***ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥***
***ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥*** (ਪੰਨਾ ੪੨੧)

ਇਸ ਕਰਕੇ ਉਹ ਆਤਮਾ ਪਰਮਾਤਮਾ ਇੱਕ ਹੈ।

**ਕਿਤੜਾ ਦੁਖੁ ਗਣਾ॥**

ਕਿਤਨੇ ਦੁੱਖ ਇਹਦੇ ਗਿਣੇ ਜਾਣ, ਕਿੰਨਾ ਸਮਝਿਆ ਜਾਵੇ, ਕਿੰਨਾ ਦੁੱਖ ਹੈ? ਜਿਹੜਾ ਸਾਰੇ ਵਿਆਪਕ ਹੈ ਤੁਸੀਂ ਦੱਸੋ ਉਹ ਤੁਹਾਨੂੰ ਪ੍ਰਾਪਤ ਨਾ ਹੋਵੇ। ਸੋਨੇ ਦਾ ਗਹਿਣਾ ਕੜਾ ਤੁਹਾਨੂੰ ਪ੍ਰਾਪਤ ਹੋਇਆ ਪਰ ਸੋਨਾ ਨਾ ਪ੍ਰਾਪਤ ਹੋਇਆ। ਕਿੰਨੇ ਅਫਸੋਸ ਦੀ ਬਾਤ ਹੈ। ਉਹ ਕੜਾ ਹੀ ਸੋਨਾ ਹੈ, ਥੋਡਾ ਆਤਮਾ ਹੀ ਪਰਮਾਤਮਾ ਹੈ। ਹੋਰ ਤਾਂ ਨਹੀਂ ਕੋਈ ਹੈ। ਉਹਨੂੰ ਛੋਟੀ ਉਪਾਧੀ ਕਰਕੇ ਆਤਮਾ ਕਹਿ ਦਿੰਦੇ ਨੇ। ਉਹ ਬੜੀ ਉਪਾਧੀ ਕਰਕੇ ਪਰਮਾਤਮਾ ਕਹਿ ਦਿੰਦੇ ਨੇ। ਚੀਜ ਤਾਂ ਇੱਕ ਹੈ। ਉਹ ਤੁਹਾਡਾ ਆਪਾ ਹੈ। ਕਿਤਨਾ ਦੁੱਖ ਹੈ, ਜੇ ਅਪਣਾ ਆਪ ਨਾ ਪ੍ਰਾਪਤ ਹੋਵੇ।

**ਜਿਨੀ ਰਾਵਿਆ ਸੋ ਪ੍ਰਭੂ**

ਜਿਨਾਂ ਨੇ ਉਸ ਪਰਮੇਰ ਦਾ ਅਰਾਧਨ ਕੀਤਾ, ਸਿਮਰਨ ਕੀਤਾ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਉਹਦਾ ਸਿਮਰਨ ਕੀਤਾ।

**ਤਿੰਨਾ ਭਾਗੁ ਮਣਾ॥**

ਉਹਨਾਂ ਦੇ ਭਾਗ **ਮਣਾ** ਬਹੁਤੇ ਨੇ, ਜਿਹਨਾਂ ਨੇ ਆਪਣੇ ਪਰਮੇਰ ਦਾ ਅਰਾਧਨ ਕੀਤਾ, ਉਹਦੀ ਪ੍ਰਾਪਤੀ ਹੋਈ । ਉਹਨਾਂ ਦੇ ਭਾਗ ਬਹੁਤ ਜਿਆਦਾ ਬੜੇ ਨੇ।

**ਹਰਿ ਦਰਸਨ ਕੰਉ ਮਨੁ ਲੋਚਦਾ**

ਹਰੀ ਦੇ ਦਰਨ ਨੂੰ ਮੇਰਾ ਮਨ ਲੋਚਦਾ ਹੈ, ਚਾਹੁੰਦਾ ਹੈ।

**ਨਾਨਕ ਪਿਆਸ ਮਨਾ॥**

ਬਹੁਤੀ ਪਿਆਸ ਲੱਗੀ ਹੋਈ ਹੈ, ਅਤਿਅੰਤ ਪਿਆਸ ਲੱਗੀ ਹੋਈ ਹੈ। ਪੰਚਮ ਪਾਤਾਹ ਨੂੰ ਬਹੁਤ ਪਿਆਸ ਲੱਗੀ ਹੋਈ ਸੀ, ਜਦ ਉਹਨਾਂ ਨੇ ਚਿੱਠੀ ਲਿਖੀ। ਉਹ ਪਿਆਸ ਗੁਰੂ ਰਾਮਦਾਸ ਨੇ ਉਹਨਾਂ ਦੀ ਦੇਖੀ ਤਾਂ ਉਹਨਾਂ ਨੇ ਸਿੱਖ ਨੂੰ ਭੇਜਿਆ ਬਈ ਲਿਆ। ਇਸ ਕਰਕੇ ਜਦ ਇਹਨੂੰ ਪੂਰੀ ਪਿਆਸ ਲੱਗੇਗੀ, ਉਹ ਜਲ, ਨਾਮ ਰੂਪੀ ਜਲ ਪਰਮੇਰ ਰੂਰ ਦੇਵੇਗਾ। ਇਸ ਕਰਕੇ ਅਜੇ ਇਹਨੂੰ ਪੂਰੀ ਪਿਆਸ ਨਹੀਂ। ਜਦ ਤੱਕ ਵਿਿਆਂ ਦੀ ਪਿਆਸ ਹੈ ਤਬ ਤੱਕ ਪਰਮੇਰ ਦੀ ਪਿਆਸ ਨਹੀਂ। ਜਦ ਇਸਨੂੰ ਪਰਮੇਰ ਦੀ ਪਿਆਸ ਲੱਗੇਗੀ, ਉਹ ਅੰਤਰਜਾਮੀ ਹੈ ਉਹ ਅਪਣੇ ਆਪ ਉਹਨੂੰ ਪ੍ਰਾਪਤ ਹੋ ਜਾਏਗਾ।

**ਚੇਤਿ ਮਿਲਾਏ ਸੋ ਪ੍ਰਭੂ**

ਉਹ ਪ੍ਰਭੂ ਮੈਨੂੰ ਚੇਤ ਦੇ ਮਹੀਨੇ ਦੁਆਰਾ ਗੁਰੂ ਸਾਹਿਬ ਕਹਿੰਦੇ ਮਿਲਾਇਆ ਗੁਰੂ ਰਾਮਦਾਸ ਨੇ। ਉਹ ਪਰਮੇਰ, ਪ੍ਰੇਰਕ ਸਭ ਦਾ ਮਾਲਿਕ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਮੈਨੂੰ ਮਿਲਾਇਆ।

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਉਹ ਸੰਤ ਦੇ ਸੰਗ ਨਾਲ ਮੈਂ ਅੰਦਰ ਰੱਬ ਦੇਖਿਆ। ਹੁਣ ਮੈਨੂੰ ਭੁੱਲਦਾ ਨਹੀਂ । ਉਹ ਐਨਾਂ ਮਿੱਠਾ ਲੱਗਿਆ ਜਿੰਨੀ ਹੋਰ ਕੋਈ ਵਸਤੂ ਨਹੀਂ। ਫਰੀਦ ਨੇ ਵੀ ਲਿਖਿਆ ਹੈ –

***ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉ ਮਾਂਝਾ ਦੁਧੁ॥***
***ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥*** (ਪੰਨਾ ੧੩੭੯)

ਜਦ ਸਾਰੀਆਂ ਵਸਤੂਆਂ ਉਹਦੀ ਮਾਤਾ ਨੇ ਰੱਖ ਦਿੱਤੀਆਂ, ਭਾਈ! ਇਹੋ ਜਿਹਾ ਤੁਸੀਂ ਕਦੇ ਜੰਗਲ ਵਿੱਚ ਖਾਧਾ ਪੀਤੈ ਰਸ ਵਾਲੀਆਂ ਚੀਂ ? ਉਹ ਕਹਿੰਦਾ ਬਹੁਤ ਰਸ ਵਾਲੀਆਂ ਨੇ ਮਾਤਾ! ਪਰ –

***ਰਬ ਨ ਪੁਜਨਿ ਤੁਧੁ॥***

ਰੱਬ ਦੇ ਬਰਾਬਰ ਨਹੀਂ। ਹੇ ਮਾਈ! ਤੈਨੂੰ ਰੱਬ ਨਹੀਂ ਪ੍ਰਾਪਤ ਹੋਇਆ। ਜੇ ਤੈਂ ਰੱਬ ਦਾ ਸੁਆਦ ਦੇਖਿਆ ਹੁੰਦਾ ਤਾਂ ਤੁਸੀਂ ਆਹ ਐਸੀ ਬਾਤ ਨਾ ਕਰਦੇ। ਇਸ ਕਰਕੇ ਭਾਈ ਸਾਰਿਆਂ ਨਾਲੋਂ ਮਿੱਠਾ ਪਿਆਰਾ ਰੱਬ ਹੈ। ਮਿੱਠੇ ਦਾ ਅਰਥ ਹੈ ਪਿਆਰਾ। ਸਾਰਿਆਂ ਨਾਲੋ ਪਿਆਰਾ ਆਪਣਾ ਆਪ ਹੁੰਦਾ ਹੈ।

**ਤਿਸੁ ਕੈ ਪਾਇ ਲਗਾ॥**

ਉਸ ਗੁਰੂ ਰਾਮਦਾਸ ਦੇ ਚਰਨਾਂ ਵਿੱਚ ਮੈਂ ਲੱਗਿਆ। ਤੁਹਾਨੂੰ ਵੀ ਜਿਹੜਾ ਮਿਲਾ ਦੇਵੇ, ਉਹਦੇ ਚਰਨੀ ਲੱਗ ਜਾਉ । ਜਿਹੜਾ ਤੁਹਾਨੂੰ ਪਰਮੇਰ ਨਾਲ ਇਕ ਕਰ ਦੇਵੇ, ਉਹਦੇ ਚਰਨਾਂ ਚ ਲੱਗ ਜਾਉ। ਦਵੈ ਤੇ ਰਾਗ ਇਹ ਦੋ ਪੱਖ ਨੇ। ਈਰਾ, ਵਾਨਾ, ਆਦਿ ਹੈ ਦਵੈ ਤੇ ਇੱਕ ਹੁੰਦੈ ਰਾਗ ।ਅਰਾਧਨਾ, ਨਾਮ ਜਪਣਾ ਇਹ ਹੈ ਰਾਗ । ਇਹ ਦੋ ਪੱਖ ਨੇ। ਪਰਮੇਰ ਤਾਂ ਇੱਕ ਹੈ। ਜਿਹੜਾ ਕਿਰਪਾ ਕਰਕੇ ਮਿਲਾਉਣ ਵਾਲੈ, ਉਹ ਦੋਨੋ ਪੱਖਾਂ ਤੋਂ ਅਲਹਿਦਾ, ਉਹ ਇੱਕੋ ਹੀ ਹੈ।

***ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥***(ਪੰਨਾ ੩੫੦)

ਉਹ ਮਾਲਿਕ ਇੱਕ ਹੈ। ਪੱਖ ਦੋ ਨੇ, ਦਵੈਤ ਤੇ ਅਦਵੈਤ।

**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥**

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

❑

ੴ ਸਤਿਗੁਰ ਪ੍ਰਸਾਦਿ॥

# ੨੫

ਧਨਾਸਰੀ ਮਹਲਾ ੫ ॥

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ॥

ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ॥੧॥

ਤੁਮ ਘਰਿ ਆਵਹੁ ਮੇਰੇ ਮੀਤ॥

ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ॥

ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰੁ ਕੈ ਬਚਨਿ ਅਧਾਰਿ॥

ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ॥੩॥

ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥

ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ॥੪॥

(ਪੰਨਾ ੬੭੮)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ॥

ਧਨਾਸਰੀ ਮਹਲਾ ੫ ॥

ਧਨਾਸਰੀ ਰਾਗ ਦੇ ਵਿਚ ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਨੇ।

**ਜਿਨਿ ਤੁਮ ਭੇਜੇ ਤਿਨਹਿ ਬੁਲਾਏ**

ਜਿਸ ਪਰਮੇਰ ਨੇ ਤੁਹਾਨੂੰ ਭੇਜਿਆ ਹੈ ਉਹੀ ਤੁਹਾਨੂੰ ਬੁਲਾਏਗਾ। ਬਖੇਗਾ ਵੀ ਬੁਲਾਕੇ। ਜਿਹਨੇ ਤੁਸੀਂ ਭੇਜੇ ਹੋ ਤੇ ਬੁਲਾਏਗਾ ਵੀ ਉਹੀ। ਹੋਰ ਇਹਦੇ ਵਿਚ ਕਿਸੇ ਦਾ ਕੋਈ ਤੱਲਕ ਨਹੀਂ। ਪਰਮੇਰ ਆਪਣੇ ਭਗਤਾਂ ਦਾ ਰਾਖਾ ਆਪ ਹੈ। ਭੇਜਣੇ ਵਾਲਾ ਵੀ ਆਪ ਹੈ ਤੇ ਬੁਲਾਉਣੇ ਵਾਲਾ ਵੀ ਆਪ ਹੈ ਤੇ ਬਖਣੇ ਵਾਲਾ ਵੀ ਆਪ ਹੈ।

**ਸੁਖ ਸਹਜ ਸੇਤੀ ਘਰਿ ਆਉ॥**

**ਸੁਖ ਸਹਜ ਸੇਤੀ** ਸਹਜ ਨਾਉਂ ਹੈ ਾੰਤੀ, ਗਿਆਨ ਦਾ। ਆਪਣੇ ਘਰ ਅਪਣੇ ਸਰੂਪ ਮੇਂ ਆਉਣਾ, ਆਪਣੇ ਸਰੂਪ ਦੇ ਵਿੱਚ ਪਹੁੰਚਣਾ। ਇਹ ਦਾ ਸਰੂਪ ਹੈ **ਸੋਇ** । ਸੋਇ ਕੀ ਹੁੰਦੈ ? ਸੋਇ ਸਰੂਪ ਪਰਮੇਰ ਨਿਰਾਕਾਰ। ਹੋਰ **ਸੋਇ** ਪਦ ਕਿਸੇ ਨਾਲ ਨਹੀਂ ਲੱਗਦਾ। **ਸੋਇ** ਸਰੂਪ ਹੁੰਦਾ ਹੈ। ਇਸ ਕਰਕੇ ਹੁਣ ਪੜ੍ਹ ਭਾਈ –

**ਜਿਨਿ ਤੁਮ ਭੇਜੇ ਤਿਨਹਿ ਬੁਲਾਏ**

ਜਿਹਨਾਂ ਨੇ ਤੁਹਾਨੂੰ ਕਿਰਪਾ ਕਰਕੇ ਭੇਜਿਆ ਤੇ ਬੁਲਾਏ ਵੀ ਉਸਨੇ ਹੈ ਤੁਸੀਂ।

**ਸੁਖ ਸਹਜ ਸੇਤੀ ਘਰਿ ਆਉ॥**

ਸਹਜ ਸੁਖ ਦੇ ਸੇਤੀ ਅਪਣੇ ਸਰੂਪ ਚ ਪਹੁੰਚੋ। ਅਪਣੇ ਸਰੂਪ ਵਿੱਚ ਇਸਥਿਤ ਹੋਵੋ। ਇਹ ਦ੍ਰਟਾ ਰੂਪ ਦੇ ਵਿੱਚ ਹੀ ਇਸਥਿਤ ਹੁੰਦਾ ਹੈ ਕਦੇ ਛਿਨ ਮਾਤਰ। ਪਰ ਉਹ ਦ੍ਰਟਾ ਜਿਹੜਾ ਹੈ–

***ਮੂਈ ਸੁਰਤਿ ਬਾਦੁ ਅਹੰਕਾਰੁ॥***
***ਓਹੁ ਨ ਮੂਆ ਜੋ ਦੇਖਣਹਾਰੁ॥੨॥***

*ਜੈ ਕਾਰਣਿ ਤਟਿ ਤੀਰਥ ਜਾਹੀ॥*
*ਰਤਨ ਪਦਾਰਥ ਘਟ ਹੀ ਮਾਹੀ॥*
*ਪੜਿ ਪੜਿ ਪੰਡਿਤੁ ਬਾਦੁ ਵਖਾਣੈ॥*
*ਭੀਤਰਿ ਹੋਦੀ ਵਸਤੁ ਨ ਜਾਣੈ॥੩॥*
*ਹਉ ਨ ਮੂਆ ਮੇਰੀ ਮੁਈ ਬਲਾਇ॥*
*ਓਹੁ ਨ ਮੂਆ ਜੋ ਰਹਿਆ ਸਮਾਇ॥*
*ਕਹੁ ਨਾਨਕ ਗੁਰਿ ਬ੍ਰਹਮ ਦਿਖਾਇਆ॥*
*ਮਰਤਾ ਜਾਤਾ ਨਦਰਿ ਨ ਆਇਆ॥੪॥* (ਪੰਨਾ ੧੫੨)

ਦ੍ਰਟਾ ਦਾ ਜਿਹੜਾ ਸਰੂਪ ਹੈ ਉਹ ਸੋਇ ਸਰੂਪ ਹੈ, ਉਹੀ ਪਰਮੇਰ ਹੈ । ਜਿਹੜਾ ਦ੍ਰਟਾ ਸੀ, ਉਹੀ ਪਰਮੇਰ ਹੈ। ਦ੍ਰਟਾ, ਦ੍ਰਿ ਨਹੀਂ ਕਦੇ ਹੋਇਆ, ਇਹ ਨਿਯਮ ਹੈ। ਦ੍ਰਟਾ ਦਾ ਦ੍ਰਟਾ ਵੀ ਕੋਈ ਨਹੀਂ । ਜੇ ਆਖੀਏ ਬਈ ਪਰਮੇਰ ਮਾਲਿਕ ਹੈ ਦ੍ਰਟਾ ਦਾ, ਫਿਰ ਤਾਂ ਉਹ ਦ੍ਰਟਾ ਦਾ ਦ੍ਰਟਾ ਹੋ ਜਾਏਗਾ। ਦ੍ਰਟਾ ਤਾਂ ਇੱਕ ਹੈ, ਉਹ ਕਦੇ ਦ੍ਰਿ ਨਹੀਂ ਹੁੰਦਾ, ਉਹ ਕਦੇ ਜਨਮ ਮਰਨ ਵਿੱਚ ਨਹੀਂ ਆਉਂਦਾ, ਉਹ ਸਰੂਪ ਇਹਦਾ ਅਸਲੀ ਹੈਗਾ। ਇਹ **ਸੁਖ ਸਹਜ ਸੇਤੀ** ਸੁਖ ਦੇ ਨਾਲ, ਸਹਜ ਦੇ ਵਿੱਚ ਆਪਣੇ ਸਰੂਪ ਦੇ ਵਿੱਚ ਇਸਥਿਤ ਹੋ ਜਾਏ। ਜਿਹੜਾ ਤੇਰਾ ਸੋਇ ਸਰੂਪ ਹੈ, ਉਹਦੇ ਵਿੱਚ ਇਸਥਿਤ ਹੋ ਜਾ।

**ਅਨਦ ਮੰਗਲ ਗੁਨ ਗਾਉ ਸਹਜ ਧੁਨਿ**

ਉਹ ਸਹਜ ਦੀ ਜਿਹੜੀ **ਧੁਨਿ** ਹੈ, ਉਹ ਅਨੰਦ ਮੰਗਲ ਮੇਂ ਗੁਣ ਗਾਇਆ ਕਰੋ। ਅਨੰਦ ਸੁਖ ਪਰਮੇਰ ਹੈ, ਅਨੰਦ ਮੰਗਲ ਪਰਮੇਰ ਹੈ, ਉਹਦੇ ਗੁਣ ਗਾਇਆ ਕਰੋ। ਉਹਦੀ ਬਾਬਤ ਲਿਖਿਐ –

*ਮੂਈ ਸੁਰਤਿ ਬਾਦੁ ਅਹੰਕਾਰ॥*
*ਓਹੁ ਨ ਮੂਆ ਜੋ ਦੇਖਣਹਾਰੁ॥* (ਪੰਨਾ ੧੫੨)

ਉਹ ਦੇਖਣੇ ਵਾਲਾ ਕਦੇ ਜਨਮ ਮਰਨ ਵਿੱਚ ਨਹੀਂ ਆਇਆ। ਉਹ ਹੈ ਦ੍ਰਟਾ, ਉਹੀ ਹੈ ਪਰਮੇਰ, ਉਹੀ ਵਿਆਪਕ ਹੈ ਪਰ ਦ੍ਰਿ ਦੀ ਦ੍ਰਿਟੀ ਸੇ ਉਸ ਨੂੰ ਦ੍ਰਟਾ ਕਿਹੈ ਚੇਤਨ ਨੂੰ। ਉਹ ਦ੍ਰਟਾ ਕਿਸੇ ਚੀ ਦਾ ਨਹੀਂ, ਉਹ ਸਾਰੇ –

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਦੇਖਣੇ ਚ ਆਉਂਦੈ ਉਹ ਝੂਠ ਹੁੰਦੈ। ਉਹਦੀ ਕੋਈ ਸੱਤਾ ਨਹੀਂ ਹੁੰਦੀ। ਸੱਤਾ ਇੱਕ ਹੈ, ਦੋ ਸੱਤਾ ਤਾਂ ਹੈ ਨਹੀਂ। ਜੇ ਦੋ ਸੱਤਾ ਹੋਣ ਤਾਂ ਇੱਕ ਦ੍ਰਿ ਦੀ ਸੱਤਾ ਹੋ ਜਾਏ ਤੇ ਇੱਕ ਦ੍ਰਟਾ ਦੀ ਸੱਤਾ ਹੋ ਜਾਏ। ਨਾ, ਨਾ। ਉਹ ਜਿਹੜਾ ਸੁਰਤ ਨੂੰ ਜਾਣਨੇ ਵਾਲਾ ਹੈ, ਉਹ ਦ੍ਰਟਾ, ਚੇਤਨ, ਉਹ ਆਪਣੇ ਘਰ ਕਹੀਏ ਸਰੂਪ ਦੇ ਵਿੱਚ ਇਸਥਿਤ ਹੋਏਗਾ, ਜਦ ਇਹ ਦ੍ਰਟਾ ਮੇਂ ਇਸਥਿਤ ਹੋਏਗਾ। ਕਦੇ ਕਦੇ ਤਾਂ ਇਹ ਸਰੂਪ ਵਿੱਚ ਹੀ ਇਸਥਿਤ ਹੁੰਦੈ ਤਾਂ ਕੋਈ ਸੰਕਲਪ ਵਿਕਲਪ ਨਹੀਂ ਰਹਿੰਦਾ। ਇਸ ਕਰਕੇ ਆਪਣੇ ਘਰ ਆਉ, ਆਪਣੇ ਸਰੂਪ ਦੇ ਵਿੱਚ ਇਸਥਿਤ ਹੋਏ ਤੇ ਜਿਹੜਾ ਆਪਣੇ ਸਰੂਪ ਦੇ ਵਿੱਚ ਪਹੁੰਚ ਜਾਏਗਾ, ਉਹਨੂੰ ਮੰਗਲ ਅਨੰਦ ਸਾਰੇ ਪ੍ਰਾਪਤ ਹੋ ਜਾਏਂਗੇ।

**ਨਿਹਚਲ ਰਾਜੁ ਕਮਾਉ॥**

ਨਿਹਚਲ ਰਾਜ ਹੈਗਾ **ਰਾਜ ਜੋਗ** ਜਿਹਨੂੰ ਕਹਿੰਦੇ ਨੇ। ਉਹ ਜਿਹੜਾ ਹਮੇਂ ਰਹਿਣੇ ਵਾਲਾ ਹੈ **ਪਰਮੇਰ**, ਉਹ ਤੁਹਾਡਾ ਅਸਲੀ ਰਾਜ ਹੈ, ਅਸਲੀ ਸਰੂਪ ਹੈ, ਉਹ ਰਾਜ ਕਮਾਉ।

**ਤੁਮ ਘਰਿ ਆਵਹੁ ਮੇਰੇ ਮੀਤ॥**

ਹੇ ਮੇਰੇ ਮਿੱਤਰ ! ਤੂੰ ਆਪਣੇ ਸਰੂਪ ਦੇ ਵਿੱਚ ਇਸਥਿਤ ਹੋ ਜਾ। ਤੂੰ ਆਪਣੇ ਘਰ ਦੇ ਵਿੱਚ ਇਸਥਿਤ ਹੋ ਜਾ।

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***

(ਪੰਨਾ ੧੨੯੧)

ਘਰ ਨਾਉਂ ਹੈ ਅੰਤਹਕਰਣ ਦਾ। ਉਹਦੇ ਵਿੱਚ ਘਰ ਕੀ ਹੈ ? ਆਪਣਾ ਸਰੂਪ। ਉਹ ਜਿਹੜਾ ਉਹਨੂੰ ਦਿਖਾਲ ਦੇਵੇ, ਉਹ ਸਤਿਗੁਰੂ ਹੈ, ਉਹ ਪੂਰਣ ਬ੍ਰਹਮ ਗਿਆਨੀ ਹੁੰਦਾ ਹੈ। ਤੁਸੀਂ ਅਪਣੇ ਘਰ ਦੇ ਵਿੱਚ ਇਸਥਿਤ ਹੋ ਜਾਉ, ਅਪਣੇ ਸਰੂਪ ਦੇ ਵਿੱਚ ਇਸਥਿਤ ਹੋ ਜਾਉ।

**ਤੁਮਰੇ ਦੋਖੀ ਹਰਿ ਆਪਿ ਨਿਵਾਰੇ**

ਜਿੰਨੇ ਵੀ ਤੁਹਾਡੇ ਦੋਖੀ ਥੇ, ਉਹ ਪਰਮੇਰ ਨੇ ਆਪ ਨਿਵਾਰ ਦਿੱਤੇ। ਕਈ ਲੋਕ ਪ੍ਰਿਥੀਏ ਨੂੰ ਲਾਉਂਦੇ ਨੇ, ਬਾਹਲੇ ਲਾਉਂਦੇ ਨੇ। ਪਰ ਇਹ ਪੱਕਾ ਪਤਾ ਨਹੀਂ। ਪਰ ਜਦ ਤੂੰ ਅਪਦੇ ਸਰੂਪ ਚ ਆਕੇ ਠਹਿਰ ਜਾਏਂਗਾ ਤੇ ਤੇਰੇ ਸਾਰੇ ਦੁੱਖ ਨਵਿਰਤ ਹੋ ਜਾਏਂਗੇ ਜੀਵ !

**ਅਪਦਾ ਭਈ ਬਿਤੀਤ ॥ ਰਹਾਉ ॥**

ਤੇ ਸਾਰੀ ਜਿਹੜੀ ਤੇਰੀ ਅਪਦਾ ਸੀ, **ਅਪਦਾ** ਨਾਉਂ ਹੈ ਦੁੱਖ ਦਾ । ਉਹ ਸਾਰੀ ਬਤੀਤ ਹੋ ਗਈ, ਉਹ ਮੁੱਕ ਗਈ। ਸਰੂਪ ਮੇਂ ਅਪਦਾ ਹੁੰਦੀ ਹੀ ਨਹੀਂ, ਸਰੂਪ ਮੇਂ ਦੁੱਖ ਨਹੀਂ ਹੁੰਦਾ। ਆਪਣਾ, ਸਰੂਪ **ਸੋਇ ਸਰੂਪ** ਹੈ ਸੁੱਖ ਸਰੂਪ ਹੈ। ਉਹ ਆਤਮ ਸਰੂਪ ਮੇਂ ਕਦੇ ਦੁੱਖ ਆਇਆ ਨਹੀਂ, ਨਾ ਇਹਨੇ ਸੋਚਿਆ ਹੈ।

**ਪ੍ਰਗਟ ਕੀਨੇ ਪ੍ਰਭ ਕਰਨੇਹਾਰੇ**

ਉਹ ਜਿਹੜਾ ਕਰਤਾ ਪੁਰ ਕਰਨੇਹਾਰ ਪ੍ਰਭੂ ਹੈ। ਉਹਨੇ ਪ੍ਰਗਟ ਕਰਨੇ ਹੈਂ। ਉਹਦੇ ਨਾਲ ਜਦ ਇਹ ਇੱਕ ਹੋ ਗਿਆ।

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

ਜਦ ਇਹਦੀ ਸੁਰਤੀ ਬਦ ਦੇ ਵਿੱਚ ਸੁਰ ਹੋ ਜਾਏ, ਫਿਰ ਸੰਸਾਰ ਤੋਂ ਪਾਰ ਹੋ ਜਾਂਦੈ। ਅਜੇ ਇਹਦੀ ਸੁਰਤੀ ਸੁਰ ਨਹੀਂ ਹੋਈ। ਉਹ ਜੈਸੇ ਕੋਈ ਕਾਰੀਗਰ ਇਕ ਚੀ ਨੂੰ ਮਿਲਾ ਦਿੰਦਾ ਹੈ, ਉਹ ਇਕ ਪੂਰਣ ਗੁਰੂ ਹੈ, ਜਿਹੜਾ ਬਖਕੇ ਇਹਦੀ ਸੁਰਤੀ ਨੂੰ ਬਦ ਨਾਲ ਮਿਲਾ ਦਿੰਦਾ ਹੈ ਤੇ ਉਸ ਨਾਮ ਨੂੰ ਕਦੇ ਭੁਲਦਾ ਨਹੀਂ ਹੈ। ਏਸ ਕਰਕੇ ਉਹਨੇ

ਲਿਖਿਐ –

***ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥***
***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥੪॥***
***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***

(ਪੰਨਾ ੯੩੮)

ਇਹਦੀ ਸੁਰਤੀ ਜਦ ਬਦ ਨਾਲ ਸੁਰ ਹੋ ਜਾਏਗੀ, ਫਿਰ ਇਹ ਨੀਂ ਨਾਮ ਨੂੰ ਛੱਡੇਗਾ, ਇਹ ਬਖਿਆ ਗਿਆ ਤੇ ਨਾ ਮੁੜਕੇ ਇਹ ਕਦੇ ਜਨਮ ਮਰਨ ਵਿੱਚ ਆਏਗਾ। ਇਹ ਭਾਈ ਗੁਰੂ ਸਾਹਿਬ ਕਹਿੰਦੇ , ਐਂ ਕਰਿਆ ਕਰੇ। ਇਹ ਉਹ, ਇਕ ਸਿੱਧ ਸੀਗਾ, ਇਹਨੇ ਜਾਣਕੇ ਪ੍ਰਨ ਕੀਤਾ ਸੀ ਪਿਛਲਾ। ਇਸ ਕਰਕੇ ਭਾਈ ਤੁਸੀਂ ਸੁਰਤ ਨੂੰ ਬਦ ਨਾਲ ਸੁਰ ਕਰਨੈ। ਤੁਹਾਡੀ ਸੁਰਤ ਤੇ ਬਦ ਇੱਕ ਹੋਣ, ਦੋ ਨਾ ਹੋਣ। ਤੁਹਾਡੀ ਜਦ ਸੁਰਤੀ ਬਦ ਨਾਲ ਮਿਲ ਜਾਏਗੀ ਤਾਂ ਇਹਦੀ ਕੋਈ ਸੱਤਾ ਨਹੀਂ ਰਹੇਗੀ, ਫਿਰ ਤਾਂ ਬਦ ਰੂਪ ਹੋ ਜੂ। ਬਦ ਉਹ ਹੁੰਦੈ, ਜਦ ਸਿੱਧਾਂ ਨੇ ਪੁੱਛਿਆ ਤੁਹਾਡਾ ਗੁਰੂ ਕੌਣ ਹੈ? ਉਹ ਕਹਿੰਦੇ –

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੪੩)

ਗੁਰੂ ਸਾਹਿਬ ਕਹਿੰਦੇ, ਉਹ ਬਦ ਸਾਡਾ ਗੁਰੂ ਹੈ। ਸਾਡੀ ਜਿਹੜੀ ਸੁਰਤੀ ਹੈ, ਉਹਦੀ ਧੁਨ ਉਸ ਬਦ ਵਿੱਚ ਜੁੜ ਜਾਣੀ ਚਾਹੀਦੀ ਹੈ। ਇਸ ਕਰਕੇ ਫਿਰ ਇਹਦਾ ਜਨਮ ਮਰਨ ਮੁੱਕ ਜਾਏਗਾ। ਇਹਦੀਆਂ ਜਿਹੜੀਆਂ ਅਪਦਾ ਸਾਰੀਆਂ ਨਾ ਹੋ ਜਾਣਗੀਆਂ।

**ਪ੍ਰਗਟ ਕੀਨੇ ਪ੍ਰਭ ਕਰਨੇਹਾਰੇ**

ਉਹ ਪਰਮੇਰ ਕਰਨੇਹਾਰ ਕਰਤਾ ਪੁਰਖ ਨੇ ਪ੍ਰਗਟ ਕੀਤੇ। ਕਦ ? ਜਦ ਸੁਰਤੀ ਬਦ ਨਾਲ ਜੁੜ ਗਈ। ਉਸ ਬਦ ਨੇ ਬਦੀ ਬਣਾ ਦਿੱਤਾ ਪਰਮੇਰ ਨੇ। ਇਹ ਦੁਨੀਆਂ ਦੇ ਵਿੱਚ ਵੀ ਪ੍ਰਗਟ ਹੋ ਗਿਆ

ਤੇ ਜਨਮ ਮਰਨ ਵੀ ਕੱਟਿਆ ਗਿਆ।

**ਨਾਸਨ ਭਾਜਨ ਥਾਕੇ॥**

ਉਹ ਜਿਹੜਾ ਰੋਜ ਮਨ, ਉਹ ਬਿਰਤੀ ਕਹੋ, ਸੁਰਤੀ ਕਹੋ, ਮਨ ਕਹੋ ਉਹ ਜਿਹੜੀ ਰੋਜ ਭੱਜਦੀ ਸੀ ਸੁਰਤੀ, ਉਹ ਹੁਣ ਨਸਣੋਂ ਭੱਜਣੋਂ ਥੱਕ ਗਈ। ਥੱਕ ਕੇ, ਰਣ ਆ ਕੇ, ਉਹਦੀ ਇਸ ਕਰਕੇ ਫਿਰ ਨੱਠ ਭੱਜ ਸਾਰੀ ਚਲੀ ਜਾਏਗੀ। ਜਦ ਇਹਦੀ ਸੁਰਤੀ ਬਦ ਨਾਲ ਇੱਕ ਹੋ ਗਈ, ਇਹਦਾ ਭੱਜਣਾ ਨੱਠਣਾ, ਜੰਮਣਾ ਮਰਨਾ ਸਾਰੇ ਨਾ ਹੋ ਜਾਣਗੇ, ਇੱਕ ਨਹੀਂ ਰਹੇਗਾ। ਇਸ ਸੰਸਾਰ ਦੀ ਸੱਤਾ ਹੀ ਨਹੀਂ ਰਹੇ ਗੀ। ਹੁਣ ਤਾਂ ਇੱਕੋ ਸੱਤਾ ਰਹਿ ਗਈ, ਇਹਦਾ ਆਪਣਾ ਆਪ **ਅਨੰਦ ਸਰੂਪ** ।

**ਘਰਿ ਮੰਗਲ ਵਾਜਹਿ ਨਿਤ ਵਾਜੇ**

ਤੇਰੇ ਘਰ ਦੇ ਵਿੱਚ ਨਿਤ ਮੰਗਲ ਵਾਜੇ ਵਜਦੇ ਨੇ, ਖੁਸ਼ੀਆਂ ਦੇ ਵਾਜੇ ਵਜਦੇ ਨੇ। ਉਸ ਪਰਮੇਰ ਦੇ, ਮਾਲਿਕ ਦੇ, ਉਹ ਖ਼ੁਸ਼ੀਆਂ ਦੇ ਤੇ ਰੇ ਅੰਦਰ ਤੇਰੇ ਅੰਤਹਕਰਣ ਦੇ ਵਿੱਚ ਵਾਜੇ ਵੱਜਦੇ ਨੇ। ਹੁਣ ਕੋਈ ਹਰਖ ਸੋਗ ਨਹੀਂ ਰਿਹਾ ਹੈ।

**ਅਪੁਨੈ ਖਸਮਿ ਨਿਵਾਜੇ॥**

ਇਹ ਤੈਨੂੰ ਆਪਣੇ ਖਸਮ ਨੇ ਵਡਿਆਇਆ ਹੈ। **ਨਿਵਾਜੇ** ਨਾਉਂ ਹੈ ਵਡਿਆਇਆ, ਉਸ ਤੇਰੇ ਖਸਮ ਨੇ, ਕਰਤਾ ਪੁਰਖ ਨੇ ਤੈਨੂੰ ਵਡਿਆਇਆ ਹੈ। ਤੈਨੂੰ ਬਖ ਦਿੱਤਾ। ਉਹ ਜਿਹੜਾ ਬਖਣਾ ਹੈ।

***ਜਾ ਕਉ ਅਪੁਨੀ ਕਰੈ ਬਖਸੀਸ॥***
***ਤਾ ਕਾ ਲੇਖਾ ਨ ਗਨੈ ਜਗਦੀਸ॥*** (ਪੰਨਾ ੨੭੭)

ਉਹ ਬਖਣਾ ਹੈ ਜਿਹੜਾ, ਉਹੀ ਵਡਿਆਉਣਾ ਹੈ। ਅੱਜ ਤੋਂ ਇਹਦਾ ਜਨਮ ਮਰਨ ਕੱਟਿਆ ਗਿਆ, **ਨਿਵਾਜੇ** ਪ੍ਰਗਟ ਹੋ ਗਏ।

**ਅਸਥਿਰ ਰਹਹੁ ਡੋਲਹੁ ਮਤ ਕਬਹੂ**

ਕਦੇ ਨਾ ਡੋਲੋ, ਆਪਣੇ ਮਨ ਨੂੰ ਕਦੇ ਨਾ ਡੁਲਾਉ। ਤੁਸੀਂ ਮਨ ਤਾਂ ਹੋ ਨਹੀਂ, ਮਨ ਨੂੰ ਦੇਖਣੇ ਵਾਲੇ ਹੋ। ਤੁਸੀਂ ਜਦ ਮਨ ਨਾਲ ਮਿਲੋਂਗੇ ਫਿਰ ਦੁਖੀ ਸੁਖੀ ਹੋ ਜਾਉਂਗੇ। ਤੁਸੀਂ ਮਨ ਤਾਂ ਹੈ ਨਹੀਂ, ਤੁਸੀਂ ਤਾਂ ਮਨ ਨੂੰ ਦੇਖਣੇ ਵਾਲੇ ਹੋਂ। ਮਨ ਨੂੰ ਕੌਣ ਦੇਖਦਾ ਹੈ? ਆਤਮਾ, ਪਰਮਾਤਮਾ, ਚੇਤਨ ਦੇਖਣੇ ਵਾਲਾ ਹੈ ਮਨ ਨੂੰ । ਉਹ ਜੋ ਕਰੇ ਸੋ ਕਰੇ। ਉਹ ਤਾਂ ਕਿਸੇ ਦਾ ਡੋਲਾਇਆ ਵੀ ਨਹੀਂ ਡੋਲਦਾ। ਇਸ ਕਰਕੇ ਉਹ ਜਦ ਗੁਰੂ ਦੇ ਬਚਨ ਦੇ ਵਿੱਚ ਇਸਥਿਰ ਹੋ ਕੇ ਰਹੋਂਗੇ ਫਿਰ ਤੁਸੀਂ ਕਦੇ ਡੋਲੋਂਗੇ ਨਹੀਂ। ਫਿਰ ਤੁਸੀਂ ਕਦੇ ਵੀ ਨਹੀਂ ਡੋਲੋਂਗੇ। ਪਰ ਗੁਰੂ ਦੇ ਬਚਨ ਦੇ ਨਾਲ ਤੁਹਾਡਾ ਮਨ ਇੱਕ ਹੋ ਜਾਏ।

**ਗੁਰੁ ਕੈ ਬਚਨਿ ਅਧਾਰਿ॥**

ਇਹਦਾ ਆਸਰਾ ਰਹਿ ਗਿਆ ਗੁਰ ਕੇ ਬਚਨ, ਕਿਉਂ ? ਹੁਣ ਹੋਰ ਆਸਰਾ ਤਾਂ ਹੈ ਨਹੀਂ। ਉਹ ਗੁਰੂ ਨੇ ਜਿਹੜਾ ਕਿਰਪਾ ਕਰਕੇ ਨਾਮ ਦਿੱਤਾ, ਬਦ ਦਿੱਤਾ, ਉਹੀ ਤੁਹਾਡਾ ਆਧਾਰ ਹੈ। ਤੁਹਾਡਾ **ਨਾਮ** ਹੀ ਆਸਰਾ ਹੈ। ਕਿਉਂ? ਨਾਮ-ਨਾਮੀ ਇੱਕ ਨੇ, ਦੋ ਤਾਂ ਹੈ ਨਹੀਂ । ਉਹੀ ਤੁਹਾਡਾ ਆਸਰਾ ਹੈ । ਉਹ ਗੁਰੂ ਦੇ ਬਦ ਤੋਂ ਕਦੇ ਮਨ ਇੱਧਰ ਉੱਧਰ ਨਹੀਂ ਲਿਜਾਣਾ। ਪਰ ਇਹ ਚਲਿਆ ਜਾਂਦੈ। ਜਦ ਤੱਕ ਪੂਰਨ ਗੁਰੂ ਦੀ ਬਖ਼ਿ ਨਾ ਹੋਵੇ, ਉਤਨਾ ਚਿਰ ਨਹੀਂ ਠਹਿਰਦਾ। ਬਾਬੇ ਬੁੱਢੇ ਵਰਗੇ ਛੋਟੀ ਉਮਰ ਵਿੱਚ ਹੀ, ਪਿਛਲਾ ਪੁੰਨ ਉਹਨਾਂ ਦਾ ਬੀਜਿਆਂ ਹੋਇਆ ਸੀ। ਸਾਰੀ ਉਮਰ ਕਿਤੇ ਨਹੀਂ ਗਿਆ ਮਨ। ਤੇ ਸਾਡਾ ਮਨ ਗੁਰੂ ਦੇ ਬਦ ਵਿੱਚ ਜੁੜ ਜਾਏ, ਉਹਨਾਂ ਦਾ ਮਨ ਗੁਰੂ ਦੇ ਬਚਨ ਜੋ ਹੋਏ, ਵਿੱਚ ਜੁੜ ਗਿਆ, ਉਹਦਾ ਵੀ ਅਖੀਰੀ ਵਿੱਚ ਆਕੇ । ਗੁਰੂ ਅਰਜਨ ਦੇਵ ਜੀ ਕਹਿੰਦੇ ਨੇ ਇਤਿਹਾਸ ਵਿੱਚ, ਕਹਿੰਦੇ ਬਈ ਤੁਸੀਂ ਬੜੀ ਸੇਵਾ ਕੀਤੀ ਹੈ, ਇੰਨਾਂ ਚਿਰ ਸੇਵਾ ਕੀਤੀ ਹੈ। ਪਹਿਲੇ

ਸਰੂਪ ਤੇ। ਉਹਨਾਂ ਨੇ ਤਾਂ ਅੱਠ ਸਾਲ ਸੇਵਾ ਕੀਤੀ ਲਹਿਣੇ ਨੇ, ਗੁਰਿਆਈ ਉਹਨਾਂ ਨੂੰ ਮਿਲ ਗਈ। ਉਹ ਕਹਿੰਦਾ ਇਉਂ ਗੱਲ ਨਹੀਂ। ਇਹ ਜਿਹੜਾ ਕਰਮ ਹੈ ਗੁਰਿਆਈ ਦਾ ਹੈ ਪਰ ਇਹ ਪਿੱਛੇ ਹੱਟ ਗਿਆ ਜਦ ਉੱਥੇ ਮੁਰਦੇ ਵਾਲੀ ਪਰੀਖਿਆ ਵਿੱਚ ਆਇਆ । ਜਦ ਉਹਨਾਂ ਨੇ ਗੁਰੂ ਸਾਹਿਬ ਨੇ ਹੱਥ ਕੀਤਾ ਤੇ ਇਹਨਾਂ ਆਖਿਆ ਕਿਸ ਪਾਸਿਉਂ ਖਾਵਾਂ? ਮੈਂ ਕਿਹਾ ਜਿਹੜੀ ਇਹਦੇ ਨਾਲ ਵਰਤੇਗੀ ਉਹ ਦੇ ਖਾਂਗੇ। ਇਸ ਕਰਕੇ ਮੈਂ ਪਿੱਛੇ ਹਟ ਗਿਆ ਇਹਨਾਂ ਤੋਂ। ਇਸ ਕਰਕੇ ਇਹ ਪੂਰਣ ਸੀ, ਤਾਂ ਹੀ ਹੋਇਆ –

***ਨਾਨਕ ਅੰਗਦ ਕੋ ਬਪੁ ਧਰਾ॥***
***ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*** (ਬਚਿੱਤ੍ਰ ਨਾਟਕ)

ਜੋਤ ਤਾਂ ਉਹੀ ਸੀ ਜਿਹੜੀ ਧੁਰੋਂ ਆਈ ਸੀ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਹੁਣ ਉਹੀ ਜੋਤ ਨੇ, ਗੁਰੂ ਸਾਹਿਬ ਨੇ ਲਿਖਿਐ ।

***ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥***

(ਪੰਨਾ ੯੬੬)

ਜੋਤ ਔਰ ਜੁਗਤਿ ਉਹੀ ਰਹੇਗੀ, ਗੀਰ ਦਾ ਹੀ ਫਰਕ ਪੈਣਾ ਹੈ। ਉਹ ਆਪ ਸ੍ਰੀ ਗੁਰੂ ਨਾਨਕ ਦੇਵ ਦੀ ਜੋਤਿ ਗੁਰੂ ਅੰਗਦ ਦੇਵ ਦੇ ਵਿੱਚ ਗਈ। ਗੁਰੂ ਅਰਜਨ ਦੇਵ ਜੀ ਕਹਿੰਦੇ ਆਪ ਹੀ ਉਹੀ ਜੋਤ ਗਈ। ਤੇ ਫਿਰ ਐਸੇ ਇਹੀ ਕਿਹਾ ਗੁਰੂ ਰਾਮਦਾਸ ਜੀ ਨੇ–

***ਗੁਰ ਜੋਤਿ ਅਰਜੁਨ ਮਾਹਿ ਧਰੀ॥*** (ਪੰਨਾ ੧੪੦੯)

ਉਹ ਜੋਤ ਗੁਰੂ ਸੀ, ਉਹ ਗੁਰੂ ਜੋਤ ਜਿੱਥੇ ਜਾਣੀ ਸੀ, ਉਹੀ ਗੁਰੂ

ਬਣਨਾ ਸੀ। ਉਹ ਜੋਤ ਹੀ ਗੁਰੂ ਹੁੰਦੈ। ਹੋਰ ਤਾਂ ਗੁਰੂ ਹੁੰਦਾ ਨਹੀਂ। ਤੇ ਜਿਹੜੇ ਅਸੀਂ ਤੁਸੀਂ ਗੁਰੂ ਬਣਦੇ ਨੇ, ਇਹ ਅਸਲੀ ਇਹੋ ਜਿਹੇ ਗੁਰੂ ਤਾਂ ਨਹੀਂ, ਇਹ ਜੋਤ ਰੱਖਣ ਵਾਲੇ ਗੁਰੂ ਤਾਂ ਨਹੀਂ। ਜੇ ਹੋਣ ਤਾਂ ਦੱਸੋ?

ਜੇ ਸਾਡੀ ਸੁਰਤ ਵੀ ਸੁਰ ਹੋ ਜਾਏ ਤਾਂ ਵੀ ਸਾਡਾ ਕੰਮ ਬਣ ਜਾਏ । ਤੁਸੀਂ ਦੇਖਦੇ ਹੋਂ, ਜੇ ਤੁਸੀਂ ਸੁਖਮਨੀ ਪੜ੍ਹਦੇ ਹੋਂ, ਨਾਮ ਜਪਦੇ ਹੋਂ, ਜਪੁਜੀ ਸਾਹਿਬ ਪੜ੍ਹਦੇ ਹੋਂ, ਉਹ ਅੰਦਰ ਮਨ ਕਿੱਥੇ-ਕਿੱਥੇ ਭੱਜਿਆ ਫਿਰਦਾ ਹੈ। ਜੇ ਉਹ ਇਸਥਿਤ ਹੋ ਜਾਏ, ਬੱਸ ਇਕ ਵਾਰ ਇਸਥਿਤ ਹੋ ਜਾਏ –

***ਸੁਰਤਿ ਸਬਦਿ ਭਵ ਸਾਗਰੁ ਤਰੀਐ*** (ਪੰਨਾ ੯੩੮)

ਸੁਰਤੀ ਬਦ ਦੇ ਨਾਲ ਇੱਕ ਹੋ ਜਾਏ ਤੇ ਬਦ ਬਦੀ ਇੱਕ ਹੈਂ। ਇਹ ਭੁੱਲ ਗਿਆ । ਇਸ ਕਰਕੇ ਭਾਈ ਅਸਥਿਰ ਰਹੋ ਡੋਲੋ ਨਾ ਕਦੇ । ਇਹ ਪਰਮੇਰ ਨਹੀਂ ਡੋਲਣ ਦਿੰਦਾ।

**ਗੁਰੁ ਕੈ ਬਚਨਿ ਅਧਾਰਿ॥**

ਤੁਹਾਡਾ ਆਸਰਾ ਹੀ ਗੁਰੂ ਦਾ ਬਦ ਹੈ ਦੁਨੀਆਂ ਦੇ ਵਿੱਚ। ਬਦ ਨੇ ਹੀ ਬਦੀ ਮੇਲਣੈ, ਨਾਮ ਨੇ ਹੀ ਨਾਮੀ ਮੇਲਣੈ। ਨਾਮ ਨਾਮੀ ਦਾ ਅਭੇਦ ਹੈ। ਬਦ ਬਦੀ ਦਾ ਅਭੇਦ ਹੈ। ਉਹ ਤੁਹਾਡਾ ਜਿਹੜਾ ਗੁਰੂ ਦਾ ਬਚਨ ਹੈ, ਉਹੀ ਆਸਰਾ ਹੈ। ਉਥੋਂ ਨਾ ਤੁਸੀਂ ਹਿਲਿਓ ਕਦੇ । ਫਿਰ ਡੋਲੋਂਗੇ ਨਹੀਂ। ਜੇ ਬਦ ਨੂੰ ਛੱਡ ਬੈਠੇ ਤਾਂ ਮਨ ਨੇ ਖਬਰੈ ਇਕ ਵਾਰ ਚ ਕਿੱਥੇ ਕਿੱਥੇ ਜਾਣੈ, ਇਹ ਤਾਂ ਮੋੜਿਆ ਨਹੀਂ ਮੁੜਦਾ ਸਹੁਰਾ। ਇਹ ਤਾਂ ਓਨਾ ਹੀ ਮਗਰੇ ਉੱਡਦੈ।

ਜੇ ਪੂਰਣ ਗੁਰੂ ਇਹਦੀ ਸੁਰਤ ਨੂੰ ਇਕ ਵਾਰੀ ਜੋੜ ਦੇਵੇ, ਫਿਰ ਇਹ ਰੁਕ ਜਾਏਗਾ। ਬਾਣੀ ਵੀ ਪੜ੍ਹੀ ਜਾਏਗਾ। ਫਿਰੀ ਤੁਰੀ ਵੀ ਜਾਏ ਗਾ। ਇਹ ਤਾਂ ਐਵੇਂ ਹੀ ਕਹਿੰਦਾ ਰਹਿੰਦਾ ਹੈ, ਇਹ ਤਾਂ ਤੁਸੀਂ ਜਾਣਦੇ ਹੀ ਹੋਂ। ਪਰ ਇਕ ਵਾਰੀ ਇਹਦੀ ਸੁਰਤੀ ਬਦ ਨਾਲ ਜੁੜ ਜਾਏ,

ਫਿਰ ਇਹ ਬਖਸ਼ਿਆ ਜਾਏਗਾ। ਪਰ ਗੁਰੂ ਦੇ ਬਦ ਤੇ ਐਨਾ ਭਰੋਸਾ ਹੋਵੇ, ਆਸਰਾ ਹੀ ਉਹ ਹੋਵੇ। ਜੀਵ ਦਾ ਆਸਰਾ ਹੀ ਇੱਕ ਬਦ ਹੈ ਗੁਰੂ ਦਾ।

**ਜੈ ਜੈ ਕਾਰੁ ਸਗਲ ਭੂ ਮੰਡਲ**

ਸਾਰੇ ਮੰਡਲ ਵਿੱਚ ਫਿਰ ਤੇਰੀ ਜੈ ਜੈ ਕਾਰ ਹੋ ਜੂ।। ਊਂ ਵੀ ਤੁਸੀਂ ਦੇਖਦੇ ਹੋਂ ਲੋਕਾਂ ਨੂੰ ਕਹਿੰਦੇ, ਧੰਨ ਕਬੀਰ! ਧੰਨ ਰਵਿਦਾਸ! ਤੇ ਲੋਕ ਜਲੂਸ ਕੱਢਦੇ ਨੇ, ਜਿਹੜੇ ਕਹਿੰਦੇ ਸੀ। ਅਸੀਂ ਉੱਥੇ ਗਏ ਜਿੱਥੇ ਨਾਮਦੇਵ ਹੋਇਐ, ਉਹ ਦੇਹੁਰੇ। ਉੱਥੇ ਜੋ ਪਉੜੀਆਂ ਨੇ ਸਭ ਕੁੱਝ ਇੱਧਰ ਹੈ, ਤਲਾਅ ਇੱਧਰ ਹੈ ਤੇ ਉਸ ਦਾ ਦੇਹੁਰਾ ਦੂਸਰੇ ਪਾਸੇ ਹੈ। ਅਸੀਂ ਵੀ ਦੇਖਿਆ, ਮੇਰੇ ਨਾਲ ਗਿਆਨੀ ਬਲਵੰਤ ਸਿੰਹੁ ਸੀ। ਉਹਨੇ ਆਖਿਆ ਜੀ ਅਸੀਂ ਤੁਹਾਡਾ ਉਧਾਰ ਕਰ ਦਿਆਂਗੇ, ਬਖ਼ੇ ਜਾਉਂਗੇ । ਪਰ ਕਰਾਂਗੇ ਉਸ ਮੰਦਰ ਵਿੱਚ। ਮੈਂ ਆਖਿਆ ਇਸ ਮੰਦਰ ਵਿੱਚ ਨਹੀਂ ਕਰਦੇ ? ਕਹਿੰਦਾ ਨਾ ਜੀ ਇੱਥੇ ਛੀਪਾ (ਨਾਮਦੇਵ) ਆਇਐ, ਉਹ ਛੀਪਾ ਜਦ ਆਇਆ, ਮੰਦਰ ਉਦੋਂ ਦਾ ਭ੍ਰਿਟਿਐ, ਅਸੀਂ ਨਹੀਂ ਇੱਥੇ ਵੜਦੇ, ਸਮਝ ਗਏ? ਉਹ ਜਿਨ੍ਹਾਂ ਦੇ ਮੰਦਰ ਵਿੱਚ ਵੜਨਾ ਵੀ ਪਾਪ ਸਮਝਦੇ ਨੇ। ਹੁਣ ਉਹਨਾਂ ਦਾ ਜਲੂਸ ਕਢਦੇ ਨੇ ਲੋਕ। ਕਿਉਂਕਿ ਉਹ ਪੁੱਗ ਗਏ, ਉਹ ਪਹੁੰਚ ਗਏ, ਕਿਉਂ? ਉਹਨਾਂ ਨੂੰ ਗੁਰੂ ਦੇ ਬਦ ਵਿੱਚ ਐਨਾ ਵੀ ੱਕ ਨਹੀਂ ਹੋਇਆ। ਉਹ ਗੁਰੂ ਦੇ ਬਦ ਨਾਲ ਹੀ ਤਰ ਗਏ। ਉਹ ਗੁਰੂ ਦੇ ਬਦ ਵਿੱਚ ਹੀ ਗੁਰੂ ਹੁੰਦੈ, ਸਿੱਧੀ ਬਾਤ ਹੈ। ਉਹ ਕਹਿੰਦਾ ਆਵਾ ਕੱਚਾ! ਕੱਚਾ! ਕੱਚਾ! ਕਿਉਂ ? ਉੱਥੇ ਗੁਰੂ ਰਾਮਦਾਸ ਸੇ। ਉਹ ਗੁਰੂ ਰਾਮਦਾਸ ਦਾ ਬਖਸ਼ਿਆ ਹੋਇਆ ਸੀ। ਉਹਨਾਂ ਨੇ ਜੋ ਕਿਹਾ, ਉਹ ਗੁਰੂ ਦਾ ਬਦ ਮੋੜਿਆ ਨਹੀਂ। ਉਹਨਾਂ ਆਖਿਆ ਬਈ ਪੱਕੀਆਂ ਦੇ ਭਾਅ ਵਿਕ ਜੂ ਪਰ ਰਹੇਗਾ ਤਾਂ ਕੱਚਾ, ਪੱਕਦਾ ਨਹੀਂ। ਕਹਿੰਦੇ ਜੀ ਇਹ ਤਾਂ ਸਿੱਖ ਹੈ ਇਹੋ ਜਿਹਾ। ਕਹਿੰਦੇ ਨਾ, ਨਾ, ਇਹ ਤਾਂ ਗੁਰੂ ਰਾਮਦਾਸ ਹੋਰਾਂ ਦਾ ਬਖਸ਼ਿਆ ਹੋਇਆ ਹੈ। ਇਸ ਕਰਕੇ

ਜਦ ਇਹ ਗੁਰੂ ਦੇ ਬਦ ਦਾ ਪੂਰਣ ਭਰੋਸਾ ਕਰ ਲਵੇ, ਗੁਰੂ ਦੇ ਬਦ ਨਾਲ ਇਹਦੀ ਸੁਰਤ ਇੱਕ ਹੋ ਜਾਏ, ਬੱਸ ਫਿਰ ਠੀਕ ਹੈ।

ਇਹ ਤਾਂ ਤੁਸੀਂ ਆਪ ਹੀ ਜਾਣਦੇ ਹੋਂ, ਕਿੰਨਾ ਕੁ ਸਾਡਾ ਮਨ ਠਹਿਰਦੈ, ਨਹੀਂ ਠਹਿਰਦਾ। ਇਹ ਤਾਂ ਲੋਕ ਆਪ ਹੀ ਕਹਿੰਦੇ ਨੇ, ਜੀ ਅਸੀਂ ਬਾਣੀ ਪੜ੍ਹਦੇ ਹਾਂ, ਮਨ ਨਹੀਂ ਠਹਿਰਦਾ। ਮੈਂ ਆਖਿਆ ਸਾਰਿਆਂ ਦੀ ਇਹੀ ਬਾਤ ਹੈ, ਤੈਨੂੰ ਕੱਲੇ ਨੂੰ ਕੀ ਕਹੀਏ। ਇਸ ਕਰਕੇ ਭਾਈ ਸਾਰਿਆਂ ਦੀ ਇਹੀ ਬਾਤ ਹੈ। ਇਸ ਕਰਕੇ ਭਾਈ ਗੁਰੂ ਦੇ ਬਦ ਤੇ ਭਰੋਸਾ ਰਖੋ। ਉਹੀ ਤੁਹਾਡਾ ਆਸਰਾ ਤੇ ਉਹੀ ਤੁਹਾਨੂੰ ਪਾਰ ਕਰਨ ਵਾਲਾ ਹੈ, ਗੁਰੂ ਦਾ ਬਦ।

**ਜੈ ਜੈ ਕਾਰੁ ਸਗਲ ਭੂ ਮੰਡਲ**

ਤੁਹਾਡੀ ਜੈ ਜੈ ਕਾਰ ਸਾਰੇ ਭੂ ਮੰਡਲ ਮੇਂ ਹੋਏਗੀ। ਜੈ ਨਾਮਦੇਵ, ਜੈ ਰਵਿਦਾਸ, ਜਲੂਸ ਕੱਢਦੇ ਨੇ ਲੋਕ, ਉਹਦੀ ਜੈ ਜੈ ਹੋਵੇਗੀ।

**ਮੁਖ ਊਜਲ ਦਰਬਾਰ॥**

ਤੇ ਸੱਚੇ ਦਰਬਾਰ ਪਰਮੇਰ ਦੇ ਸਾਹਮਣੇ, ਮੁੱਖ ਤੁਹਾਡਾ ਉੱਜਲ ਹੋਏਗਾ। ਕੋਈ ਪਾਪ, ਨਹੀਂ ਤੁਹਾਡੇ ਨੇੜੇ ਹੋਏਗਾ, ਤੁਹਾਡਾ ਮੁੱਖ ਉੱਜਲ ਹੋਏਗਾ।

**ਜਿਨ ਕੇ ਜੀਅ ਤਿਨੈ ਹੀ ਫੇਰੇ**

ਜੀਹਦੇ ਇਹ ਸੀ ਉਹਨੇ ਹੀ ਬਖੇ, ਚਾਹੇ ਗੁਰੂ ਦੇ ਵਿੱਚ ਬਹਿਕੇ ਬਖੇ, ਚਾਹੇ ਕੈਸੇ ਬਖੇ। ਬਖੇ ਤਾਂ ਉਹਨਾਂ ਨੇ ਹੀ। ਉਸ ਪਰਮੇਰ ਦੇ ਭਾਈ ਜੀਹਦੇ ਸੀ, ਉਹਨੇ ਹੀ ਬਖਿਆ ਇਹਨਾਂ ਨੂੰ।

**ਆਪੇ ਭਇਆ ਸਹਾਈ॥**

ਉਹਨੇ ਆਪ ਹੀ ਸਹਾਇਤਾ ਕੀਤੀ। ਉਹ ਦਸਵੇਂ ਪਾਤਾਹ ਨੇ ਪੰਗਤੀ ਲਿਖੀ ਹੈ।

***ਸਮੇ ਸੰਤ ਪਰ ਹੋਤ ਸਹਾਈ॥*** (ਦਸਮ ਗ੍ਰੰਥ)

ਉਹ ਸਾਰੇ ਸੰਤ ਜਿੰਨੇ ਲਿਖੇ ਅਵਤਾਰ ਕਹੋ, ਸੰਤ ਕਹੋ, ਉਹਨਾਂ ਸਾਰਿਆਂ ਦੀ ਅੰਤ ਸਮੇਂ ਪਰ ਸਹਾਇਤਾ ਕੀਤੀ।

❑

ੴ ਸਤਿਗੁਰ ਪ੍ਰਸਾਦਿ॥

## ੨੬

---

**ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ**

**ਸਤਿਗੁਰ ਪ੍ਰਸਾਦਿ॥**

**ਸਨਕ ਸਨੰਦ ਮਹੇਸ ਸਮਾਨਾਂ ॥**
**ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥**
**ਸੰਤਿਸੰਗਤਿ ਰਾਮੁ ਰਿਦੈ ਬਸਾਈ ॥ ੧॥ ਰਹਾਉ ॥**
**ਹਨੂਮਾਨ ਸਰਿ ਗਰੁੜ ਸਮਾਨਾਂ ॥**
**ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨॥**
**ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥**
**ਕਮਲਾਪਤਿ ਕਵਲਾ ਨਹੀ ਜਾਨਾਂ ॥ ੩॥**
**ਕਹਿ ਕਬੀਰ ਸੋ ਭਰਮੈ ਨਾਹੀ ॥**
**ਪਗ ਲਗਿ ਰਾਮ ਰਹੈ ਸਰਨਾਂਹੀ ॥ ੪॥** (ਪੰਨਾ ੬੯੧)

---

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਇਹ ਬਦ, ਕਬੀਰ ਸਾਹਿਬ ਦੁਆਰਾ ਆਇਆ। ਕਬੀਰ, ਬ੍ਰਹਮ ਗਿਆਨੀ, ਬੜਾ ਮਹਾਂਪੁਰ ਸੀ। ਇਕ ਮੱਤ ਦਾ ਇਹ ਅਚਾਰਯਾ ਹੋਇਆ, ਕਬੀਰ ਪੰਥੀਆਂ ਦਾ, ਤੇ ਮਹਾਂ ਯੋਗੀ ਤੇ ਮਹਾਂਪੁਰ ਹੋਇਆ ਤੇ ਬੜਾ ਲਾਇਕ ਮਹਾਂਪੁਰ ਹੋਇਆ ਹੈ । ਉਸ ਤੇ ਜਦ ਬਖਸਿ ਹੋਈ ਤਾਂ ਉਹਨੇ ਬਾਣੀ ਉੱਚਰੀ । ਉਸ ਦੁਆਰਾ ਜੋ ਰੱਬੀ ਬਾਣੀ ਦਾ ਬਦ ਆਇਆ, ਉਹਦੀ ਵਿਆਖਿਆ ਕਰਦੇ ਹਾਂ । ਚੱਲ –

**ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ**

ਧਨਾਸਰੀ ਰਾਗ ਦੇ ਵਿੱਚ, ਕਬੀਰ ਸਾਹਿਬ ਮਹਾਰਾਜ, ਕਥਨ ਕਰਦੇ ਨੇ ।

**ਸਤਿਗੁਰ ਪ੍ਰਸਾਦਿ ॥**

ਇਕ ਉਹ ਜੋ ਪਰਮੇਰ ਹੈ, ਜਾਤੀ ਬਜਾਤੀ ਤੇ ਰਹਿਤ, ਅਸੰਗ, ਉਹ ਗੁਰੂ ਦੀ ਕ੍ਰਿਪਾ ਸੇ ਪ੍ਰਾਪਤ ਹੁੰਦਾ ਹੈ । ਬ੍ਰਹਮ ਗਿਆਨੀ ਗੁਰੂ ਦੀ ਕ੍ਰਿਪਾ ਹੋਵੇ ਤਾਂ ਪ੍ਰਾਪਤ ਹੁੰਦਾ ਹੈ।

**ਸਨਕ ਸਨੰਦ ਮਹੇਸ ਸਮਾਨਾਂ ॥**

ਇਹ ਚਾਰ ਹੋਏ ਨੇ ਸੰਤ, **ਸਨਕ**, **ਸਨੰਦਨ**, **ਸਨਤ ਕੁਮਾਰ** ਤੇ **ਸਨਾਤਨ**। **ਮਹੇ** ਨਾਉਂ ਹੈ ਮਹਾਂਦੇਵ ਦਾ, ਤੇ **ਸਮਾਨਾਂ** ਉਹਨਾਂ ਦੇ ਸਮਾਨ ਮਹਾਂਪੁਰ ਬਖੇ ਹੋਏ ਸਾਰੇ ।

**ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥**

ਸੇਖ ਨਾਗ ਜਿਹੜਾ ਤੇਰਾ ਹਰ ਵਕਤ ਨਵਾਂ ਸਿਮਰਨ ਕਰਦੈ, ਇਹਨਾਂ ਸਾਰਿਆਂ ਨੇ ਤੇਰਾ ਅੰਤ ਨਹੀਂ ਜਾਨਿਆ । ਤੂੰ ਬੇਅੰਤ ਹੈਂ । ਬੇਅੰਤ ਦਾ ਅੰਤ ਕੋਈ ਜਾਣ ਵੀ ਨਹੀਂ ਸਕਦਾ । ਜੇ ਕੋਈ ਅੰਤ ਜਾਣ ਲਵੇ, ਫਿਰ ਉਹ ਬੇਅੰਤ ਹੀ ਨਹੀਂ ਰਹੇਗਾ । ਇਸ ਕਰਕੇ, ਬੇਅੰਤ ਦਾ ਅੰਤ ਕੋਈ ਜਾਣ ਹੀ ਨਹੀਂ ਸਕਦਾ । ਇਹ ਕਹਿਣ ਦਾ ਮਤਲਬ ਹੈਗਾ, ਤੇ ਐਨੇ ਬੜਿਆਂ ਦਾ ਦ੍ਰਿਟਾਂਤ ਦਿੱਤਾ, ਇਹਦਾ ਅਰਥ ਹੈ ਕਿ ਹੇ ਪਰਮੇਰ ! ਤੂੰ ਬੇਅੰਤ ਹੈਂ ।

***ਮਹਿਮਾ ਨਹੀ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥***
***ਅਵਤਾਰ ਨ ਜਾਨਹਿ ਅੰਤ ॥ ਪਰਮੇਸਰ ਪਾਰਬ੍ਰਹਮ ਬੇਅੰਤੁ ॥***

(ਪੰਨਾ ੮੯੪)

ਉਹ ਬੇਅੰਤ ਹੈ ਜੇ ਉਹਦਾ ਕੋਈ ਅੰਤ ਕਹਿ ਦੇਵੇ ਤਾਂ ਉਹ ਬੇਅੰਤ ਕੈਸੇ ਰਹੇ ? ਏਸ ਕਰਕੇ ਹੇ ਪਰਮੇਰ ! ਤੂੰ ਬੇਅੰਤ ਹੈਂ ।

**ਸੰਤਿਸੰਗਤਿ ਰਾਮੁ ਰਿਦੈ ਬਸਾਈ ॥ ਰਹਾਉ ॥**

ਕਹਿੰਦੇ ਜੇ ਤੂੰ ਰਾਮ ਨੂੰ ਆਪਣੇ ਹਿਰਦੇ ਵਿੱਚ ਵਸਾਉਣਾ ਚਾਹੁਨੈ,

ਤਾਂ ਸੰਤ ਦੀ ਸੰਗਤ ਕਰਿਆ ਕਰ ।**ਸੰਤ** ਨਾਉਂ ਹੈ ਬ੍ਰਹਮ ਗਿਆਨੀ ਦਾ ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***

ਬ੍ਰਹਮ ਗਿਆਨੀ ਸੰਤ ਦਾ ਸੰਗ ਕਰੀਂ, ਉਸ ਦੇ ਸੰਗ ਨਾਲ ਤੂੰ ਪਰਮੇਰ ਨੂੰ ਆਪਣੇ ਹਿਰਦੇ ਵਿੱਚ ਪ੍ਰਗਟ ਕਰ ਸਕਦੈਂ ।

**ਹਨੂਮਾਨਿ ਸਰਿ ਗਰੁੜ ਸਮਾਨਾਂ ॥**

ਹਨੂੰਮਾਨ ਇਕ ਬੜਾ ਮਹਾਂਪੁਰ ਭਗਤ ਲਾਇਕ ਹੋਇਆ ਹੈ, ਜਿਸਨੇ ਆਪਣੇ ਸਾਰੇ ਰੀਰ ਦੇ ਵਿੱਚ ਰੋਮ ਰੋਮ ਦੇ ਥੱਲੇ ਰਾਮ ਰਾਮ ਲਿਖਿਆ ਦਿਖਾਲ ਦਿੱਤਾ, ਇਹ ਲੰਬੀ ਕਥਾ ਹੈ ਤੇ ਗਰੁੜ ਇਕ ਮਹਾਂਪੁਰ ਮੰਨਿਆ ਹੋਇਆ ਜਿਸਨੂੰ **ਵਿਨੂੰ ਵਾਹਨ** ਮੰਨਦੇ ਨੇ । ਉਹਨਾਂ ਦੇ ਸਮਾਨ ਵੀ ਚਾਹੇ ਹੋ ਜਾਓ ।

**ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥**

**ਸੁਰਪਤਿ** ਦੇਵਤਿਆਂ ਦਾ ਪਤੀ ਇੰਦਰ, **ਨਰਪਤਿ** ਨਰਾਂ ਦੇ ਰਾਜੇ ਜੋ ਬੜੇ ਨੇ ਇੰਦਰ ਮਾਲਕ, ਉਹਨਾਂ ਨੇ ਵੀ ਤੇਰਾ ਕਿਸੇ ਨੇ ਭੇਦ ਨਹੀਂ ਜਾਣਿਆ ਅੱਜ ਤੱਕ।

**ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥**

ਚਾਰ ਵੇਦ, ਸਤਾਈ ਸਿੰਮ੍ਰਿਤੀਆਂ ਤੇ ਅਠਾਰਾਂ ਪੁਰਾਨ ।

**ਕਮਲਾਪਤਿ ਕਵਲਾ ਨਹੀਂ ਜਾਨਾਂ ॥**

ਕਮਲਾ ਦਾ ਪਤੀ ਸੀ ਵਿਨੂੰ ਭਗਵਾਨ ਤੇ ਲੱਛਮੀ ਉਹਦੇ ਘਰ ਵਾਲੀ ।ਉਸ ਲੱਛਮੀ ਨੇ ਵੀ ਉਹਦਾ ਭੇਦ ਨਹੀਂ ਜਾਣਿਆ, ਉਹਨੂੰ ਵੀ ਪਤਾ ਨਹੀਂ, ਜੇ ਪਤਾ ਹੁੰਦਾ ਤਾਂ ਉਹ ਇਕ ਕਥਾ ਵਿੱਚ ਲਿਖਿਆ ਹੋਇਐ, ਉਹ ਭਗਵਾਨ ਨੂੰ ਪੁੱਛਦੀ ਹੈ ਤੁਸੀਂ ਸਭ ਨੂੰ ਖਾਣਾ ਦੇ ਦਿੰਦੇ ਹੋ ਰੋਜ ? ਅਖੇ ਸਭ ਨੂੰ ਦਿੰਦੇ ਹਾਂ। ਉਹਨੇ ਕੀ ਕੀਤਾ ਇਕ ਡੱਬੀ ਲੈ ਕੇ ਉਹਦੇ ਵਿੱਚ ਕੀੜੇ ਨੂੰ ਬੰਦ ਕਰਕੇ ਤੇ ਅੱਠ ਪਹਿਰ ਝੱਟ ਲੰਘ

ਗਏ, ਸੋਲਾਂ ਪਹਿਰ ਲੰਘ ਜਾਣਗੇ ਤਾਂ ਪੁੱਛਾਂਗੀ ਭਗਵਾਨ ਨੂੰ । ਤੇ ਜੇ ਉਹਨੂੰ ਪੱਕਾ ਭੇਤ ਹੁੰਦਾ ਤਾਂ ਇਉਂ ਕਿਉਂ ਕਾ ਕਰਦੀ । ਉਸ ਨੇ ਆਪਣੇ ਮੱਥੇ ਤੇ ਤਿਲਕ ਲਾਕੇ, ਚੌਲ ਲਾਉਂਦੇ ਨੇ ਹਿੰਦੂ ਮੱਤ ਮੇਂ ।ਉਹ ਚੌਲ ਇਕ ਲੱਗਿਆ ਰਹਿ ਗਿਆ ਉਸ ਮੇਂ । ਉਹ ਪਰਮੇਰ ਨੂੰ ਤਾਂ ਪਤਾ ਸੀ ਇਹਦਾ ਕੀ ਸੰਕਲਪ ਹੈ। ਜਦ ਉਹ ਕੀੜੇ ਨੂੰ ਬੰਦ ਕਰਨ ਲੱਗੀ, ਉਹ ਚੌਲ ਵੀ ਡੱਬੀ ਵਿੱਚ ਗਿਰ ਗਿਆ, ਉਹਨੇ ਬੰਦ ਕਰ ਦਿੱਤਾ, ਉਹਨੂੰ ਕੋਈ ਪਤਾ ਨਹੀਂ ।ਸੋਲਾਂ ਪਹਿਰ ਤੋਂ ਬਾਦ ਉਹ ਪੁੱਛਦੀ ਹੈ ਕਿ ਮਹਾਰਾਜ ਸਭ ਨੂੰ ਦੇ ਦਿੱਤਾ ? ਉਹ ਕਹਿੰਦੇ ਹਾਂ ਜੀ। ਅਖੇ ਮੇਰੇ ਕੋ ਤਾਂ ਸੋਲਾਂ ਪਹਿਰ ਦਾ ਬੰਦ ਕੀਤਾ ਹੋਇਆ ਕੀੜਾ ਡੱਬੀ ਵਿੱਚ ਹੈ ।ਉਹ ਕਹਿੰਦੇ ਡੱਬੀ ਵਿੱਚ ਤਾਂ ਤੈਂ ਬੰਦ ਕੀਤਾ ਪਰ ਜਦ ਤੂੰ ਖਿਆਲ ਕੀਤਾ ਸੀ, ਤੇਰੇ ਖਿਆਲ ਨੂੰ ਦੇਖਦੇ ਤਾਂ ਸੀ ।ਜਦ ਤੂੰ ਸੰਕਲਪ ਕੀਤਾ, ਉਹ ਸੰਕਲਪ ਤਾਂ ਅਸੀਂ ਦੇਖਦੇ ਸੀ ।

***ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥***

(ਪੰਨਾ ੫੨੦)

ਉਹ ਸਾਡੇ ਖਿਆਲਾਂ ਨੂੰ ਤਾਂ ਪਰਮੇਰ ਜਾਣਦਾ ਹੈ ਜੇ ਇਹਦੇ ਖਿਆਲਾਂ ਨੂੰ ਨਾ ਜਾਣਦਾ ਹੁੰਦਾ ਤਾਂ ਤੁਹਾਡੇ ਪੁੰਨ ਦੇ ਖਿਆਲ ਲੰਘ ਜਾਂਦੇ ਤਾਂ ਨੁਕਸਾਨ ਹੋ ਜਾਂਦਾ। ਕਈ ਪਾਪ ਦੇ ਲੰਘ ਜਾਣ, ਬੇ ਇਨਸਾਫੀ ਹੋ ਜਾਏ, ਏਸ ਕਰਕੇ –

***ਰਾਖਾ ਏਕੁ ਹਮਾਰਾ ਸੁਆਮੀ ॥***
***ਸਗਲ ਘਟਾ ਕਾ ਅੰਤਰਜਾਮੀ ॥*** (ਪੰਨਾ ੧੧੩੬)

ਉਹ ਸਾਰਿਆਂ ਦੇ ਹਿਰਦਿਆਂ ਦਾ ਅੰਤਰਜਾਮੀ ਹੈ ।ਜਦ ਇਹ ਤੈਂ ਖਿਆਲ ਕੀਤਾ, ਤੇਰੀ ਉਂਗਲੀ ਨੂੰ ਅਸੀਂ ਲਾ ਦਿੱਤਾ ਸੀ ਇਕ ਚੌਲ । ਜਦ ਤੂੰ ਬੰਦ ਕਰਨ ਲੱਗੀ, ਉਹ ਪਹਿਲਾਂ ਡਿੱਗ ਪਿਆ, ਖੋਲ੍ਹ ਕੇ ਦੇਖ ਲੈ ।ਉਹ ਜਦ ਉਹਨੇ ਖੋਲ੍ਹਿਆ, ਉਹਨੇ ਅੱਧਾ ਖਾਧਾ ਸੀ, ਅੱਧਾ ਰਹਿੰਦਾ ਸੀ ।ਜੇ ਲੱਛਮੀ ਨੂੰ ਪੂਰਾ ਯਕੀਨ ਹੁੰਦਾ ਤਾਂ ਉਹ ਪਰੀਖਿਆ ਕਿਉਂ ਲੈਂਦੀ ।ਏਸ ਕਰਕੇ ਨਾ ਲੱਛਮੀ ਨੂੰ ਪਰਮੇਰ ਦਾ ਪਤਾ ਹੈ ਤੇ

ਨਾ ਹੀ ਕਿਸੇ ਹੋਰ ਨੂੰ । ਅਸਲੀ ਤੌਰ ਤੇ ਸਹੀ ਕਿਸੇ ਨੂੰ ਪਤਾ ਨਹੀਂ। ਜਿੰਨੀ ਕੁ ਉਹ ਬੁੱਧੀ ਦਿੰਦਾ ਹੈ ਉਤਨਾ ਕੁ ਪਤਾ ਹੁੰਦਾ ਹੈ। ਐਵੇਂ ਲੋਕ ਕਮ ਵਿੱਚ ਫਿਰਦੇ ਨੇ। ਬੁੱਧੀ ਤਾਂ ਪਰਮੇਰ ਨੇ ਬਖਣੀ ਹੈ।

***ਬ੍ਰਹਮ ਗਿਆਨੀ ਸੇ ਜਨ ਭਏ ॥***
***ਨਾਨਕ ਜਿਨ ਪ੍ਰਭੁ ਆਪਿ ਕਰੇਇ ॥*** (ਪੰਨਾ ੨੭੨)

ਪੰਚਮ ਪਾਤਾਹ ਕਹਿੰਦੇ ਬ੍ਰਹਮ ਗਿਆਨੀ ਤਾਂ ਉਹ ਹੁੰਦੈ ਜੀਹਨੂੰ ਪਰਮੇਰ ਆਪ ਕਰੇ । ਜਿਹੜਾ ਐਵੇਂ ਹੀ ਬ੍ਰਹਮ ਗਿਆਨੀ ਬਣ ਕੇ ਲੋਕਾਂ ਨੂੰ ਦੱਸਦਾ ਫਿਰੇ, ਉਹ ਤਾਂ ਪਾਗਲ ਹੁੰਦੈ, ਐਵੇਂ ਧੋਖਾ ਦਿੰਦੈ । ਉਹਨੇ ਤਾਂ ਗਲਤ ਕੀਤਾ ਕੰਮ। ਏਸ ਕਰਕੇ ਉਹਦਾ ਅੰਤ ਨਹੀਂ ਜਾਣਿਆਂ ਕਿਸੇ ਨੇ ਉਹਦੇ ਮਰਮ ਨੂੰ ਨਹੀਂ ਜਾਣਿਆਂ । ਅਸਲੀਅਤ ਨੂੰ ਨਹੀਂ ਜਾਣਿਆਂ ਪਰਮੇਰ ਦੀ ਪੂਰੇ ਤੌਰ ਤੇ । ਉਹ ਕ੍ਰਿਪਾ ਜੈਸੀ ਕਰੇ ਗਾ, ਉਤਨਾਂ ਕੁ ਜੀਵ ਨੂੰ ਪਦਾਰਥ ਮਿਲੇਗਾ ।

**ਕਹਿ ਕਬੀਰ ਸੋ ਭਰਮੈ ਨਾਹੀਂ ॥**

ਕਬੀਰ ਕਹਿੰਦਾ ਭਾਈ ਭਰਮ ਵਿੱਚ ਨਾ ਪਇਓ । ਇਕ ਕੰਮ ਜਿਹੜਾ ਮੈਂ ਦੱਸਦਾਂ ਉਹ ਕਰਿਓ। ਪੜ੍ਹ ਅੱਗੇ –

**ਪਗ ਲਗਿ ਰਾਮ ਰਹੈ ਸਰਨਾਂਹੀ ॥**

❑

ੴ ਸਤਿਗੁਰ ਪ੍ਰਸਾਦਿ॥

# ੨੭

**ਸੋਰਠਿ ਮਹਲਾ ੫ ਘਰੁ ੨॥**

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥**
**ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥**
**ਮਾਧੌ ਤੂ ਠਾਕੁਰੁ ਸਿਰਿ ਮੋਰਾ ॥**
**ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥**
**ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥**
**ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥**
**ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥**
**ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥ ੩॥**
**ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥**
**ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥**

(ਪੰਨਾ ੬੧੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ ।

ਇਕ ਬਾਤ ਸੁਣ ਲੈ ਬਿਆਸ ਕਹਿੰਦਾ ਸੁਕਦੇਵ ਨੂੰ ਕਿ ਤੂੰ ਜਨਕ ਦੇ ਪਾਸ ਜਾ। ਉਹਨੂੰ ਪਤਾ ਸੀ ਕਿ ਮੇਰੇ ਤੇ ਤਾਂ ਹੁਣ ਰਧਾ ਹੈ ਨਹੀਂ। ਜਨਕ ਦੇ ਜਾਏਗਾ, ਜੇ ਰਧਾ ਹੋਏਗੀ ਤਾਂ ਜਾਏਗਾ, ਉਥੋਂ ਇਹਦਾ ਉਧਾਰ ਹੋ ਜਾਏਗਾ । ਉਸ ਨੇ ਸਤਿ ਬਚਨ ਕਹਿ ਦਿੱਤਾ । ਕਥਾ ਤਾਂ ਹੋਰ ਵੀ ਹੈ ਇਸ ਗੱਲ ਦੀ ਪਰ ਜਦ ਉਹਨੇ ਸਤਿ ਬਚਨ ਕਹਿ ਦਿੱਤਾ ਤੇ ਜਨਕ ਦੇ ਦਰਵਾਜੇ ਤੇ ਗਿਆ, ਤੇ ਜਨਕ ਦੇ ਵਿੱਚ ਯੋਗ ਔਰ

ਗਿਆਨ ਦੋ ਚੀਜਾਂ ਸਨ । ਯੋਗ ਸਰਬੱਗਤਾ ਨੂੰ ਪੈਦਾ ਕਰਦਾ ਹੈ ਤੇ ਗਿਆਨ ਜਨਮ ਮਰਨ ਨੂੰ ਕੱਟਦੈ, ਤੇ ਉਸ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਕਿ ਸੁਕਦੇਵ ਨੇ ਆਉਣੈ, ਉਸ ਦੇ ਅੰਤਹਕਰਣ ਵਿੱਚ ਤਿਆਗ ਦਾ ਹੰਕਾਰ ਹੈ, ਮੈਨੂੰ ਉਹ ਰਾਜਾ ਸਮਝਦੈ, ਪ੍ਰਵਿਰਤੀ ਵਿੱਚ ਫਸਿਆ ਹੋਇਆ ਸਮਝਦੈ । ਇਸ ਕਰਕੇ ਮੈਂ ਉਸਦਾ ਪਹਿਲੇ ਹੰਕਾਰ ਤੋੜੂੰਗਾ ਤਾਂ ਜਾਕੇ ਉਹਨੂੰ ਗਿਆਨ ਹੋਏਗਾ । ਬਿਆਸ ਜੀ ਦਾ ਤਾਤਪਰਜ ਇਸ ਬਾਤ ਮੇਂ ਇਹ ਹੈ । ਉਸ ਨੇ ਦਰਵਾਜਾ ਬੰਦ ਕਰਾ ਦਿੱਤਾ ਕਿ ਇੱਕ ਇਸ ਦਰਵਾਜੇ ਅੱਗੇ ਆਕੇ ਖੜੇਗਾ ਨੰਗਾ, ਉਸ ਦੇ ਇੱਕ ਕਪੀਨ ਹੀ ਹੋਵੇਗੀ ਤੇ ਜਿਹੜੇ ਵੀ ਇੱਥੇ ਪੱਤਲਾਂ ਤੇ ਰੋਟੀ ਖਾਣ, ਉਹਦੇ ਸਿਰ ਤੇ ਮਾਰਨ।

***ਜੂਠਨ ਜੂਠ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥*** (ਪੰਨਾ ੧)

ਪਰ ਉਹਨੇ ਖਿਨ ਮਾਤਰ ਵੀ ਆਪਣਾ ਮਨ ਨਾ ਡੁਲਾਇਆ, ਉਹ ਆਪਣੀ ਬਾਤ ਤੇ ਬਿਲਕੁਲ ਖੜਾ ਰਿਹਾ ਸੀ ਠੀਕ । ਉਹਨੇ ਪੁੱਛਿਆ ਕੀ ਅਵਸਥਾ ਹੈ ? ਕਹਿੰਦੇ ਉਹਦੀ ਅਵਸਥਾ ਵਿੱਚ ਕੋਈ ਫਰਕ ਨਹੀਂ ਪਿਆ। ਜਨਕ ਕਹਿੰਦਾ ਉਹਨੂੰ ਇਨਾਨ ਕਰਾਕੇ ਬਹੁਤ ਅੱਛੀ ਤਰਾਂ, ਮੇਰੇ ਪਾਸ ਲਿਆਉ । ਉਹ ਲਿਆਂਦਾ । ਆਉਂਦਾ ਹੋਇਆ, ਉਹਦੇ ਪਾਸ ਇੱਕ ਤੂੰਬੀ ਸੀ । ਉਹਦੇ ਵਿੱਚ ਕਪੀਨਾਂ ਸੀ, ਉਹ ਡਿਉਢੀ ਦੇ ਔ ਵਿੱਚ ਰੱਖ ਆਇਆ ਬਈ ਮੁੜਕੇ ਚੁੱਕ ਲਵਾਂਗਾ । ਪਰ ਜਨਕ ਨੇ ਆਪਣੇ ਯੋਗ ਬਲ ਨਾਲ ਅੱਗ ਲਾ ਦਿੱਤੀ ਤੇ ਉਸਨੂੰ ਫਿਕਰ ਪਿਆ। ਜਦ ਉਸਨੇ ਬਹੁਤ ਕਿਹਾ ਬਈ ਅੱਗ ਲਗ ਗਈ। ਉਹਨੇ ਆਖਿਆ ਆਤਮਾ ਨਹੀਂ ਜਲਣ ਵਾਲਾ ਜਨਕ ਦਾ, ਉਹ ਅਟਲ, ਅਜਰ, ਅਮਰ ਹੈ । ਜਦ ਉਸਦੇ ਦਿਲ ਵਿੱਚ ਸੰਕਲਪ ਆਇਆ ਕਿ ਮੇਰੀ ਤੂੰਬੀ ਨਾ ਜਲ ਜਾਏ। ਜਨਕ ਨੇ ਕਿਹਾ ਤੇਰੀ ਤਾਂ ਦੁਨੀਆਂ ਵਿੱਚ ਕੋਈ ਸੱਤਾ ਹੈ ਨਹੀਂ। ਉਸ ਨੂੰ ਪਤਾ ਲੱਗ ਗਿਆ, ਉਹ ਚਰਨੀਂ ਡਿੱਗ ਪਿਆ ਤਾਂ ਉਸ ਨੇ ਸੁਕਦੇਵ ਨੂੰ ਗਿਆਨ ਦਾ ਉਪਦੇ ਦਿੱਤਾ । **ਆਤਮਾ** ਨਾਉਂ ਆਪਣੇ ਆਪ ਦੈ, **ਆਤਮਾ** ਨਾਉਂ ਚੇਤਨ ਦੈ,

ਆਤਮਾ **ਦਾਨਾ-ਬੀਨਾ ਸਾਂਈ ਮੈਂਡਾ** ਹੈ । ਆਤਮਾ ਉਹ ਚੀ ਹੈ, ਜਿਹੜੀ ਆਪਣਾ ਆਪ ਹੈ। ਇਹ ਗ੍ਰੰਥਾਂ ਦੇ ਵਿੱਚ ਨਿਰਣਾ ਕੀਤਾ ਹੋਇਐ ਕਿ ਆਤਮਾ ਕਦੇ ਕਿਸੇ ਨੂੰ ਪਰੋਕ ਨਹੀਂ ਹੋਇਆ ਅੱਜ ਤੱਕ । ਆਤਮਾ ਉਹਲੇ ਨਹੀਂ ਹੋਇਆ ਕਦੇ ਕਿਸੇ ਦਾ ਵੀ, ਜੇ ਆਤਮਾ ਉਹਲੇ ਹੋ ਜਾਏ ਤਾਂ ਤੁਸੀਂ ਖਿਆਲਾਂ ਨੂੰ ਕਾਹਦੇ ਨਾਲ ਦੇਖੋਂ ? ਜੇ ਆਤਮਾ ਉਹਲੇ ਹੋ ਜਾਏ, ਪਰੋਕ ਹੋ ਜਾਏ ਤਾਂ ਫਿਰ ਖਿਆਲ ਜਿਹੜੇ ਨੇ ਉੱਠਦੇ ਥੋਡੇ ਉਹ ਖਿਆਲ, ਸੰਕਲਪ, ਵਿਕਲਪ ਉਹਨਾਂ ਨੂੰ ਕਾਹਦੇ ਨਾਲ ਦੇਖੋਂ ? ਇਹ ਹਰ ਵਕਤ ਰਹਿਣ ਵਾਲੇ ਨਹੀਂ । ਇਹ ਜੜ੍ਹ ਨੇ । ਇਹ ਕਦੇ ਪਰਤੱਖ ਵੀ ਨਹੀਂ ਹੋਇਆ। ਕਦੇ ਥੋਡੇ ਸਾਹਮਣੇ ਵੀ ਨਹੀਂ ਆਇਆ ਆਤਮਾ। ਸਾਹਮਣੇ ਥੋਡੇ ਤਿੰਨਾਂ ਗੁਣਾਂ ਦੀ ਤੇ ਪੰਜਾਂ ਤੱਤਾਂ ਦੀ ਵਸਤੂ ਆਏਗੀ ਚਾਹੇ ਮਾਇਆ ਦੀ ਹੋਵੇ, ਚਾਹੇ ਅਵਿੱਦਿਆ ਦੀ ਹੋਵੇ, ਚਾਹੇ ਰਜੋ, ਤਮੋ, ਸਤੋ ਦੀ ਹੋਵੇ, ਚਾਹੇ ਪੰਜ ਤੱਤ ਹੋਣ, ਇਹੀ ਸਾਹਮਣੇ ਥੋਡੇ ਆਉਂਦੀ ਹੈ। ਆਤਮਾ ਤਾਂ ਅਪਰੋਕ ਹੈ ।

***ਯਤ ਸਾਖਾਤ ਅਪਰੋਕ ਪਾਰਬ੍ਰਹਮ ।***

ਉਪਨਿਦ ਦੇ ਵਿੱਚ ਰਤੀ ਹੈ, ਜੋ ਸਾਖਾਤਕਾਰ ਅਪਰੋਕ ਪਾਰਬ੍ਰਹਮ ਹੈ, ਉਹ ਤ੍ਰਿਪੁਟੀ ਦਾ ਗਿਆਤਾ ਹੈ । ਤ੍ਰਿਪੁਟੀ ਦੇ ਵਿ ਨਹੀਂ ਹੁੰਦਾ । ਤ੍ਰਿਪਟੀ, ਇਹ ਦੇਖੋ ਇਹ ਤ੍ਰਿਪੁਟੀ ਹੈ ਕਿ ਵਸਤੂ ਹੈ। ਵਿਾ ਬਿਰਤੀ ਇਥੋਂ ਉੱਠੀ ਇਹਦੇ ਆਕਾਰ ਹੋਈ। ਜਿਥੋਂ ਉੱਠੀ ਉਹ ਅੰਤਹਕਰਣ ਹੈ ਤੇ ਤਿੰਨੋਂ ਚੀਜਾਂ ਸਤੋ ਗੁਣ ਦਾ ਕਾਰਜ ਅੰਤਹਕਰਣ, ਬਿਰਤੀ ਰਜੋਗੁਣ ਦੀ ਤੇ ਤਮੋ ਗੁਣ ਦਾ ਅਭਾਸ। ਇਹ ਤ੍ਰਿਪੁਟੀ ਹੈ, ਇਹ ਤਿੰਨੇ ਚੀਜਾਂ ਨੇ, ਤਿੰਨੇ ਚੀਂ ਨੂੰ ਦੇਖਣੇ ਵਾਲਾ ਉਹ ਆਪ ਪਰਮੇਰ ਹੈ । ਕੋਈ ਐਸੀ ਤ੍ਰਿਪੁਟੀ ਨਹੀਂ ਜਿਹੜੀ ਪਰਮੇਰ ਨੂੰ ਨਾ ਦਿਸੇ। ਦਾਨਾ ਬੀਨਾ ਚੇਤਨ ਨੂੰ, ਨਾ ਦਿਸੇ । ਉਹ ਆਪ ਅਪਰੋਕ ਹੈ । ਤੁਸੀਂ ਆਪਣੇ ਅੰਦਰ ਵੀ ਦੇਖਦੇ ਹੋਂ, ਕੋਈ ਖਿਆਲ ਥੋਡੇ ਅੰਦਰ ਛੁਪਿਆ ਹੋਇਆ ਨਹੀਂ । ਚਾਹੇ ਤੁਸੀਂ ਆਪਣੇ ਖਿਆਲਾਂ ਨੂੰ ਮੈਥੋਂ ਛੁਪਾ ਲਉਂਗੇ, ਮੈਂ ਆਪਣੇ ਖਿਆਲਾਂ ਨੂੰ ਤੁਹਾਥੋਂ ਛੁਪਾ ਲਵਾਂਗਾ ਪਰ ਪਰਮੇਰ ਤੋਂ ਤਾਂ ਨਹੀਂ ਕੋਈ ਛੁਪਾ ਸਕਦਾ। ਜੇ ਪਰਮੇਰ ਤੋਂ ਛੁਪਾ ਸਕਦਾ,

ਉਹਦਾ ਖਿਆਲ ਲਿਖਿਆ ਹੀ ਨਾ ਜਾਵੇ । ਇਸ ਕਰਕੇ ਸਾਨੂੰ ਘਾਟਾ ਪੈਂਦਾ। ਇਹਦਾ ਆਪਾ ਹੀ ਅਸਲੀ ਚੇਤਨ ਹੈ । ਉਹਨੂੰ ਅਸੀਂ ਉਹਲੇ ਸਮਝਦੇ ਹਾਂ, ਛੁਪਿਆ ਹੋਇਆ ਸਮਝਦੇ ਹਾਂ, ਕਿਤੇ ਹੋਰ ਸਮਝਦੇ ਹਾਂ । ਤੇ ਜਿਹੜਾ ਦੇਖਣੇ ਵਾਲਾ ਪੁਰ ਹੈ, ਉਹੀ ਸਾਡੇ ਅੰਤਹਕਰਣ ਦਾ ਾਕੀ ਹੈ । ਬਿਨਾਂ ਪੂਰਣ ਯੋਗ ਦੇ ਗਿਆਨ ਨਹੀਂ। ਪੁਰ ਨੇ ਥੋੜੇ ਅੰਤਹਕਰਣ ਦੇ ਜਿਹੜੇ ਖਿਆਲ ਨੇ ਉਹਨਾਂ ਨੂੰ ਬਦਲ ਨਹੀਂ ਦੇਣਾ, ਥੋੜੇ ਕਰਮ ਵੀ ਉਹਨੇ ਬਦਲ ਨਹੀਂ ਦੇਣੇ । ਥੋੜੇ ਕਰਮ ਨੂੰ ਇੱਕੋ ਹੀ ਚੀ ਬਦਲਣ ਵਾਲੀ ਹੈ, ਉਹ ਇਕੋ ਵਸਤੂ ਹੈ, ਉਹ ਕਿਹੜੀ ਹੈ ? ਹੁਣ ਪੜ੍ਹੋ –

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥**

ਆਪਣਾ ਸਿਮਰਣ ਪਰਮੇਰ ਨੇ ਕ੍ਰਿਪਾ ਕਰਕੇ ਮਾਤ ਗਰਭ ਵਿੱਚ ਦਿੱਤਾ ਤੇ ਫਿਰ ਉਸਦਾ ਰਾਖਾ ਹੋ ਗਿਆ । ਰਾਖਾ ਹੁੰਦਾ ਹੀ ਸਿਮਰਨ ਵਾਲੇ ਦਾ ਹੈ । ਜਿਸ ਦੇ ਪਾਸ ਸਿਮਰਨ ਨਹੀਂ, ਉਹਦਾ ਰਾਖਾ ਈਰ ਨਹੀਂ ਹੁੰਦਾ । ਉਹ ਤਾਂ ਆਪਣੇ ਖਿਆਲਾਂ ਨਾਲ ਚਲਦਾ ਹੈ । ਉਹਦੇ ਖਿਆਲ ਜਿੰਨੇ ਆਉਂਦੇ ਨੇ ਉਹ ਤਾਂ ਹੰਕਾਰ ਸਹਿਤ ਨੇ । ਰਮਨ ਜੀ ਨੇ ਬੜਾ ਸੁਹਣਾ ਲਿਖਿਐ, ਬਈ ਪਹਿਲਾ ਸੰਕਲਪ ਇਹਦਾ ਖਿਆਲ ਜਿਹੜਾ ਹੈ ਉਹਨੂੰ ਹੰਕਾਰ ਕਹਿੰਦੇ ਨੇ । ਮੈਂ ਹੂੰ ਹੁਣ ਮੈਂ ਨੂੰ ਕਿਸੇ ਨਾਲ ਤਾਂ ਲਾਵੇਂਗਾ ਹੀ । ਉਹਨੂੰ ਪੁੱਛੋ ਤੂੰ ਕੌਣ ਹੈਂ ? ਮੈਂ ਜੱਟ ਹਾਂ, ਮੈਂ ਬ੍ਰਾਹਮਣ ਹਾਂ, ਮੈਂ ਵਿੱਦਵਾਨ ਹਾਂ, ਮੈਂ ਲਾਇਕ ਹਾਂ । ਇਹਨੂੰ ਪ੍ਰਛਿੰਨ ਹੰਕਾਰ ਕਹਿੰਦੇ ਨੇ । ਇਹ ਜੀਹਦੇ ਅੰਦਰ ਹੈ, ਉਹ ਜੀਵ ਹੈ । ਉਹਦੇ ਜਨਮ ਮਰਨ ਦਾ ਕਾਰਣ ਪ੍ਰਛਿੰਨ ਹੰਕਾਰ ਹੀ ਹੈ, ਇਹਨੂੰ ਜੀਵ ਕਹਿੰਦੇ ਨੇ । ਏਸ ਕਰਕੇ ਜਿੱਥੇ ਇਹ ਸੰਕਲਪ ਉਠਿਆ, ਉਹ ਆਤਮਾ ਪਰੀਪੂਰਣ ਹੈ, ਉਹ ਦਾਨਾ ਹੈ, ਬੀਨਾ ਹੈ, ਸਾਈਂ ਹੈ, ਦ੍ਰਟਾ ਹੈ । ਦ੍ਰਟਾ ਕਦੇ ਪਰੋਕ ਨਹੀਂ ਹੁੰਦਾ, ਇਹ ਨਿਯਮ ਹੈ । ਦ੍ਰਟਾ ਹੀ ਥੋਨੂੰ ਅਕਲ ਚ ਆਏਗਾ। ਨਾਮ ਵੀ ਦ੍ਰਟਾ ਵਿੱਚ ਹੈ । ਨਾਮ ਹੀ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***

***ਦੇਹੀ ਮਹਿ ਇਸ ਕਾ ਬਿਸਰਾਮੁ ॥*** (ਪੰਨਾ ੨੯੩)

ਨਉ ਨਿਧੀ ਨੂੰ ਦੇਣੇ ਵਾਲਾ, ਅਮਰ ਕਰਨੇ ਵਾਲਾ, ਇੱਕ ਪਰਮੇਰ ਦਾ ਨਾਮ ਹੀ ਹੈ । ਪਰ ਹੈ ਕਿੱਥੇ ?

***ਦੇਹੀ ਮਹਿ ਇਸ ਕਾ ਬਿਸਰਾਮੁ ॥***

ਦੇਹ ਦੇ ਵਿੱਚ ਬੁੱਧੀ ਦਾ, ਬਿਰਤੀ ਤਾ ਸਾਖੀ ਹੋ ਕੇ, ਦ੍ਰਟਾ ਹੋਕੇ।

***ਮੂਈ ਸੁਰਤਿ ਬਾਦੁ ਅਹੰਕਾਰੁ ॥***
***ਓਹੁ ਨ ਮੂਆ ਜੋ ਦੇਖਣਹਾਰੁ ॥*** (ਪੰਨਾ ੧੫੨)

ਉਹ ਦ੍ਰਟਾ ਜਨਮ ਮਰਨ ਦੇ ਵਿੱਚ ਨਹੀਂ ਆਉਂਦਾ, ਉਸੇ ਨੂੰ ਹੀ ਨਾਮ ਕਹਿੰਦੇ ਨੇ।

***ਨਾਮ ਕੇ ਧਾਰੇ ਖੰਡ ਬ੍ਰਹਮੰਡ ॥*** (ਪੰਨਾ ੨੮੪)

ਨਾਮ ਵੀ ਉਸੇ ਨੂੰ ਕਹਿੰਦੇ ਨੇ । ਪਰ ਇਸ ਨੂੰ ਉਹਦਾ ਦ੍ਰਿੜ ਨਿਚਾ ਨਹੀਂ ਹੋਇਆ ਕਿ ਮੇਰਾ ਆਪਣਾ ਆਪ ਹੀ ਹੈ । ਜਿਸ ਦਿਨ ਇਹਦਾ ਪੱਕਾ ਦ੍ਰਿੜ ਨਿਚਾ ਹੋ ਗਿਆ, ਇਹਦੇ ਸਾਰੇ ਖਿਆਲ, ਸਾਰੇ ਮੋਹ, ਕਾਮ, ਕ੍ਰੋਧ ਆਦਿ ਬਿਲਕੁਲ ਸਾਰੀਆਂ ਬਿਰਤੀਆਂ ਪਿੱਛੇ ਹਟ ਜਾਣਗੀਆਂ। ਏਸ ਕਰਕੇ ਉਹ ਹੈ ਨਾਮ ਤੇ ਉਸ ਨਾਮ ਦਾ ਸਿਮਰਨ ਦਿੱਤਾ ਕਿਸ ਨੇ ? ਪਰਮੇਰ ਨੇ ਕ੍ਰਿਪਾ ਕਰਕੇ। ਉਹ ਮੈਨੂੰ ਮਾਤਾ ਦੇ ਗਰਭ ਦੇ ਵਿੱਚ ਪ੍ਰਾਪਤ ਹੋ ਗਿਆ ।

**ਪਾਵਕ ਸਾਗਰ ਅਥਾਹ ਲਹਰਿ ਮਹਿ**

ਇਹ ਅਥਾਹ ਲਹਿਰਾਂ ਦਾ ਜਿਹੜਾ ਸਮੁੰਦਰ ਹੈ ਸੰਸਾਰ ਰੂਪੀ ਬੜਾ ਭਾਰੀ । ਲਹਿਰਾਂ ਕੀ ਹੁੰਦੀਆਂ ਨੇ? ਜੈਸੇ ਤੁਸੀਂ ਬਾਹਰ ਦੇਖਦੇ ਹੋ, ਜਦ ਜਲ ਕਿਸੇ ਛੱਪੜ ਦਾ, ਟੋਭੇ ਦਾ ਟਿਕਿਆ ਹੋਇਆ ਹੋਵੇ, ਵਾਯੂ ਆਵੇ, ਲਹਿਰਾਂ ਚੱਲ ਜਾਂਦੀਆਂ ਨੇ ਤੇ ਫਿਰ ਜਦ ਵਾਯੂ ਬੰਦ ਹੋ ਜਾਏ ਉਹ ਟਿਕ ਜਾਂਦਾ ਹੈ । ਸਾਡੇ ਅੰਦਰ ਜਿਤਨੀਆਂ ਵੀ ਵਾਨਾ ਨੇ, ਕਾਮਨਾ ਨੇ ਇਹ ਲਹਿਰਾਂ ਚਲਦੀਆਂ ਨੇ, ਜਦ ਇਹ ਆਉਂਦੀ ਹੈ ਵਾਯੂ ਤਾਂ ਸਾਡੇ ਜਿਹੜੇ ਖਿਆਲ ਨੇ ਉਹ ਉਸ ਤਰ੍ਹਾਂ ਹੀ ਹੋ ਜਾਂਦੇ

ਨੇ ।ਉਹ ਜਿਹੜਾ ਅੰਦਰ ਚੇਤਨ ਆਤਮਾ ਸੀ ਪਰੀਪੂਰਣ ਉਹਦੇ ਵਿੱਚ ਇਕਾਗਰਤਾ ਨਾ ਹੋਈ। ਇਕਾਗਰਤਾ ਹੁੰਦੀ ਹੈ ਸਾਰੇ ਖਿਆਲਾਂ ਦਾ ਬੰਦ ਹੋ ਜਾਣਾ ।ਉਹ ਇਕਾਗਰਤਾ ਇੱਕੋ ਨਾਲ ਹੋਵੇ ।ਮਨ ਦੇ ਅੱਗੇ , ਬਿਰਤੀ ਦੇ ਅੱਗੇ ਇੱਕੋ ਹੀ ਹੋਵੇ, ਹੋਰ ਨਾ ਕੋਈ ਹੋਵੇ ।

***ਏਕੋ ਜਪਿ ਏਕੋ ਸਾਲਾਹਿ ॥***
***ਏਕੁ ਸਿਮਰਿ ਏਕੋ ਮਨ ਆਹਿ ॥***
***ਏਕਸ ਕੇ ਗੁਨ ਗਾਉ ਅਨੰਤ ॥***
***ਮਨਿ ਤਨਿ ਜਾਪਿ ਏਕ ਭਗਵੰਤ ॥***
***ਏਕੋ ਏਕੁ ਏਕੁ ਹਰਿ ਆਪਿ ॥***
***ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥***
***ਅਨਿਕ ਬਿਸਥਾਰ ਏਕ ਤੇ ਭਏ ॥***
***ਏਕੁ ਅਰਾਧਿ ਪਰਾਛਤ ਗਏ ॥***
***ਮਨ ਤਨ ਅੰਤਰਿ ਏਕੁ ਪ੍ਰਭ ਰਾਤਾ ॥***
***ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥*** (ਪੰਨਾ ੨੮੯)

ਬੱਸ! ਜਿਤਨਾ ਇਹ ਬਦਲੇ, ਪਰ ਇੱਕ ਨਹੀਂ ਬਦਲੇਗਾ। ਉਸੇ ਦਾ ਜਾਪ, ਉਸੇ ਦਾ ਸਿਮਰਨ, ਉਹੀ ਤਿੰਨੇ ਕਾਲਾਂ ਦੇ ਵਿੱਚ ਵਿਆਪਕ। ਪਰ ਇਹਦੀ ਬਿਰਤੀ ਇੱਕ ਦੇ ਆਕਾਰ ਹੋ ਜਾਏ । ਉਹਨੂੰ **ਏਕਾ** ਕਹਿੰਦੇ ਨੇ । ਉਹ ਇੱਕ ਕੌਣ ਹੈ ?

***ਏਕਮ ਏਕੰਕਾਰ ਨਿਰਾਲਾ॥ ਅਮੁਰ ਅਜੋਨੀ ਜਾਤਿ ਨਾ ਜਾਲਾ ॥ ਅਗਮ ਅਗੋਚਰ ਰੂਪਿ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਇੱਕ ਹੈ ।

***ਈਵਰঃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ।***
***ਭ੍ਰਾਮਯਨ ਸਰਵ ਭੂਤਾਨਿ ਯੰਤ੍ਰਾਰੂਢਾਨਿ ਮਾਯਯਾ।***
(ਗੀਤਾ ੧੮/੬੧)

ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਇੱਕ ਹੈ ।

***ਖੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖੇਤ੍ਰੈ ਭਾਰਤ।***
***ਖੇਤ੍ਰ ਖੇਤ੍ਰਗਯ ਯੋਰਗਯਾਨੰ ਯਤੱਜ ਗਯਾਨੰ ਮੰਤ ਮਮ।***

*(ਗੀਤਾ ੧੩/੨)*

ਉਹ ਕੇਤ੍ਰਗਯ ਇੱਕ ਹੈ ।

***ਖੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖੇਤ੍ਰੈ ਭਾਰਤ।***

ਉਹ ਸਾਰੇ ਰੀਰਾਂ ਦੇ ਵਿੱਚ ਹੈ । ਦੁਨੀਆਂ ਦੇ ਵਿੱਚ ਜਿਤਨੇ ਮਹਾਂਪੁਰ ਆਏ ਕੋਈ ਪ੍ਰੇਮਾ ਭਗਤੀ ਨੂੰ ਲੈਕੇ ਆਇਆ, ਕੋਈ ਗਿਆਨ ਨੂੰ ਲੈਕੇ ਆਇਆ, ਕੋਈ ਯੋਗ ਨੂੰ ਲੈਕੇ ਆਇਆ, ਕੋਈ ਸਿਮਰਨ ਨੂੰ ਲੈਕੇ ਆਇਆ ਤੇ ਭਗਵਾਨ ਕ੍ਰਿਨ ਨੇ ਗੀਤਾ ਵਿੱਚ ਇਕ ਜਗ੍ਹਾ ਕਿਹਾ ਕਿ ਤੂੰ ਹੋਰ ਦੇ ਅੱਗੇ ਅਰਦਾਸ ਨਾ ਕਰੀਂ ਤੇ ਮੇਰੇ ਅੱਗੇ ਅਰਦਾਸ ਕਰ ।

***ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ।***
***ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ ਚਃ।।***

(ਗੀਤਾ ੧੮/੬੬)

ਮੈਂ ਤੇਰੀ ਮੋਕ ਕਰੂੰ ਤੇ ਮੈਂ ਤੇਰੇ ਪਾਪ ਕਟੂੰ । ਉਹ ਇਸ ਲਕ ਨੂੰ ਲੈਕੇ ਹੀ ਕਹਿੰਦੈ ਉਹ ਰੀਰ ਨੂੰ ਲੈਕੇ ਨਹੀਂ ਕਹਿੰਦਾ । ਉਹ ਆਤਮਾ ਨੂੰ ਲੈਕੇ ਹੀ ਕਹਿੰਦਾ ਹੈ ।ਏਸ ਕਰਕੇ ਜਿਹੜਾ ਬੁੱਧੀ ਚ ਇਸਥਿਤ ਹੋਕੇ ਬੁੱਧੀ ਨੂੰ ਜਾਣਕੇ, ਚਾਨਣ ਕਰਨੇ ਵਾਲਾ ਬੁੱਧੀ ਰੂਪੀ ਗੁਫਾ ਵਿੱਚ ਬੈਠਾ ਹੈ ।

ਬੁੱਧੀ ਰੂਪੀ ਗੁਫਾ ਦੇ ਵਿੱਚ ਬੈਠਾ ਉਹ ਆਤਮਾ, ਉਹ ਦ੍ਰਟਾ, ਗਿਆਤਾ, ਸਾਖੀ, ਇਹ ਸਾਰੇ ਉਹਦੇ ਨਾਮ ਨੇ, ਉਹੀ ਵਿਆਪਕ ਪਰੀਪੂਰਣ ਪਰਮੇਰ ਹੈ, ਉਹਦਾ ਸਿਮਰਨ, ਹੇ ਪਰਮੇਰ! ਤੈਂ ਮੈਨੂੰ ਦਿੱਤਾ, ਤੇ ਗਰਭ ਦੇ ਵਿੱਚੋਂ ਤੈਂ ਮੈਨੂੰ ਸਿਮਰਨ ਦੇ ਨਾਲ ਕੱਢਿਆ। ਇਹ ਤੁਸੀਂ ਹੁਣ ਆਪਣੇ ਅੰਦਰ ਵਿਚਾਰ ਕਰੋ, ਜਦ ਤੁਹਾਡਾ

ਮਨ ਇੱਕ ਥਾਂ ਟਿਕਿਆ ਹੋਇਆ ਹੋਵੇ ਚਾਹੇ ਕਿਸੇ ਵੀ ਵਸਤੂ ਵਿੱਚ ਟਿਕਿਆ ਹੋਵੇ ਤਾਂ ਦੂਜੇ ਖਿਆਲ ਉਦੋਂ ਤੁਹਾਡੇ ਕੋਲ ਨਹੀਂ ਆਉਣਗੇ। ਜਦ ਕੋਈ ਸੁਣਾਊ ਤਾਂ ਸੁਣੋਗੇ ਕੀ ? ਜਦ ਇੱਕ ਦਾ ਸਿਮਰਨ ਇਸ ਨੂੰ ਈਰ ਦੀ ਕ੍ਰਿਪਾ ਤੇ, ਪਰਮੇਰ ਦੀ ਕ੍ਰਿਪਾ ਤੇ ਗੁਰੂ ਦੀ ਕ੍ਰਿਪਾ ਤੇ ਪ੍ਰਾਪਤ ਹੋਇਆ । ਫਿਰ ਇਹਦਾ ਮਨ ਉਹ ਜਿਹੜੀਆਂ ਲਹਿਰਾਂ ਨੇ ਸਮੁੰਦਰ ਦੀਆਂ ਨਾਨਾ ਪ੍ਰਕਾਰ ਦੇ ਖਿਆਲ, ਉਹਨਾਂ ਸਾਰਿਆਂ ਨੂੰ ਕੱਟਕੇ ਇਹਦੇ ਵਿੱਚ ਇਸਥਿਤ ਹੋ ਜਾਂਦਾ ਹੈ, ਪਰ ਜਦ ਇਹ ਸਿਮਰਣ ਕਰੇ, ਮਨ ਇਹਦਾ ਇੱਕ ਦੇ ਨਾਲੋਂ ਅਲਹਿਦਾ ਨਾ ਹੋਵੇ।

***ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥*** (ਪੰਨਾ ੩੫੦)

ਉਹ ਤਾਂ ਇੱਕ ਹੈ ।

***ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥*** (ਪੰਨਾ ੯੩੦)

ਉਹ ਇੱਕੋ ਹੀ ਸਾਰਿਆਂ ਦਾ ਮਾਲਕ ਹੈ । ਉਹਦਾ ਸਿਮਰਨ ਮੈਨੂੰ ਪਰਮੇਰ ਦੀ ਕ੍ਰਿਪਾ ਤੇ ਮਾਤਾ ਦੇ ਗਰਭ ਦੇ ਵਿੱਚ ਪ੍ਰਾਪਤ ਹੋਇਆ ਤੇ ਮੈਂ ਇਹਨਾਂ ਸਾਰਿਆਂ ਤੋਂ ਪਾਰ ਹੋ ਗਿਆ । ਚੱਲੀਏ –

**ਤਾਰਹੁ ਤਾਰਨਹਾਰੇ ॥**

ਹੇ ਤਾਰਨਹਾਰ ਪਰਮੇਰ ! ਤੂੰ ਹੀ ਤਾਰਨਹਾਰ ਹੈਂ । ਮੈਨੂੰ ਵੀ ਇਸ ਵਿੱਚੋਂ ਤਾਰਿਆ ਸਿਮਰਨ ਦੁਆਰਾ । ਸਿਮਰਨ ਇੱਕ ਇਹੋ ਜਿਹਾ ਸਾਧਨ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ –

***ਸਿਮਰਿ ਸਿਮਰਿ ਨਾਮੁ ਬਾਰੰਬਾਰ ॥***
***ਨਾਨਕ ਜੀਅ ਕਾ ਇਹੈ ਆਧਾਰ ॥*** (ਪੰਨਾ ੨੯੫)

ਹੋਰ ਕੋਈ ਸਾਧਨ ਨਹੀਂ ਦੱਸਿਆ। ਇੱਕ ਸਿਮਰਨ ਇਕੱਲਾ ਸਾਧਨ ਹੈ, ਜਿਹੜਾ ਇਸ ਨੂੰ ਜਨਮ ਮਰਨ ਦੇ ਚੱਕਰ ਵਿੱਚੋ ਕੱਢਕੇ ਲੈ ਜਾਂਦਾ ਹੈ । ਇਹੀ ਦੁਨੀਆਂ ਦੇ ਮਹਾਂਪੁਰ ਉਪਦੇ ਕਰਦੇ ਨੇ ਕਿ ਭਾਈ ਸਿਮਰਨ ਨਾ ਛੱਡੀਂ, ਸਿਮਰਨ ਨਾ ਭੁੱਲੀਂ, ਸਿਮਰਨ ਦਾ

ਪਰਪੱਕ ਹੋ ਜਾਣਾ ਹੀ ਗਿਆਨ ਹੈ –

***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ ॥*** (ਪੰਨਾ ੨)

ਉਹ ਜਿਹੜਾ ਸਾਰਿਆਂ ਜੀਵਾਂ ਦਾ, ਚਾਰ ਖਾਣੀਆਂ ਦਾ ਦਾਤਾ ਹੈ, ਉਹਨੂੰ ਭੁੱਲਣਾ ਨਹੀਂ। ਉਹਦੀ ਭੁੱਲ ਹੀ ਅਗਿਆਨ ਹੈ, ਤੇ ਉਹਦੇ ਸਿਮਰਨ ਦਾ ਪੱਕ ਜਾਣਾ ਹੀ ਗਿਆਨ ਹੈ ।

***ਏਕ ਚਿਤ ਜਿਹਿ ਇਕ ਛਿਨ ਧਿਆਇਓ ॥***
***ਕਾਲ ਫਾਸ ਕੇ ਬੀਚ ਨ ਆਇਓ ॥*** (ਅਕਾਲ ਉਸਤਤਿ)

ਜੇ ਇਕ ਛਿਨ ਮਾਤਰ ਵੀ ਸਿਮਰਨ ਪੱਕ ਜਾਏ, ਇਹਨੂੰ ਪਰਤੱਖ ਹੋ ਜਾਏ ਆਤਮਾ ਦਾ। ਜਨਮ ਮਰਨ ਕੱਟਿਆ ਜਾਏ, ਦਸਮ ਪਾਤਾਹ ਦਾ ਮਹਾਂ ਵਾਕ ਹੈ । ਏਸ ਕਰਕੇ ਹੁਣ ਆਪਣੇ ਅੰਦਰ ਵਿਚਾਰ ਕਰ ਲਉ। ਸਿਮਰਨ ਨੇ ਮੈਨੂੰ ਇਹਨਾਂ ਲਹਿਰਾਂ ਚੋਂ ਕੱਢਤਾ, ਮੇਰੇ ਤੇ ਬੜੀ ਭਾਰੀ ਕ੍ਰਿਪਾ ਹੋਈ । ਤੁਸੀਂ ਵੀ ਭਾਈ ਸਿਮਰਨ ਕਰਿਆ ਕਰੋ, ਪੰਚਮ ਪਾਤਾਹ ਦਾ ਤਾਤਪਰਜ ਇਹ ਹੈ ।

**ਮਾਧੌ ਤੂ ਠਾਕੁਰੁ ਸਿਰਿ ਮੋਰਾ ॥**

ਹੇ ਮਾਇਆ ਪਤੀ ! ਤੂੰ ਮੇਰਾ ਮਾਲਕ ਹੈਂ । ਠਾਕੁਰ ਮਾਲਕ ਨੂੰ ਕਹਿੰਦੇ ਨੇ। ਸਿਰਮੌਰ ਸਾਰੇ ਗਿਮਣੀਆਂ ਦਾ ਗਿਮਣੀ ਤੂੰ ਹੈਂ ਮਾਲਕ ਮੇਰਾ, ਸਾਰਿਆਂ ਤੇ ਬੜਾ । ਹੇ ਪਰਮੇ ਰ ! ਤੂੰ ਸਾਰਿਆਂ ਦਾ ਮਾਲਕ ਹੈਂ ਤੇ ਮੇਰਾ ਵੀ ਮਾਲਕ ਤੂੰ ਹੀ ਹੈਂ ।

**ਈਹਾ ਊਹਾ ਤੁਹਾਰੋ ਧੋਰਾ ॥ ਰਹਾਉ॥**

**ਧੋਰਾ** ਨਾਉਂ ਹੈ ਆਸਰੇ ਦਾ, ਬਾਂਗਰ ਦੀ ਬੋਲੀ ਹੈ । ਤੇ ਈਹਾਂ ਤੇ ਊਹਾਂ, ਲੋਕ ਪ੍ਰਲੋਕ ਮੇਂ, ਮੈਨੂੰ ਤਾਂ ਤੇਰਾ ਹੀ ਆਸਰਾ ਹੈ, ਹੋਰ ਕਿਸੇ ਦਾ ਆਸਰਾ ਨਹੀਂ ਹੈ । ਇਹ ਨਿਚਾ ਹੋਣਾ ਚਾਹੀਦਾ ਹੈ । ਲੋਕ ਮੇਂ ਵੀ ਤੇ ਰਾ ਆਸਰਾ ਹੈ, ਪ੍ਰਲੋਕ ਮੇਂ ਵੀ ਪਰਮੇਰ ਤੇਰਾ ਹੀ ਆਸਰਾ ਹੈ । ਪਰ ਜੇ ਸਾਨੂੰ ਇਹ ਯਕੀਨ ਹੋਏਗਾ ਤਾਂ ਅਸੀਂ ਇਹੋ ਜਿਹੇ ਕੰਮ ਕਿਉਂ ਕਰਾਂਗੇ

ਜਿਹੜੇ ਅੱਜ ਕਲ੍ਹ ਚੱਲੇ ਹੋਏ ਨੇ । ਫਿਰ ਤਾਂ ਸਾਰਿਆਂ ਵਿੱਚ ਪਰਮੇਰ ਹੈਗਾ । ਫਿਰ ਤਾਂ ਸਾਰੇ ਇੱਕ ਨੇ । ਜਦ ਸੰਤ ਦੀ ਕ੍ਰਿਪਾ ਹੋ ਜਾਏ, ਇਹ ਪੰਚਮ ਪਾਤਾਹ ਦਾ ਮਹਾਂਵਾਕ ਹੈ ।

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧ ਸੰਗਤਿ ਮੋਹਿ ਪਾਈ ॥***
***ਨਾ ਕੋ ਬੈਰੀ ਨਹੀਂ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਉ***
***ਏਹ ਸੁਮਤਿ ਸਾਧੂ ਤੇ ਪਾਈ ॥***
***ਸਭ ਮਹਿ ਰਵਿ ਰਹਿਆ ਪ੍ਰਭੁ ਏਕੈ***
***ਪੇਖਿ ਪੇਖਿ ਨਾਨਕ ਬਿਗਸਾਈ ॥*** (ਪੰਨਾ ੧੨੯੯)

ਹੁਣ ਤਾਂ ਕੋਈ ਵੈਰੀ ਜਾਂ ਬਿਗਾਨਾ ਰਹਿਆ ਹੀ ਨਾ । ਇਹ ਤਾਂ ਸਾਧੂ ਉਸ ਸੰਤ ਮਹਾਂਪੁਰ ਗੁਰੂ ਰਾਮਦਾਸ ਦੁਆਰੇ ਸਾਨੂੰ ਇਹ ਬਖ਼ਿ ਪ੍ਰਾਪਤ ਹੋਈ, ਸਾਰਿਆਂ ਦੇ ਵਿੱਚ ਪਰਮੇਰ ਦਿੱਸਿਆ।

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ ॥*** (ਪੰਨਾ ੨੯੩)

ਉਸ ਸੰਤ ਦੇ ਸੰਗ ਨਾਲ ਅੰਦਰ ਪਰਮੇਰ ਨੂੰ ਦੇਖਿਆ । ਪਰਮੇਰ ਅੰਦਰ ਥੋਡੇ ਆਪਣਾ ਆਪ ਹੀ ਹੈ । ਥੋਡਾ ਜਿਹੜਾ ਬਿਰਤੀ ਦੇ ਅਰੂੜ ਚੇਤਨ ਹੈ, ਜਿਹੜਾ ਸਾਰੇ ਖਿਆਲਾਂ ਨੂੰ, ਬਿਰਤੀ ਨੂੰ, ਜਿਹੜੇ ਖਿਆਲ ਉੱਠਦੇ ਨੇ, ਸਾਰੇ ਖਿਆਲਾਂ ਨੂੰ ਦੇਖਦਾ ਹੈ, ਜਿਸਦੀ ਬਾਬਤ ਗੁਰੂ ਸਾਹਿਬ ਨੇ ਲਿਖਿਆ ਹੈ –

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥***
(ਪੰਨਾ ੧੪੪)

ਗੁਰੂ ਨਾਨਕ ਦੇਵ ਕਹਿੰਦੇ ਪਾਰਖ ਉਹ ਆਪ ਹੈ । ਮੈਂ ਇਕ ਵਾਰੀ ਚਲਿਆ ਗਿਆ, ਇਕ ਪਹਾੜ ਦੀ ਗੁਫਾ ਜਿਹੀ ਹੈ, ਕੁਟੀਆ ਹੈ। ਉੱਥੇ ਇਕ ਕਬੀਰ ਪੰਥੀ ਸੰਤ ਸੀ। ਉਹ ਪਾਸ ਨਹੀਂ ਸੀ ਕਿਸੇ ਨੂੰ ਰਹਿਣ ਦਿੰਦਾ

।ਮੈਂ ਵੀ ਚਲਾ ਗਿਆ, ਤੜਕੇ ਅਸੀਂ ਗਏ ਸੀ। ਉਸਨੇ ਸਾਰਾ ਜ਼ੋਰ ਲਾ ਦਿੱਤਾ, ਪਾਰਖ ਤੇ ਬਿਨਾ ਕੋਈ ਗੱਲ ਨਹੀਂ ਕੀਤੀ। ਮੈਂ ਸੋਚਿਆ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪਾਰਖ ਲਿਖਿਆ ਹੈ –

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥***

(ਪੰਨਾ ੧੪੪)

ਤੇ ਪਾਰਖ ਤਾਂ ਆਪ ਹੈ ਉਹ ।ਆਪਣੇ ਜਿਤਨੇ ਖੋਟੇ ਖਰੇ ਖਿਆਲਾਂ ਦੀ ਪਰਖ ਇਹ ਆਪ ਕਰ ਸਕਦੈ ਹੋਰ ਤਾਂ ਕੋਈ ਪਰਖ ਕਰਕੇ ਦੱਸੇਗਾ ਨਹੀਂ ।ਪਾਰਖ ਇਹ ਹੈ। ਪਾਰਖ ਇਹ ਆਪ ਹੈ। ਇਹ ਜਿਹੜਾ ਪਾਰਖ ਆਪ ਹੈ, ਉਹੀ ਇਹਦਾ ਆਪਾ ਹੈ ਆਤਮਾ। ਹੋਰ ਤਾਂ ਸਤਿ ਕੋਈ ਹੈ ਨਹੀਂ। ਜਦ ਸੱਤ ਇੱਕ ਹੈ ।ਜੇ ਸਤਿ ਦੋ ਹੁੰਦਾ ਤਾਂ ਇਕ ਈਰ ਸਤਿ ਬਣਿਆ ਰਹਿੰਦਾ ਤੇ ਇਕ ਜੀਵ ਸਤਿ ਬਣਿਆ ਰਹਿੰਦਾ, ਪਰ ਸਤਿ ਇੱਕ ਹੈ ।ਸਤਿ ਨਹੀਂ ਦੋ ਹੋ ਸਕਦੇ ।ਤਿੰਨੇ ਕਾਲਾਂ ਤੋਂ ਸਤਿ ਇੱਕ ਹੈ ।ਗੁਰੂ ਸਾਹਿਬ ਨੇ ਆਦਿ ਵਿੱਚ ਹੀ ਲਿਖ ਦਿੱਤਾ –

***ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਇਹ ਸਤਿ ਦਾ ਟੀਕਾ ਹੈ ਕਿ ਇੱਕ ਸਤਿ ਹੈ ।

ਇਹ ਸੱਚ ਜਿਹੜਾ ਹੈ, ਇਹਦਾ ਆਤਮਾ ਹੈ ।ਸੱਚ ਕੌਣ ਹੈ ? ਆਤਮਾ ।ਸੱਚ ਕੌਣ ਹੈ ? ਪਰਮੇਰ ।ਸੱਚ ਕੌਣ ਹੈ ? ਗਿਆਤਾ । ਇਹ ਸਤਿ ਆਪਣਾ ਆਪ ਨਹੀਂ ਹੈ ? ਪਰ ਇਹਨੂੰ ਆਪਣੇ ਆਪ ਦਾ ਪਰਤੱਖ ਨਹੀਂ ਹੋਇਆ ।ਪਰਤੱਖ ਕੀ ? ਦ੍ਰਿੜ ਨਿਚਾ ਨਹੀਂ ਹੋਇਆ ।ਜਦ ਇਹ ਸਿਮਰਨ ਕਰਦੈ, ਇਹਦਾ ਮਨ ਦੁਨੀਆਂ ਦੇ ਖਿਆਲਾਂ ਨੂੰ ਲੈਕੇ ਹੋਰ ਥਾਂ ਚਲਿਆ ਜਾਂਦੈ ।ਕਈ ਖਿਆਲ ਇਹਦੇ ਅੰਦਰ ਆਉਂਦੇ ਨੇ, ਮਾਨ ਦੇ, ਅਪਮਾਨ ਦੇ, ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ। ਇਨਾਂ ਸਾਰੇ ਖਿਆਲਾਂ ਨੂੰ ਕੱਟਕੇ ਇਹਦੀ ਸਤਿ ਨਾਲ ਬਿਰਤੀ ਜੁੜ ਗਈ ।ਸਤਿ ਤਾਂ ਇੱਕੋ ਹੀ ਹੈ, ਸਤਿ ਦੋ ਤਾਂ ਨਹੀਂ ਹੈਨ। ਤੇ ਸਤਿ ਵਿਆਪਕ ਹੈ, ਤੇ ਜਿਹੜਾ ਵਿਆਪਕ ਹੈ, ਉਹ ਕਿੱਥੇ ਨਹੀਂ?

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥***

(ਪੰਨਾ ੧੪੨੭)

ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਸਤਿ ਇਕੋ ਹੀ ਹੈ । ਉਹ ਸਭ ਕੁੱਛ ਆਪਣਾ ਆਪ ਹੈ, ਸੱਤਾ ਦੋ ਨਹੀਂ । ਜਦ ਇਹਨੂੰ ਉਸ ਸਤਿ ਦੀ ਪ੍ਰਾਪਤੀ ਹੋ ਗਈ ਤਾਂ ਇਹ ਸਿਮਰਨ ਦੁਆਰਾ ਪਰਮੇਰ ਨੂੰ ਮਿਲ ਜਾਏਗਾ। ਸਤਿ ਦਾ ਹੀ ਸਿਮਰਨ ਕਰਨੈ ।

***ਕਿਰਤਮ ਨਾਮ ਕਥੇ ਤੇਰੇ ਜਿਹਬਾ ॥***
***ਸਤਿ ਨਾਮੁ ਤੇਰਾ ਪਰਾ ਪੂਰਬਲਾ ॥*** (ਪੰਨਾ ੧੦੮੩)

**ਸਤਿਨਾਮ** ਤਾਂ ਪਰਾ ਬਾਣੀ ਤੋਂ ਵੀ ਪੂਰਬਲਾ ਹੈ । ਬਾਣੀਆਂ ਚਾਰ ਨੇ –

**1. ਬੈਖਰੀ 2. ਮੱਧਮਾ 3. ਪਸੰਤੀ 4. ਪਰਾ**

ਪਰਾ ਜਿਹੜੀ ਹਿਰਦੇ ਚੋਂ ਉੱਠਦੀ ਹੈ । ਉਸ ਪਰਾ ਤੋਂ ਵੀ ਪਹਿਲਾਂ ਸਤਿ ਸੀ।

***ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

(ਪੰਨਾ ੪੬੩)

**ਆਪੀਨੈ ਆਪ** ਆਪਣੇ ਆਪੇ ਤੋਂ ਸਾਜਿਆ । ਆਪਣਾ ਆਪ ਬਣਾਇਆ। **ਦੁਯੀ ਕੁਦਰਤਿ ਸਾਜੀਐ** ਤੇ ਦੂਸਰਾ ਕੌਣ ਹੈ ? ਨਾਮ । ਪਹਿਲਾਂ ਕੌਣ ਹੈ ਏਕਾ ਤੇ ਦੂਜਾ ਹੈਗਾ ਨਾਮ, ਤੀਸਰੀ ਹੈ ਪ੍ਰਕਿਰਤੀ ਤੇ ਚੌਥਾ ਹੈ ਦ੍ਰਟਾ ।

ਉਹ ਜਿਹੜਾ ਏਕਾ ਸੀ, ਉਹੀ ਸੈਭੰ ਹੈ। ਤੇ ਜਿਹੜਾ ਸੈਭੰ ਹੈ, ਉਹੀ ਏਕਾ ਹੈ, ਹੋਰ ਤਾਂ ਵਿਚਾਲੇ ਵਿਣ ਨੇ। ਏਸ ਕਰਕੇ ਉਹ ਸੈਭੰ ਹੈ, ਉਹ ਪਰਮੇਰ ਹੈ, ਉਹਦਾ ਸਿਮਰਨ ਜੀਵ ਨੂੰ ਭਾਈ ਪਾਰ ਕਰ ਦੇਵੇਗਾ ।

**ਕੀਤੇ ਕਉ ਮੇਰੈ ਸੰਮਾਨੈ**

ਇਹ ਬੜੀ ਭਾਰੀ ਗਲਤੀ ਹੈ । ਕੀਤਾ ਕਉਣ ਹੈ ? ਜੀਵ ਜਿਹੜਾ

ਫਸਿਆ ਹੋਇਐ। ਜਿਹੜਾ ਇਕ ਸੰਕਲਪ ਨਾਲ ਬਣਿਐ ਮੈਂ ਹੂੰ, ਮੈਂ ਬ੍ਰਾਹਮਣ ਹੂੰ, ਮੈਂ ਖੱਤਰੀ ਹੂੰ, ਮੈਂ ਵੈਸ਼ ਹੂੰ । ਕੀਤੇ ਨੂੰ ਜੀਵ ਕਹਿੰਦੇ ਨੇ , ਇਸ ਨੂੰ ਪਰਮੇਰ ਦੇ ਸਮਾਨ ਮੰਨਣਾ, ਇਹ ਬੜੀ ਭਾਰੀ ਗਲਤੀ ਹੈ । ਜੀਵ ਨੂੰ ਪਰਮੇਰ ਦੇ ਸਾਥ ਮੰਨਣਾ, ਇਹ ਬੜੀ ਭਾਰੀ ਗਲਤੀ ਹੈ, ਪਰ ਚੇਤਨ ਨੂੰ ਚੇਤਨ ਦੇ ਸਾਥ ਮੰਨਣਾ ਗਲਤੀ ਨਹੀਂ ਹੈ ।

***ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥***

(ਬਚਿੱਤ੍ਰ ਨਾਟਕ)

ਇਹ ਤਾਂ ਇੱਕ **ਕਰਤਾ** ਹੈ, ਪਰ ਜੀਵ ਜਿਹੜਾ ਹੈ ਉਹ ਤਾਂ ਇੱਕ ਨਹੀਂ । ਗੁਰੂ ਜਿਹੜਾ ਹੈ ਉਹ ਤਾਂ ਕਹਿੰਦਾ –

***ਮੈਂ ਹੋ ਪਰਮ ਪੁਰਖ ਕੋ ਦਾਸਾ ॥***
***ਦੇਖਨ ਆਯੋ ਜਗਤ ਤਮਾਸਾ ॥*** (ਬਚਿੱਤ੍ਰ ਨਾਟਕ)

ਜੀਵ ਨੇ ਤਾਂ ਇੱਥੇ ਖੜਕੇ ਬੋਲਣਾ ਹੈ, ਪਰ ਜਦੋਂ ਇਸ ਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ ਤਾਂ–

***ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥***

(ਬਚਿੱਤ੍ਰ ਨਾਟਕ)

ਦੋਵੇਂ ਮਹਾਂ ਵਾਕ ਦਸਮ ਪਾਤਾਹ ਦੇ ਨੇ, ਪਰ ਵਾਕਾਂ ਉੱਤੇ ਵਿਰੋਧ ਨਹੀਂ ਹੈ। ਉੱਧਰ ਜੀਵ ਪ੍ਰਤੀ ਹੈ ਤੇ ਇਹ ਬ੍ਰਹਮ ਗਿਆਨੀ ਪ੍ਰਤੀ ਹੈ, ਗਿਆਤਾ ਪ੍ਰਤੀ ਹੈ । ਇਸ ਕਰਕੇ ਤੁਸੀਂ ਐਂ ਦੇਖੋ ਵੇਦ ਦੇ ਤਿੰਨ ਕਾਂਡ ਨੇ ਗਿਆਨ, ਉਪਾਸਨਾਂ ਅਤੇ ਕਰਮ ਕਾਂਡ। ਹੁਣ ਇਨ੍ਹਾਂ ਤਿੰਨਾਂ ਨੂੰ ਇੱਕ ਤਾਂ ਤੁਸੀਂ ਕਰ ਨਹੀਂ ਸਕਦੇ ਤੇ ਜਿੱਥੇ ਜੀਵ ਖੜਾ ਹੋਏਗਾ ਉਥੋਂ ਤੁਸੀਂ ਉਹਨੂੰ ਪਕੜਨੈਗਾ। ਜੇ ਕਰਮ ਵਿੱਚ ਖੜਾ ਹੋਊ ਤਾਂ ਉੱਥੋਂ ਪਹਿਲਾਂ ਤੁਸੀਂ ਨਿਕਾਮ ਕਰਮਾਂ ਵਿੱਚ ਲਿਆਉਂਗੇ, ਸਕਾਮ ਵਿੱਚੋਂ। ਜੇ ਨਿਕਾਮ ਕਰਮਾਂ ਵਿੱਚ ਖੜਾ ਹੋਊ ਤਾਂ ਉਪਦੇ ਤੁਸੀਂ ਉਹਨੂੰ ਉਪਾਨਾ ਦਾ ਦਿਉਂਗੇ, ਤੇ ਜੇ ਉਹਦਾ ਸਿਮਰਨ ਉਪਾਨਾ ਮੇਂ ਖੜਾ ਹੋਊ ਤਾਂ ਗਿਆਨ ਮੇਂ ਲਿਆਉਂਗੇ । ਇਹਨੂੰ ਤਾਂ ਉਪਦੇ ਮਿਲਣਾ ਹੈ

ਗੁਰੂ ਦਾ ।ਉਹਨੇ ਦੇਖਣਾ ਹੈ, ਇਹ ਕਿੱਥੇ ਖੜਾ ਹੈ ? ਉਸ ਤੋਂ ਅਗਲਾ ਉਪਦੇ ਦੇਣਾ। ਜੀਵ ਆਿਦਾ ਸਕਾਮ ਕਰਮਾਂ ਮੇਂ ਹੁੰਦੈ । ਉਹਨੂੰ ਨਿਕਾਮ ਕਰਮਾਂ ਦਾ ਉਪਦੇ ਦੇਣਾ ਕਿ ਫਲਾਣੇ ਨੇ, ਧੰਨੇ ਨੇ ਐਂ ਕੀਤਾ, ਦੇਖੋ ਕੀ ਗਤੀ ਹੋਈ, ਉਸ ਨੇ ਕੀ ਕੀਤਾ ਤੇ ਉਸ ਨੂੰ ਇੱਥੇ ਲਿਆਉਣਾ, ਹੁਣ ਨਿਕਾਮ ਕਰਮਾਂ ਵਿੱਚ ਆ ਗਿਆ। ਉਹਨੂੰ ਆਖਣੈ ਕਾਮਨਾ ਤਾਂ ਪ੍ਰਤਿਬੰਧਕ ਨੇ, ਤੂੰ ਨਿਕਾਮ ਹੋ ਕੇ ਸੇਵਾ ਕਰ ।

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸੁ ਕਉ ਹੋਤ ਪਰਾਪਤਿ ਸੁਆਮੀ ॥*** (ਪੰਨਾ ੨੮੬)

ਏਸ ਕਰਕੇ ਉਸ ਨੂੰ ਉੱਚਾ ਕਰਨਾ ।ਏਸ ਨੂੰ ਗਿਆਨ ਆ ਜਾਣਾ, ਗਿਆਨ ਤਾਂ ਕੋਈ ਦੂਸਰੀ ਵਸਤੂ ਨਹੀਂ, ਗਿਆਨ ਤਾਂ ਆਪਣਾ ਆਪ ਹੈ ।

**ਕਰਣਹਾਰ ਤ੍ਰਿਣੁ ਜਾਨੈ ॥**

ਤੈਂ ਉਸ ਨੂੰ ਤ੍ਰਿਣ ਦੇ ਸਮਾਨ ਜਾਨਿਆ, ਜਿਹੜਾ ਕਰਤਾ ਪੁਰਸੀ ।ਉਹਨੂੰ ਤਾਂ ਤੁੱਛ ਜਾਨਿਆ ਤੇ ਆਪ ਹੰਕਾਰ ਦੇ ਨਾਲ ਕੁੱਛ ਬੜਾ ਬਣਕੇ ਬਹਿ ਗਿਆ ।ਆਪ ਕੌਣ ਹੈ ? ਇਹਨੂੰ ਇਹ ਨਹੀਂ ਪਤਾ। ਇੱਕ ਰਮਨ ਗਿ ਹੋਏ, ਉਹਨਾਂ ਇਹ ਬਾਤ ਦੱਸੀ। ਇੱਕ ਉਹਨੂੰ ਪੁੱਛਦਾ ਆਕੇ ਕਹਿੰਦਾ ਜੀ ਤੁਸੀਂ ਮੈਨੂੰ ਉਪਦੇ ਦਿਉ। ਅਖੇ ਤੂੰ ਕੌਣ ਹੈਂ? ਪਹਿਲੇ ਤੁਸੀਂ ਇਸ ਤੇ ਵਿਚਾਰ ਕਰਨਾ ਬਈ ਮੈਂ ਕੌਣ ਹਾਂ ? ਤੂੰ ਮਨ ਹੈਂ ਕਿ ਬੁੱਧੀ ਹੈਂ ਕਿ ਰੀਰ ਹੈਂ ਕਿ ਇੰਦਰੀ ਹੈਂ, ਤੂੰ ਹੈਂ ਕੌਣ? ਇਹ ਸਾਰੀ ਵਿਚਾਰ ਕਰਨੀ। ਜਿਹੜਾ ਹੈ ਅਸਲੀ ਚੇਤਨ, ਜਿਹੜਾ ਬੁੱਧੀ ਦੇ ਵਿੱਚ ਅਰੂੜ ਇਸਥਿਤ ਹੈ, ਉਹਨੂੰ ਚੇਤਨ ਕਹਿੰਦੇ ਨੇ ।ਪਰ ਕੀ ਹੈ ?

***ਏਕ ਸਮੇਂ ਹੀ ਭਾਂਨ ਹੋਇ ਸਾਖੀ ਅਰੁ ਆਭਾਸ।***
***ਦੂਜੋ ਚੇਤਨ ਕੋ ਵਿੈ ਸਾਖੀ ਸਵਯੰ ਪ੍ਰਕਾਸ॥***

(ਨਿਹਚਲ ਦਾਸ, ਵਿਚਾਰ ਸਾਗਰ ੪/੧੧੬)

❑

੧ੴ ਸਤਿਗੁਰ ਪ੍ਰਸਾਦਿ॥

## ੨੮

### ਗਉੜੀ ਮਹਲਾ ੧॥

ਪਉਣੈ ਪਾਣੀ ਅਗਨੀ ਕਾ ਮੇਲੁ॥
ਚੰਚਲ ਚਪਲ ਬੁਧਿ ਕਾ ਖੇਲੁ॥
ਨਉ ਦਰਵਾਜੇ ਦਸਵਾ ਦੁਆਰੁ॥
ਬੁਝੁ ਰੇ ਗਿਆਨੀ ਏਹੁ ਬੀਚਾਰੁ॥ ੧॥
ਕਥਤਾ ਬਕਤਾ ਸੁਨਤਾ ਸੋਈ॥
ਆਪੁ ਬੀਚਾਰੇ ਸੁ ਗਿਆਨੀ ਹੋਈ॥ ੧॥ ਰਹਾਉ॥
ਦੇਹੀ ਮਾਟੀ ਬੋਲੈ ਪਉਣੁ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ ੨॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥ ੩॥
ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ ੪॥ (ਪੰਨਾ ੧੫੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ॥

ਇਹ ਪਹਿਲੀ ਪਾਤਾਹੀ ਦਾ ਬਦ ਹੈ। ਇਹਦੇ ਵਿੱਚ ਇੱਕੋ ਹੀ ਬਾਤ ਦੱਸਣੀ ਹੈ–

***ਹਉ ਨ ਮੂਆ ਮੇਰੀ ਮੁਈ ਬਲਾਇ॥***

***ਓਹੁ ਨ ਮੂਆ ਜੋ ਰਹਿਆ ਸਮਾਇ॥***

ਆਹ ਬਾਤ ਜੀਵਾਂ ਨੂੰ ਜਣਾਉਣੀ ਹੈ, ਦੱਸਣੀ ਹੈ। ਪਰ ਕੈਸੇ ਦੱਸਣੀ ਹੈ ?

***ਮੂਈ ਸੁਰਤਿ ਬਾਦੁ ਅਹੰਕਾਰੁ॥***
***ਓਹੁ ਨ ਮੂਆ ਜੋ ਦੇਖਣਹਾਰੁ॥***

ਜਿਹੜਾ ਦੇਖਣਹਾਰ ਹੈ, ਉਹ ਕਦੇ ਮਰਨੇ ਵਾਲਾ ਨਹੀਂ ਹੁੰਦਾ। ਦਾਨਾ ਬੀਨਾ ਕਦੇ ਮਰਿਆ ਨਹੀਂ ਅੱਜ ਤੱਕ, ਤੇ ਨਾ ਪੈਦਾ ਹੋਇਐ। ਜਿਹੜੀ ਚੀ ਪੈਦਾ ਹੁੰਦੀ ਹੈ, ਉਹ ਮਰਦੀ ਵੀ ਹੈ।

***ਨ ਜਾਇਤੇ ਮ੍ਰਿਯਤੇ ਵਾ ਕਦਾਚਿਨ***

***ਨਾਯੰ ਭੂਤਵਾ ਭਵਿਤਾ ਵਾ ਨ ਭੂਯਃ।***

***ਅਜੋ ਨਿਤਅਃ ਾਵਤੋਯੰ ਪੁਰਾਣੋ***

***ਨ ਹਨਿਅਤੇ ਹਨਯਮਾਨੇ ਰੀਰੇ॥*** (ਗੀਤਾ ੨/੨ )

ਇਹ ਰੀਰ ਤਿੰਨਾਂ ਦੀ ਬਦਲੀ ਵਿੱਚ, ਉਹਦੀ ਬਦਲੀ ਨਹੀਂ ਹੁੰਦੀ। ਉਹ ਅਜਰ ਅਮਰ ਵਸਤੂ ਹੈ। ਉਹਦੀ ਬਾਬਤ ਗੁਰੂ ਸਾਹਿਬ ਨੇ ਇਕ ਾਸਤਰੀ ਪੰਡਿਤ ਨੂੰ ਇਹਦੇ ਚ ਉਪਦੇ ਕਰਨੈ। ਉਹਦਾ ਲੜਕਾ ਗੁਰ ਗਿਆ ਸੀ। ਬੜਾ ੋਕ ਸੀ ਉਹਨੂੰ। ਏਸ ਕਰਕੇ ਉਹਨੂੰ ਉਪਦੇ ਕੀਤਾ ਕਿ ੋਕ ਤੇਰਾ ਕਰਨਾ ਨਹੀਂ ਬਣਦਾ ਇਹ ਦੇਖਣੇ ਵਾਲਾ ਕਦੇ ਜੰਮਿਆ ਮਰਿਆ ਨਹੀਂ ਹੈ।

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਦੇਖਣੇ ਚ ਆਉਂਦੈ, ਇਹ ਰਹਿੰਦਾ ਨਹੀਂ ਹੈ। ਜੋ ਦੇਖਣੇ ਵਾਲਾ

ਹੈ, ਉਹ ਜਨਮ ਮਰਨ ਵਾਲਾ ਨਹੀਂ ਹੈ। ਜੋ ਦੇਖਣੇ ਚ ਆਉਂਦੈ, ਉਹ ਸਭ ਮਿਥਿਆ ਝੂਠ ਹੈ। ਇਹ ਦੇਖਣੇ ਵਾਲਾ ਅਬਿਨਾਸੀ ਹੈ, ਅਜਰ ਹੈ, ਅਮਰ ਹੈ, ਵਿਆਪਕ ਹੈ। ਚੱਲ –

**ਗਉੜੀ ਮਹਲਾ ੧॥**

ਗਉੜੀ ਰਾਗ ਦੇ ਵਿੱਚ ਪਹਿਲੀ ਪਾਤਾਹੀ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਨੇ ਬੋਲੋ ਸਾਰੇ ਰਲਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ, ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ।

**ਪਉਣੈ ਪਾਣੀ ਅਗਨੀ ਕਾ ਮੇਲੁ॥**

ਇਹ ਪੰਜਾਂ ਤੱਤਾਂ ਦਾ ਮੇਲ ਹੋਇਆ : ਆਕਾ, ਵਾਯੂ, ਅਗਨੀ, ਜਲ ਤੇ ਪ੍ਰਿਥਵੀ। ਇਹ ਮੇਲ ਹੋਕੇ ਆਹ ਸਥੂਲ ਗੀਰ ਬਣਿਆ ਪੰਜਾਂ ਤੱਤਾਂ ਦਾ। ਚੱਲੀਏ –

**ਚੰਚਲ ਚਪਲ ਬੁਧਿ ਕਾ ਖੇਲੁ॥**

ਇਹਦੇ ਵਿੱਚ ਇਕ ਚੰਚਲ ਬੁੱਧੀ ਵੀ ਹੈ, ਜਿਹਨੂੰ ਮਨ ਵੀ ਕਹਿੰਦੇ ਨੇ। ਇਹ ਸਾਰੇ ਕਰਮ ਇਹਨੇ ਆਪ ਕੀਤੇ। ਆਹ ਖੇਲ ਇਹਨੂੰ ਆਪ ਹੀ ਦੇਖਣਾ ਪਿਆ। ਕਿਸੇ ਦੇ ਕਰਮ ਕੀਤੇ, ਕਦੇ ਕਿਸੇ ਨੂੰ ਨਹੀਂ ਮਿਲੇ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*** (ਪੰਨਾ ੧੩੪)

ਤੇ

***ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥*** (ਪੰਨਾ ੧੫੭)

ਇਹ ਸਾਰਾ ਜਿੰਨਾਂ ਬ੍ਰਹਮੰਡ ਹੈ, ਇਹ ਕਰਮ ਦੀ ਬਾਤ ਹੈ।

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*** (ਪੰਨਾ ੨)

ਕਰਮਾਂ ਦੁਆਰੇ ਤੁਹਾਨੂੰ ਸਮਾਨ ਮਿਲੇਗਾ – ਜਾਤੀ, ਆਯੂ, ਭੋਗ ਤੇ ਗੀਰ। ਤੇ ਜਦ ਉਸ ਪਰਮੇਰ ਦੀ ਨਦਰਿ ਹੋ ਜੂ ਤਾਂ ਤੁਹਾਡੀ ਮੋਕ ਹੋ ਜੂ। ਮੋਕ ਰੂਪ ਤੁਸੀਂ ਪਹਿਲੇ ਹੋ, ਤੁਸੀਂ ਅਪਣੀ ਦ੍ਰਿਟੀ ਨੂੰ ਬਦਲਨਾ ਹੈ ਤੇ ਜਿੰਨੀ ਵੀ ਦ੍ਰਿਟੀ ਹੈ, ਤੁਸੀਂ ਆਪ ਦੇਖਦੇ ਹੋਂ, ਦ੍ਰਟਾ ਜੋ ਹੈ ਇਹਦੀ ਦ੍ਰਿਟੀ, ਅੱਜ ਤੱਕ ਕਦੇ ਲੋਪ ਨਹੀਂ ਹੋਈ। ਦ੍ਰਟਾ ਦੀ

ਦ੍ਰਿਟੀ ਨਿੱਤ ਹੁੰਦੀ ਹੈ। ਇਸ ਕਰਕੇ ਤੁਸੀਂ ਦੇਖਦੇ ਹੋਂ, ਜਿੱਥੇ ਵੀ ਤੁਹਾਡੀ ਬਿਰਤੀ ਜਾਂਦੀ ਹੈ, ਉਹ ਤ੍ਰਿਪੁਟੀ ਬਦਲਦੀ ਰਹਿੰਦੀ ਹੈ। ਪਰ ਜਿਹੜੀ ਉਹ ਤ੍ਰਿਪੁਟੀ ਦੇ ਦੇਖਣੇ ਵਾਲੀ ਦ੍ਰਿਟੀ ਹੈ, ਉਹ ਚੇਤਨ ਹੈ। ਉਹ ਕਦੇ ਬਦਲਿਆ ਨਹੀਂ ਅੱਜ ਤੱਕ। ਉਹ ਦ੍ਰਟਾ ਹੈ, ਉਹ ਦਾਨਾ ਬੀਨਾ ਹੈ, ਉਹ ਸਾਖੀ ਹੈ, ਉਹ ਵਿਆਪਕ ਹੈ, ਉਹ ਪਾਰਖ ਹੈ। ਇਸ ਕਰਕੇ ਭਾਈ ! ਉਸ ਤੇਰੀ ਚੰਚਲ ਬੁੱਧੀ ਨੇ ਸਕਾਮ ਕਰਮ ਕੀਤੇ ਤਾਂ ਤੈਨੂੰ ਤੇਰੇ ਸਾਹਮਣੇ ਬਣਾਇਆ ਹੋਇਆ ਸੰਸਾਰ ਦਿੱਸਿਆ।

**ਨਉ ਦਰਵਾਜੇ ਦਸਵਾ ਦੁਆਰੁ॥**

ਨੌਂ ਦਰਵਾਜੇ ਨੇ ਆਹ ਗੋਲਕਾਂ। ਸੱਤ ਉੱਤੇ ਨੇ, ਦੋ ਅੱਖਾਂ, ਦੋ ਨਾਸਾਂ, ਦੋ ਕੰਨ ਤੇ ਇੱਕ ਮੂੰਹ ਤੇ ਦੋ ਨੀਚੇ ਨੇ ਤੇ ਦਸਵਾਂ ਦੁਆਰ ਹੈ ਗੁਰੂ ਦੇ ਪਾਸ। ਉਹ ਗੁਰੂ ਦੁਆਰੇ ਪ੍ਰਾਪਤ ਹੁੰਦੈ।

**ਬੂਝੁ ਰੇ ਗਿਆਨੀ ਏਹੁ ਬੀਚਾਰੁ॥**

ਹੇ ਗਿਆਨੀ ! ਉਸ ਪੰਡਿਤ ਨੂੰ ਕਹਿੰਦੇ ਨੇ, ਇਹ ਬੀਚਾਰ ਨੂੰ ਤੂੰ ਬੁੱਝ। ਇਹਨਾਂ ਦੇ ਵਿੱਚੋਂ ਕਿਹੜਾ ਮਰਿਆ ਤੇ ਕਿਹੜਾ ਜੰਮਿਆ, ਕੀਹਦੇ ਵਿਕਾਰ ਨੇ, ਚੇਤਨ ਤਾਂ ਨਿਰਵਿਕਾਰ ਹੈ।

***ਅਸੰਗੋ ਹੀ ਪੁਰਾ ਅਸੰਗੋ ਨਹੀਂ ਸਜਯਤੇ।*** (ਉਪਨਿਦ)

ਅਸੰਗੋ ਹੀ ਹੈ ਅੱਜ ਤੱਕ। ਅਸੰਗ ਦਾ ਅੱਜ ਤੱਕ ਸੰਬੰਧ ਵੀ ਨਹੀਂ ਹੋਇਆ ਕਦੇ, ਨਾ ਹੋਵੇ ਤੇ ਤੂੰ ਤਾਂ ਉਹ ਜਿਹੜੀ ਵਸਤੂ ਹੈ ਨਾ, ਉਹਦੇ ਵਿੱਚ ਤੇਰੀ ਭ੍ਰਾਂਤੀ ਹੋ ਗਈ, ਤੈਂ ਅਧਿਆਰੋਪ ਕਰ ਲਿਆ। ਉਹਨੇ ਹਿੱਲਣਾ ਚੱਲਣਾ ਸੀ, ਮਾਇਆ ਪ੍ਰਣਾਮੀ ਹੈ, ਚੇਤਨ ਨਿੱਤ ਹੈ। ਪ੍ਰਣਾਮ ਮਾਇਆ ਦਾ ਨਾ ਹੋਵੇ ਤਾਂ ਵੀ ਠੀਕ ਨਹੀਂ ਹੈ, ਇਹ ਤਾਂ ਪ੍ਰਣਾਮ ਹੋਣਾ ਹੀ ਹੈ, ਤਿੰਨੇ ਗੀਰ ਮਾਇਆ ਦੇ ਨੇ।

***ਤ੍ਰੈਗੁਣ ਵਿਯਾ ਵੇਦਾ ਨਿਸਤ੍ਰੈਗੁਣਯੋ ਭਵਾਰਜੁਨ।***
***ਨਿਰਦਵੰਦ੍ਵੋ ਨਿਤਯ ਸਤਵਸਥੋ ਨਿਰਯੋਗਖੇਮ ਆਤਮਵਾਨ।***

(ਗੀਤਾ ੨/੪੫)

ਤੂੰ ਨਿਰਯੋਗ ਕੇਮ ਹੋ ਜਾ, ਫਿਕਰ ਛੱਡ ਦੇ। ਇਸ ਕਰਕੇ ਤੈਨੂੰ

ਉਹ ਪਰਮੇਰ ਪ੍ਰਾਪਤ ਹੋ ਜੂਗਾ। ਵੇਦ ਨੇ ਤਿੰਨਾਂ ਗੁਣਾਂ ਤੱਕ ਜਾਣੈ। ਜਦ ਅੱਗੋਂ ਉਹਨੇ ਆਖਿਆ ਇਸ ਤੋਂ ਅੱਗੇ ਕੀ ਹੈ? ਆਂਹਦਾ ਨੇਤੀ ਨੇਤੀ। ਮੈਨੂੰ ਨਹੀਂ ਪਤਾ। ਤੇ ਤੂੰ ਦੇਖ, ਮੈਨੂੰ ਨਹੀਂ ਪਤਾ। ਇਸ ਕਰਕੇ ਉਹ ਪਰਮੇਰ ਪਰੀਪੂਰਣ ਹੈ, ਸਾਰੇ ਵਿਆਪਕ ਹੈ, ਉਹ ਜਨਮ ਮਰਣ ਤੇ ਰਹਿਤ ਨਾਰਾਇਣ ਹੈ, ਉਹਦਾ ਕਦੇ ਜਨਮ ਮਰਨ ਨਹੀਂ ਹੋਇਆ ਪੰਡਿਤ ! ਇਹ ਤੂੰ ਸੋਚ ਹੀ ਛੱਡ ਦੇ। ਇਹ ਤੇਰਾ ਹੀ ਕੀਤਾ ਹੋਇਆ ਸੀ, ਤੈਨੂੰ ਹੀ ਪ੍ਰਾਪਤ ਹੋਣਾ ਸੀ। ਤੂੰ ਭਾਣੇ ਵਿੱਚ ਖੜਾ ਹੋ ਜਾ, ਇਹ ਰੱਬ ਦਾ ਹੁਕਮ ਸੀ।

***ਹੁਕਮੈ ਅੰਦਰਿ ਸਭੁ ਕੋ***

ਜਿੰਨੇ ਦੁਨੀਆਂ ਤੇ ਹੈਨ, ਸਭ ਹੁਕਮ ਵਿੱਚ ਨੇ, ਹੁਕਮ ਤੋਂ ਪਰੇ ਕੋਈ ਨਹੀਂ ਹੈ।

***ਬਾਹਰਿ ਹੁਕਮ ਨ ਕੋਇ॥***
***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*** (ਪੰਨਾ ੧)

ਜੇ ਹੁਕਮ ਨੂੰ ਇਹ ਜਾਣ ਲਵੇ ਤਾਂ ਹੰਕਾਰ ਨਾ ਕਰੇ ਕਦੇ। ਇਸ ਕਰਕੇ ਹੰਕਾਰ ਤੇ ਰਹਿਤ ਹੈ ਇਹ। ਇਹ ਪਰਮੇਰ ਹੈ। ਜਿੱਥੇ ਹੰਕਾਰ ਨਹੀਂ ਹੁੰਦਾ ਉਥੇ ਪਰਮੇਰ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਰੀਝ ਲਾਕੇ ਪੜ੍ਹੋਂਗੇ ਤਾਂ ਕਿਤੇ ਤੁਹਾਨੂੰ ਆਪ ਹੀ ਆ ਜੂ ਬਈ ਜਿੱਥੇ ਸਿਮਰਨ ਪੂਰਾ ਹੁੰਦੈ ਉੱਥੇ ਹੰਕਾਰ ਡਿੱਗ ਪੈਂਦੈ। ਅੱਗੇ ਅਨਾਹਤ ਇਕ ਰਸ ਹੋ ਜਾਂਦੈ ਨਾਮ। ਧੁਨਿ ਤੋਂ ਬਾਅਦ ਲਿਵ ਲੱਗਦੀ ਹੈ। ਲਿਵ ਤੇ ਅਬਿਨਾਸੀ ਪਦ ਦੀ ਪ੍ਰਾਪਤੀ ਹੈ। ਏਸ ਕਰਕੇ ਭਾਈ, ਜਦ ਹੰਕਾਰ ਨਵਿਰਤ ਹੋ ਜਾਏ ਤਾਂ ੁੱਧ ਬ੍ਰਹਮ ਰਹਿ ਜਾਂਦੈ। ਇਸ ਕਰਕੇ ਹੰਕਾਰ ਜਿਹੜਾ ਹੈ ਇਹ ਅਧਿਅਸਤ ਹੈ, ਝੂਠਾ ਹੈ, ਤੁਹਾਡਾ ਕਲਪਿਆ ਹੋਇਆ ਹੈ ਜਾਤੀ ਦਾ, ਮਜਹਬ ਦਾ। ਜੋ ਤੁਸੀਂ ਕਲਪਣਾ ਕੀਤਾ ਉਸੇ ਦੇ ਵਿੱਚ ਤੁਸੀਂ ਪੈ ਗਏ। ਤੁਸੀਂ ਆਪ ਹੀ ਮਜਹਬ ਕਲਪਣਾ ਕੀਤਾ, ਆਪ ਹੀ ਜਾਤੀ ਕਲਪਣਾ ਕੀਤੀ, ਉਹ ਸਾਰੀ ਕਲਪਣਾ ਅਧਿਆਰੋਪ ਹੈ। ਪਰ ਇਹ ਤੁਹਾਨੂੰ ਪੱਕਾ ਪਤਾ ਨਹੀਂ ਸੀ ਬਈ ਇਹ ਅਧਿਆਰੋਪ ਹੈ।

ਤੇ ਸਤਿ ਇੱਕੋ ਹੀ ਹੈ, ਕੌਣ ? ਪਰਮੇਰ।

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪਿ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਤਾਂ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਸਾਖੀ ਰੂਪੇ, ਦ੍ਰਟਾ ਰੂਪੇ ਬੈਠੈ। ਉਹ ਕਦੇ ਵਧਣ ਘਟਣ ਵਾਲਾ ਨਹੀਂ।

***ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ ॥*** (ਅਕਾਲ ਉਸਤਤਿ)

ਉਹ ਵਧਣੇ ਘਟਣੇ ਵਾਲੀ ਵਸਤੂ ਨਹੀਂ। ਉਹ ਅਟੱਲ ਹੈ, ਨਿੱਤ ਹੈ, ਅਬਿਨਾਸੀ ਹੈ, ਨਿਰਵਿਕਾਰ ਹੈ। ਚੱਲੀਏ –

**ਕਥਤਾ ਬਕਤਾ ਸੁਨਤਾ ਸੋਈ॥**

ਜੋ ਕਥਨ ਕਰਦੈ, ਕਥਨੀ ਦੇ ਨਾਲ ਲੱਗ ਕੇ ਜੋ ਕਵੀਰੀ ਆਦਿ ਕਰਦੈ, ਕੰਨਾਂ ਨਾਲ ਸੁਣਦੈ, ਸੋ ਉਹ ਹੈ। ਉਹ ਤੇਰੇ ਹਿਰਦੇ ਦੇ ਵਿੱਚ ਸਾਖੀ ਰੂਪੇਣ ਬੈਠੈ, ਦ੍ਰਟਾ ਰੂਪੇਣ ਬੈਠੈ, ਪਾਰਖ ਰੂਪੇਣ ਬੈਠੈ। ਉਹੀ ਵਿਆਪਕ ਚੇਤਨ ਹੈ, ਉਸ ਨੂੰ ਆਤਮਾ ਕਹਿੰਦੇ ਨੇ।

***ਅੰਤਰ ਆਤਮੈ ਬ੍ਰਹਮੁ ਨ ਚੀਨਿਆ***
***ਮਾਇਆ ਕਾ ਮੁਹਤਾਜੁ ਭਇਆ॥*** (ਪੰਨਾ ੪੩੫)

ਇਹਨੇ, ਜਿਹੜਾ ਇਹਦੇ ਅੰਤਰ ਆਤਮਾ ਸੀ, ਉਹਨੂੰ ਵਿਆਪਕ ਨਹੀਂ ਚੀਨਿਆਂ ਕਿਉਂਕਿ ਇਹ ਮਾਇਆ ਤ੍ਰਿਪੁਟੀ ਦੇ ਅਧੀਨ ਹੋ ਗਿਆ। ਜਿਹੜੀ ਤ੍ਰਿਪੁਟੀ ਉਠਦੀ ਹੈ, ਉਹਦੇ ਨਾਲ ਇਹ ਮਿਲ ਜਾਂਦਾ ਹੈ। ਮੈਂ ਹੀ ਇਸ ਗੱਲ ਦਾ ਭੋਗਤਾ ਹਾਂ, ਮੈਂ ਹੀ ਕਰਤਾ ਹਾਂ। ਤੁਹਾਨੂੰ ਪਤੈ ਬਈ ਵਿਆਂ ਦੇ ਪਰਾਇਣ ਇੰਦਰੀਆਂ ਹੁੰਦੀਆਂ ਨੇ। ਇੰਦਰੀਆਂ ਦੇ ਨਾਲ ਫਿਰ ਮਨ ਜੁੜਦੈ, ਫਿਰ ਬੁੱਧੀ ਜੁੜਦੀ ਹੈ, ਇਹ ਅਸੰਗ ਤਾਂ ਨਹੀਂ ਜੁੜਦਾ। ਅਸੰਗ ਤਾਂ ਨਿਰਵਿਕਾਰ ਹੈਂ ਤੂੰ। ਪਰ ਇਹਨੂੰ ਸੁਰਤ ਨਹੀਂ ਆਈ ਬਈ ਮੈਂ ਨਿਰਵਿਕਾਰ ਅਬਿਨਾਸੀ ਹਾਂ, ਅਸੰਗ ਹਾਂ, ਇਹ ਪੱਕੀ ਸੁਰਤ ਨਹੀਂ ਆਈ। ਇਹੀ ਤਾਂ ਵਿਗਿਆਨ

ਹੈ, ਹੋਰ ਕੋਈ ਵਿਗਿਆਨ ਨਹੀਂ ਹੈ। ਇਸੇ ਨੂੰ ਵਿਗਿਆਨ ਕਹਿੰਦੇ ਨੇ। ਇਸ ਕਰਕੇ ਉਹਨੂੰ ਬੋਧ ਨਹੀਂ ਹੋਇਆ। ਇਸ ਕਰਕੇ ਭਾਈ ਉਹ ਸੋ ਜੋ ਹੈ ਉਹੀ ਕਥਨੀ ਦੇ ਨਾਲ, ਉਹੀ ਬਦਨੀ ਦੇ ਨਾਲ, ਉਹੀ ਸਰਗੁਣ ਇੰਦਰੀਆਂ ਦੇ ਨਾਲ। ਉਹ ਸਾਰੀਆਂ ਤ੍ਰਿਪੁਟੀਆਂ ਦੇ ਨਾਲ ਜੁੜਿਆ ਜਿਹਾ ਪ੍ਰਤੀਤ ਹੁੰਦੈ ਪਰ ਜੁੜਿਆ ਕਦੇ ਹੈ ਨਹੀਂ।

ਉਹ – ***ਅਸੰਗੋ ਹੀ ਪੁਰਾ ਅਸੰਗੋ ਨਹੀਂ ਸਜਯਤੇ।*** (ਉਪਨਿਦ)

ਵੇਦ ਕਹਿੰਦਾ ਉਹ ਸੰਗ ਵਾਲਾ ਹੋਇਆ ਹੀ ਨਹੀਂ ਕਦੇ। ਉਹ ਅਸੰਗ ਹੈ, ਨਿਰਵਿਕਾਰ ਹੈ।

**ਆਪੁ ਬੀਚਾਰੇ ਸੁ ਗਿਆਨੀ ਹੋਈ॥ ੧॥ ਰਹਾਉ॥**

ਇਹ ਉਸ **ਸੋ** ਨੂੰ ਜਦ ਆਪਣਾ ਆਪ ਵੀਚਾਰ ਲਵੇ ਤਾਂ ਉਹ ਗਿਆਨੀ ਹੋਜੇਗਾ। **ਸੋ** ਜੋ ਵਿਆਪਕ ਹੈ, ਉਹੀ ਦ੍ਰਟਾ ਰੂਪ ਹੋਕੇ ਇਹਦੀ ਬਿਰਤੀ ਵਿੱਚ ਬੈਠੈ। ਉਹੀ ਸਾਖੀ ਰੂਪ ਹੋਕੇ ਇਹਦੇ ਹਿਰਦੇ ਚ ਬੈਠੈ। ਉਹੀ ਪਾਰਖ ਰੂਪ ਅੱਗੇ ਆਪ ਬੈਠੈ।

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥***

(ਪੰਨਾ ੧੪੪)

ਤੇ ਪਾਰਖ ਤਾਂ ਆਪ ਹੀ ਹੈ ਉਹ। ਜੜ੍ਹ ਤਾਂ ਕਦੇ ਪਾਰਖ ਹੋਇਆ ਹੀ ਨਹੀਂ ਅੱਜ ਤੱਕ। ਤ੍ਰਿਪੁਟੀ ਕਦੇ ਪਾਰਖ ਹੋਈ ਨਹੀਂ। ਉਹ ਤ੍ਰਿਪੁਟੀ ਦਾ ਸਾਖੀ ਜੋ ਹੈ, ਉਹ ਵਿਆਪਕ ਚੇਤਨ ਹੈ, ਉਹ ਆਪਾ ਹੈ, ਵਿਆਪਕ ਹੈ। ਉਹ ਕਹਿੰਦੇ ਜਿਹੜਾ ਐਂ ਵਿਚਾਰ ਲਊ ਉਹ ਗਿਆਨੀ ਹੋਜੇਗਾ, ਪਰ ਉਹਦੇ ਨਿਚੇ ਵਿੱਚ ਰੱਤੀ ਫਰਕ ਨਾ ਹੋਵੇ।

***ਸੰਸਯ ਵਿਪਰਜੇ ਨ ਹੋਯੰ॥***

ਇਹ ਗ੍ਰਹਿਣ ਕਰ ਲਵੇ। ਅਵਿੱਦਿਆ ਦੇ ਪਰਤੇ ਤਿੰਨ ਲਿਖੇ ਨੇ।

ਅਗ੍ਰਹਿਣ, ਵਿਪਰਜੇ ਤੇ ਸੰਸੇ।

ਹੋਰ ਕੋਈ ਅਵਿੱਦਿਆ ਵਸਤੂ ਹੀ ਨਹੀਂ ਹੈ। ਤਿੰਨਾਂ ਪਰਤਿਆਂ ਤੋਂ ਜਿਹੜਾ ਪਰੇ ਹੈਗਾ, ਇਹਨਾਂ ਤਿਹਾਂ ਦਾ ਪ੍ਰਕਾਕ ਜੋ ਅਵਿੱਦਿਆ

ਦਾ ਵੀ ਪ੍ਰਕਾਕ ਹੈ, ਉਹਦਾ ਨਾਉਂ ਚੇਤਨ ਹੈ, ਪਰਮੇਰ ਹੈ, ਵਿਆਪਕ ਹੈ, ਉਹਨੂੰ ਦ੍ਰਟਾ ਕਹਿੰਦੇ ਨੇ। ਉਹ ਜੋ ਆਪਣਾ ਆਪ ਵੀਚਾਰ ਲਏਗਾ, ਉਹ ਗਿਆਨੀ ਹੋ ਜਾਏਗਾ।

**ਦੇਹੀ ਮਾਟੀ ਬੋਲੈ ਪਉਣੁ॥**

ਕਹਿੰਦੇ ਇਹਦੇ ਅੰਦਰ ਕੌਣ ਬੋਲਦੈ ? ਉਹ ਕਹਿੰਦਾ ਦੇਹੀ ਹੈ ਮਿੱਟੀ ਦੀ, ਅੰਦਰ ਹੈ ਪਉਣ, ਬੋਲਦੀ ਹੈ ਮੀਨਰਗੀ। ਉੱਥੇ ਕੋਈ ਆਦਮੀ ਨਹੀਂ ਬੈਠਾ ਬੋਲਦਾ। ਇਹ ਬਾਤ ਮੇਰੀ ਇਕ ਬੜੇ ਮਹਾਂਪੁਰ ਨਾਲ ਹੋਈ। ਮੈਂ ਆਖਿਆ ਧੁਨੀ ਆਤਮਕ ਬਦ ਖੁਲ੍ਹ ਜਾਂਦੈ ? ਕਹਿੰਦਾ ਨਾਂ ! ਨਹੀਂ ਖੁਲ੍ਹਦਾ। ਮੈਂ ਆਖਿਆ ਜਿਹੜੇ ਕੰਨਾਂ ਚ ਉਂਗਲੀਆਂ ਐਂ ਕਰਦੇ ਨੇ ? ਕਹਿੰਦਾ ਗਲਤ ਕਰਦੇ ਨੇ।

***ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥***
***ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥*** (ਪੰਨਾ ੨੬੩)

ਪ੍ਰਭ ਕੇ ਸਿਮਰਨ ਇਹ ਸਾਰਾ ਕੰਮ ਹੋ ਜਾਂਦੈ। ਜਦ ਥੋਡਾ ਸਿਮਰਨ ਪੂਰਾ ਹੋਜੇਗਾ, ਤੁਹਾਡਾ ਧੁਨੀ ਆਤਮਕ ਬਦ ਆਪੇ ਹੀ ਖੁਲ੍ਹ ਜੂ, ਕਿਸੇ ਨੇ ਨਹੀਂ ਖੋਲ੍ਹਣਾ। ਇਹ ਪਰਮੇਰ ਦੀ ਇਕ ਧਰਮ ਨੀਤੀ ਹੈਗੀ। **ਪ੍ਰਭ ਕੈ ਸਿਮਰਨਿ** ਮਨ ਦੀ ਮਲ ਚਲੀ ਜਾਂਦੀ ਹੈ। ਇਸ ਕਰਕੇ ਉਹ ਅਮਰ ਕਰਨੇ ਵਾਲਾ ਜਿਹੜਾ ਨਾਮ ਹੈ, ਪਰਮੇਰ ਹੈ, ਉਹ ਤੁਹਾਡਾ ਅਪਣਾ ਆਪ ਪ੍ਰਾਪਤ ਹੋ ਜੂ। ਜੋ ਵੀ ਤੁਸੀਂ ਦੁਨੀਆਂ ਦਾ ਕੰਮ ਕਰੋਂਗੇ , ਇਕ ਖਿਆਲ ਕਰ ਲੈਣਾ ਤੇ ਦ੍ਰਟਾ ਤੁਸੀਂ ਹੋਵੋਂਗੇ। ਚਾਹੇ ਬਦ ਨੂੰ ਸੁਣੋਂਗੇ ਤਾਂ ਵੀ ਦ੍ਰਟਾ ਤੁਸੀਂ ਹੋਵੋਂਗੇ। ਕਿਸੇ ਦਾ ਧਿਆਨ ਕਰੋਂਗੇ ਤਾਂ ਵੀ ਦ੍ਰਟਾ ਤੁਸੀਂ ਹੋਵੋਂਗੇ। ਇਹ ਤਾਂ ਇਕ ਨਿਯਮ ਹੋ ਗਿਆ, ਦ੍ਰਟਾ ਤੁਹਾਨੂੰ ਹੀ ਬਣਨਾ ਪੈਣੈ। ਕਿਉਂਕਿ ਬਿਰਤੀ ਮੇਂ ਜਿਹੜਾ ਅਰੂੜ ਚੇਤਨ ਤੁਹਾਡਾ ਆਪਾ ਹੈ, ਦ੍ਰਟਾ ਤਾਂ ਉਸੇ ਨੇ ਬਣਨੈ। ਹੋਰ ਤਾਂ ਕੋਈ ਦ੍ਰਟਾ ਹੈ ਨਹੀਂ, ਪਰ ਤੁਸੀਂ ਹੋਰ ਈ ਕਿਸੇ ਝਗੜਿਆਂ ਚ ਪੈ ਜਾਂਦੇ ਹੋਂ। ਤੁਸੀਂ ਅਪਣੇ ਆਪ ਨੂੰ ਸਹੀ ਕਰੋ ਸਭ ਸੇ ਪਹਿਲੇ। ਉਹ ਕਬੀਰ ਨੂੰ ਆਖਿਆ ਬਉਰਾ ਹੈ। ਕਹਿੰਦਾ–

***ਸੋ ਬਉਰਾ ਜੋ ਆਪੁ ਨ ਪਛਾਨੈ॥***
***ਆਪੁ ਪਛਾਨੈ ਤ ਏਕੈ ਜਾਨੈ॥*** (ਪੰਨਾ ੯੫੫)

ਕਹਿੰਦਾ ਪਾਗਲ ਤਾਂ ਉਹ ਹੁੰਦੈ, ਜਿਹਨੇ ਆਪਣਾ ਆਪ ਨਹੀਂ ਪਛਾਣਿਆ। ਅਗਿਆਨੀ ਪਾਗਲ ਹੁੰਦੇ ਨੇ। ਅਖੇ ਜੀ ਜਿਹਨੇ ਪਛਾਣ ਲਿਆ –

***ਆਪੁ ਪਛਾਨੈ ਤ ਏਕੈ ਜਾਨੈ॥***

ਫਿਰ ਤਾਂ ਇੱਕ ਨੂੰ ਜਾਣ ਲਏਗਾ, ਇੱਕ ਦਾ ਗਿਆਤਾ ਹੋ ਜਾਏ ਗਾ ਤੇ ਜਿਹੜਾ ਸਾਰਿਆਂ ਦੇ ਹਿਰਦਿਆਂ ਚ ਹੈ, ਉਸ ਦਾ ਗਿਆਤਾ ਹੋ ਜਾਏਗਾ।

**ਬੂਝੁ ਰੇ ਗਿਆਨੀ ਮੂਆ ਹੈ ਕਉਣੁ॥**

ਇਹ ਪੰਡਿਤ ਨੂੰ ਕਹਿੰਦੇ ਨੇ ਹੇ ਗਿਆਨੀ ! ਤੂੰ ਬਣਿਆ ਹੋਇਆ ਗਿਆਨੀ ਹੈਂ, ਬੁੱਝ ਹੁਣ ਮਰਨ ਵਾਲੀ ਕਿਹੜੀ ਚੀ ਹੈਗੀ ਇਹਦੀ ? ਸਾਨੂੰ ਦੱਸ ਕਿਹੜੀ ਮਰਨ ਵਾਲੀ ਹੈ ? ਪੰਜਾਂ ਤੱਤਾਂ ਚ ਕੋਈ ਤੱਤ ਮਰਨ ਵਾਲਾ ਹੈ ? ਤੇ ਸਤਾਰਾਂ ਤੱਤਾਂ ਦਾ ਸੂਖਮ ਗੀਰ ਹੈ, ਤੇ ਉਹਦੇ ਚ ਕੋਈ ਮਰਨ ਵਾਲੈ ? ਤੇ ਉਹ ਜਿਹੜਾ ਤੇਰਾ ਕਾਰਣ ਗੀਰ ਹੈ ਅਗਿਆਨ ਦਾ, ਉਹਦੇ ਚੋਂ ਕੋਈ ਮਰਨ ਵਾਲੈ ? ਉਹ ਤਾਂ ਜੜ੍ਹ ਹੈ ਪਹਿਲੇ, ਉਹ ਤਾਂ ਪਹਿਲੇ ਹੀ ਮਰਿਆ ਹੋਇਐ। ਉਹ ਜਿਹੜਾ ਚੇਤਨ, ਦ੍ਰਟਾ ਉਹ ਕਦੇ ਮਰਨੇ ਵਾਲੈ ? ਤੇ ਹੁਣ ਅਸੀਂ ਤੈਨੂੰ ਪੁੱਛਦੇ ਹਾਂ ਬਈ ਮਰਨੇ ਵਾਲੀ ਕਿਹੜੀ ਚੀਜ ਹੈ? ਗੁਰੂ ਸਾਹਿਬ ਕਹਿੰਦੇ ਪੰਡਿਤ ਨੂੰ ਦੱਸੋ ਸਾਨੂੰ।

**ਮੂਈ ਸੁਰਤਿ ਬਾਦੁ ਅਹੰਕਾਰੁ॥**

ਉਹ ਕਹਿੰਦੇ ਮਰੇਗੀ ਤੇਰੀ ਸੁਰਤੀ, ਬਦਲੇਗੀ ਹੰਕਾਰ ਵਾਲੀ। ਉਹ ਨਿਹਚਲ ਦਾਸ ਲਿਖ ਗਿਆ ਵਿਚਾਰ ਸਾਗਰ ਚ ।

***ਏਕ ਸਮੇਂ ਹੀ ਭਾਂਨ ਹੋਇ ਸਾਖੀ ਅਰੁ ਆਭਾਸ।***
***ਦੂਜੋ ਚੇਤਨ ਕੋ ਵਿੈ ਸਾਖੀ ਸਵਯੰ ਪ੍ਰਕਾਸ॥***

(ਨਿਹਚਲਦਾਸ, ਵਿਚਾਰ ਸਾਗਰ ੪/੧੧੬)

ਉਹ ਕਹਿੰਦਾ ਇਕੋ ਸਮੇਂ ਜਲ ਦੇ ਵਿੱਚ ਜਲ ਦਾ ਚੰਦਰਮਾ ਤੇ ਅਸਲੀ ਚੰਦਰਮਾ ਹੋਣਗੇ ਤਾਂ ਤੈਨੂੰ ਦਿੱਸੇਗਾ। ਸੂਰਜ ਹੋਏਗਾ ਤਾਂ ਸੂਰਜ ਦਾ ਪ੍ਰਤਿਬਿੰਬ ਤੈਨੂੰ ਜਲ ਦੇ ਵਿੱਚ ਦਿੱਸੇਗਾ। ਉਹ ਇਕ ਸਮੇਂ ਹੋਏਗਾ ਇਹ ਨਿਯਮ ਹੈ। ਇਸ ਕਰਕੇ ਜਿਹਨੂੰ ਤੂੰ ਇਕ ਚੇਤਨ ਜੀਵ ਕਹਿੰਦਾ ਹੈਂ ਔਰ ਪਰਮੇਰ ਇੱਕੋ ਹੀ ਸਮੇਂ ਹੁੰਦੇ ਨੇ। ਦੂਜਾ ਕਉਣ ਹੈ ਬਿਰਤੀ ਸਹਿਤ ਅਭਾਸ, ਜੀਹਨੂੰ ਜੀਵ ਕਹਿੰਦੇ ਨੇ, ਉਹ ਚੇਤਨ ਦੇ ਵਿੇ ਹੈ। ਅਖੇ, ਜੀ ਚੇਤਨ ਕੀਹਦੇ ਵਿੇ ਹੈ ? ਚੇਤਨ ਸਵੰ ਪ੍ਰਕਾ। ਉਹ ਤਾਂ ਸੁੱਤੇ ਸਿੱਧ ਤੇ **ਸੈਭੰ** ਸੁਤੇ ਪ੍ਰਕਾ ਹੈ।

**ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥**

ਏਸ ਕਰਕੇ ਉਹ ਮਰਨੇ ਵਾਲਾ ਨਹੀਂ ਹੈਗਾ। ਇਹ ਮੀਨਰੀ ਦੀ ਅੰਦਰੋਂ ਆਵਾਜ ਆਉਂਦੀ ਹੈ, ਇਹ ਕੋਈ ਰੱਬ ਦੀ ਆਵਾ ਨਹੀਂ ਹੁੰਦੀ। ਜੇ ਇਹ ਰੱਬ ਦੀ ਆਵਾ ਹੈ ਤਾਂ ਲਿਖ ਲਉ, ਗ੍ਰੰਥ ਬਣਾ ਲਉ ਤੁਸੀਂ। ਆਹ (ਗੁਰੂ ਗ੍ਰੰਥ ਸਾਹਿਬ) ਰੱਬ ਦੀ ਆਵਾ ਹੈ, ਆਹ ਤੁਹਾਡੇ ਸਾਹਮਣੇ ਲਿਖੀ ਪਈ ਹੈ। ਇਹੋ ਜਿਹਿਆਂ ਧੰਦਿਆਂ ਵਿੱਚ ਨਾ ਭੁੱਲਿਆ ਕਰੋ ਕਦੇ ਤੁਸੀਂ। ਐਨ ਅਸਲੀ ਚੀ ਨੂੰ ਜਾਣੋ।

**ਮੂਈ ਸੁਰਤਿ ਬਾਦੁ ਅਹੰਕਾਰੁ॥**

ਬੇਅਰਥ ਜਿਹੜਾ ਤੈਂ ਹੰਕਾਰ ਕੀਤਾ ਹੋਇਐ ਜਾਤੀ ਦਾ, ਮਜਹਬ ਦਾ, ਗੀਰ ਦਾ, ਫਲਾਣਾ ਧਿਮਕਾ, ਵਿੱਦਿਆ ਦਾ, ਇਹ ਨਿਹਫਲ ਨੇ ਸਾਰੇ, ਤੇ ਤੇਰੀ ਸੁਰਤੀ ਵੀ। ਕਿਉਂ ? ਇਹ ਪਰਤਾ ਪ੍ਰਕਾ ਹੈ, ਸੁਤੇ ਪ੍ਰਕਾ ਤਾਂ ਤੂੰ ਹੀ ਹੈਂ, ਤੇਰੇ ਤੇ ਬਿਨਾਂ ਦੁਨੀਆਂ ਚ ਕੋਈ ਸੁਤੇ ਪ੍ਰਕਾ ਨਹੀਂ। ਜਦ ਉਹ ਮੰਡਨ ਮਿਰ ਕੋਲ ਗਿਆ ੰਕਰ ਅਚਾਰੀਆ ਕਮੀਰ ਮੇਂ੍ਹੀ ਨਗਰ। ਉਹਦੇ ਬਾਹਰ ਲਿਖਿਆ ਸੀ ਪਰਤਾ ਪ੍ਰਕਾ ਨਿਆਇ ਦਾ ਬੜਾ ਭਾਰੀ ਪੰਡਿਤ ਸੀ। ਤੇਂ ਕਰ ਅਚਾਰੀਆ ਨੇ ਸੁਤੇ ਪ੍ਰਕਾ ਲਿਖਿਆ। ਉਹ ਜਦ ਨਿਕਲਣੇ ਲੱਗਿਆ ਅੱਖੇ ਕੌਣ ਹੈ ਲਿਖਣੇ ਵਾਲਾ ? ਉਹ ਆਖਦਾ ਮੈਂ ਹਾਂ। ਅਖੇ ਸਿੱਧ ਕਰੇਂਗਾ ? ਉਹ ਕਹਿੰਦਾ ਹਾਂ ਕਰੂੰਗਾ। ਚੱਲ ਾਸਤ੍ਰਾਰਥ ਕਰ। ਕੋਈ ਉਹਨਾਂ ਨੂੰ ਮਧਿਅਸਤ ਨਾ ਮਿਲੇ।ੰਕਰ ਅਚਾਰੀਆ ਨੇ ਆਖਿਆ ਜੇ ਕੋਈ

ਮਧਿਅਸਤ ਨਹੀਂ, ਤੇਰੀ ਜਿਹੜੀ ਧਰਮ ਪਤਨੀ ਹੈ ਉਹਨੂੰ ਮਧਿਅਸਤ ਬਣਾ ਲੈ। ਉਹ ਕਹਿੰਦਾ, ਤੁਹਾਨੂੰ ਮਨਜੂਰ ਹੈ? ਉਹ ਕਹਿੰਦਾ ਹਾਂ, ਮੈਨੂੰ ਮਨਜੂਰ ਹੈ। ਜਦ ਸਾਖੀ ਮੇਂ ਗਏ, ਪਰਤਾ ਪ੍ਰਕਾ ਮੇਂ ਸਾਰੇ ਚਲੇ ਗਏ ਨਿਆਏ ਜਿੰਨੇ ਸਾਤਰ ਥੇ। ਸਵਯੰ ਪ੍ਰਕਾ ਤਾਂ ਸਾਖੀ ਸੀ ਤੇ ਉਹਨਾਂ ਨੇ ਆਖਿਆ ਤੂੰ ਸੁਤੇ ਪ੍ਰਕਾ ਹੈਂ ਕਿ ਨਹੀਂ ? ਉਹ ਹਾਰ ਗਿਆ ਤੇ ਜਦ ਉਹਨੇ ਆਪਣੀ ਘਰ ਵਾਲੀ ਧਰਮ ਪਤਨੀ ਨੂੰ ਪੁੱਛਿਆ, ਦੱਸ? ਕਹਿੰਦੀ, ਪਤੀ ਜੀ ਹਾਰ ਤਾਂ ਤੁਸੀਂ ਗਏ, ਹੁਣ ਦੇਖ ਲਉ। ਤਾਂ ਫੇਰ ਉਹ ਮੰਡਨ ਮਿਰ ਚੇਲਾ ਹੋਇਆ ਂ ਕਰ ਅਚਾਰੀਆ ਦਾ, ਉਹਦਾ ਨਾਉਂ ਸੁਰੇ ਅਚਾਰੀਆ ਰੱਖਿਆ। ਉਹਨੇ ਬੜੇ ਗ੍ਰੰਥ ਲਿਖੇ ਨੇ।

ਇਸ ਕਰਕੇ ਉਹ ਪਰਤਾ ਪ੍ਰਕਾ ਹੈ ਸਾਰਾ, ਤੇ ਸੁਤੇ ਪ੍ਰਕਾ ਜਿਹੜਾ ਤੁਹਾਡੀ ਬਿਰਤੀ ਵਿੱਚ ਜੋਤ ਹੈ, ਚੇਤਨ ਉਹ ਹੈ। ਉਹ ਜਿਹੜਾ ਨਿਹਚਲ ਦਾਸ ਨੇ ਲਿਖਿਐ–

***ਚੇਤਨ ਸਾਮਾਨਯ ਨ ਵਿਰੋਧੀ ਤਾਕੋ ਸਾਧਕ ਹੈ***
***ਵ੍ਰਿਤੀ ਮੈਂ ਆਰੂੜ ਵਾ ਵਿਰੋਧੀ ਵ੍ਰਿਤੀ ਜਾਨਿਐ।***

(ਨਿਹਚਲਦਾਸ, ਵਿਚਾਰ ਸਾਗਰ ੫/੧੫੪)

ਜਿਹੜਾ ਤੁਹਾਡੀ ਬਿਰਤੀ ਦੇ ਵਿੱਚ ਇਸਥਿਤ ਹੈ ਚੇਤਨ, ਉਹ ਸੁਯੰ ਪ੍ਰਕਾ ਹੈ, ਉਹ ਸੁਤੇ ਸਿੱਧ ਹੈ, ਉਹ ਤੇਰਾ ਆਪਾ ਹੈ, ਹੋਰ ਤੇਰਾ ਆਪਾ ਕੋਈ ਨਹੀਂ। ਉਹੀ –

***ਖੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖੇਤ੍ਰੇ ਭਾਰਤ।***

(ਗੀਤਾ ੧੩/੨)

ਉਹ ਸਾਰੇ ਛੇਤਰਾਂ ਦੇ ਵਿੱਚ ਬੈਠੈ ਉਹ ਕੇਤ੍ਰਗਯ। ਭਗਵਾਨ ਕ੍ਰਿਨ ਕਹਿੰਦੇ ਜਿਹੜਾ ਮੇਰਾ ਛੇਤਰੱਗਯ ਹੈ ਉਹ ਸਾਰਿਆਂ ਛੇਤਰਾਂ ਵਿੱਚ ਹੈ। ਇਹੀ ਗਿਆਨ ਹੈ ਮੇਰੇ ਮਤ ਮੇਂ।

**ਓਹੁ ਨ ਮੂਆ ਜੋ ਦੇਖਣਹਾਰੁ॥**

ਤੇ ਦ੍ਰਟਾ ਤਾਂ ਕਦੇ ਮਰਿਆ ਹੀ ਨਹੀਂ ਅੱਜ ਤੱਕ। ਉਹ ਦੇਖਣੇ

ਵਾਲਾ ਨਹੀਂ ਮਰਿਆ ਭਾਈ। ਉਹ ਜਿਹੜਾ ਪਾਰਖ ਹੈ, ਉਹ ਨਹੀਂ ਮਰਨੇ ਵਾਲਾ। ਜਿਹੜਾ ਦਾਨਾ ਬੀਨਾ ਹੈ, ਉਹ ਨਹੀਂ ਮਰਨੇ ਵਾਲਾ, ਉਹ ਤਾਂ ਵਿਆਪਕ ਚੇਤਨ ਹੈ।

**ਜੈ ਕਾਰਣਿ ਤਟਿ ਤੀਰਥ ਜਾਹੀ॥**

ਉਹ ਕਹਿੰਦਾ ਤੀਰਥਾਂ ਦੇ ਕਿਨਾਰੇ ਤੇ ਜਾਕੇ ਤਪ ਕਰਾਂਗੇ, ਫਿਰ ਮਨ_ੱਧ ਹੋਏਗਾ। ਉਹ ਕਹਿੰਦਾ ਜਿਸ ਵਾਸਤੇ ਤੈਂ ਤੀਰਥਾਂ ਦੇ ਕਿਨਾਰਿਆਂ ਤੇ ਜਾਣੈ–

**ਰਤਨ ਪਦਾਰਥ ਘਟ ਹੀ ਮਾਹੀ॥**

ਰਤਨ, ੱਧ ਪਦਾਰਥ, ਚੇਤਨ, ਸਾਖੀ, ਦ੍ਰਟਾ, ਵਿਆਪਕ ਤੇਰੇ ਅੰਦਰ ਬੈਠੈ। ਉਹ ਤੇਰੇ–

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਮੈਂ ਵੀ ਇਹ ਬਾਤ ਦੇਖੀ ਗ੍ਰੰਥਾਂ ਦੀ। ਪੰਡਿਤ ਰਾਮ ਸਿਹੁੰ ਹੋਰੀਂ ਮੈਨੂੰ ਦੱਸਦੇ ਹੁੰਦੇ ਸੀ, ਜੋਤ ਸਾਰਿਆਂ ਦੇ ਵਿੱਚ ਹੈ। ਉਹ ਕਹਿੰਦੇ– ਉਹ ਸਾਰਿਆਂ ਵਿੱਚ ਹੈ, ਇਹ ਬਾਤ ਜਦ ਆਊ –

***ਈਵਰ: ਸਰਵ ਭੂਤਾਨਾਂ ਹਿਰਦੇ ਦੌ ਅਰਜੁਨ ਤਿਠਤਿ।***

(ਗੀਤਾ ੧੮/੬੧)

ਇਹ ਤੇਰੇ ਹਿਰਦੇ ਵਿੱਚ ਹੈ ਅਰਜੁਨ! ਤੇ ਗੁਰੂ ਸਾਹਿਬ ਵੀ–

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***

ਫਕੀਰ ਵੀ ਸਾਰੇ ਇਹੀ ਕਹੇਂਗੇ। ਇਸ ਕਰਕੇ ਜਿਹੜਾ ਥੋਡੇ ਹਿਰਦੇ ਚ ਬੈਠੈ, ਉਹ ਆਪਾ ਹੈ, ਉਹ ਸਹੀ ਹੈ, ਉਹ ਵਿਆਪਕ ਹੈ।

**ਪੜਿ ਪੜਿ ਪੰਡਿਤੁ ਬਾਦੁ ਵਖਾਣੈ॥**

ਪੰਡਿਤ ਤੈਂ ਪੜ੍ਹ ਪੜ੍ਹ ਖਟ ਾਸਤਰ, ਵਾਦ ਹੀ ਵਖਿਆਣ ਕੀਤੈ, ਤੈਨੂੰ ਅਸਲੀ ਵਸਤੂ ਨਹੀਂ ਲੱਭੀ।

ਚੱਲ ਅੱਗੇ –

**ਭੀਤਰਿ ਹੋਦੀ ਵਸਤੁ ਨ ਜਾਣੈ॥**

ਉਹ ਆਤਮ ਵਸਤੂ ਤਾਂ ਤੇਰੇ ਹਿਰਦੇ ਦੇ ਵਿੱਚ ਹੈ, ਤੇਰੇ ਮਨ ਦੇ ਵਿੱਚ ਹੈ, ਭੀਤਰ ਹੈ।

***ਪੂਜਨ ਚਾਲੀ ਬ੍ਰਹਮ ਠਾਇ॥***
***ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ ੧॥***
***ਜਹਾ ਜਾਈਐ ਤਹ ਜਲ ਪਖਾਨ॥***
***ਤੂ ਪੂਰਿ ਰਹਿਓ ਹੈ ਸਭ ਸਮਾਨ॥*** (ਪੰਨਾ ੧੧੯੫)

ਉਹ ਕਹਿੰਦਾ ਤੂੰ ਤਾਂ ਸਾਰੇ ਵਿਆਪਕ ਸੀ, ਗੁਰੂ ਦੇ ਬਿਨਾਂ ਲੱਭਿਆ ਨਹੀਂ ਸੀਗਾ। ਇਸ ਕਰਕੇ ਪੜ੍ਹ ਪੜ੍ਹ ਕੇ ਪੰਡਿਤ ਤੈਂ ਵਖਿਆਣ ਕੀਤੇ ਤੇ ਵਿਵਾਦ ਕੀਤਾ। ਤੈਨੂੰ ਆਤਮ ਵਸਤੂ ਨਹੀਂ ਪੰਡਿਤ ਲੱਭੀ, ਜੇ ਆਤਮ ਵਸਤੂ ਪ੍ਰਾਪਤ ਹੋ ਜਾਂਦੀ ਤਾਂ ਤੈਨੂੰ ਹਰਖ ਸੋਗ ਨਾ ਹੁੰਦਾ।

**ਹਉ ਨ ਮੂਆ ਮੇਰੀ ਮੁਈ ਬਲਾਇ॥**

ਇਹ ਜੁਆਬ ਹੈ। ਪੰਡਿਤ ਆਂਹਦਾ ਜੀ ਫਿਰ ਤੁਸੀਂ ਨਹੀਂ ਮਰੋਂਗੇ ? ਇੱਥੇ ਗੁਰੂ ਸਾਹਿਬ ਨੇ ਸਾਫ ਕਿਹਾ –

***ਹਉ ਨ ਮੂਆ ਮੇਰੀ ਮੁਈ ਬਲਾਇ॥***
***ਓਹੁ ਨ ਮੂਆ ਜੋ ਰਹਿਆ ਸਮਾਇ॥***

ਉਹ ਕਹਿੰਦਾ ਮੈਂ ਮਰਨ ਵਾਲਾ ਨਹੀਂ, ਮੇਰੀ ਬਲਾ ਚਲੀ ਗਈ। ਮੇਰੀ ਅਵਿੱਦਿਆ ਜੋ ਅਧਿਅਸਤ, ਝੂਠੀ ਸੀ, ਉਹ ਨਾ ਹੋ ਗਈ। ਮੈਂ ਮਰਨੇ ਵਾਲਾ ਨਹੀਂ। ਕਦੇ ਵਿਆਪਕ ਮਰਿਐ ਅੱਜ ਤੱਕ ? ਉਹ ਸਾਰੇ ਤਾਂ ਪਹਿਲਾਂ ਹੀ ਵਿਆਪਕ ਹੈ। ਕਿੱਥੇ ਮਰਕੇ ਜਾਊਗਾ। ਕੋਈ ਜਗ੍ਹਾ ਤਾਂ ਹੈ ਨਹੀਂ ਉਹਦੇ ਜਾਣ ਦੀ, ਉਹ ਆਪ ਹੀ ਹੈ ਸਾਰੇ। ਇਸ ਕਰਕੇ ਉਹ ਵਿਆਪਕ ਕਦੇ ਮਰਨ ਵਾਲਾ ਨਹੀਂ ਪੰਡਿਤ! ਉਹ ਅਜਰ, ਅਮਰ ਹੈ। ਉਹ ਨਿਰਵਿਕਾਰ ਹੈ, ਅਬਿਨਾਗੀ ਹੈ, ੁੱਧ ਹੈ।

***ਹਉ ਨ ਮੂਆ ਮੇਰੀ ਮੁਈ ਬਲਾਇ॥***
***ਓਹੁ ਨ ਮੂਆ ਜੋ ਰਹਿਆ ਸਮਾਇ॥***

***ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥***
***ਮਰਤਾ ਜਾਤਾ ਨਦਰਿ ਨ ਆਇਆ॥*** (ਪੰਨਾ ੧੫੨)

ਉਹ ਜਨਮ ਮਰਨ ਵਾਲਾ ਨਹੀਂ ਹੈ, ਜਿਹੜਾ ਤੁਹਾਨੂੰ ਸਾਰਾ ਸੰਸਾਰ ਦਿਖਾਉਂਦਾ ਹੈ, ਤੇ ਆਪ ਦੇਖਦੈ। ਉਹ ਤੁਹਾਡੀ ਬੁੱਧੀ ਉੱਧਰ ਨੂੰ ਝੁਕਦੀ ਹੈ, ਜਦ ਤੁਹਾਨੂੰ ਉਹਦਾ ਕੁੱਝ ਥੋੜਾ ਜਿਹਾ ਪਤਾ ਚਲਦੈ। ਉਹ ਦੇਖਣ ਵਾਲਾ ਵਿਆਪਕ ਪਰਮੇਰ ਜਨਮ ਮਰਨ ਤੇ ਰਹਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਭਾਈ ਮੈਂ ਜਨਮ ਮਰਨ ਵਾਲਾ ਨਹੀਂ, ਮੈਂ ਤਾਂ ਹਮੇ ਰਹਿਣੇ ਵਾਲਾ ਹਾਂ।

***ਜਨਮਿ ਨ ਮਰੈ ਨ ਆਵੈ ਨ ਜਾਇ॥***
***ਨਾਨਕ ਕਾ ਪ੍ਰਭੁ ਰਹਿਓ ਸਮਾਇ॥*** (ਪੰਨਾ ੧੧੩੬)

ਨਾਨਕ ਦਾ ਪ੍ਰਭੂ ਤਾਂ ਵਿਆਪਕ ਹੈ, ਇਸ ਕਰਕੇ ਉਹ ਜਨਮ ਮਰਨ ਵਾਲਾ ਨਹੀਂ, ਜਨਮ ਮਰਨ ਵਾਲਾ ਕੋਈ ਵੀ ਨਹੀਂ। ਪਰਮੇਰ ਸਾਰਿਆਂ ਚ ਉਪਾਧੀ ਭੇਦ ਤੇ ਬੈਠੈ, ਸਭ ਦੀਆਂ ਬਿਰਤੀਆਂ ਚ ਬੈਠੈ, ਸਭ ਦਾ ਆਪੈ। ਇਸ ਕਰਕੇ ਅਬਿਨਾਸੀ ਹੈ, ੁੱਧ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

## ੨੯

**ਸੋਰਠਿ ਮਹਲਾ ੫ ॥**

**ਗੁਰਿ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥**
**ਕਰਿ ਇਸਨਾਨੁ ਗ੍ਰਿਹਿ ਆਏ॥ ਅਨਦ ਮੰਗਲ ਸੁਖ ਪਾਏ॥ ੧॥**
**ਸੰਤਹੁ ਰਾਮ ਨਾਮਿ ਨਿਸਤਰੀਐ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ॥ ੧॥ ਰਹਾਉ॥**
**ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥**
**ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥ ੨॥**
**ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥**
**ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥**
**ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ॥੪॥** (ਪੰਨਾ ੬੨੧)

ਸਾਰੀ ਸੰਗਤ ਕਿਰਪਾ, ਦਇਆ ਤੇ ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਹੁਕਮਨਾਮਾ ਰੱਬੀ ਬਾਣੀ ਦਾ, ਗੁਰੂ ਪੰਚਮ ਪਾਤਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਆਇਆ ਹੈ। ਰੱਬੀ ਬਾਣੀ ਦਾ ਜੋ ਉਪਦੇ ਹੁੰਦੈ, ਉਹ ਉਪਦੇ ਚਹੁ ਵਰਨਾਂ ਕਉ ਸਾਂਝਾ ਹੁੰਦੈ। ਇਹ ਗੁਰੂ ਗ੍ਰੰਥ ਸਾਹਿਬ ਦਾ ਜੋ ਉਪਦੇ ਹੈ, ਇਹ ਚਹੁ ਵਰਨਾਂ ਨੂੰ ਸਾਂਝਾ ਹੈ। ਕਿਉਂ? ਗਿਆਨ ਹੁੰਦਾ ਹੀ ਸਾਂਝਾ ਹੈ, ਇਹ ਨਿਯਮ ਹੈ ਇੱਕ। ਗਿਆਨ

ਦੀ ਵੰਡ ਅੱਜ ਤੱਕ ਕੋਈ ਪੈਗੰਬਰ ਨਾ ਗੁਰੂ, ਕਰ ਨਹੀਂ ਸਕਿਆ। ਜੇ ਕਰ ਸਕਿਐ ਤਾਂ ਦੱਸ ਦਿਉ ਤੁਸੀਂ। ਗਿਆਨ ਹੁੰਦਾ ਹੀ ਸਾਂਝਾ ਹੈ। ਇਹਦੇ ਵਿੱਚ ਗਿਆਨ ਹੈ। ਇਹ ੁੱਧ ਗਿਆਨ ਹੈ। ਇਸ ਕਰਕੇ ਉਹ ਗੁਰੂ ਦੁਆਰਾ ਬਦ ਜੋ ਆਇਐ ਉਹ ਇਹਨਾਂ ਨੇ ਹੁਣੇ ਪੜ੍ਹਿਐ। ਉਹਦੀ ਜਿਹੋ ਜਿਹੀ ਵਿਆਖਿਆ ਸਾਡਾ ਮਨ, ਪਰਮੇਰ ਦੀ ਕਿਰਪਾ ਤੇ ਸਾਡੀ ਬੁੱਧੀ ਕਰੇਗੀ, ਕਰਾਂਗੇ। ਇਹਦਾ ਮਤਲਬ ਇਹ ਹੈ **ਗੁਰੂ** ਪਦ ਹੀ ਇੱਕ ਇਹੋ ਜਿਹਾ ਹੈ। ਦੁਨੀਆਂ ਦੇ ਵਿੱਚ ਪਹਿਲਾ ਪਦ ਹੀ ਗੁਰੂ ਹੈ। ਜੇ ਤੁਸੀਂ ਆਖੋ, ਰੱਬ ਬੜਾ ਹੈ – ਨਾ, ਨਾ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਤੇ

***ਗੁਰੁ ਪਰਮੇਸਰ ਏਕੋ ਜਾਣੁ॥***
***ਜੋ ਤਿਸੁ ਭਾਵੈ ਸੋ ਪਰਵਾਣੁ॥*** (ਪੰਨਾ ੮੬੪)

ਗੁਰੂ ਅਤੇ ਪਰਮੇਰ ਇੱਕੋ ਹੁੰਦਾ ਹੈ। ਚੇਤਨ ਇੱਕ ਹੈ, ਸਤਿ ਇੱਕ ਹੈ। ਕਪਿਲਮੁਨੀ ਜਦ ਦੋ ਸਤਿ ਕਹਿ ਬੈਠਾ, ਜਿਤਨੇ ਵੀ ਉਹਨੇ ਕਥਨ ਕੀਤੇ ਸੇ, ਉਹਨੇ ਦੋ ਸਤਿ ਕਹਿਤੇ ਜੀਵ ਤੇ ਈਰ। ਬਿਆਸ ਨੇ ਪੁੱਛਿਆ ਸਤਿ ਇਕ ਹੈ ਕਿ ਦੋ ? ਉਹ ਕਹਿੰਦਾ ਇੱਕ। ਉਹ ਕਹਿੰਦਾ ਫੇਰ ਦੋ ਕਿਉਂ ਕਹੇ ? ਇਹਦਾ ਜਿਹੜਾ ਾਸਤਰ ਹੈ ਸਾਂਖ, ਇਸ ਕਰਕੇ ਭੇਦਵਾਦੀ ਹੈ। ਨਹੀਂ ! ਸਤਿ ਇਕ ਹੁੰਦੈ। ਪਰ ਇਹਦੇ ਵਿੱਚ ਇਕ ਬਾਤ ਹੈ। ਹੁਣ ਤੂੰ ਪਹਿਲੀ ਪੰਕਤੀ ਪੜ੍ਹ ਭਾਈ –

**ਸੋਰਠਿ ਮਹਲਾ ੫ ॥**

ਸੋਰਠਿ ਰਾਗ ਦੇ ਵਿੱਚ ਪੰਚਮ ਪਾਤਾਹ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਨੇ।

**ਗੁਰਿ ਪੂਰੈ ਕਿਰਪਾ ਧਾਰੀ॥**

ਪੂਰਣ ਗੁਰੂ ਨੇ ਕਿਰਪਾ ਧਾਰੀ। ਪੂਰਣ ਗੁਰੂ ਤੁਹਾਨੂੰ ਪਤੈ ਕੌਣ ਸੀ

? ਉਹ ਸੰਤ ਸੀ, ਉਹਦਾ ਨਾਉਂ ਦੁਨੀਆਂ ਦੇ ਵਿੱਚ ਗੁਰੂ ਰਾਮਦਾਸ ਵੀ ਪ੍ਰਸਿੱਧ ਹੈ। ਗੁਰੂ ਇਕ ਐਸੀ ਪਦਵੀ ਹੈ।

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥*** (ਪੰਨਾ ੧੨੩੭)

ਹੋਰ ਕਿਸੇ ਦੇ ਹੱਥ ਵਿੱਚ ਕੁੰਜੀ ਨਹੀਂ। ਕਬੀਰ ਸਾਹਿਬ ਨੇ ਲਿਖਿਆ ਹੈ –

***ਕਬੀਰ ਸੇਵਾ ਕਉ ਦੋਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*** (ਪੰਨਾ ੧੩੭੩)

ਸੰਤ ਕੈਸੇ ਬਣਦੈ ?

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
***ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥*** (ਪੰਨਾ ੧੩੮੮)

ਸੰਤ ਜਿਹੜਾ ਰੱਬ ਦਾ ਕੀਤਾ ਹੋਊ, ਉਹਨੂੰ ਤੁਸੀਂ ਹਟਾ ਦਿਉਂਗੇ? ਜਿਹੜਾ ਆਪੇ ਸੰਤ ਬਣ ਜੂ, ਉਹ ਰਹਿ ਜੂ ਸੰਤ? ਉਹ ਆਪ ਟੱਕਰਾਂ ਮਾਰਦਾ ਫਿਰਦੈ। ਸੰਤ ਤਾਂ ਪਰਮੇਰ ਬਣਾਉਂਦਾ ਹੁੰਦੈ।

***ਬ੍ਰਹਮ ਗਿਆਨੀ ਸੇ ਜਨ ਭਏ॥***
***ਨਾਨਕ ਜਿਨ ਪ੍ਰਭੁ ਆਪਿ ਕਰੇਇ॥*** (ਪੰਨਾ ੨੭੨)

ਇਹ ਕੰਮ ਤਾਂ ਰੱਬ ਦੇ ਪਾਸ ਹੈ, ਕਿਸੇ ਹੋਰ ਆਦਮੀ ਦੇ ਪਾਸ ਤਾਂ ਨਹੀਂ। ਉਹ ਰੱਬ ਦੇ ਜਿਹੜੇ ਭੇਜੇ ਹੋਏ ਨੇ, ਉਹਨਾਂ ਦੇ ਪਾਸ ਹੈ। ਹਾਂ, ਤੈਂ ਇਹ ਕੰਮ ਕਰਨੈ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
***ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥*** (ਪੰਨਾ ੧੩੮੮)

ਉਹ ਕਿਰਪਾ ਕਰਕੇ ਰੱਬ ਨੇ ਸੰਤ ਬਣਾਇਆ। ਗੁਰੂ ਅਰਜਨ ਦੇਵ ਜੀ ਕਹਿੰਦੇ –

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਸੰਤ ਦੇ ਸੰਗ ਨਾਲ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਮੇਂ ਕਹਿੰਦੇ, ਅਸੀਂ ਅਪਣੇ ਅੰਦਰ ਰੱਬ ਦੇਖਿਆ। ਹੁਣ ਸਾਨੂੰ ਉਹ ਕਦੇ ਭੁੱਲਦਾ ਨਹੀਂ। ਪਰ ਤੁਸੀਂ ਐਂ ਸਮਝੋ, ਉਹ ਸਾਰਿਆਂ ਦੇ ਅੰਦਰ ਨਹੀਂ ਬੈਠਾ ਹੋਇਆ ?

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥*** (ਪੰਨਾ ੧੩)

ਜਿੰਨਾ ਚਿਰ ਗੁਰੂ ਬ੍ਰਹਮ ਗਿਆਨੀ ਸਾਖੀ ਨਹੀਂ ਹੋਊ, ਉਹ ਜੋਤ ਪ੍ਰਗਟ ਹੋ ਜਾਏਗੀ ਤੁਹਾਡੀ ? ਜੇ ਕਿਸੇ ਦੀ ਹੋ ਗਈ ਤਾਂ ਦੱਸੋ ? ਉਹ ਬਾਬਾ ਬੁੱਢਾ ਜਦ ਗਿਆ, ਉਹਨੂੰ ਜਾਂਦੇ ਨੂੰ ਹੀ ਸੰਤ ਬਣਾ ਦਿੱਤਾ ਗੁਰੂ ਨਾਨਕ ਦੇਵ ਨੇ। ਤੇ ਉਹ ਸੰਤ ਵੀ ਕਿਸੇ ਦੀ ਕਿਰਪਾ ਤੇ ਬਣਦਾ ਹੁੰਦੈ। ਪਰ ਪ੍ਰੇਮਾ ਭਗਤੀ ਦੇ ਨਾਲ, ਸਿਮਰਨ ਦੇ ਨਾਲ ਸੰਤ ਬਣਦੈ। ਇਹ ਚੀ ਇਹੋ ਜਿਹੀ ਹੈ।

***ਸਿਮਰਿ ਸਿਮਰਿ ਨਾਮ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਜੀਵ ਦਾ ਅਧਾਰ ਸਿਮਰਨ ਹੀ ਹੈ। ਗੁਰੂ ਘਰ ਦੀਆਂ ਦੋ ਵਸਤਾਂ ਨੇ , ਸਿਮਰਨ ਤੇ ਸੇਵਾ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸੁ ਕਉ ਹੋਤ ਪਰਾਪਤਿ ਸੁਆਮੀ॥*** (ਪੰਨਾ ੨੮੬)

ਸਿਮਰਨ ਔਰ ਸੇਵਾ ਮੇਂ ਇਹ ਉੱਚਾ ਚਲਦੈ। ਜੇ ਦੋਨੋ ਛੱਡ ਬੈਠੇ ਤਾਂ ਦੋਨੋ ਫਰ (ਖੰਭ) ਤੋੜ ਬੈਠਾ ਅਪਣੇ। ਫਿਰ ਉੱਡਣ ਦੀ ਇਹਦੇ ਚ ਤਾਕਤ ਹੀ ਨਹੀਂ ਰਹਿੰਦੀ। ਇਸ ਕਰਕੇ ਪਹਿਲਾਂ ਤੁਸੀਂ ਸਿਮਰਨ ਫੜਨੈ, ਫਿਰ ਨਿਕਾਮ ਸੇਵਾ ਕਰਨੀ ਹੈ, ਤੁਸੀਂ ਅਪਣੇ ਆਪ ਉਡੋਂਗੇ ਰੱਬ ਦੀ ਕਿਰਪਾ ਤੇ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*** (ਪੰਨਾ ੭੧੪)

ਹੋਰ ਵੀ ਕਿਹੈ-

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***

(ਪੰਨਾ ੬੩੨)

ਅਜਾਮਲ ਨੇ ਕਿੰਨਾ ਕੁ ਜਪਿਆ ਸੀ, ਪਰ ਸੰਤ ਦੀ ਕਿਰਪਾ ਤੇ ਉਹਨੇ ਨਾਮ ਨਹੀਂ ਛੱਡਿਆ, ਉਹਦੇ ਪਾਪ ਸਾਰੇ ਧੋਤੇ ਗਏ, ਉਹਦਾ ਨਿਸਤਾਰਾ ਹੋ ਗਿਆ, ਮੋਕ ਹੋ ਗਈ। ਤੁਸੀਂ ਇਸ ਬਾਤ ਵੱਲ ਦੇਖਣੈ ਬਈ ਸਿਮਰਨ ਸਾਡਾ ਚਲਦਾ ਹੈ ?

***ਸਭ ਮਹਿ ਜੋਤਿ ਜੋਤਿ ਹੈ ਸੋਇ॥***

***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*** (ਪੰਨਾ ੧੩)

ਉਹ ਜਿਹੜੀ ਜੋਤ ਹੈ, ਉਹ ਸਾਰਿਆਂ ਦੇ ਵਿੱਚ ਨਹੀਂ ਹੈ ਚਾਰ ਖਾਣੀਆਂ ਦੇ ? ਤੁਹਾਨੂੰ ਮੈਂ ਇਕ ਬਾਤ ਪੁੱਛਦਾਂ, ਤੁਸੀਂ ਅਪਣੀਆਂ ਬਿਰਤੀਆਂ ਰਜੋ, ਤਮੋ, ਸਤੋ ਉਠਦੀਆਂ ਨੇ, ਸੰਕਲਪ, ਉਹਨਾਂ ਨੂੰ ਜੋਤ ਨਾਲ ਦੇਖਦੇ ਹੋਂ ਕਿ ਹੋਰ ਕਾਸੇ ਨਾਲ ਦੇਖਦੇ ਹੋਂ ? ਮੈਂ ਤੁਹਾਨੂੰ ਪੁੱਛਦਾਂ, ਬੋਲਦਾ ਹੁਣ ਕੋਈ ਨਹੀਂ। ਜੋਤ ਨਾਲ ਹੀ ਦੇਖਦੇ ਹੋਂ ਕਿ ਹੋਰ ਵੀ ਕੁੱਛ ਹੈ ਉੱਥੇ ? ਉੱਥੇ ਤਾਂ ਚਾਨਣ, ਜੋਤ ਹੀ ਹੈ। ਪਰ ਬਿਰਤੀਆਂ ਨੂੰ ਤਾਂ ਤੁਸੀਂ ਜਾਣਦੇ ਹੋਂ ਕਿ ਬਈ ਇਹ ਜੀ ਮੇਰੀ ਬਿਰਤੀ ਤਮੋ ਗੁਣ ਹੋ ਗਈ, ਮੇਰੀ ਰਜੋ ਗੁਣ ਹੋ ਗਈ, ਸਤੋ ਗੁਣ ਹੋ ਗਈ, ਦੇਖਦੇ ਵੀ ਹੋਂ। ਕਿਸੇ ਨੂੰ ਤੁਸੀਂ ਪੁੱਛਦੇ ਨਹੀਂ। ਜੇ ਕੋਈ ਆਖੇ ਉਏ ਤੇਰਾ ਤਾਂ ਇਹ ਖਿਆਲ ਹੈ ? ਕਹਿੰਦਾ ਮੇਰਾ ਤਾਂ ਆਹ ਖਿਆਲ ਹੈ, ਉਹ ਦੇਖਕੇ ਹੀ ਕਹਿੰਦੇ ਹੋਂ। ਪਰ ਤੁਹਾਨੂੰ ਇਕ ਮੈਂ ਬਾਤ ਪੁੱਛਦਾਂ, ਤੁਸੀਂ ਕਦੇ ਬਿਰਤੀਆਂ ਤੋਂ ਅਲਹਿਦਾ ਹੋਕੇ ਵੀ ਦੇਖਿਐ ਅੱਜ ਤੱਕ ਆਪ ਨੂੰ ? ਕੋਈ ਬੋਲਦਾ ਹੀ ਨਹੀਂ।

ਪਤੰਜਲ ਨੇ ਸਾਰਾ ਜੋਰ ਲਾਕੇ ਯੋਗ ਦਾ ਇਕ ਸੂਤਰ ਕਿਹਾ -

***ਤਦਾ ਦ੍ਰਟੂ ਸਰੂਪੇ ਅਵਸਥਾਨੰ॥*** (ਉਪਨਿਦ)

ਓਹ ਕਹਿੰਦਾ ਓਏ! ਤੂੰ ਸਰੂਪ ਦੇ ਵਿੱਚ ਇਸਥਿਤ ਹੋ ਜਾ । ਉਹ ਜਿਹੜਾਤੇਰਾ ਦ੍ਰਟਾ ਸਰੂਪ ਹੈ, ਉਹਦੇ ਵਿੱਚ ਇਸਥਿਤ ਹੋ ਜਾ।

***ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥ ੨॥***

***ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥***

***ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥***

***ਹਉ ਨ ਮੂਆ ਮੇਰੀ ਮੁਈ ਬਲਾਇ। ਓਹੁ ਨ ਮੂਆ ਜੋ ਰਹਿਆ ਸਮਾਇ॥***

***ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥***
***ਮਰਤਾ ਜਾਤਾ ਨਦਰਿ ਨ ਆਇਆ॥*** (ਪੰਨਾ ੧੫੨)
***ਜਨਮਿ ਨ ਮਰੈ ਨ ਆਵੈ ਨ ਜਾਇ॥***
***ਨਾਨਕ ਕਾ ਪ੍ਰਭੁ ਰਹਿਓ ਸਮਾਇ॥*** (ਪੰਨਾ ੧੧੩੬)

ਪਰ ਤੁਹਾਡਾ ਗਿਆਨ ਦ੍ਰਿੜ ਨਹੀਂ ਹੈ। ਦ੍ਰਿੜ ਉਦੋਂ ਹੋਏਗਾ ਜਦ ਤੁਸੀਂ ਬਿਰਤੀਆਂ ਨਾਲੋਂ ਇਕ ਵਾਰੀ ਟੁੱਟ ਜਾਉਂਗੇ। ਤੁਸੀਂ ਖਿਆਲ ਤਾਂ ਨਹੀਂ ਹੋਂ, ਖਿਆਲ ਤਾਂ ਮਾਦੈ। ਤੁਸੀਂ ਕਾਮਨਾ ਤਾਂ ਨਹੀਂ ਹੋਂ, ਉਹ ਤਾਂ ਮਾਦੀ ਐ, ਤੁਸੀਂ ਬਿਰਤੀਆਂ ਤਾਂ ਨਹੀਂ ਹੋਂ, ਉਹ ਤਾਂ ਮਾਦੀਆਂ ਨੇ । ਤੁਸੀਂ ਤਾਂ ਰੂਹ ਹੋਂ। ਰੂਹ ਅਤੇ ਮਾਦੇ ਦਾ ਅੱਜ ਤੱਕ ਕਦੇ ਮੇਲ ਨਹੀਂ ਹੋਇਆ।

***ਅਸੰਗੋ ਹੀ ਪੁਰਾ ਅਸੰਗੋ ਨਹੀ ਸਜਯਤੇ।*** (ਉਪਨਿਦ)

ਪੁਰਖ ਚੇਤਨ, ਪਰੀਪੂਰਣ, ਅਸੰਗ ਹੈ, ਅੱਜ ਤੱਕ ਸੰਬੰਧ ਵਾਲਾ ਨਹੀਂ ਹੋਇਆ। ਤੁਹਾਨੂੰ ਭ੍ਰਾਂਤੀ ਪੈ ਗਈ। ਭ੍ਰਾਂਤੀ ਜਿੰਨਾ ਚਿਰ ਹੈ, ਉਨਾਂ ਚਿਰ ਨਹੀਂ ਕੰਮ ਬਣਦਾ।

***ਕਾਹੇ ਰੇ ਬਨ ਖੋਜਨ ਜਾਈ॥***

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥***

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨॥***

(ਪੰਨਾ ੬੮੪)

ਜਿੰਨਾ ਚਿਰ ਤੁਸੀਂ ਅਪਣਾ ਆਪ ਨਹੀਂ ਚੀਨਦੇ ਅਲੱਗ ਹੋਕੇ ਬਿਰਤੀਆਂ ਤੋਂ, ਅਪਣੇ ਆਪ ਨੂੰ ਤੁਸੀਂ ਚੀਨ ਨਹੀਂ ਸਕਦੇ। ਤੇ ਉਹ ਤਾਂ ਸਮਾਧੀ ਹੁੰਦੀ ਹੈ, ਜਦ ਬਿਰਤੀਆਂ ਦਾ ਅਭਾਵ ਹੋ ਗਿਆ।

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਇਹ ਤਾਂ ਸਾਰਾ ਹੀ ਮਿਥਿਆ ਹੈ ਤੇ ਚੇਤਨ ਤਾਂ ਸੱਤ ਹੈ, ਉਹ ਤਾਂ ਵਿਆਪਕ ਹੈ।

***ਸਤਿ ਸਰੂਪੁ ਰਿਦੈ ਜਿਨਿ ਮਾਨਿਆ॥***
***ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥*** (ਪੰਨਾ ੨੮੫)

ਉਹ ਸੱਤ ਸਰੂਪ ਤੁਹਾਡੇ ਹਿਰਦੇ ਦੇ ਵਿੱਚ ਨਹੀਂ ਬੈਠਾ ? ਕਦੇ ਉਹ ਗੈਰ ਹਾਰ ਹੋਇਐ? ਤੁਹਾਡੀਆਂ ਕਿੰਨੀਆਂ ਗੱਲਾਂ ਅੱਠ ਪਹਿਰ ਚ ਬਿਰਤੀਆਂ, ਖਿਆਲ ਚਲਦੇ ਨੇ, ਉਹ ਇੱਕੋ ਹੀ ਰਹੇਗਾ। ਪਰ ਉਹ ਤੁਹਾਡਾ ਆਪੈ। ਉਹ ਮਾਦਾ ਨਹੀਂ, ਉਹ ਤਾਂ ਤੁਹਾਡਾ ਆਪੈ। ਪਰ ਜਦ ਤੁਸੀਂ ਇੱਥੇ ਇਸਥਿਤ ਹੋਵੋਂਗੇ, ਉਦੋਂ ਈਰ ਦੀ, ਗੁਰੂ ਦੀ ਕਿਰਪਾ ਦੁਆਰੇ ਹੀ। ਈਰ, ਗੁਰੂ ਇੱਕੋ ਹੀ ਹੈਂ। ਉਦੋਂ ਤੁਹਾਨੂੰ ਪਤਾ ਲੱਗੇਗਾ ਬਈ ਹੁਣ ਅਸੀਂ ਕਬੂਲ ਹੋਏ। ਉਸੇ ਚਾਨਣ ਨਾਲ ਹੀ ਤੁਸੀਂ ਬਿਰਤੀਆਂ ਦੇਖਦੇ ਹੋਂ। ਉਹ ਚਾਨਣ ਤਾਂ ਵਿਆਪਕ ਹੈ,ੁ ੱਧ ਹੈ, ਪਰੀਪੂਰਣ ਹੈ, ਦ੍ਰਟਾ ਹੈ, ਜਨਮ ਮਰਨ ਤੇਰਹਿਤ ਹੈ, ਉਹ ਵਿਆਪਕ ਹੈ। ਹਾਂ–

***ਹਉ ਨ ਮੂਆ ਮੇਰੀ ਮੁਈ ਬਲਾਇ॥***

***ਓਹੁ ਨ ਮੂਆ ਜੋ ਰਹਿਆ ਸਮਾਇ॥*** (ਪੰਨਾ ੧੫੨)

ਗੁਰੂ ਸਾਹਿਬ ਉਸ ਪੰਡਿਤ ਨੂੰ ਕਹਿੰਦੇ ਓਇ ! ਮੈਂ ਮਰਨੇ ਵਾਲਾ ਨਹੀਂ। ਮੇਰੀ ਜਿਹੜੀ ਬਲਾ ਸੀ, ਭੁੱਲ ਸੀ, ਅਗਿਆਨ ਸੀ, ਅਵਿੱਦਿਆ ਸੀ, ਨਾ ਹੋ ਗਈ।

***ਓਹੁ ਨ ਮੂਆ ਜੋ ਰਹਿਆ ਸਮਾਇ॥***

ਉਹ ਕਦੇ ਜਿਹੜਾ ਵਿਆਪਕ ਹੈ, ਜਨਮ ਮਰਨ ਚ ਆਇਆ ਹੈ? ਪਰ ਇੱਕ ਬਾਤ ਹੋਰ ਹੈ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਜੋਤੀ, ਅਵਤਾਰ ਗੁਰੂ ਹੋਕੇ ਦੁਨੀਆਂ ਦੇ ਵਿੱਚ ਆਇਆ, ਰਸਤੇ ਦੁਨੀਆਂ ਨੂੰ ਪਾਇਆ, ਬਹੁਤ ਬੜਾ ਪਰਉਪਕਾਰ ਕੀਤਾ। ਪਰ ਜਿਹੜੇ ਦੁਨੀਆਂ ਦੇ ਵਿੱਚ ਹੋਰ ਵੀ ਮਹਾਂਪੁਰ ਆਏ, ਘੱਟ ਉਹ ਵੀ ਨਹੀਂ ਸੇ, ਅਪਣੇ ਸਮੇਂ ਦੇ ਵਿੱਚ। ਏਸ ਵਿੱਚ ਵੀ ਕੋਈ ੱਕ ਨਹੀਂ ਹੈਗਾ। ਏਸ ਕਰਕੇ ਜਿੰਨਾਂ ਚਿਰ ਤੁਸੀਂ ਏਕੇ ਨਾਲ ਨਹੀਂ ਜੁੜਦੇ, ਉਤਨਾ ਚਿਰ ਤੁਹਾਡਾ ਕੰਮ ਨਹੀਂ ਬਣਦਾ। ਇਕ ਮੇਰੇ ਕੋਲ ਧਨੌਲੇ ਆਉਂਦਾ ਸੀ, ਉਹ ਬੜਾ ਵਿਚਾਰਵਾਨ ਸੀ। ਓਏ ! ਮੈਂ ਆਖਿਆ ਇੱਧਰ ਨੂੰ ਡੰਡੀ ਕਿਉਂ ਪੈ ਗਿਆ ? ਕਹਿੰਦਾ ਭੁੱਲ ਚ ਪੈ ਗਿਆ। ਮੈਂ ਆਖਿਆ ਪਹੁੰਚ ਹੁਣ। ਉਹ ਕਹਿੰਦਾ ਮੈਨੂੰ ਪਤਾ ਨਹੀਂ ਸੀ। ਉਹ ਕਹਿੰਦਾ ਜੀ-ਆਹ ਜਿਹੜਾ ਗੁਰਦੁਆਰੇ ਦੇ ਆਲੇ ਦੁਆਲੇ ਲਿਖਿਆ ਹੈ, ਇਹਦਾ ਕੀ ਅਰਥ ਹੈ ? ਮੈਂ ਆਖਿਆ ਏਕਾ ਹੈ ਰੱਬ, ਤੇ ਆਹ ਜਿਹੜਾ ਓਮ ਹੈ ਇਹ ਹੈ ਨਾਮ।

***ਏਕਾ ਏਕੰਕਾਰੁ ਲਿਖਿ ਦੇਖਾਲਿਆ।***
***ਊੜਾ ਓਅੰਕਾਰੁ ਪਾਸਿ ਬਹਾਲਿਆ।*** (ਭਾਈ ਗੁਰਦਾਸ ਵਾਰ ੩/੧੫)

ਸਾਰਿਆਂ ਨੇ ਨਾਮ ਦਾ ਮੰਗਲ ਕੀਤਾ। ਓਮ ਸੱਤ ਅੱਗੇ ਰਖਿਆ। ਪਰ ਗੁਰੂ ਸਾਹਿਬ ਨੇ ਏਕੰਕਾਰ ਦਾ ਮੰਗਲ ਕੀਤਾ, ਏਕਾ ਪਹਿਲੇ

ਰੱਖਿਆ ਤੇ ਨਾਮ ਪਿੱਛੋਂ ਰੱਖਿਆ, ਨਾਮੀ ਪਹਿਲੇ ਰੱਖਿਆ। ਇਸ ਕਰਕੇ ਏਕੇ ਦੇ ਨਾਲ ਜਿੰਨਾਂ ਚਿਰ ਤੁਸੀਂ ਨਹੀਂ ਜੁੜਦੇ। ਜਿੰਨਾ ਚਿਰ ਤੁਸੀਂ ਖਿਆਲਾਂ ਨਾਲ, ਬਿਰਤੀਆਂ ਦੇ ਨਾਲ, ਸੰਸਾਰ ਦੇ ਨਾਲ ਜੁੜੇ ਹੋਏ ਹੋਂ, ਉਦੋਂ ਤੱਕ ਤੁਹਾਡਾ ਮਨ ਇੱਕ ਦੇ ਨਾਲ ਨਹੀਂ ਜੁੜਦਾ। ਦੋ ਮਨ ਤਾਂ ਹੈ ਨਹੀਂ, ਮਨ ਤਾਂ ਇਕ ਹੈਗਾ।

***ਊਧੋ ਮਨ ਨ ਭਇਓ ਦਸ ਬੀਸ।***
***ਏਕ ਹੂ ਸੋ ਤੋ ਗਇਓ ਾਮ ਸੰਗਿ ਕੌਣ ਅਰਾਧੇ ਈਸ।***

(ਸੂਰਦਾਸ)

ਊਧੋ ਨੇ ਬੜਾ ਜੋਰਦਾਰ ਉਪਦੇ ਕੀਤਾ, ਉਹ ਕਹਿੰਦਾ ਤੁਹਾਡਾ ਮਨ ਨਹੀਂ ਜੁੜਦਾ। ਕਹਿੰਦੇ ਮਨ ਇੱਕ ਹੈ, ਉਹ ਕ੍ਰਿਨ ਨਾਲ ਜੁੜਿਆ ਹੋਇਐ, ਹੋਰ ਕਿਹੜਾ ਮਨ ਹੈ ਜਿਹੜਾ ਅਰਾਧਨਾ ਕਰੇ। ਮਨ ਤਾਂ ਇੱਕ ਹੈ। ਇਹ ਏਕੇ ਨਾਲ ਹੈ। ਏਸ ਕਾਰਣ ਏਕਾ ਲਿਖਿਐ। ਏਕਾ ਕੀ ਹੈ ?

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥***

***ਅਗਮ ਅਗੋਚਰੁ ਰੂਪਿ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੬੩੮)

ਉਹ ਤਾਂ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਬੈਠਾ ਹੈ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਉਹ ਤੁਹਾਡੇ ਹਿਰਦੇ ਦੇ ਵਿੱਚ ਨਹੀਂ ਬੈਠਾ ਹੈ ? ਉਹ ਸਾਰੇ ਚਾਰ ਖਾਣੀਆਂ ਦੇ ਹਿਰਦੇ ਦੇ ਵਿੱਚ ਬੈਠਾ ਹੈ। ਪਰ ਦਿਸਿਆ ਭਾਈ ਘਨੱਈਏ ਨੂੰ ਹੈ। ਤੁਹਾਨੂੰ ਦਿਸਿਆ ਤਾਂ ਨਹੀਂ ਹੈਗਾ, ਚਾਹੇ ਤੁਸੀਂ ਕਹੀ ਜਾਉ। ਦਿਸਿਆ ਤਾਂ ਭਾਈ ਘਨੱਈਏ ਨੂੰ ਹੈ। ਜੇਕਰ ਤੁਸੀਂ ਰਹਿਬਰ ਭਾਲਣੈਂ, ਭਾਈ ਘਨੱਈਏ ਵਰਗਾ ਰਹਿਬਰ ਭਾਲੋ। ਉਹਨੇ ਉਹ ਚਾਲ ਚਲਕੇ

ਰਸਤਾ ਦੇਖ ਲਿਆ, ਸਾਨੂੰ ਵੀ ਦੱਸ ਗਏ। ਤੇ ਜੇ ਤੁਸੀਂ ਦੋਵੇਂ ਚੀਾਂ ਨੂੰ ਇਕੱਠੀਆਂ ਕਰਕੇ ਜੜ੍ਹ ਚੇਤਨ ਨੂੰ, ਸੱਤ ਅਸੱਤ ਨੂੰ, ਨਿੱਤ ਅਨਿੱਤ ਨੂੰ, ਕੰਮ ਕਰਨਾ ਚਾਹੋਂ ਤਾਂ ਤੁਹਾਡਾ ਕੰਮ ਨਹੀਂ ਚੱਲਣਾ। ਪਰਮਾਰਥ ਦਾ ਕੰਮ ਨਹੀਂ ਚੱਲਣਾ, ਧਰਮ ਦਾ ਕੰਮ ਨਹੀਂ ਚੱਲਣਾ। ਧਰਮ ਦਾ ਰਸਤਾ ਵੀ ਗੁਰੂ ਸਾਹਿਬ ਦੱਸ ਗਏ।

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** (ਪੰਨਾ ੨੬੬)

ਕਹਿੰਦੇ ਧਰਮ ਦਾ ਤਾਂ ਰਸਤਾ ਹੀ ਇਹ ਹੈ। ਧਰਮ ਦੀ ਪਉੜੀ ਇੱਥੋਂ ਹੀ ਚੱਲਣੀ ਹੈ। ਇਸ ਧਰਮ ਦੀ ਪਉੜੀ ਨੇ ਇੱਥੇ ਪਹੁੰਚਾਉਣੈ। ਉਹ ਜਿਹੜਾ ਏਕਾ ਹੈ, ਉਹ ਸਾਰਿਆਂ ਦੇ ਵਿੱਚ ਹੈ। ਜਦ ਤੁਹਾਡਾ ਮਨ ਇਕ ਵਾਰੀ ਵੀ ਮੰਨ ਜਾਊ ਤੇ ਉਹਦੇ ਵਿੱਚ ਚਲਿਆ ਗਿਆ, ਇਕ ਵਾਰੀ ਵੀ ਮਾੜਾ ਜਿਹਾ ਸਪਰ ਹੋ ਗਿਆ, ਫਿਰ ਮੁੜਕੇ ਨਹੀਂ ਆਉਣਾ ਜੋਰ ਲਾ ਲਿਉ। ਕਬੀਰ ਦਾ ਨਾ ਆ ਗਿਆ, ਨਾਮਦੇਵ ਦਾ ਨਾ ਆ ਗਿਆ। ਉਹ ਮਨ ਤੋਂ ਲੈ ਕੇ ਸੁਆਸ ਤੱਕ ਜਾਂਦੈ।

ਇਸ ਕਰਕੇ ਭਾਈ ਉਹ ਏਕਾ ਹੈ ਜਿਹੜਾ, ਉਹ ਗੁਰੂ ਸਾਹਿਬ ਨੇ ਸਭ ਦਾ ਇਟ ਦੱਸਿਆ। ਉਹਨਾਂ ਨੇ ਖਾਸ ਕਰਕੇ ਏਕੇ ਨੂੰ ਆਦਿ ਵਿੱਚ ਲਿਖਿਆ ਹੈ। ਪਹਿਲੇ ਮੈਨੂੰ ਇਸ ਗੱਲ ਦਾ ਪਤੈ। ਮੈਂ ਸੰਤਾਂ ਕੋਲ ਜਾਂਦਾ ਹੁੰਦਾ ਸੀ, ਉਹ ਪਾਠ ਕਰਾਉਂਦੇ ਸੀ, ਉਹ ਐਂ ਸੀ, ਉਹ ਖਾਲੀ ਕਪੜੇ ਤੇ ਮੇਰੇ ਸਾਹਮਣੇ ਲਿਖਾਉਂਦੇ ਸੀ, ਫਿਰ ਮੈਨੂੰ ਕਹਿੰਦੇ ਸੀ, ਆਹ ਕੀ ਲਿਖਿਐ ? ਅਖੇ ਜੀ । ਅਖੇ ਤੂੰ ਇਸੇ ਦਾ ਉਪਾਕ ਹੈਂ, ਦੇਖੀਂ ਦੂਸਰੇ ਹੋਰ ਪਾਸੇ ਚਲਿਆ ਜਾਏਂ। ਅਸੀਂ ਸੰਤ ਮਸਤੂਆਣੇ ਵਾਲਿਆਂ ਦੇ ਮੁੱਖ ਤੋਂ ਸੁਣਿਐਂ :

***ਜਪੋ ਖਾਲਸਾ ਜੀ ਸਾਰੇ ਜਾਗਦੀ ਜੋਤ ਨੂੰ***

ਅਸੀਂ ਬਹਿ ਕੇ ਸੁਣਦੇ ਰਹੇ। ਜਪੋ ਖਾਲਸਾ ਜੀ, ਸਵੱਈਯੇ ਲਾਕੇ ਉਹਨੇ ਆਖਿਆ। ਦੇਖਿਓ ਖਾਲਸਾ ਜੀ ! ਜਾਗਦੀ ਜੋਤ ਤੋਂ ਉਰ੍ਹੇ ਪਰ੍ਹੇ ਨਾ ਕਿਤੇ ਹੋ ਜਾਇਓ। ਤੇ ਗੁਰੂ ਦਾ ਮੱਤ ਹੀ ਇਹ ਹੈ। ਇਕ

ਠਾਕੁਰਾਂ ਦਾ ਉਪਾਕ, ਗੁਰੂ ਅਰਜਨ ਦੇਵ ਦੇ ਪਾਸ ਆਇਆ, ਉਹਦੇ ਗਲੇ ਪਾਇਆ ਹੋਇਆ ਸੀ ਠਾਕੁਰ ਚਾਂਦੀ ਚਾੜ੍ਹਕੇ ਤੇ ਜੈਸੇ ਵੀ। ਉਹਨੇ ਆਖਿਆ ਜੀ ਇਹ ਬੜਾ ਠਾਕੁਰਾਂ ਦਾ ਪੁਜਾਰੀ ਹੈ। ਪਾਣੀ ਨਾਲ ਲਾਕੇ ਪਾਣੀ ਪੀਂਦੈ, ਰੋਟੀ ਨਾਲ ਲਾਕੇ ਰੋਟੀ ਖਾਂਦੈ। ਪਹਿਲਾਂ ਭੋਗ ਠਾਕੁਰ ਨੂੰ ਲਾਉਂਦੈ। ਪਰ ਗੁਰੂ ਸਾਹਿਬ ਇਸ ਸਿਧਾਂਤ ਨੂੰ ਮੰਨਦੇ ਨਹੀਂ ਸੀ। ਉਹਨਾਂ ਆਖਿਆ –

***ਘਰ ਮਹਿ ਠਾਕੁਰੁ ਨਦਰਿ ਨ ਆਵੈ॥***
***ਗਲ ਮਹਿ ਪਾਹਣੁ ਲੈ ਲਟਕਾਵੈ॥ ੧॥***
***ਭਰਮੇ ਭੂਲਾ ਸਾਕਤੁ ਫਿਰਤਾ॥***
***ਨੀਰੁ ਬਿਰੋਲੈ ਖਪਿ ਖਪਿ ਮਰਤਾ॥ ੧॥ ਰਹਾਉ॥***
***ਜਿਸੁ ਪਾਹਣ ਕਉ ਠਾਕੁਰੁ ਕਹਤਾ॥***
***ਓਹੁ ਪਾਹਣੁ ਲੈ ਉਸ ਕਉ ਡੁਬਤਾ॥ ੨॥***
***ਗੁਨਹਗਾਰ ਲੂਣ ਹਰਾਮੀ॥***
***ਪਾਹਣ ਨਾਵ ਨ ਪਾਰਗਿਰਾਮੀ॥ ੩॥***

ਉਹਨੇ ਆਖਿਆ ਜੀ ਤੁਸੀਂ –

***ਗੁਰ ਮਿਲਿ ਨਾਨਕ ਠਾਕੁਰੁ ਜਾਤਾ॥***
***ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ ੪॥*** (ਪੰਨਾ ੭੩੯)

ਕਹਿੰਦਾ ਅਸੀਂ ਗੁਰੂਰਾਮਦਾਸ ਮਹਾਰਾਜ ਨੂੰ ਮਿਲਕੇ ਠਾਕੁਰ ਜਾਣਿਆਂ, ਉਹ ਸਾਰੇ ਪਰੀਪੂਰਣ ਹੈ। ਤੇ ਰੀਰ ਸਥੂਲ, ਸੂਖਮ, ਕਾਰਣ ਇਹ ਤਾਂ ਸਾਰਾ ਜੜ੍ਹ ਹੈ। ਇਹਨੂੰ ਸੱਤਾ ਸਫੁਰਤੀ ਦੇਣ ਵਾਲਾ ਅੰਦਰ ਨਹੀਂ ਬੈਠਾ ਹੈ ? ਇਹਦਾ ਆਪਾ ਉਹ ਹੈ। ਪਰ ਇਹ ਤਾਂ ਹੋਰ ਹੀ ਕੁੱਛ ਬਣਿਆ ਬੈਠੈ। ਇਹਦਾ ਝੁਕਾਅ ਹੀ ਇੱਧਰ ਹੈ। ਇਸ ਕਰਕੇ ਇਹ ਗੁਰੂ ਦੇ ਪਾਸ ਨਹੀਂ ਹੈ।

ਗੁਰੂ ਸਾਹਿਬ ਨੇ ਪਹਿਲੇ ਸੱਤ ਸੁਣਾਇਆ।

***ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥*** (ਭਾਈ ਗੁਰਦਾਸ ੨੪/੧)

ਜੋਤੀ ਸਰੂਪ ਦਾ **ਸਤਿ** ਨਾਮ ਰੱਖਕੇ ਗੁਰੂ ਨਾਨਕ ਦੁਨੀਆਂ ਦੇ ਵਿੱਚ ਭਾਈ ਸਾਹਿਬ ਕਹਿੰਦੇ ਜਪਾ ਗਏ। ਪਹਿਲਾਂ ਤੁਸੀਂ ਸੱਤ ਨਾਲ ਜੁੜਨੈ। ਹੁਣ ਤੁਸੀਂ ਆਪ ਆਪਣਾ ਜੱਜ ਬਣੋ, ਤੁਸੀਂ ਸੱਚ ਦੱਸੋ ਤੁਸੀਂ ਸੱਤ ਨਾਲ ਜੁੜੇ ਹੋਂ ਕਿ ਅਸੱਤ ਨਾਲ? ਦਸੋ। ਹੈਂ, ਸੱਤ ਨਾਲ? ਅਸੱਤ ਨਾਲ? ਮੈਂ ਕਿਹਾ ਕਿਤੇ ਸੱਤ ਨਾਲ ਜੁੜੇ ਹੋਏ ਹੋਂ। ਤੇ ਫਿਰ ਹਨੇਰੇ ਚ ਸੋਟੀਆਂ ਕਿਉਂ ਮਾਰਦੇ ਫਿਰਦੇ ਹੋਂ, ਪਾਣੀ ਚੋਂ ਕਦੇ ਮੱਖਣ ਤਾਂ ਨਿਕਲਿਆ ਨਹੀਂ। ਮੈਂ ਕੀਤੀ ਕਥਾ ਉੱਥੇ ਭਉ ਖੇੜੇ। ਭਗਤ ਇੱਕਠੇ ਹੋਏ ਸੀ, ਤੇ ਇਕ ਭਗਤ ਉੱਠ ਕੇ ਕਹਿੰਦਾ ਓਏ ਪਾਣੀ ਚ ਮਧਾਣੀ ਨਹੀਂ ਤਾਂ ਕਰੀਏ ਕੀ। ਕਹਿੰਦਾ ਪਾਣੀ ਚ ਮਧਾਣੀ ਨਹੀਂ ਰੱਖੀ ਹੋਈ ? ਸੋ ਇਹ ਗੱਲ ਹੈ, ਇਹ ਪਾਣੀ ਚ ਮਧਾਣੀ ਹੀ ਮਾਰਦੇ ਨੇ। ਜਿੰਨੀ ਖ਼ੀ ਹੈ ਮਾਰੀ ਜਾਉ, ਕੰਮ ਨਹੀਂ ਬਣਨਾ। ਪਹਿਲੇ ਸੱਤ ਨਾਲ ਜੁੜੋ। ਅਸੱਤ ਦੇ ਨਾਲ ਮਨ ਦਾ ਸਪਰ ਨਾ ਕਰੋ। ਜਬ ਤੱਕ ਤੁਸੀਂ ਵਿਕਾਰਾਂ, ਵਿਿਆਂ ਚ ਰਹੋਂਗੇ, ਤਬ ਤੱਕ ਤੁਸੀਂ ਸੱਤ ਨਾਲ ਨਹੀਂ ਜੁੜੋਂਗੇ। ਪੰਜ ਵਿਕਾਰ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਪੰਜ ਵਿੇ ਨੇ ਬਦ, ਸਪਰ, ਰੂਪ, ਰਸ, ਗੰਧ। ਤੁਸੀਂ ਅਪਣੇ ਮਨ ਨੂੰ ਦੇਖਿਆ ਕਰੋ, ਤੁਸੀਂ ਮਨ ਦੇ ਦ੍ਰਟਾ ਹੋਂ, ਤੁਹਾਡਾ ਮਨ ਤਾਂ ਨਹੀਂ ਦ੍ਰਟਾ, ਉਹ ਤਾਂ ਜੜ੍ਹ ਹੈ। ਤੁਸੀਂ ਹਰ ਵਕਤ ਮਨ ਨੂੰ ਦੇਖਦੇ ਹੋਂ। ਤੁਸੀਂ ਦੇਖੋ, ਮਨ ਮੇਰਾ ਜੁੜਿਆ ਹੋਇਆ ਕਿੱਥੇ ਹੈ। ਜਦ ਤੁਸੀਂ ਇਹ ਖੋਜ ਕਰੋਂਗੇ –

***ਖੋਜਤ ਖੋਜਤ ਤਤੁ ਬੀਚਾਰਿਓ*** (ਪੰਨਾ ੭੧੪)

ਤੁਹਾਨੂੰ ਤੱਤ ਦਾ ਥਹੁ ਆ ਜਾਏਗਾ। ਏਸ ਕਰਕੇ ਗੁਰੂ ਪਦ ਆਇਆ ਹੈ, ਉਹ ਪੂਰਣ ਗੁਰੂ ਨੇ ਮੇਰਾ ਸਾਰਾ ਕਾਰਜ ਸਿੱਧ ਕਰਤਾ। ਪੜ੍ਹ ਭਾਈ ਹੁਣ –

**ਗੁਰਿ ਪੂਰੈ ਕਿਰਪਾ ਧਾਰੀ॥**

ਪੂਰਣ ਗੁਰੂ ਰਾਮਦਾਸ ਨੇ ਮੇਰੇ ਉੱਤੇ ਕਿਰਪਾ ਕੀਤੀ, ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ।

**ਪ੍ਰਭਿ ਪੂਰੀ ਲੋਚ ਹਮਾਰੀ॥**

ਮੇਰੀਆਂ ਸਾਰੀਆਂ ਇੱਛਾਂ ਪੂਰਣ ਹੋ ਗਈਆਂ। ਬ੍ਰਹਮ ਗਿਆਨ ਮੈਨੂੰ ਗੁਰੂ ਨੇ ਦੇ ਦਿੱਤਾ, ਜਿਹੜੀ ਅਸਲੀ ਚੀ ਸੀ। ਫਿਰ ਜੋ ਕੁੱਛ ਉਹਨਾਂ ਨੇ ਕਿਹਾ ਸੀਗਾ – ਬੀੜ ਬੰਨਣੀ ਹੈ, ਅੰਮ੍ਰਿਤਸਰ ਬਣਾਉਣਾ, ਤਰਨਤਾਰਨ ਤੀਰਥ ਬਨਾਉਣਾ, ਕਰਤਾਰਪੁਰ ਵਸਾਉਣਾ। ਉਹ ਵੀ ਮੇਰੀ ਇੱਛਾ ਪੂਰੀ ਹੋ ਗਈ। ਮੇਰੀ ਲੋਕ ਪਰਲੋਕ ਦੀ ਸਾਰੀ ਇੱਛਾ ਪੂਰਣ ਹੋ ਗਈ ਪਰ ਕੀਹਦੇ ਤੇ ? ਗੁਰੂ ਰਾਮਦਾਸ ਦੀ ਕ੍ਰਿਪਾ ਤੇ।

**ਕਰਿ ਇਸਨਾਨੁ ਗ੍ਰਿਹਿ ਆਏ॥**

***ਸੁਣਿਆ ਮੰਨਿਆ ਮਨਿ ਕੀਤਾ ਭਾਉ॥***
***ਅੰਤਰਗਤਿ ਤੀਰਥਿ ਮਲਿ ਨਾਉ॥*** (ਪੰਨਾ ੪)

ਅੰਤਰ ਆਤਮਾ ਤੀਰਥ ਨਹੀਂ ਤੁਹਾਡਾ ? ਉਹਦੇ ਚ ਮਨ ਤੁਹਾਡਾ ਡੁੱਬਿਐ ਅੱਜ ਤੱਕ, ਕਦੇ ਉਹਨੇ ਗੋਤਾ ਮਾਰਿਐ ? ਉਹ ਜਦ ਗੋਤਾ ਮਾਰੂ, ਸਮਾਧੀ ਹੋ ਜੇਗੀ। ਉਸ ਦਿਨ ਤੁਹਾਡਾ ਸਭ ਕੁੱਛ ਹੋ ਜੂ।

ਕਬੀਰ ਨੇ ਮੰਨ ਲਿਆ, ਨਾਮਦੇਵ ਨੇ ਮੰਨ ਲਿਆ। ਏਸ ਕਰਕੇ ਜਦ ਇਹ ਉੱਥੇ ਪਹੁੰਚੇਗਾ, ਇਹ ਗੁਰੂ ਦੀ ਕਿਰਪਾ ਤੇ ਪਹੁੰਚੇਗਾ। ਗੁਰੂ ਦੀ ਕਿਰਪਾ ਨੇ ਮੇਰੀ ਲੋਚਾ, ਮੇਰੀ ਇੱਛਾ ਲੋਕ ਪਰਲੋਕ ਦੀ, ਸਾਰੀ ਸਿੱਧ ਕਰ ਦਿੱਤੀ।

**ਅਨਦ ਮੰਗਲ ਸੁਖ ਪਾਏ॥**

ਕਿੰਨਾ ਸੁੱਖ ਪਾਇਆ, ਜਿਹੜਾ ਅਨੰਤ ਸੁੱਖ ਹੈ। **ਅਨਦ ਮੰਗਲ ਸੁਖ** ਹਰ ਵਕਤ ਜਿਹੜਾ ਪੂਰਣ ਸੁੱਖ ਹੈ, ਆਤਮ ਸੁੱਖ ਹੈ, ਉਹ ਮੈਨੂੰ ਪ੍ਰਾਪਤ ਹੋਇਆ, ਗੁਰੂ ਰਾਮਦਾਸ ਮਹਾਰਾਜ ਦੀ ਕਿਰਪਾ ਤੇ।

**ਸੰਤਹੁ ਰਾਮ ਨਾਮਿ ਨਿਸਤਰੀਐ॥**

ਸੰਤਹੁ ਬਾਤ ਸੁਣ ਲਉ –

***ਗਹਿਓ ਨ ਰਾਮ ਜਹਾਜੁ॥*** (ਪੰਨਾ ੩੩੯)

ਇਹਨੇ ਨਾਮ ਰੂਪੀ ਜਹਾਜ ਨਹੀਂ ਪਕੜਿਆ, ਪਾਰ ਤਾਂ ਹੋ ਜਾਂਦਾ, ਪਰ ਇਹਨੇ ਨਾਮ ਰੂਪੀ ਜਹਾਜ ਤਾਂ ਫੜਿਆ ਨਹੀਂ। ਹੁਣ ਤੁਸੀਂ ਅਪਣੇ ਆਪ ਆਤਮਾ ਤੇ ਗੱਲ ਕਰਿਓ, ਜਾਤੀ ਮਜਹਬਾਂ ਦਾ ਕੋਈ ਤੱਲਕ

ਨਹੀਂ ਹੈ। ਤੁਹਾਡਾ ਮਨ ਕਦੇ ਨਾਮ ਨਾਲ ਜੁੜਿਐ ? ਫਿਰ ਨਾਮੀ ਕੈਸੇ ਪ੍ਰਾਪਤ ਹੋ ਜੂਗਾ। ਨਾਮ ਨਾਲ ਤਾਂ ਜੁੜਿਆ ਨਹੀਂ, ਨਾਮੀ ਕਿੱਥੋਂ ਆਜੂ ਬਈ ਤੁਹਾਡੇ ਕੋਲ ? ਤੇ ਦੁਨੀਆਂ ਨਾਲ ਮਨ ਜੁੜਿਆ ਹੋਇਆ ਹੈ, ਤੇ ਗੱਲਾਂ ਤੁਸੀਂ, ਜੀ ਾਂਤੀ ਕੈਸੇ ਆਵੇ ? ਇਹਨੂੰ ਆਖੇ ਬਈ ਕੁੱਛ ਤਿਆਰੀ ਤਾਂ ਕਰ ਾਂਤੀ ਦੀ, ਐਵੇਂ ਹੀ ਪੁੱਛਦਾ ਫਿਰਦੈਂ। ਐਵੇਂ ਹੀ ਲੋਕਾਂ ਨੂੰ ਭਕਾਉਂਦਾ (ਪਰੇਾਨ ਕਰਦਾ) ਫਿਰਦਾ ਹੈਂ। ਪਹਿਲਾਂ ਆਪ ਤਾਂ ਹੋ ਇੱਕ। ਚੱਲੀਏ–

**ਊਠਤ ਬੈਠਤ ਹਰਿ ਹਰਿ ਧਿਆਈਐ**

ਉਠਦੇ ਬਹਿੰਦੇ ਹਰ ਵਕਤ ਨਾਮ ਨਾ ਭੁੱਲੋ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

(ਪੰਨਾ ੨)

ਨਾਮ ਨਾ ਭੁੱਲੋ। ਇਹ ਇਤਿਹਾਸ ਚ ਆਉਂਦੈ। ਜਿਹੜਾ ਅੰਮ੍ਰਿਤਸਰ ਆਇਆ ਸੀ ਉਹਨੇ ਪੁੱਛਿਆ ਦੁਨੀਆਂ ਚ ਕੋਈ ਇਹੋ ਜਿਹਾ ਮਹਾਂਪੁਰ ਹੈ, ਜਿਹਦੀ ਰਣ ਚ ਜਾਕੇ ਜਨਮ ਮਰਣ ਛੁੱਟ ਜਾਏ? ਉਹਨੇ ਆਖਿਆ ਗੁਰੂ ਅਰਜਨ ਦੇਵ ਜੀ ਨੇ ਇਸ ਵਕਤ ਪੰਜਵੀਂ ਗੱਦੀ ਤੇ ਗੁਰੂ ਨਾਨਕ ਦੀ ਤੇ, ਤੂੰ ਉਹਦੇ ਕੋਲ ਜਾ। ਜਦ ਉਹ ਆਇਆ ਤਾਂ ਗੁਰੂ ਸਾਹਿਬ ਲੈਚੀ ਬੇਰੀ ਦੇ ਹੇਠਾਂ ਖੜ੍ਹੇ ਸੀ ਛਟੀ ਲੈ ਕੇ । ਜਦ ਉਹ ਗਿਆ, ਕਹਿੰਦੇ ਵਾਹ ਬਈ ਵਾਹ ! ਬੜਾ ਕੰਮ ਕੀਤਾ, ਬੜਾ ਟੋਕਰਾ ਚੁੱਕਿਆ। ਉੱਥੋਂ ਮੁੜ ਪਿਆ, ਕਹਿੰਦਾ ਹੈਂ ! ਕੌਣ ਹੈ ਉਹ ਗੁਰੂ ? ਅਖੇ ਉਹ ਹੈ। ਉਹ ਕਹਿੰਦਾ ਲੋਕਾਂ ਨੇ ਐਵੇਂ ਵਾਟ ਪਵਾਈ । ਇਹ ਤਾਂ ਸੰਸਾਰੀ ਆਦਮੀ ਹੈ। ਮੁੜ ਪਿਆ। ਤਾਂ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਬਈ ਇਕ ਟੋਕਰਾ ਉਹਦੇ ਪੇਟ ਤੇ ਮਾਰਿਓ, ਇਹਨੂੰ ਜਲੋਧਰ ਦਾ ਰੋਗ ਹੈ, ਹੁਣੇ ਚਲਿਆ ਜਾਊਗਾ, ਪਰ ਸਤਿਨਾਮ ਕਹਿਕੇ ਮਾਰਿਓ। ਜਦ ਉਹਨੇ ਮਾਰਿਆ, ਉਹ ਬਾਬੇ ਬੁੱਢੇ ਦੇ ਪੈਰਾਂ ਨੂੰ ਪਿਆ। ਉਹ ਕਹਿੰਦਾ ਨਾ, ਨਾ ਉੱਥੇ ਜਾਹ ਜਿਹਦੀ ਚੀ ਹੈ। ਮੈਂ ਤਾਂ ਉੱਥੋਂ ਲਈ ਹੋਈ ਹੈ। ਮੇਰੇ ਕੋਲ ਤਾਂ ਨਹੀਂ ਹੈ। ਉੱਥੇ ਜਾਹ ਜਿੱਥੋਂ

ਮੁੜਿਆ ਸੀ। ਫਿਰ ਗੁਰੂ ਸਾਹਿਬ ਦੇ ਪਾਸ ਗਿਆ। ਗੁਰੂ ਸਾਹਿਬ ਨੇ ਇਹ ਉਪਦੇ ਕੀਤਾ -

***ਸਾਚਿ ਨਾਮਿ ਮੇਰਾ ਮਨੁ ਲਾਗਾ॥***
***ਲੋਗਨ ਸਿਉ ਮੇਰਾ ਠਾਠਾ ਬਾਗਾ॥*** (ਪੰਨਾ ੩੮੪)

ਮੇਰਾ ਮਨ ਸਚ ਨਾਲ ਜੁੜਿਆ ਹੋਇਐ। ਇਹ ਮੇਰਾ ਠਾਠਾ ਬਾਗੈ। ਇੱਥੇ ਸਰੋਵਰ ਬਣੇਗਾ, ਕੀਰਤਨ ਹੋਏਗਾ, ਦੁਨੀਆਂ ਇਨਾਨ ਕਰੇ ਗੀ, ਪਵਿੱਤਰ ਹੋਏਗੀ। ਇੱਥੇ ਨਾਮ ਜਪਿਆ ਜਾਏਗਾ। ਇਹ ਜਿਹੜਾ ਠਾਠਾ ਬਾਗਾ ਹੈ, ਇਹ ਕਰਮ ਕਾਂਡ ਹੈ ਪਰ ਸੱਚੇ ਨਾਮ ਨਾਲ ਮਨ ਜੁੜਿਆ ਹੋਇਐ। ਮਨ ਨੂੰ ਨਾਮ ਨਾਲ ਜੋੜਕੇ ਕੰਮ ਕਰਿਓ, ਫਿਰ ਨਹੀਂ ਕਦੇ ਹਿਲਦਾ ਹੁੰਦਾ। ਮੈਂ ਤੁਹਾਨੂੰ ਇੱਕ ਗੱਲ ਸੁਣਾਉਂਨਾ ਇਕ ਮੁਸਲਮਾਨ ਦੀ। ਉਹ ਘੋੜੀ ਤੇ ਚੜ੍ਹਕੇ ਆਇਆ। ਉਹ ਸੰਤ ਉੱਥੇ ਰਹਿੰਦੇ ਸੀ, ਉਹ ਵੀ ਚੱਲੇ ਸੇ। ਉਹ ਬੜੇ ਅੱਛੇ ਸੰਤ ਸੀ। ਉਹ ਕਹਿੰਦਾ ਜੀ ਐਨੀ ਦੂਰ ਤੁਹਾਡੇ ਕੋਲ ਚੱਲ ਕੇ ਆਇਆਂ ਉਪਦੇ ਵਾਸਤੇ। ਉਹ ਕਹਿੰਦੇ ਜੀ ਹੁਣ ਸਾਡੇ ਕੋਲ ਵਕਤ ਨਹੀਂ ਅਸੀਂ ਪਹੁੰਚਣੈ। ਅਖੇ ਜੀ ਕੁੱਛ ਤਾਂ ਦੱਸ ਜਾਉ। ਕਹਿੰਦੇ ਬਈ ਰੱਬ ਨੂੰ ਭੁੱਲ ਕੇ ਕੋਈ ਕੰਮ ਨਾ ਕਰੀਂ। ਉਹ ਸੰਤ ਆਂਹਦੇ, ਜਿਹੜਾ ਕੰਮ ਕਰੇਂ ਪਹਿਲਾਂ ਰੱਬ ਨੂੰ ਯਾਦ ਕਰਕੇ ਪਿੱਛੋਂ ਕਰੀਂ, ਫਿਰ ਨਹੀਂ ਧੋਖਾ ਹੋਵੇ ਗਾ। ਉਹ ਕਹਿੰਦਾ ਬੱਸ, ਇਹੀ ਮੈਂ ਚਾਹੁੰਦਾ ਸੀ। ਸੋ ਜਦ ਤੁਸੀਂ ਰੱਬ ਨੂੰ ਯਾਦ ਕਰਕੇ ਕੰਮ ਕਰੋਂਗੇ। ਤੁਹਾਨੂੰ ਨਿਆਇ ਕਰਨਾ ਪਵੇਗਾ, ਧਰਮ ਕਰਨਾ ਪਏਗਾ, ਅਧਰਮ ਛੱਡਣਾ ਪਏਗਾ। ਇਸ ਕਰਕੇ ਭਾਈ-

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

(ਪੰਨਾ ੨)

ਉਹ ਸਾਰਿਆਂ ਦਾ ਦਾਤਾ ਜਿਹੜਾ ਰੱਬ ਹੈ, ਉਹਨੂੰ ਕਦੇ ਭੁੱਲੋ ਨਾ। ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਬੈਠਾ ਹੈ। ਉਹ ਕਿਸੇ ਇੱਕ ਹਿਰਦੇ ਚ ਨਹੀਂ ਹੈਗਾ।

**ਅਨਦਿਨੁ ਸੁਕ੍ਰਿਤੁ ਕਰੀਐ॥ ੧॥ ਰਹਾਉ॥**

ਰਾਤਰੀ ਦਿਨ ੁ ੱਭ ਕਿਰਿਆ ਕਰਿਆ ਕਰੋ, ਜੋ ਕਿਰਿਆ ਕਰਨੀ ਹੈ ੁ ੱਭ ਕਰਿਆ ਕਰੋ। ਕਿਰਿਆ ਕਦੇ ਨਾ ਮਾੜੀ ਕਰਿਓ। ਉਹ ਇਕ ਪੜ੍ਹਦਾ ਹੁੰਦਾ ਸੀ–

*ਜਿਉਂਦਿਆਂ ਨੂੰ ਕਿਉਂ ਮਾਰਦਾ ਹੈਂ, ਜੇ ਮੋਇਆਂ ਨੂੰ ਨਹੀਂ ਜੀਵਾਉਣ ਜੋਗਾ।*
*ਘਰ ਆਏ ਫਕੀਰ ਨੂੰ ਝਿੜਕਦਾ ਕਿਉਂ, ਜੇ ਪੱਲਿਉਂ ਖੈਰ ਨਹੀਂ ਪਾਉਣ ਜੋਗਾ।*
*ਮਿਲੇ ਦਿਲਾਂ ਤੇ ਭਾਨੀਆਂ ਮਾਰਦਾ ਕਿਉਂ, ਜੇ ਵਿੱਛੁੜੇ ਨਹੀਂ ਮਿਲਾਉਣ ਜੋਗਾ।*
*ਗੌਰੇ ਾਹ ਬਦੀਆਂ ਰੱਖ ਬੰਦੀਖਾਨੇ, ਜੇਕਰ ਨੇਕੀਆਂ ਨਹੀਂ ਕਮਾਉਣ ਜੋਗਾ।*

ਇਸ ਕਰਕੇ ਭਾਈ ਅਪਣੇ ਮਨ ਨੂੰ ਪਰਮੇਰ ਦੇ ਰਸਤੇ ਪਾਉ, ਪਰ ਨਾਮ ਨਾ ਭੁੱਲਿਓ।

*ਨਾਮ ਸੰਗਿ ਜਿਸ ਕਾ ਮਨੁ ਮਾਨਿਆ॥*
*ਨਾਨਕ ਤਿਨਹਿ ਨਿਰੰਜਨੁ ਜਾਨਿਆ॥* (ਪੰਨਾ ੨੮੧)

ਜੀਹਦਾ ਨਾਮ ਨਾਲ ਮਨ ਮੰਨ ਗਿਆ, ਉਹਨੇ ਨਿਰਾਕਾਰ ਨੂੰ ਜਾਣ ਲਿਆ। ਹੁਣ ਤੁਸੀਂ ਅਪਣੇ ਮੁਨਸਫ (ਜੱਜ) ਆਪ ਹੋ। ਜੇ ਤੁਹਾਡਾ ਮਨ ਜੁੜ ਗਿਆ ਨਾਮ ਨਾਲ, ਫਿਰ ਤਾਂ ਕੋ ਦੀ ਕੋਈ ਬਾਤ ਨਹੀਂ, ਨਾਮੀ ਤੁਹਾਨੂੰ ਪ੍ਰਾਪਤ ਹੋ ਜੂ। ਜੇ ਨਹੀਂ ਜੁੜਿਆ ਤਾਂ –

*ਨਾਮੁ ਸੰਗੀ ਸੋ ਮਨਿ ਨ ਬਸਾਇਓ॥*
*ਛੋਡਿ ਜਾਹਿ ਵਾਹੂ ਚਿਤੁ ਲਾਇਓ॥* (ਪੰਨਾ ੭੧੫)

ਉਹ ਕਹਿੰਦਾ ਨਾਮ ਸੀ ਸੰਗੀ ਜੀਵ ਦਾ। ਤੂੰ ਇਕੱਲਾ ਸੀ ਜੀਵ ! ਦੂਸਰਾ ਇੱਕ ਨਾਮ ਹੋ ਜਾਂਦਾ। ਪਰ ਤੈਂ ਮਨ ਵਿੱਚ ਨਹੀਂ ਵਸਾਇਆ।

*ਛੋਡਿ ਜਾਹਿ ਵਾਹੂ ਚਿਤੁ ਲਾਇਓ॥*

ਸਾਰੀ ਉਮਰ ਦੁਨੀਆਂ ਦੀ ਕਾਮਨਾ ਕਰਦਾ ਮਰ ਗਿਆ। ਨਾਲ ਤੇਰੇ ਕੁੱਛ ਨਹੀਂ ਜਾਣਾ, ਹੱਥ ਮਲਦਾ ਜਾਏਂਗਾ। ਇਹ ਮਨੁੱਖ ਜਨਮ–

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** (ਪੰਨਾ ੧੨)

ਇਹ ਤਾਂ ਤੇਰੀ ਗੋਬਿੰਦ ਮਿਲਣ ਦੀ ਵਾਰੀ ਸੀ। ਇਹ ਤਾਂ ਖੜੀ ਲੰਘ ਗਈ। ਇਸ ਕਰਕੇ ਤੁਸੀਂ ਸੋਚ ਲਉ। ਇਉਂ ਕਹਿੰਦੇ ਨੇ ਗੁਰੂ ਅਰਜਨ ਦੇਵ ਜੀ, ਕਹਿੰਦੇ ਸੋਚ ਲਉ।

**ਸੰਤ ਕਾ ਮਾਰਗੁ ਧਰਮ ਕੀ ਪਉੜੀ**

ਕਹਿੰਦੇ ਸੰਤ ਦਾ ਮਾਰਗ ਹੀ ਧਰਮ ਦੀ ਪਉੜੀ ਹੈ। ਸੰਤ ਕਿਥੋਂ ਚੱਲਦੈ ?

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** (ਪੰਨਾ ੨੬੬)

ਨਿਕਾਮ ਸੇਵਾ, ਨਿਕਾਮ ਕਰਮ ਤੇ ਨਾਮ ਦਾ ਸਿਮਰਨ ਇਹ ਹੈ ਇੱਕ ਪੌੜੀ ਰੱਬ ਕੋਲ ਜਾਣ ਦੀ। ਇਹ ਸ੍ਰੇਟ ਧਰਮ ਗੁਰੂ ਸਾਹਿਬ ਨੇ ਲਿਖਿਆ ਹੈ। ਇਸ ਪੌੜੀ ਤੇ ਪੈਰ ਧਰੋਂਗੇ ਫਿਰ ਤੁਸੀਂ ਜਰੂਰ ਜਾਉਂਗੇ। ਜੇ ਥੋੜਾ ਸਿਮਰਨ ਨਹੀਂ ਚੱਲਿਆ ਤੇ ਨਿਕਾਮ ਤੁਸੀਂ ਸੇਵਾ ਨਹੀਂ ਕੀਤੀ ਤੇ ਨਿਕਾਮ ਕਰਮ ਨਹੀਂ ਕੀਤੇ ਫਿਰ ਤੁਸੀਂ ਆਸ ਹੀ ਨਾ ਕਰੋ। ਐਵੇ ਂ ਕਿਸੇ ਦੀ ਭਕਾਈ ਚ ਨਾ ਆ ਜਾਇਓ। ਭਕਾਉਂਦੇ ਹੁੰਦੇ ਨੇ ਲੋਕ ਇਹ। ਇਹ ਆਪ ਹੀ ਨਹੀਂ ਪਹੁੰਚੇ ਹੁੰਦੇ। ਮੈਂ ਤੁਹਾਨੂੰ ਦੱਸ ਦਿੰਦਾਂ, ਸੱਚੀ ਗੱਲ ਤਾਂ ਇਹ ਹੈਗੀ। ਇਹ ਭਕਾਉਣ ਲੱਗ ਗਏ। ਇਹਨੂੰ ਆਖੋ ਪਹਿਲਾਂ ਆਪ ਤਾਂ ਕੁੱਛ ਕਰ, ਫਿਰ ਕਿਸੇ ਨੂੰ ਦੱਸੀਂ। ਉਹ ਤਾਂ ਈਰ ਨੇ ਆਕੇ ਦੱਸਿਆ। ਗੁਰੂ ਤਾਂ ਈਰ ਹੁੰਦੈ। ਗੁਰੂ ਨਾਨਕ ਆਇਆ ਕਿ ਨਹੀਂ ? ਗੁਰੂ ਕਹਾਇਆ। ਨਾਨਕ ਨੇ ਗੁਰੂ ਕਹਾਇਆ। ਉਹ ਤਾਂ ਈਰ ਸੀ, ਉਹ ਤਾਂ ਜੋਤੀ ਸੀ। ਉਹ ਤੁਹਾਡੇ ਅੰਦਰ ਨਹੀਂ ਹੈ ? ਤੇ ਉਹ ਜਗੇਗੀ ਵੀ ਨਾਮ ਨਾਲ ਹੀ, ਜੋਰ ਲਾ ਲਉ। ਨਾਮ ਨਾਲ ਤੁਹਾਡਾ ਮਨ ਜੁੜ ਗਿਆ ਤੇ ਜੋਤ ਜਗ ਗਈ। ਪਰ ਹੁਣ ਤੁਸੀਂ ਦੇਖੋ ਨਾਮ ਨਾਲ ਜੁੜਿਐ ਕਿ ਨਹੀਂ ? ਤਾਂ ਫਿਰ ਐਵੇਂ ਤੁਹਾਡੀ ਮਧਾਣੀ, ਪਾਣੀ ਚ ਹੈ। ਜਿੰਨੀ ਖ਼ੀ ਹੈ ਮਾਰੀ ਜਾਓ, ਮੱਖਣ ਤਾਂ ਨਿਕਲੇਗਾ

ਨਹੀਂ। ਚੱਲ–

**ਕੋ ਵਡਭਾਗੀ ਪਾਏ॥**

ਜੀਹਦੇ ਵੱਡੇ ਭਾਗ ਹੋਣਗੇ ਉਹ ਪਾਏਗਾ। ਤੁਲਸੀ ਦਾਸ ਨੇ ਲਿਖਿਆ ਹੈ–

***ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।***

***ਸਤਸੰਗਤਿ ਸੰਸ੍ਰਿਤਿ ਕਰਿ ਅੰਤਾ॥*** (ਰਾਮਾਇਣ)

ਜਦ ਤੁਲਸੀ ਦਾਸ ਨੂੰ ਪੁੱਛਿਆ ਦਸੋ ਜੀ ਮਾਰਗ ? ਉਹ ਕਹਿੰਦਾ ਸੰਤਾਂ ਕੋਲ ਪਹੁੰਚੋ। ਅਖੇ ਜੀ ਸੰਤ ਕੈਸੇ ਪ੍ਰਾਪਤ ਹੋਏ? ਉਹ ਕਹਿੰਦਾ –

***ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।***

ਜਦ ਪੁੰਨ ਪੂਰੇ ਕਰੋਂਗੇ, ਉਦੋਂ ਜਦ ਤੁਹਾਡਾ ਮਨ ਸਾਫ ਹੋ ਜਾਏ ਗਾ। ਫਿਰ ਸੰਤ ਕੋਲ ਜਾਇਓ। ਉਹ ਗਿਆ ਸੀ ਸੰਤ ਕੋਲ ਤੁਹਾਨੂੰ ਪਤੈ ਫਫੜਿਆਂ ਵਾਲਾ। ਕੀ ਨਾਮ ਸੀ ਉਹਦਾ ? ਭਾਈ ਬਹਿਲੋ ਤੇ ਉਹਨੂੰ ਪੁੱਛਿਆ ਸੀ। ਗੁਰੂ ਅਰਜਨ ਦੇਵ ਜੀ ਨੇ ਜਦ ਆਖਿਆ "ਭਾਈ ਬਹਿਲੋ ਸਭ ਸੇ ਪਹਿਲੋ" ਵਿਛਾਓ ਖੇਸ, ਬਹਿ ਜਾ, ਤੇ ਉਹਨੇ ਆਖਿਆ ਜੀ ਮੈਂ ਤਾਂ ਕ੍ਰਿਤ ਕ੍ਰਿਤ ਹੋ ਗਿਆ। ਉਹ ਕਹਿੰਦਾ ਸਾਡਾ ਬਚਨ ਨਾ ਜਾਵੇ ਕੁੱਛ ਕਹੋ। ਉਹਨੇ ਆਖਿਆ ਜੀ ਪਾਣੀ ਨਹੀਂ ਉੱਥੇ, ਬਹੁਤ ਮੁਕਿਲ ਹੈ। ਤੇ ਅੱਜ ਤੱਕ ਉੱਥੇ ਤਲਾਅ ਬਣਿਆ ਹੋਇਆ ਅਸੀਂ ਦੇਖਿਐ। ਸੰਤ ਦਾ ਸੰਗ ਹੀ ਇਕ ਹੈ। ਉਹ ਗੁਰੂ ਅਰਜਨ ਦੇਵ ਜੀ ਨੇ ਆਪ ਜੋਤੀ ਸਰੂਪ ਨੂੰ ਅੰਦਰ ਆਪ ਸਾਖਾਤ ਕਰਤਾ। ਇਹ ਵੀ ਗ੍ਰੰਥਾਂ ਚ ਲਿਖਿਐ। ਅਖੇ ਜੀ ਬਾਹਰੋਂ ਗਿਆਨ ਹੁੰਦੈ ? ਕਹਿੰਦੇ ਨਾ। ਜੋਤੀ ਸਰੂਪ ਅੰਦਰ ਬੈਠੈ, ਜਦ ਉਹਦੀ ਅਵਧੀ ਆ ਜਾਏਗੀ, ਵਿੱਚ ਚਲਿਆ ਜਾਏਗਾ। ਉਹ ਅਪਣੇ ਆਪ ਹੀ ਦਰਵਾਜਾ ਖੁੱਲ੍ਹ ਜਾਏਗਾ।

**ਕੋਟਿ ਜਨਮ ਕੇ ਕਿਲਬਿਖ ਨਾਸੇ**

ਜਦ ਇਹ ਗਿਆਨ ਚ ਚਲਿਆ ਜਾਊ, ਕਦੇ ਗਿਆਨ ਨੂੰ ਪੁੰਨ ਪਾਪ ਲੱਗੇ ਨੇ ? ਗਿਆਨ ਤਾਂ ਨਿਰਲੇਪ ਹੈ, ਉਹ ਗਿਆਨ ਤਾਂ

ਨਿਰਾਕਾਰ ਹੈ, ੍ਧ ਹੈ, ਕਦੇ ਪੁੰਨ ਪਾਪ ਉੱਥੇ ਪਹੁੰਚੇ ਨੇ ? ਕਦੇ ਕਰਤਾ ਭੋਗਤਾ ਉੱਥੇ ਪਹੁੰਚਿਐ ? ਕਦੇ ਦੁੱਖ ਸੁੱਖ ਪਹੁੰਚਿਐ ? ਕੋਈ ਮਜਬ ਉੱਥੇ ਪਹੁੰਚਿਐ, ਉੱਥੇ ਕੋਈ ਜਾਤੀ ਪਹੁੰਚੀ ਹੈ, ਉੱਥੇ ਕੋਈ ਵੀ ਨਹੀਂ ਪਹੁੰਚਦਾ, ਉਹ ਹੈ ਗਿਆਨ। ਉੱਥੇ ਪੁੰਨ ਪਾਪ ਕੋਈ ਨਹੀਂ। ਤੇ ਉੱਥੇ ਜਾਕੇ ਅੱਖਾਂ ਖੁਲ੍ਹ ਗਈਆਂ। ਪਹਿਲਾਂ ਐਵੇਂ ਹਨੇਰੇ ਚ ਫਿਰਦੇ ਰਹੇ।

**ਹਰਿ ਚਰਣੀ ਚਿਤੁ ਲਾਏ॥**

ਹਰੀ ਦੇ ਚਰਣਾਂ ਦੇ ਵਿੱਚ ਚਿੱਤ ਲਾ ਦਿਓ। ਹਰੀ ਦੇ ਚਰਣ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਨੇ ਸਿਮਰਨ ਤੇ ਧਿਆਨ। ਜਿੱਥੇ ਤੁਸੀਂ ਇੱਕ ਹੋ ਜਾਉਂ। ਜੀਹਦਾ ਤੁਸੀਂ ਧਿਆਨ ਕਰਦੇ ਹੋਂ, ਸਿਮਰਨ ਵੀ ਉਸੇ ਦਾ ਹੋਵੇ। ਤੇ ਜੀਹਦਾ ਤੁਸੀਂ ਸਿਮਰਨ ਕਰਦੇ ਹੋਂ ਧਿਆਨ ਵੀ ਉਸੇ ਦਾ ਹੋਵੇ। ਇਹ ਦੋ ਚਰਣ ਤੁਹਾਡੇ ਹੱਥ ਚ ਆ ਗਏ, ਤੁਸੀਂ ਈਵਰ ਨੂੰ ਮਿਲ ਜਾਉਂਗੇ। ਪਰ ਤੁਸੀਂ ਆਪ ਦੇਖ ਲਉ, ਇਹ ਦੋਵੇਂ ਤੁਹਾਡੇ ਇੱਕਠੇ ਹੋਏ ਨੇ ਕਦੇ ? ਧਿਆਨ ਤੇ ਨਾਮ ਕਦੇ ਇਕੱਠੇ ਹੋਏ ਨੇ ਤੁਹਾਡੇ ? ਜੀਹਦਾ ਤੁਸੀਂ ਸਿਮਰਨ ਕਰਦੇ ਹੋਂ ਦਾ, ਨਾਮ ਵੀ ਉਸੇ ਦਾ ਹੋਵੇ ਤੇ ਸੰਸਾਰ ਨੂੰ ਕਿੱਥੇ ਰੱਖੋਂਗੇ ਫਿਰ ? ਉਹ ਤਾਂ ਨਿਰਾਕਾਰ ਹੈ, ੍ਧ ਹੈ, ਉਹਦਾ ਤੁਹਾਨੂੰ ਦ੍ਰਿੜ ਨਿਚਾ ਨਹੀਂ।

**ਉਸਤਤਿ ਕਰਹੁ ਸਦਾ ਪ੍ਰਭ ਅਪਨੇ**

ਹੁਣ ਤੁਸੀਂ ਪ੍ਰਭੂ ਦੀ ਉਸਤਤੀ ਕਰਨੀ ਹੈ, ਹੋਰ ਨਹੀਂ ਕਿਸੇ ਦੀ ਕਰਨੀ। ਇੱਥੇ ਅਸੀਂ ਦੇਖਦੇ ਹਾਂ ਇਹ ਸਾਧਾਂ ਦੇ ਮਗਰ ਪੈ ਜਾਂਦੇ ਨੇ ਫਲਾਣਾ, ਧਿਮਕਾ, ਇਮਕੜਾ, ਜਿਮਕੜਾ ਜਿਉਂ ਪੈਂਦੇ ਨੇ ਫਲਾਣਾ, ਲੀਡਰਾਂ ਦੇ ਮਗਰ ਪੈ ਜਾਣਗੇ। ਉਹਨਾਂ ਨੂੰ ਆਖੇ ਉਏ ਉਸਤਤੀ ਤਾਂ ਪਰਮੇਰ ਦੀ ਕਰੋ ਕਿਹੈ, ਅਪਣਾ ਪਰਮੇਰ ਜਿਹੜਾ ਤੁਹਾਡਾ ਆਤਮਾ, ਪਰਮਾਤਮਾ ਸਾਰੇ ਵਿਆਪਕ ਤੁਹਾਡੇ ਹਿਰਦੇ ਚ ਹੈ, ਉਹਦੇ ਨਾਲ ਮਨ ਜੋੜ ਕੇ ਉਹਦੇ ਨਾਮ ਨੂੰ ਜਪਿਆ ਕਰੋ। ਉਸਤਤੀ ਉਹਦੀ ਕਰਿਆ ਕਰੋ ਰੱਬ ਦੀ। ਨਾਮ ਰੱਬ ਦੀ ਉਸਤਤੀ ਹੈ। ਨਾਮ ਨਾਮੀ ਦੀ ਉਸਤਤੀ ਹੈ। ਜਿੰਨਾ ਚਿਰ ਨਾਮ ਨਾਲ ਮਨ ਨਾ ਜੁੜੇ, ਨਾਮੀ ਦੀ

ਉਸਤਤੀ ਨਹੀਂ ਹੁੰਦੀ।

***ਜਹ ਨਹੀ ਆਪੁ ਤਹਾ ਹੋਇ ਗਾਵਉ॥*** (ਪੰਨਾ ੧੧੫੯)

ਕਬੀਰ ਆਂਹਦਾ ਹੰਕਾਰ ਤੋਂ ਟੱਪ ਕੇ, ਤਾਂ ਗਾਉ।

***ਹਉਮੈ ਵਿਚਿ ਗਾਵਹਿ ਬਿਰਥਾ ਜਾਇ॥*** (ਪੰਨਾ ੧੫੮)

ਹੰਕਾਰ ਦੇ ਵਿੱਚ ਗਾਇਆ ਤਾਂ ਤੁਹਾਡਾ ਬੇਅਰਥ ਚਲਿਆ ਜਾਊਗਾ। ਜਦ ਤੁਹਾਡੀ ਸੁਰ ਹੀ ਨਹੀਂ ਠੀਕ ਤਾਂ ਰਬਾਬ ਕੈਸੇ ਵੱਜੇਗੀ ਥੋਡੀ। ਇਸ ਕਰਕੇ ਤੁਸੀਂ ਉਸਤਤੀ ਉਹਦੀ ਕਰਿਆ ਕਰੋ, ਪਰਮੇਰ ਦੀ। ਹੋਰ ਦੀ ਉਸਤਤੀ ਨਾ ਕਰਿਆ ਕਰੋ। ਜੇ ਬਹੁਤਾ ਨਹੀਂ ਤੁਸੀਂ ਕਹਿ ਸਕਦੇ ਤਾਂ ਕਹੋ, ਉਹ ਵੀ ਰੱਬ ਦਾ ਰੂਪ ਹੈ। ਫਿਰ ਰੱਬ ਦਾ ਰੂਪ ਤਾਂ ਸਾਰਾ ਹੀ ਹੈ ਜਿੰਨੇ ਤੁਸੀਂ ਹੋਂ, ਹੈ ਤਾਂ ਰੱਬ ਦਾ ਹੀ ਰੂਪ, ਅਸਲੀ ਤਾਂ ਰੱਬ ਹੀ ਹੋਂ। ਆਹ ਜਿਹੜਾ ਤੁਹਾਨੂੰ ਮਿਲਿਆ ਹੋਇਐ ਚੋਲਾ ਇਹ ਤਾਂ ਬਦਲ ਜਾਣੈ। ਇਹ ਤਾਂ ਨਕਲੀ ਹੈ। ਗੁਰੂ ਸਾਹਿਬ ਨੇ ਲਿਖਿਐ ਨਾ ਚੌਥੀ ਪਉੜੀ ਚ –

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*** (ਪੰਨਾ ੨)

ਕਰਮਾਂ ਦੁਆਰੇ ਤੁਹਾਨੂੰ ਕਪੜਾ ਮਿਲਣੈ ਰੀਰ, ਉਹਦੇ ਅਨੁਸਾਰ ਤੁਸੀਂ ਵਾਸਨਾਂ ਕਰਨੀਆਂ ਨੇ, ਪਰ–

***ਨਦਰੀ ਮੋਖੁ ਦੁਆਰੁ॥***

ਜਦ ਬਖ਼ਸ਼ ਹੋਏਗੀ, ਤੁਹਾਡੀ ਮੋਕ ਹੋ ਜੂ।

**ਜਿਨਿ ਪੂਰੀ ਕਲ ਰਾਖੀ॥**

ਜੀਹਨੇ, ਗੁਰੂ ਅਰਜਨ ਦੇਵ ਜੀ ਕਹਿੰਦੇ ਮੇਰੀ ਕਲਯੁੱਗ ਦੇ ਵਿੱਚ ਪੂਰਣ ਇੱਜਤ ਰੱਖੀ। ਮੇਰੀ ਸਾਰੀ ਇੱਛਾ ਪੂਰਣ ਕਰ ਦਿੱਤੀ, ਉਹ ਪਰਮੇਰ ਨੇ ਤੇ ਗੁਰੂ ਰਾਮਦਾਸ ਮਹਾਰਾਜ ਨੇ।

**ਜੀਅ ਜੰਤ ਸਭਿ ਭਏ ਪਵਿਤ੍ਰਾ**

ਸਾਰੇ ਜੀਅ ਜੰਤ ਪਵਿੱਤਰ ਹੋ ਜਾਏਂਗੇ। ਤੇ ਸੰਤ ਦਾ ਇੱਥੇ ਰੀਰ ਛੁੱਟਣ ਨਾਲ ਆਹ ਕਿੰਨਾਂ ਕੁੱਛ ਬਣਿਆ ਪਿਐ। ਪੰਜ ਚਾਰ ਸਾਲ

ਅਸੀਂ ਵੀ ਬੈਠੇ ਰਹੇ ਹਾਂ। ਉਹ ਕੰਮ ਕੀ ਕਰਦਾ ਸੀ, ਸਾਨੂੰ ਪਤਾ ਹੈ। ਉਹ ਜਪੁਜੀ ਸਾਹਿਬ ਪੜ੍ਹੀ ਜਾਂਦਾ ਸੀ। ਅਸੀਂ ਉੱਧਰ ਗਏ ਪੂਰਬ ਚ। ਉਹਨੇ ਰੱਖ ਲੈਣੀ ਚਿੱਪੀ, ਤੇ ਜੰਗਲ ਚ ਜਾਕੇ ਜਪੁਜੀ ਸਾਹਿਬ ਪੜ੍ਹੀ ਜਾਣਾ, ਚਲ ਤੇ ਸੋਟੀ ਲੈਣੀ ਫੜ, ਤੇ ਜਿੰਨਾਂ ਚਿਰ ਖੜਿਆ ਜਾਣਾ ਖੜੇ ਰਹਿਣਾ ਫਿਰ ਪੈ ਜਾਣਾ, ਬਹਿ ਜਾਣਾ, ਆਹ ਉਹਦਾ ਮੁੱਖ ਕੰਮ ਸੀ। ਲਉ। ਫਿਰ ਕਿਰਪਾ ਹੋਈ, ਉਹਦੇ ਪਰਮਾਣੂ ਗਿਰੇ ਤੇ ਕਿੰਨਾਂ ਫਾਇਦਾ ਹੋਇਆ, ਕਿੰਨਾਂ ਫਾਇਦਾ ਕਰ ਗਿਆ। ਸੰਤ ਦਾ ਪਰਮਾਣੂ ਤੇ ਗੁਰੂ ਦਾ ਪਰਮਾਣੂ ਡਿੱਗਣ ਨਾਲ ਤਾਂ ਸਾਰੀ ਧਰਤੀ ਪਵਿੱਤਰ ਹੋ ਜਾਂਦੀ ਹੈ। ਹਾਂ ਜੀ-

**ਸਤਿਗੁਰ ਕੀ ਸਚੁ ਸਾਖੀ॥**

ਸਤਿਗੁਰ ਦੀ ਜਿਹੜੀ ਸਿਖਿਆ ਹੈ ਉਹ ਸੱਤ ਹੁੰਦੀ ਹੈ ਭਾਈ।

***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ*** (ਪੰਨਾ ੧੦੨੮)

ਸਤਿਗੁਰੂ ਦੀ ਜਿਹੜੀ ਸਿਖਿਐ, ਉਹਨੂੰ ਸੱਤ ਕਰ ਕੇ ਮੰਨਿਉਂ। ਸਤਿਗੁਰੂ ਨੇ ਤੁਹਾਨੂੰ ਨਾਮ ਦੇ ਰਸਤੇ ਪਾਉਣੈ, ਉਹਨੂੰ ਛੱਡਿਓ ਨਾ। ਚਾਹੇ ਪੰਜ ਪਿਆਰੇ ਪਾ ਦੇਣ, ਚਾਹੇ ਕੋਈ ਸੰਤ ਪਾ ਦੇਵੇ। ਹਾਂ ਜੀ -

**ਬਿਘਨ ਬਿਨਾਸਨ ਸਭਿ ਦੁਖ ਨਾਸਨ**

ਸਾਰੇ ਬਿਘਨ ਤੁਹਾਡੇ ਬਿਨਾਸ ਹੋ ਜਾਣਗੇ, ਸਾਰੇ ਦੁੱਖ ਤੁਹਾਡੇ ਨਾਸ ਹੋ ਜਾਣਗੇ।

**ਸਤਿਗੁਰਿ ਨਾਮੁ ਦ੍ਰਿੜਾਇਆ॥**

ਸਤਿਗੁਰੂ ਨੇ ਸਾਨੂੰ ਨਾਮ ਦ੍ਰਿੜ ਕਰਾ ਦਿੱਤਾ, ਗੁਰੂ ਅਰਜਨ ਦੇਵ ਜੀ ਕਹਿੰਦੇ। ਉਹ ਜਿਹੜਾ ਜੋਤੀ ਸਰੂਪ ਚੇਤਨ ਸੀ ਨਾ, **ਜੋਤ** ਉਹ ਦ੍ਰਿੜ ਕਰਾ ਦਿੱਤਾ। ਆਪਣਾ ਆਪ ਉਹ ਹੈ ਤੁਹਾਡਾ ਸਾਰਿਆਂ ਦਾ। ਤੁਹਾਡਾ ਆਪਣਾ ਆਪ ਜੋਤ ਹੈ। ਇਹ ਤਿੰਨੇ ਕਾਰਣ, ਸਥੂਲ, ਸੂਖਮ ਰੀਰ, ਆਕਾਰ ਕੋਈ ਨਹੀਂ ਤੁਹਾਡਾ ਅਪਣਾ। ਇਹ ਤਾਂ ਮਾਇਆ ਹੈ, ਇਹ ਤਾਂ ਪ੍ਰਕਿਰਤੀ ਹੈ। ਇਸ ਕਰਕੇ ਦ੍ਰਿੜ ਕਰਾ ਦਿੱਤਾ। ਗੁਰੂ ਰਾਮਦਾਸ ਨੇ ਬੜੀ ਕਿਰਪਾ ਕੀਤੀ।

***ਗੁਰ ਜੋਤਿ ਅਰਜੁਨ ਮਾਹਿ ਧਰੀ॥*** (ਪੰਨਾ ੧੪੦੯)

ਉਹ ਜੋਤ ਗੁਰੂ ਅਰਜਨ ਦੇਵ ਦੇ ਵਿੱਚ ਜਗਾ ਕੇ ਧਰ ਗਿਆ ਗੁਰੂ ਰਾਮਦਾਸ। ਪ੍ਰਿਥੀਏ ਚ ਨਾ ਧਰ ਗਿਆ, ਮਹਾਂ ਦੇਵ ਚ ਨਾ ਧਰ ਗਿਆ। ਪਰ ਈਰੀ ਹੁਕਮ ਉਹੀ ਸੀ । ਚੱਲੀਏ –

**ਖੋਏ ਪਾਪ ਭਏ ਸਭਿ ਪਾਵਨ**

ਜਦ ਅਸੀਂ ਇਹ ਨਾਮੀ, ਨਾਮ ਦੁਆਰਾ ਦ੍ਰਿੜ ਕਰ ਲਿਆ, ਸਾਰੇ ਪਾਪ ਖੋਏ ਗਏ ਤੇ ਅਸੀਂ ਪਵਿੱਤਰ ਤੇ ਪਵਿੱਤਰ ਹੋ ਗਏ।

**ਜਨ ਨਾਨਕ ਸੁਖਿ ਘਰਿ ਆਇਆ॥**

ਉਹਦਾ ਜਿਹੜਾ ਆਤਮ ਸੁੱਖ ਸੀ, ਉਹ ਸੀ ਤੁਹਾਡਾ ਘਰ। ਉਹਦੇ ਵਿੱਚ ਆ ਗਏ। ਉਹ ਘਰ ਤਾਂ –

***ਘਰ ਮਹਿ ਠਾਕੁਰੁ ਨਦਰਿ ਨ ਆਵੈ॥***
***ਗਲ ਮਹਿ ਪਾਹਣੁ ਲੈ ਲਟਕਾਵੈ॥*** (ਪੰਨਾ ੭੩੯)

ਉਹ ਘਰ ਦੇ ਵਿੱਚ ਜਿਹੜਾ ਠਾਕੁਰ ਬੈਠੈ, ਹੁਣ ਤਾਂ ਉੱਥੇ ਪਹੁੰਚ ਗਿਆ ਮਨ। ਹੁਣ ਤਾਂ ਉੱਥੇ ਇਕਾਗਰ ਹੋ ਗਿਆ। ਇਕਾਗਰਤਾ ਤੇ ਹੀ ਸਮਾਧੀ ਹੋਣੀ ਹੈਗੀ।

**ਖੋਏ ਪਾਪ ਭਏ ਸਭ ਪਾਵਨ**
**ਜਨ ਨਾਨਕ ਸੁਖਿ ਘਰਿ ਆਇਆ॥**

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

❑

ੴ ਸਤਿਗੁਰ ਪ੍ਰਸਾਦਿ।।

# ੩੦

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।।**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ।।**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ।।**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ।।**
**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।।**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ।।**
**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ।।**
**ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।। ੧੨।।**

(ਬਾਰਹਮਾਹਾ ਮਾਂਝ, ਪੰਨਾ ੧੩੫)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਅੱਜ ਮਾਘ ਦੀ ਸੰਗ੍ਰਾਂਦ ਹੈ। ਸੂਰਜ ਪਹਿਲੀ ਰਾਸ ਤੋਂ ਦੂਜੀ ਤੇ ਆਉਂਦੈ। ਉਸ ਪੁੰਨ ਸਮੇਂ ਨੂੰ ਸੰਕ੍ਰਾਂਤ ਕਹਿੰਦੇ ਨੇ। ਇਹ ਸੰਕ੍ਰਾਂਤਾਂ ਤਾਂ ਸਾਰੀਆਂ ਪਵਿੱਤਰ ਨੇ, ਇਹ ਮਹਾਂ ਪਵਿੱਤਰ ਹੈ। ਵੈਸਾਖੀ ਤੇ ਮਾਘੀ ਇਹ ਦੋ ਦੇ ਵਿੱਚ ਮੰਨੀ ਜਾਂਦੀ ਹੈ। ਅੱਜ ਦੇ ਦਿਨ ਸਾਰੇ ਲੋਕ ਨਹਾਉਂਦੇ ਨੇ, ਜਿੱਥੇ ਦੇਖਦੇ ਨੇ ਪੁੰਨ ਦਾਨ ਕਰਦੇ ਨੇ, ਬਹੁਤ ਅੱਛਾ ਪਵਿੱਤਰ ਦਾਨ ਹੈ। ਅੱਜ ਜੋ ਪੁਰਖ ਵੀ ਦਾਨ ਕਰੇਗਾ, ਨਾਮ ਜਪੇਗਾ ਉਹ ਪਵਿੱਤਰ ਤੇ ਮਹਾਂ ਪਵਿੱਤਰ ਹੋਏਗਾ। ਬੋਲ ਭਾਈ –

**ਮਾਘਿ ਮਜਨੁ ਸੰਗਿ ਸਾਧੂਆ**

ਭਾਈ ਮਾਘ ਦੇ ਮਹੀਨੇ ਸਾਧੂਆਂ ਦੀ ਧੂੜੀ ਦੇ ਵਿੱਚ ਇਨਾਨ ਕਰਿਆ ਕਰੋ। ਸਾਧੂ ਇੱਥੇ ਉਹ ਲਿਖੇ ਨੇ ਜਿਹੜੇ ਰੱਬ ਦੇ ਨਾਲ ਮਿਲੇ ਹੋਏ, ਇੱਕ ਹੋਏ ਹੋਏ, ਉਹਨਾਂ ਦੀ ਜੋ ਧੂੜੀ ਹੈ, ਉਹ ਬੜੀ ਮਹਾਂ ਪਵਿੱਤਰ ਹੈ। ਗੁਰੂ ਅਰਜਨ ਦੇਵ ਜੀ ਨੇ ਜਦ ਧੂੜੀ ਉਸ ਦੇ ਮਸਤਕ ਤੇ ਲਾ ਦਿੱਤੀ ਬਿਧੀ ਚੰਦ ਦੇ, ਉਹਦੇ ਸਾਰੇ ਅਉਗੁਣ ਭੱਜ ਗਏ। ਉਹਦੀ ਚੋਰੀ ਦੀ ਰੇਖਾ ਹੀ ਮਿਟਾ ਦਿੱਤੀ। ਇਸ ਕਰਕੇ ਜੋ ਪੂਰਣ ਮਹਾਂਪੁਰਾਂ ਦੀ ਧੂੜੀ ਹੈ, ਰੱਬ ਦੇ ਪਿਆਰਿਆਂ ਦੀ, ਤੇ ਅਵਤਾਰਾਂ ਕਾਰਕਾਂ ਦੀ, ਜਿਹੜੇ ਦੁਨੀਆਂ ਦੇ ਵਿੱਚ ਲੋਕਾਂ ਦਾ ਸੁਧਾਰ ਕਰਨੇ ਵਾਸਤੇ ਆਏ ਨੇ, ਉਹਦੇ ਵਿੱਚ ਇਨਾਨ ਕਰਿਆ ਕਰੋ। ਇਨਾਨ ਕੀ ਕਰਿਆ ਕਰੋ ? ਉਹਨਾਂ ਮਹਾਂਪੁਰਾਂ ਦੇ ਪਾਸ ਜਾਕੇ ਰੱਬ ਦਾ ਰਸਤਾ ਪੁੱਛਿਆ ਕਰੋ, ਫਿਰ ਉਸ ਰਸਤੇ ਚੱਲਿਆ ਕਰੋ।

**ਧੂੜੀ ਕਰਿ ਇਸਨਾਨੁ॥**

ਓਸ ਧੂੜੀ ਦੇ ਵਿੱਚ ਇਨਾਨ ਕਰੋ। ਐਨੀ ਨਿੰਮਰਤਾ ਕਰੋ, ਹੰਕਾਰ ਨੂੰ ਤਿਆਗ ਦਿਉ ਤੇ ਮਨ ਨੂੰ ਨਾਮ ਦੇ ਨਾਲ ਜੋੜ ਦਿਉ ਤੇ ਜੁੜਕੇ ਨਾਮ ਜਪੋ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਉਹਨੂੰ ਪਰਮੇਰ ਪ੍ਰਾਪਤ ਹੋਏਗਾ।

**ਹਰਿ ਕਾ ਨਾਮੁ ਧਿਆਇ ਸੁਣਿ**

ਹਰੀ ਦਾ ਨਾਮ ਆਪ ਧਿਆ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਮਨ ਦੇ ਨਾਲ ਸਿਮਰਨ ਕਰ ਤੇ ਪਰਮੇਰ ਪਰੀਪੂਰਣ ਜਿਹੜਾ ਸਭ ਦਾ ਰਖਕ ਹੈ, ਉਹਦਾ ਧਿਆਨ ਕਰ। ਜਿਹੜਾ ਸਭ ਦੀ ਪਾਲਣਾ ਕਰਦੈ, ਸਭ ਦੀ ਰਖਿਆ ਕਰਦੈ ਤੇ ਸਭ ਨੂੰ ਪੈਦਾ ਕਰਦਾ ਹੈ ਤੇ ਸਭ

ਨੂੰ ਸੁੱਖ ਦਿੰਦਾ ਹੈ। ਜੋ ਉਤਪਤੀ, ਪਾਲਣਾ, ਲੈਅ ਕਰਦੈ, ਉਸ ਪਰਮੇਰ ਦਾ ਧਿਆਨ ਕਰਿਆ ਕਰ।

**ਸੁਣਿ**

ਹੁਣ ਨਾਮ ਨੂੰ ਸੁਣਿਆ ਕਰ, ਫਿਰ ਜਪਿਆ ਕਰ। ਪਹਿਲੇ ਪੂਰੇ ਗੁਰੂ ਤੇ ਨਾਮ ਸੁਣਿਆ ਕਰ, ਫਿਰ ਉਸ ਨਾਮ ਨੂੰ ਜਪਿਆ ਕਰ।

**ਸਭਨਾ ਨੋ ਕਰਿ ਦਾਨੁ॥**

ਉਹ ਦਾਨ ਸਾਰਿਆਂ ਨੂੰ ਸਾਂਝਾ ਕਰਨਾ। ਇਉਂ ਨਾ ਕਰਨਾ ਬਈ ਸਿੱਖਾਂ ਨੂੰ, ਬ੍ਰਾਹਮਣਾਂ ਨੂੰ, ਸਾਧਾਂ ਨੂੰ, ਫਲਾਣਿਆਂ ਨੂੰ। ਹੋਰ ਭੁੱਖੇ ਰੱਖਣੇ ਨੇ ? ਗੁਰੂ ਸਾਹਿਬ ਕਹਿੰਦੇ ਓਏ ਦਾਨ ਸਭ ਨੂੰ ਕਰਨਾ, ਸਭ ਨੂੰ ਭੁੱਖ ਲੱਗਦੀ ਹੈ ਤੇ ਸਭ ਨੂੰ ਦਾਨ ਕਰ।

ਮੈਂ ਤੁਹਾਨੂੰ ਹੁਸ਼ਿਆਰਪੁਰ ਦੇ ਇਕ ਸੰਤ ਦੀ ਬਾਤ ਸੁਣਾਉਨਾਂ। ਉਹ ਅਕਾਲੀਆਂ ਦਾ ਉਦੋਂ ਬੋਲ ਬਾਲਾ ਆਿਦਾ ਸੀ, ਡੇਰੇ ਖੋਂਹਦੇ ਸੀ। ਉੱਥੇ ਇਕ ਅਕਾਲੀ ਭਲਾ ਲੋਕ ਰੋਟੀ ਖਾਣ ਆਇਆ। ਉੱਥੇ ਡੇਰੇ ਦਾ ਰਸੋਈਆ ਸੀ ਬਾਹਮਣ। ਉਹਨੇ ਜਵਾਬ ਦੇ ਦਿੱਤਾ। ਉਹ ਸੰਤ ਬੜਾ ਮਹਾਂਪੁਰ ਸੀ, ਜਿਹੜਾ ਡੇਰੇ ਦਾ ਮਾਲਕ ਸੀ, ਉਹ ਦੇਖਦਾ ਸੀ। ਉਹ ਵਿਚਾਰਾ ਅਕਾਲੀ ਨਿਰਾ ਜਿਹਾ ਹੋਕੇ ਤੁਰ ਚੱਲਿਆ, ਕੀ ਕਰੇ ? ਉਹ ਜਦ ਤੁਰ ਚੱਲਿਆ, ਸੰਤ ਨੇ ਉਹਨੂੰ ਬੁਲਾਇਆ, ਭਾਈ ਕੀ ਗੱਲ ਹੋਈ? ਉਹ ਕਹਿੰਦਾ ਮੈਂ ਜੀ ਭੁੱਖਾ ਸੀ, ਰੋਟੀ ਖਾਣ ਆਇਆ ਸੀ, ਉਹ ਜਿਹੜਾ ਭੰਡਾਰੀ ਹੈ, ਉਹ ਕਹਿੰਦਾ ਰੋਟੀ ਨਹੀਂ। ਅਖੇ ਤੈਨੂੰ ਭੁੱਖ ਲੱਗੀ ਹੋਈ ਹੈ? ਕਹਿੰਦਾ ਬੜੀ ਭੁੱਖ ਲੱਗੀ ਹੈ। ਉਹਨੇ ਭੰਡਾਰੀ ਨੂੰ ਬੁਲਾਇਆ, ਕਹਿੰਦਾ ਓਏ! ਤੂੰ ਇਹਨੂੰ ਰੋਟੀ ਨਹੀਂ ਖੁਆਈ? ਕਹਿੰਦਾ ਜੀ ਅਕਾਲੀ ਹੈ, ਡੇਰੇ ਖੋਹਣ ਵਾਲਾ। ਉਹ ਕਹਿੰਦਾ ਅਕਾਲੀਆਂ ਨੂੰ ਭੁੱਖ ਨਹੀਂ ਲੱਗਦੀ ? ਉਹ ਕਹਿੰਦਾ ਇਉਂ ਤਾਂ ਮੈਨੂੰ ਪਤਾ ਨਹੀਂ। ਉਰ੍ਹੇ ਆ ਓਏ! ਕਹਿੰਦਾ ਤੈਨੂੰ ਭੁੱਖ ਲੱਗੀ ਹੋਈ ਹੈ ? ਉਹ ਕਹਿੰਦਾ ਹਾਂ ਲੱਗੀ ਹੈ। ਸੰਤ ਕਹਿਦਾ ਤੈਂ ਭੁੱਖ ਲੱਗੀ ਵਾਲੇ ਨੂੰ ਰੋਟੀ ਖੁਆਉਣੀ ਹੈ ਜੀਹਨੂੰ ਭੁੱਖ ਲੱਗੀ ਹੈ, ਉਹਨੂੰ ਰੋਟੀ ਖੁਆਉਣੀ ਹੈ।

ਇਹਨੂੰ ਭੁੱਖ ਲੱਗੀ ਹੈ ਤੇ ਕਿਉਂ ਨਹੀਂ ਖੁਆਈ? ਭੁੱਲ ਗਿਆ ਜੀ। ਜਾ ਅਖੇ ਪਕਾ ਕੇ ਬਹੁਤ ਅੱਛੀ ਤਰ੍ਹਾਂ ਇਹਨੂੰ ਖੁਆ ਤੇ ਜਦ ਇਹ ਰੱਜ ਜਾਏ ਤੇ ਤੂੰ ਵੀ ਭਾਈ ਆਈਂ। ਉਹ ਆ ਗਿਆ, ਕਿਉਂ ਭਾਈ? ਅਕਾਲੀ ਕਹਿੰਦਾ, ਜੀ ਮੈਂ ਪ੍ਰਸੰਨ ਹੋ ਗਿਆ। ਕਹਿੰਦਾ ਜਾਹ ! ਜਦ ਤੈਨੂੰ ਭੁੱਖ ਲੱਗੇ ਇੱਥੋਂ ਖਾ ਜਾਇਆ ਕਰ। ਤੈਂ ਭੁੱਖ ਵਾਲੇ ਨੂੰ ਰੋਟੀ ਖੁਆਣੀ ਹੈ ਕਿ ਜਾਂ ਕਿਸੇ ਜਾਤੀ ਮਜ਼ਬ ਵਾਲੇ ਨੂੰ ਖੁਆਉਣੀ ਹੈ ? ਬੜਾ ਗਲਤ ਹੈ। ਉਹ ਵਾਰ-ਵਾਰ ਕਹਿੰਦਾ ਜੀ ਮੈਂ ਭੁੱਲ ਗਿਆ।

ਇਸ ਕਰਕੇ ਭਾਈ ਸਾਰਿਆਂ ਨੂੰ ਭੁੱਖ ਲੱਗਦੀ ਹੈ ਤੇ ਦਾਨ ਵੀ ਸਾਰਿਆਂ ਨੂੰ ਕਰਨੈ, ਸਮਝ ਲਿਆ ? ਇਹ ਤਾਂ ਇਹਨਾਂ ਆਗੂਆਂ ਨੇ ਪਖੰਡ ਬਣਾਏ ਨੇ ਬਈ ਇਹਦਾ ਥੋੜਾ ਦਾਨ ਹੈ। ਯੱਗ ਦੇ ਵਿੱਚ ਸਭ ਦਾ ਹੱਕ ਹੈ। ਜੋ ਵੀ ਆਏ ਸਭ ਖਾਏ। ਫਰਕ ਨਹੀਂ ਕਰਨਾ।

**ਸਭਨਾ ਨੋ ਕਰਿ ਦਾਨੁ॥**

ਗੁਰੂ ਸਾਹਿਬ ਕਹਿੰਦੇ ਓਏ ! ਸਾਰਿਆਂ ਨੂੰ ਦਾਨ ਕਰਿਆ ਕਰ। ਗੁਰੂ ਸਾਹਿਬ ਕਹਿੰਦੇ ਜੋ ਵੀ ਭੁੱਖੇ ਆਉਂਦੇ ਨੇ, ਸਾਰਿਆਂ ਨੂੰ ਰੋਟੀ ਖੁਆਇਆ ਕਰ, ਸੇਵਾ ਕਰਿਆ ਕਰ।

**ਜਨਮ ਕਰਮ ਮਲੁ ਉਤਰੈ**

ਜਿਹੜੀ ਤੇਰੀ ਕਰਮਾਂ ਦੀ ਮੈਲ, ਜਨਮਾਂ ਦੀ ਲੱਗੀ ਹੋਈ ਸੀ ਤੇਰੇ ਅੰਤਹਕਰਣ ਨੂੰ, ਉਹ ਉਤਰ ਜਾਏਗੀ। ਜਦ ਨਾਮ ਜਪੇਂਗਾ, ਨਾਮ ਧਿਆਏਂਗਾ ਤਾਂ ਨਿੰਮਰਤਾ ਇੰਨੀ ਆ ਜੂ, ਹੰਕਾਰ ਤਿਆਗ ਦੇਵੇਂਗਾ। ਸਾਰਿਆਂ ਦੀ ਸੇਵਾ ਕਰੇਂਗਾ ਤੇ ਦਾਨ ਕਰੇਂਗਾ, ਤੇਰੇ ਕਰਮਾਂ ਦੀ ਮੈਲ ਸਾਰੇ ਜਨਮਾਂ ਦੀ ਉਤਰ ਜਾਊ, ਤੂੰ ਪਵਿੱਤਰ ਹੋ ਜਾਏਂਗਾ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** (ਪੰਨਾ ੨੮੬)

ਸੇਵਾ ਕਰਨ ਵਾਲਾ ਨਿਕਾਮ, ਉਸ ਨੂੰ ਪਰਮੇਰ ਪ੍ਰਾਪਤ ਹੁੰਦੈ।

**ਮਨ ਤੇ ਜਾਇ ਗੁਮਾਨੁ॥**

ਤੇਰੇ ਮਨ ਦੇ ਵਿੱਚੋਂ ਹੰਕਾਰ ਚਲਿਆ ਜਾਏਗਾ। ਜਾਤੀਆਂ ਦਾ,

ਮਜ੍ਹਬਾਂ ਦਾ, ਫਲਾਣਾ, ਧਿਮਕਾ ਇਹ ਬੜਾ ਰੋਗ ਲੱਗਿਆ ਹੋਇਐ ਦੁਨੀਆਂ ਦੇ ਮਨਾਂ ਨੂੰ। ਇਹ ਬੜਾ ਹੀ ਭਾਰੀ ਰੋਗ ਹੈ। ਇਹ ਪ੍ਰਛਿੰਨ ਹੰਕਾਰ ਹੀ ਰੋਗ ਹੈ। ਮੈਂ ਬ੍ਰਾਹਮਣ ਹਾਂ, ਮੈਂ ਸਿੱਖ ਹਾਂ, ਮੈਂ ਫਲਾਣਾ ਹਾਂ, ਮੈਂ ਧਿਮਕਾ ਹਾਂ, ਕਹਿੰਦਾ ਇਹ ਜਿਹੜਾ ਤੈਨੂੰ ਰੋਗ ਲੱਗਿਆ ਹੋਇਐ ਨਾ, ਇਹ ਤੇਰਾ ਰੋਗ ਤਾਂ ਜਾਏਗਾ ਭਾਈ-

**ਕਾਮਿ ਕਰੋਧਿ ਨ ਮੋਹੀਐ॥**

ਤੇ ਕਾਮ ਕਰੋਧ ਮੋਹਿਤ ਨਹੀਂ ਕਰੇਂਗੇ ਤੇਰੇ ਮਨ ਨੂੰ। ਮਨ ਹੋ ਗਿਆ ਪਵਿੱਤਰ, ਹੁਣ ਕੋਈ ਨਹੀਂ ਕਾਮ ਕਰੋਧ ਮੇਂ ਜਾਏਗਾ। ਤੇਰਾ ਮਨ ਪਵਿੱਤਰ ਹੋ ਗਿਆ, ਉਹ ਕਾਮ ਕ੍ਰੋਧ, ਤੈਨੂੰ ਮੋਹ ਨਹੀਂ ਸਕੇਂਗੇ।

**ਬਿਨਸੈ ਲੋਭੁ ਸੁਆਨੁ॥**

ਆਹ ਜਿਹੜਾ ਲੋਭ ਰੂਪੀ ਕੁੱਤਾ ਸਾਰੀ ਦੁਨੀਆਂ ਨੂੰ ਖਾ ਗਿਆ। ਇਹ ਵੀ ਨਾਸ ਹੋ ਜਾਏਗਾ। ਇਹ ਲੋਭ ਰੂਪੀ ਕੁੱਤੇ ਨੇ ਕੀ ਕੀਤਾ ਪਬਲਿਕ ਦੇ ਵਿੱਚ, ਤੁਹਾਨੂੰ ਨਹੀਂ ਪਤਾ? ਬਸ ਇਹ ਲੋਭ ਰੂਪੀ ਕੁੱਤਾ ਵੀ ਚਲਿਆ ਜਾਏਗਾ। ਇਹ ਲੋਭ ਰੂਪੀ ਕੁੱਤਾ ਜਦ ਤੱਕ ਹਿਰਦੇ ਚ ਹੈ ਉਦੋਂ ਤੱਕ ਤੁਸੀਂ ਭਾਲ ਲਉ, ਸੰਤ ਨਹੀਂ ਪਾ ਸਕਦੇ।

**ਸਚੈ ਮਾਰਗਿ ਚਲਦਿਆ**

ਜਦ ਤੁਸੀਂ ਸੱਚੇ ਮਾਰਗ ਦੇ ਵਿੱਚ ਚੱਲੋਂਗੇ, ਜਦ ਸੱਚੇ ਰਸਤੇ ਤੁਰੋਂਗੇ, ਸੱਚਾ ਕੌਣ ਹੈ? ਪਰਮੇਰ ਦਾ ਨਾਮ ਤੇ ਪਰਮੇਰ। ਦੋ ਸੱਚੇ ਨੇ ਇਕ ਪਰਮੇਰ ਤੇ ਇਕ ਪਰਮੇਰ ਦਾ ਨਾਮ। ਕਿਉਂ? ਨਾਮ ਨਾਮੀ ਨੂੰ ਮਿਲਾਉਂਦਾ ਹੈ। ਜੇ ਉਹ ਪਵਿੱਤਰ ਨਾ ਹੋਵੇ, ਅੰਤਹਕਰਣ ਨੂੰ ਪਵਿੱਤਰ ਨਾ ਕਰੇ ਫਿਰ ਪਰਮੇਰ ਨਾਲ ਕੈਸੇ ਮਿਲੋਂਗੇ ? ਜਦ ਤੁਸੀਂ ਸੱਚੇ ਰਸਤੇ ਨਾਮ ਨੂੰ ਲੈਕੇ ਨਾਮ ਦੇ ਨਾਲ ਮਨ ਨੂੰ ਜੋੜੋਂਗੇ, ਫਿਰ ਤੁਸੀਂ-

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** (ਪੰਨਾ ੨੬੬)

ਸਾਰੇ ਧਰਮਾਂਚੋਂ ਬੜਾ ਧਰਮ ਇਕ ਹੈਗਾ, ਬਈ ਹਰੀ ਦਾ ਨਾਮ

ਜਪਣਾ ਤੇ ੁੱਧ ਕਰਮ ਕਰਨਾ, ਨਿਕਾਮ ਕਰਮ ਕਰੋ, ਨਿਕਾਮ ਸੇਵਾ ਕਰੋ ਤੇ ਹਰੀ ਦਾ ਨਾਮ ਕਦੇ ਛੱਡੋ ਨਾ। ਗੁਰੂ ਅਮਰ **ਦੇਵ** ਨੇ ਜੇ ਬਾਰਾਂ ਸਾਲ ਗਾਗਰਾਂ ਢੋਈਆਂ ਤੇ ਨਾਮ ਵੀ ਨਹੀਂ ਛੱਡਿਆ ਤੇ ਸੇਵਾ ਵੀ ਨਹੀਂ ਛੱਡੀ। ਇਸ ਕਰਕੇ ਨਾ ਸੇਵਾ ਛੱਡੋ ਤੇ ਨਾ ਨਾਮ ਛੱਡੋ, ਪਰ ਸਾਰਾ ਕੰਮ ਕਰਦੇ ਰਹੋ।

**ਉਸਤਤਿ ਕਰੇ ਜਹਾਨੁ॥**

ਫਿਰ ਥੋਡੀ ਉਸਤਤੀ ਜਹਾਨ ਕਰੇਗਾ। ਫਿਰ ਥੋਡੀ ਉਸਤਤੀ ਪਰਮੇਰ ਕਰੇਗਾ। ਮੈਂ ਤੁਹਾਨੂੰ ਇਕ ਕਥਾ ਸੁਣਾਉਨਾਂ, ਮੈਨੂੰ ਉਹ ਬੜੀ ਸੁਹਣੀ ਲੱਗੀ।

ਇਕ ਸਿੱਖ ਗਿਆ ਇਕ ਸੰਤ ਕੋਲ। ਕਹਿੰਦਾ ਜੀ ਕੋਈ ਸੇਵਾ ਦੱਸੋ। ਉਹ ਕਹਿੰਦੇ, ਤੂੰ ਭਾਈ ਚੌਲ ਕੁੱਟਿਆ ਕਰ ਯੱਗ ਦੇ। ਉਥੇ ਯੱਗ ਵਰਤਾਇਆ ਜਾਂਦਾ ਸੀ। ਉਹ ਪਹਿਲਾਂ ਉੱਖਲੀਆਂ ਚ ਚੌਲ ਕੁੱਟਦੇ ਸੀ। ਉਹ ਜਿਉਂ ਚੌਲ ਕੁੱਟਣ ਲੱਗਿਆ, ਚੌਵੀ ਸਾਲ ਚੌਲ ਕੁੱਟਦਾ ਰਿਹਾ। ਇਕ ਦਿਨ ਸੰਤ ਕਹਿੰਦੇ ਬਈ ਅਸੀਂ ਜਾਣੈ। ਭਾਈ ਹੁਣ ਤੁਸੀਂ ਅਪਣਾ ਬੰਦੋਬਸਤ ਕਰ ਲਉ। ਉਹਨਾਂ ਨੇ ਸੋਚਿਆ ਇਹਨਾਂ ਦੀ ਜਗ੍ਹਾ ਤੇ, ਗੱਦੀ ਤੇ ਕੀਹਨੂੰ ਬਿਠਾਵਾਂਗੇ। ਉਹਨਾਂ ਨੇ ਅਖਬਾਰ ਛਾਪੇ, ਸਭ ਕੁੱਛ ਕੀਤਾ ਬਈ ਅੱਛਾ ਲਾਇਕ ਪੁਰ ਹੋਵੇ। ਬਿਠਾਈ ਸਾਰੀ ਸੰਗਤ। ਉਹ ਜਦ ਗੱਲਾਂ ਲਿਖਕੇ ਲੈ ਗਿਆ ਪੁੱਛਣ ਵਾਸਤੇ ਸਾਰਿਆਂ ਨੂੰ, ਤਾਂ ਉਹ ਚੌਲ ਕੁੱਟਣ ਵਾਲਾ ਕਹਿੰਦਾ, ਉਰੇ ਆ ਮੈਂ ਦਸਦਾਂ ਤੈਨੂੰ। ਉਹ ਪੁੱਛਣ ਵਾਲਾ ਬੜਾ ਪੜ੍ਹਿਆ ਲਿਖਿਆ ਸੀ, ਬੜਾ ਹੱਸਿਆ ਉਹਨੇ ਆਖਿਆ ਇਹ ਕੀ ਦੱਸੇਗਾ ਚੌਲ ਕੁੱਟਣ ਵਾਲਾ ? ਉਹਨੇ ਲਿਖਾ ਦਿੱਤਾ। ਉੱਥੇ ਨਾ ੁੱਧੀ ਹੈ ਨਾ ਅੁੱਧੀ ਹੈ, ਨਾ ਰਾਗ ਹੈ ਨ ਦਵੈ ਹੈ, ਐਸੇ ਉਹਨੇ ਲਿਖਾ ਦਿੱਤਾ। ਉਹਨੇ ਜਦ ਸੁਣਾਇਆ, ਉਹ ਸੰਤ ਆਂਹਦੇ ਉਹਨੂੰ ਬੁਲਾਓ। ਉਹਦੇ ਤਾਂ ਕਵਾੜ ਖੁੱਲ੍ਹੇ ਹੋਏ ਨੇ, ਉਹ ਤਾਂ ਸਹੀ ਹੈ। ਉਹਨੂੰ ਲਿਆਂਦਾ। ਉਹਨੂੰ ਕਹਿ ਦਿੱਤਾ ਸੰਤਾਂ ਨੇ ਬਈ ਗੱਲ ਸੁਣ ਲੈ ਭਾਈ ! ਤੂੰ ਬੜਾ ਪਵਿੱਤਰ ਹੈਂ,

ਬੜਾ ਲਾਇਕ ਹੈਂ। ਉਹ ਕਹਿੰਦਾ ਪਵਿੱਤਰ ਅਪਵਿੱਤਰ ਤਾਂ ਕੋਈ ਹੈ ਹੀ ਨਹੀਂ। ਸੰਤਾਂ ਨੇ ਆਪਣੀ ਚਿੱਪੀ, ਸੋਟੀ ਬਗੈਰਾ ਸਭ ਦੇ ਦਿੱਤੀ, ਕਹਿੰਦੇ ਮੇਰੇ ਸਾਹਮਣੇ ਗੱਦੀ ਤੇ ਬਿਠਾਓ। ਉਹਨੂੰ ਗੱਦੀ ਤੇ ਬਿਠਾ ਦਿੱਤਾ। ਆਹ ਹੈ ਕਲਿਆਣ ਦਾ ਰਸਤਾ। ਜੇ ਉਹ ਤੀਜੇ ਦਿਨ ਪੁੱਛਣ ਲੱਗ ਜਾਂਦਾ ਬਈ ਤਿੰਨ ਦਿਨ ਮੈਨੂੰ ਚੌਲ ਕੁੱਟਦੇ ਨੂੰ ਹੋ ਗਏ , ਹੁਣ ਦੱਸੋ ਕੀ ਕਰਾਂ। ਐਡੀ ਛੇਤੀ ਕੀ ਹੋ ਜੂਗਾ ? ਬਾਰਾਂ ਸਾਲ ਗੁਰੂ ਸਾਹਿਬ ਨੇ ਗਾਗਰਾਂ ਢੋਈਆਂ, ਇਕ ਦਿਨ ਗੈਰ ਹਾਰ ਹੋਏ ਨੇ ਕਦੇ ? ਤੁਸੀਂ ਇਹੁ ਭ ਕੰਮ ਕਰੀ ਜਾਉ। ਹੋਰ ਸਭ ਧਰਮਾਂ ਤੋਂ ਬੜਾ ਧਰਮ ਇਹੀ ਹੈ।

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** (ਪੰਨਾ ੨੬੬)

**ਹਰਿ ਕੋ ਨਾਮ ਜਪਿ** , ਇਹਦਾ ਤਾਂ ਜਾਪ ਕਰੋ। **ਨਿਰਮਲ ਕਰਮੁ** ,ੁ ੱਧ ਕਰਮ, ਨਿਕਾਮੁ ੱਭ ਕਰਮ ਕਰੋ। ਪਬਲਿਕ ਦੀ ਸੇਵਾ ਕਰੋ, ਜਿੰਨੀ ਤੁਹਾਡੇ ਤੋਂ ਹੋ ਸਕਦੀ ਹੈ। ਲੁੱਟੋ ਨਾ ਪਬਲਿਕ ਨੂੰ। ਦੋ ਚੀਜਾਂ ਕਦੇ ਨਹੀਂ ਲੁੱਟੀਂਦੀਆਂ, ਦੇ ਅਤੇ ਕੌਮ। ਨਾ ਤਾਂ ਦੇ ਲੁੱਟੀਂਦੈ ਨਾ ਹੀ ਕੌਮ ਲੁੱਟੀਂਦੀ ਹੈ। ਇਹ ਨਹੀਂ ਦੋਵੇਂ ਚੀਜਾਂ ਲੁੱਟਣ ਵਾਲੀਆਂ। ਜੇ ਇਹਨੂੰ ਲੁੱਟਣ ਲੱਗ ਪਏ ਫਿਰ ਤਾਂ ਦਿਵਾਲਾ ਨਿਕਲ ਜਾਏਗਾ। ਇਸ ਕਰਕੇ ਭਾਈ ਇਹ ਕੰਮ ਸਭ ਤੋਂ ਚੰਗਾ ਹੈ।

**ਅਠਸਠਿ ਤੀਰਥ ਸਗਲ ਪੁੰਨ**

ਅਠਾਹਠ ਤੀਰਥਾਂ ਦਾ ਪੁੰਨ ਤੈਨੂੰ ਇੱਕੋ ਵਾਰੀ ਹੋ ਜਾਏਗਾ। ਸਾਰੇ ਪੁੰਨ ਤੈਨੂੰ ਪ੍ਰਾਪਤ ਹੋ ਜਾਏਂਗੇ।

**ਜੀਅ ਦਇਆ ਪਰਵਾਨੁ॥**

ਜੇ ਤੂੰ ਇਕ ਜੀਵ ਦੇ ਉੱਤੇ ਦਇਆ ਕਰ ਦੇਵੇਂ। ਬੱਸ ! ਜੇ ਤੂੰ ਇਕ ਜੀਵ ਦੇ ਉੱਤੇ ਦਇਆ ਕਰ ਦੇਵੇਂ, ਅਠਾਹਠ ਤੀਰਥਾਂ ਦਾ ਤੈਨੂੰ ਪੁੰਨ ਹੋ ਜੂਗਾ। ਜੀਵ ਮਾਰਿਆ ਨਾ ਕਰੋ, ਮਾਰਨੇ ਅੱਛੇ ਨਹੀਂ ਹੁੰਦੇ ਹੈਗੇ। ਦਇਆ ਕਰਿਆ ਕਰੋ।

**ਜਿਸ ਨੋ ਦੇਵੈ ਦਇਆ ਕਰਿ**

ਇਹ ਕਰਮ ਜਿਸ ਨੂੰ ਦਇਆ ਕਰਕੇ ਪਰਮੇਰ ਦੇਵੇ।

**ਸੋਈ ਪੁਰਖੁ ਸੁਜਾਨੁ॥**

ਉਹ ਪੁਰਖ ਬੜਾ ਲਾਇਕ ਹੈ। ਗਿਆਤਾ ਗੇਅ ਹੈ। ਵਿਆਪਕ ਦੇ ਨਾਲ ਇੱਕ ਹੋ ਗਿਆ, ਉਹ ਬਖਸ਼ਿਆ ਗਿਆ।

***ਜਾ ਕਉ ਅਪੁਨੀ ਕਰੈ ਬਖਸੀਸ॥***
***ਤਾ ਕਾ ਲੇਖਾ ਨ ਗਨੈ ਜਗਦੀਸ॥*** (ਪੰਨਾ ੨੭੭)

**ਜਿਨਾ ਮਿਲਿਆ ਪ੍ਰਭੁ ਆਪਣਾ**

ਜਿਨ੍ਹਾਂ ਨੂੰ ਆਪਣਾ ਪ੍ਰਭੁ ਮਿਲਿਆ, ਅਪਣਾ ਆਤਮਾ। ਜਿਹੜਾ ਪਰਮੇਰ ਸਾਰਿਆਂ ਦੇ ਵਿੱਚ ਬੈਠੈ ਆਤਮਾ ਰੂਪ ਹੋਕੇ, ਉਹ ਜਿਸ ਨੂੰ ਮਿਲ ਗਿਆ, ਪ੍ਰਾਪਤ ਹੋ ਗਿਆ। ਜਿਹੜਾ ਇਹਨਾਂ ਦਾ ਖਾਸ ਆਪਾ ਹੈ, ਉਹ ਦਾਨਾ ਬੀਨਾ ਸਾਈਂ ਜਿਨ੍ਹਾਂ ਨੂੰ ਮਿਲ ਗਿਆ।

**ਨਾਨਕ ਤਿਨ ਕੁਰਬਾਨੁ॥**

ਮੈਂ ਉਹਨਾਂ ਦੇ ਉੱਤੋਂ ਦੀ, ਗੁਰੂ ਸਾਹਿਬ ਕਹਿੰਦੇ, ਕੁਰਬਾਨ ਜਾਂਦਾ ਹਾਂ। ਉਹਨਾਂ ਦੇ ਉੱਤੋਂ ਦੀ ਬਲਿਹਾਰੇ ਜਾਂਦਾ ਹਾਂ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

## ੩੧

**ਸੋਰਠਿ ਮਹਲਾ ੫॥**

**ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ॥**
**ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ॥ ੧॥**
**ਮੇਰਾ ਗੁਰੁ ਪੂਰਾ ਸੁਖਦਾਤਾ॥**
**ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ॥ ਰਹਾਉ॥**
**ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ॥**
**ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ॥ ੨॥**

(ਪੰਨਾ ੬੧੯)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

***ਗੁਰੁ ਪਰਮੇਸਰੁ ਏਕੋ ਜਾਣੁ॥***
***ਜੋ ਤਿਸੁ ਭਾਵੈ ਸੋ ਪਰਵਾਣੁ॥*** (ਪੰਨਾ ੮੬੪)

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*** (ਪੰਨਾ ੨੭੩)

***ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥***

***ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥***

(ਪੰਨਾ ੨੮੬)

ਗੁਰ ਪਰਮੇਰ ਇੱਕ ਨੇ। ਗੁਰੂ ਬ੍ਰਹਮ ਗਿਆਨੀ ਦਾ ਨਾਉਂ ਹੈ। ਪੂਰਨ ਗੁਰੂ ਵੀ ਬ੍ਰਹਮ ਗਿਆਨੀ ਦਾ ਨਾਉਂ ਹੈ। ਪਰਮੇਰ ਇੱਕ ਹੈ,

ਦੋ ਨਹੀਂ। ਉਹ ਏਕਾ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਪਾਰਬ੍ਰਹਮ ਪਰਮੇਰ ਬੈਠੈ। ਗਹਿਨ ਵਿੱਦਿਆ ਜਦ ਆਉਂਦੀ ਹੈ, ਉਹਦੇ ਚ ਇੱਕੋ ਹੀ ਅਰਥ ਕਰਨਾ ਪੈਂਦੈ। ਬਈ ਪਰਮੇਰ ਜੋ ਪਾਰਬ੍ਰਹਮ ਹੈ, ਉਹ ਸਭ ਦੇ ਹਿਰਦੇ ਦੇ ਵਿੱਚ ਹੈ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਗੀਤਾ ਵਿੱਚ ਭਗਵਾਨ ਨੇ ਉਸ ਨੂੰ ਕੇਤ੍ਰਗਯ ਕਿਹਾ ਜੋ ਰਿਿਆਂ ਨੇ, ਮੁਨੀਆਂ ਨੇ ਸਭ ਨੇ ਪਹਿਲਾਂ ਦੋ ਬਾਤਾਂ ਕਹੀਆਂ। ਇਕ ਕੇਤ੍ਰ ਤੇ ਇੱਕ ਕੇਤ੍ਰਗਯ। ਕੇਤ੍ਰ ਸਾਰੇ ਰੀਰ ਤੋਂ ਲਾਕੇ ਜੋ ਕੁੱਛ ਹੈ, ਉਹ ਸਭ ਕੇਤ੍ਰ ਹੈ ਤੇ ਕੇਤ੍ਰਗਯ ਪਰਮੇਰ ਹੈ, ਚੇਤਨ ਹੈ, ਵਿਆਪਕ ਹੈ, ਪਰੀਪੂਰਣ ਹੈ, ਉਹ ਇੱਕ ਹੈ। ਏਕਾ ਜੋ ਉਹ ਨਿਰਾਕਾਰ ਹੈ, ਨਿਰੰਜਨ ਹੈ, ਉਹ ਸਭ ਦੇ ਅੰਦਰ, ਉਹ ਆਪਾ ਹੈ, ਉਹਨੂੰ ਆਤਮਾ ਕਹਿੰਦੇ ਨੇ ।

***ਅੰਤਰ ਆਤਮੈ ਬ੍ਰਹਮ ਨ ਚੀਨਿਆ***
***ਮਾਇਆ ਕਾ ਮੁਹਤਾਜੁ ਭਇਆ॥*** (ਪੰਨਾ ੪੩੫)

ਇਹ ਜੀਵ ਕਿਸੇ ਢੰਗ ਨਾਲ ਇਸੇ ਵਾਸਤੇ ਮਾਇਆ ਦੇ ਪ੍ਰਭਾਵ ਚ ਤਦ ਤੱਕ ਆਉਂਦੈ, ਜਦ ਤੱਕ ਇਸ ਨੂੰ ਨਿਰੰਜਨ ਦਾ ਗਿਆਨ ਨਹੀਂ ਹੁੰਦਾ।

***ਥਾਪਿਆ ਨ ਜਾਇ ਕੀਤਾ ਨ ਹੋਇ॥***
***ਆਪੇ ਆਪਿ ਨਿਰੰਜਨੁ ਸੋਇ॥*** (ਪੰਨਾ ੨)
***ਨਿਰਗੁਨੁ ਆਪਿ ਸਰਗੁਨੁ ਭੀ ਓਹੀ॥***
***ਕਲਾ ਧਾਰਿ ਜਿਨਿ ਸਗਲੀ ਮੋਹੀ॥*** (ਪੰਨਾ ੨੮੭)

ਨਿਰਗੁਣ ਔਰ ਸਰਗੁਣ ਦੇ ਵਿੱਚ ਕੋਈ ਭੇਦ ਨਹੀਂ ਹੈ। ਸੰਸਾਰਾਕਾਰ ਬਿਰਤੀ ਮੇਂ ਉਹ ਸਰਗੁਣ ਰੂਪ ਦਿਸਦੈ ਤੇ ਸਰਗੁਣ ਤੋਂ ਲੈਕੇ ਨਿਰਗੁਣ ਤੱਕ ਉਹ ਨਿਰਾਕਾਰ ਹੀ ਰਹਿੰਦਾ ਹੈ। ਏਸ ਕਰਕੇ ਉਹ ਨਿਰਾਕਾਰ ਹੀ

ਸਾਕਾਰ ਹੈ ਤੇ ਸਾਕਾਰ ਹੀ ਨਿਰਾਕਾਰ ਹੈ। ਔਰ ਪਹਿਲੇ ਨਿਰਾਕਾਰ ਹੋਏਗਾ, ਫਿਰ ਸਾਕਾਰ ਹੋਏਗਾ। ਨਿਰਾਕਾਰ ਤਿੰਨੋ ਕਾਲ ਮੇਂ ਇਕ ਰਸ ਰਹੇਗਾ। ਸਾਕਾਰ ਜੈਸੇ ਭਗਤਾਂ ਦੀ ਭਾਵਨਾ ਹੋਏਗੀ ਵੈਸੇ ਹੋਏਗਾ, ਇਹ ਵੀ ਇਕ ਨਿਯਮ ਹੈ। ਜਿਸ ਰੂਪ ਮੇਂ ਉਹ ਪ੍ਰਹਲਾਦ ਨੂੰ ਪ੍ਰਾਪਤ ਹੋਇਆ। ਉਹ ਪਾਰਬ੍ਰਹਮ ਪਰਮੇਰ ਜੋ ਪਰੀਪੂਰਣ ਵਿਆਪਕ ਹੈ, ਉਸਨੂੰ ਸਾਰੇ ਉਹ ਵਿਆਪਕ ਪਰੀਪੂਰਣ ਸਨਾਖਤ (ਪਛਾਣ) ਸੇ। ਪਰ ਧਰੂਅ ਨੂੰ ਉਹ ਸਰਗੁਣ ਰੂਪੇ ਪ੍ਰਾਪਤ ਹੋਇਆ ਤੇ ਮੰਤਰ ਵੀ ਉਹਨਾਂ ਦਾ ਅਲਹਿਦਾ ਸੀ। ਉਹਦਾ, ਰਾਮ ਰਾਮ, ਉਹਦਾ, ਓਮ ਤੱਤ ਸੱਤ।

ਪਰ ਮੰਤਰ ਦੇਣ ਵਾਲਾ ਗੁਰੂ ਇੱਕ ਹੈ ਨਾਰਦ। ਉਸ ਨੇ ਅਧਿਕਾਰੀ ਦੇਖ ਕੇ ਮੰਤਰ ਦਿੱਤੇ, ਉਹ ਯੋਗ ਅਧਿਕਾਰੀ ਸੀ, ਉਸ ਦੇ ਉੱਤੇ ਬੜੀ ਕ੍ਰਿਪਾ ਹੋਈ ਸੀ। ਇਸ ਕਰਕੇ ਉਹਨੂੰ ਉਹ ਪੂਰਣ ਪਾਰਬ੍ਰਹਮ ਦਾ ਗਿਆਨ ਸੀ। ਆਤਮਾ ਰੀਰ ਦੇ ਵਿੱਚ ਕਹੀਂਦੈ। ਉਹਨੂੰ ਆਪਾ ਕਹਿੰਦੇ ਨੇ ਪਰ ਵਾਸਤਵ ਮੇਂ ਇੱਕੋ ਹੀ ਹੈ। ਉਸ ਮੇਂ ਸਰਗੁਣ ਵੀ ਉਪਾਧੀ ਹੈ ਤੇ ਨਿਰਗੁਣ ਵੀ ਉਪਾਧੀ ਹੈ। ਉਹੀ ਸਮਾਧੀ ਮੇਂ ਆਉਂਦੈ। ਨਿਰਵਿਕਲਪ ਸਮਾਧੀ ਮੇਂ ਤੇ ਸਾਵਿਕਲਪ ਸਮਾਧੀ ਮੇਂ।

ਉਹ ਪਰਮੇਰ ਦੇ ਵਿੱਚ ਸਭ ਕਲਪਿਤ ਹੈ। ਸਮਾਧੀ ਵੀ ਕਲਪਿਤ ਹੈ। ਉਹ ਸਮਾਧੀ ਤਾਂ ਕਦੇ ਛਿਨ ਮਾਤਰ ਹੀ ਲੱਗਦੀ ਹੈ।

***ਏਕ ਚਿਤ ਜਿਹਿ ਇਕ ਛਿਨ ਧਿਆਇਓ॥***
***ਕਾਲ ਫਾਸ ਕੇ ਬੀਚ ਨ ਆਇਓ॥*** (ਅਕਾਲ ਉਸਤਤਿ)

ਇਸ ਕਰਕੇ ਉਹ ਸਮਾਧੀ ਦੇ ਪਹਿਲੇ ਵੀ ਸੀ ਤੇ ਉਹੀ ਸੀ ਸਮਾਧੀ ਮੇਂ ਤੇ ਪਿੱਛੋਂ ਆਪੇ ਦਾ ਗਿਆਨ ਹੋ ਜੂ।

***ਸੋ ਬਉਰਾ ਜੋ ਆਪੁ ਨ ਪਛਾਨੈ॥***
***ਆਪੁ ਪਛਾਨੈ ਤ ਏਕੈ ਜਾਨੈ॥*** (ਪੰਨਾ ੮੫੫)

ਕਬੀਰ ਸਾਹਿਬ ਨੂੰ ਕਹਿੰਦੇ ਉਹ ਬਉਰਾ ਹੈ। ਉਹ ਕਹਿੰਦਾ ਹਾਂ।

***ਸੋ ਬਉਰਾ ਜੋ ਆਪੁ ਨ ਪਛਾਨੈ॥***

ਪਾਗਲ ਉਹ ਹੁੰਦੈ ਜੀਹਨੇ ਆਪਾ ਨਹੀਂ ਪਛਾਣਿਆ, ਜੀਹਨੇ

ਆਪਾ ਪਛਾਣ ਲਿਆ ਉਹ **ਏਕੈ ਜਾਨੈ** ਉਹ ਏਕੇ ਨੂੰ ਜਾਣ ਲੈਂਦਾ ਹੈ।

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥***

***ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਚਾਰ ਖਾਣੀਆਂ ਦੇ ਹਿਰਦਿਆਂ ਦੇ ਵਿੱਚ ਇਕ ਪਾਰਬ੍ਰਹਮ ਪਰਮੇਰ ਹੈ। ਇਹਦੇ ਵਿੱਚ ਤੁਸੀਂ ਆਪ ਹੀ ਗਹੁ ਕਰਕੇ ਦੇਖ ਲਉ, ਤੁਹਾਡੀ ਬਿਰਤੀ ਜਦ ਤੁਹਾਡੇ ਹਿਰਦੇ ਦੇ ਵਿੱਚ ਜੋ ਚੇਤਨ ਹੈ, ਉਹਦੇ ਨਾਲ ਗੁਰੂ ਪਰਮੇਰ ਦੀ ਕ੍ਰਿਪਾ ਤੇ ਜਦ ਜੁੜ ਜਾਊ, ਉਸ ਵਕਤ ਤੁਹਾਨੂੰ ਆਪੇ ਦਾ ਗਿਆਨ ਹੋ ਜੂ। ਜਬ ਤੱਕ ਤੁਸੀਂ ਹਿਰਦੇ ਦੀ ਸੱਤਾ ਮੰਨਦੇ ਹੋਂ, ਤਬ ਤੱਕ ਦੋ ਸੱਤਾ ਹੋਣਗੀਆਂ। ਪਰ ਬੁੱਧੀ ਨੂੰ ਦੇਖਣੇ ਜਾਨਣੇ ਵਾਲਾ ਦਾਨਾ ਬੀਨਾ ਸਾਈਂ ਮਾਲਕ ਉਹ ਇੱਕ ਹੈ। ਇੱਕ ਜੋ ਹੈ, ਉਹ ਉਪਾਧੀ ਭੇਦ ਉਹਦੇ ਚ ਨਹੀਂ ਹੁੰਦਾ। ਜਦ ਇੱਕੋ ਦਾ ਸਾਰਿਆਂ ਦੇ ਵਿੱਚ ਗਿਆਨ ਹੋ ਜਾਂਦੈ, ਉਹਦੀ ਬਿਰਤੀ ਜਦ ਤਦਾਕਾਰ ਹੋ ਜਾਂਦੀ ਹੈ, ਉਸ ਦੇ ਬਾਅਦ ਉਹਨੂੰ ਲਕ ਦਾ ਗਿਆਨ ਹੋ ਜਾਂਦੈ ਤੇ ਸਾਰਾ ਜੋ ਖੇਤਰ ਹੈ, ਉਹ ਸਾਰੇ ਉਹਦੇ ਪਰਤਕ ਹੈ। ਪਰ ਪਰਤਕ ਕਰਤਾ ਉਹ ਆਪ ਖੇਤਰਗਯ ਪਰਮੇਰ ਹੈ, ਜਦ ਇਸ ਨੂੰ ਇਹ ਗਿਆਨ ਹੋ ਜਾਂਦੈ।

***ਅਨਨਯਾਚਿੰਤਯੰਤੋ ਮਾਂ ਯੇ ਜਨਾ: ਪਰਯੁਪਾਸਤੇ।***

***ਤੇਾਂ ਨਿਤਯਾਭਿਯੁਕਤਾਨਾਂ ਯੋਗ ਖੇਮ ਵਹਾ ਮਯਹਮ॥*** (ਗੀਤਾ ੯/੨੨)

ਹੋਰ ਕੋਈ ਰਸਤਾ ਹੀ ਨਹੀਂ ਮੋਕ ਦਾ, ਗਿਆਨ ਤੇ ਨਾਮ ਤੋਂ ਬਿਨਾਂ। ਨਾਮ ਦਾ ਸਿਮਰਨ ਪਹਿਲਾ ਇਸਦਾ ਸਾਧਨ ਹੈ। ਜਦ ਸਿਮਰਨ ਇਹਦਾ ਠੀਕ ਚੱਲ ਪਵੇ ਇੱਕ ਰਸ ਤਾਂ ਇਹਨੂੰ ਅਪਣੇ ਸਰੂਪ ਦਾ ਗਿਆਨ ਹੋ ਜਾਂਦੈ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***

***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਜੀਵ ਦਾ ਆਧਾਰ ਹੀ ਸਿਮਰਨ ਚ ਹੈ। ਸਿਮਰਨ ਜੋ ਹੈ, ਉਹ ਇੱਕ ਪਰਮੇਰ ਦਾ ਹੋਵੇ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*** (ਪੰਨਾ ੭੧੪)

ਨਾਰਾਇਣ ਪਦ ਦੇ ਗਿਆਰਾਂ ਅਰਥ ਕੀਤੇ। ਪਰ ਫਿਰ ਵੀ ਉਹਨੇ ਗਿਆਰਾਂ ਕਰਕੇ ਕਿਹਾ, ਅਨੇਕ ਅਰਥ ਨੇ, ਮੇਰੀ ਬੁੱਧੀ ਇੱਥੋਂ ਤੱਕ ਪਹੁੰਚੀ ਹੈ। ਉਹ ਨਰਾਂ ਦਾ ਆਸਰਾ, ਉਹਦਾ ਉਥਾਨ ਪਰਮੇਰ ਇੱਕ ਹੈ। ਅਧਿਅਸਤ ਹਮੇਾਂ ਹੀ ਨਾਨਾ ਹੁੰਦੇ ਨੇ, ਜੋ ਅਧਿਅਸਤ ਹੋਏਗਾ ਉਹ ਗੇਅ ਹੋਏਗਾ। ਗਿਆਤਾ ਨਹੀਂ ਹੋਏਗਾ। ਗਿਆਤਾ ਹਮੇਾਂ ਹੀ ਇੱਕ ਹੋਏਗਾ, ਇਹ ਨਿਯਮ ਹੈ। ਉਹ ਚੇਤਨ ਤੋਂ ਬਿਨਾ ਗਿਆਤਾ ਕੋਈ ਨਹੀਂ ਹੋ ਸਕਦਾ, ਗਿਆਤਾ ਚੇਤਨ ਹੀ ਹੁੰਦੈ। ਚੇਤਨ ਇੱਕ ਹੈ, ਉਹ ਸੱਤ ਹੈ,ਚਿੱਤ ਹੈ, ਅਨੰਦ ਹੈ, ਅਨੰਤ ਹੈ। ਇਸ ਕਰਕੇ ਉਹ ਪਰਮੇ ਰ ਦਾ ਜਦ ਇਹਨੂੰ ਲਕ ਹੋ ਜਾਏ ਤਾਂ ਗੇਅ ਜਿੰਨੇ ਵੀ ਨਾਨਾ ਹੋਏ ’ਗੇ ਜੜ੍ਹ ਹੋਣਗੇ। ਜਿੱਥੋਂ ਤੱਕ ਇਹਦੀ ਬਿਰਤੀ ਪਹੁੰਚਦੀ ਹੈ ਇਹ ਗੇ ਅ ਹੈ, ਗਿਆਤਾ ਨਹੀਂ। ਗਿਆਤਾ ਦਾ ਤਦ ਇਸਨੂੰ ਗਿਆਨ ਹੋਏ ਗਾ ਜਦ ਇਹਦੀ ਬੁੱਧੀ ਤਦਾਕਾਰ ਹੋਏਗੀ। ਇਸ ਕਰਕੇ ਇਹ ਦੋ ਹੀ ਪੱਖ ਲਿਖੇ ਨੇ। ਕਿਤੇ ਲਿਖਿਆ **ਤਤ ਵਸਤੂ ਅਹੰ ਆਤਮਾ ਬ੍ਰਹਮ** ਵੇਦ ਦੀਆਂ_ਰਤੀਆਂ ਨੇ। ਕਿਤੇ **ਉਪਾਸੋ ਉਪਾਸਕ** ਭਾਵ ਲਿਖਿਆ, ਇਹ ਵੀ_ਰਤੀਆਂ ਨੇ। ਪਰ ਦੋਹਾਂ ਪੱਖਾਂ ਦਾ ਇੱਕੋ ਹੀ ਗਿਆਤਾ ਹੈ। ਇਹ ਅਭੇਦ ਪੱਖ ਦੀਆਂ_ਰਤੀਆਂ ਨੇ। ਜਿੱਥੇ ਉਪਾਸਨਾ ਹੈ ਉਹ ਭੇਦ ਪੱਖ ਦੀਆਂ_ਰਤੀਆਂ ਨੇ।_ਰਤੀ ਵੀ ਦੋ ਪੱਖ ਹੋ ਜਾਏਗੀ। ਪਰਮਾਰਥ ਤੇ ਉਪਾਸਕ। ਪਰ ਇੱਕ ਜੋ ਰਹੇਗਾ ਉਹ ਗਿਆਤਾ ਹੈ। ਗਿਆਤਾ ਕਦੇ ਬਦਲਿਆ ਨਹੀਂ, ਗਿਆਤਾ ਕਦੇ ਗੇ ਅ ਨਹੀਂ ਹੋਇਆ, ਗਿਆਤਾ ਜੜ੍ਹ ਨਹੀਂ ਹੁੰਦਾ, ਗਿਆਤਾ ਚੇਤਨ ਹੁੰਦੈ। ਥੋਡੀ ਬੁੱਧੀ ਰੂਪੀ ਗੁਫਾ ਦੇ ਵਿੱਚ ਜੋ ਬੈਠੈ, ਬੁੱਧੀ ਨੂੰ ਜੋ ਦੇਖਦੈ,

ਤੇ ਜਾਣਦੈ। ਪਰ ਉਹ ਤੁਹਾਨੂੰ ਪਰਤੱਖ ਨਹੀਂ ਮਿਲੇਗਾ, ਲਕ ਹੋਏ ਗਾ। ਉਹ ਅਲੱਖ ਹੈ, ਪਰ ਲਕ ਹੋਏਗਾ ਪੂਰਣ ਗੁਰੂ ਦੀ ਕ੍ਰਿਪਾ ਤੇ ।ਪੂਰਣ ਗੁਰੂ ਜਦ ਵੀ ਤੁਹਾਨੂੰ ਉਪਦੇ ਕਰੇਗਾ, ਉਹ ਸਿਮਰਨ ਅਤੇ ਸੇਵਾ ਦਾ ਹੀ ਕਰੇਗਾ। ਇਹ ਗੁਰੂ ਘਰ ਦਾ ਮੱਤ ਹੈ। ਸੇਵਾ ਤੇ ਮਨ ੁੱਧ ਹੋ ਜਾਂਦੈ। ਤੇ ਸਿਮਰਨ ਪਰਮੇਰ ਦੇ ਨਾਲ ਜੋੜ ਦਿੰਦੈ। ਜਦ ਇਹਦੀ ਬਿਰਤੀ ਪਰਮੇਰ ਦੇ ਨਾਲ ਇਕ ਵਾਰੀ ਜੁੜ ਜਾਏ, ਫਿਰ ਇਹਨੂੰ ਲਕ ਹੋਕੇ ਸਾਖਾਤਕਾਰ ਹੋ ਜਾਂਦੈ। ਫਿਰ ਇਹਨੂੰ ਕੋਈ ਸੰਸਾ ਨਹੀਂ ਰਹਿੰਦਾ। ਉਹ ਜਨਮ ਮਰਨ ਵਾਲੀ ਚੀ ਨਹੀਂ। ਉਹ ਨਾ ਖੋਹਣ ਵਾਲੀ ਚੀ ਹੈ, ਨਾ ਜਾਣੇ ਵਾਲੀ ਚੀ ਹੈ। ਤੁਸੀਂ ਖਿਆਲ ਕਰੋ, ਜਿਹੜਾ ਬੁੱਧੀ ਦੀ ਗੁਫਾ ਚ ਬੈਠੈ, ਉਹੀ ਬੁੱਧੀ ਨੂੰ    ਦੇਖਦੈ, ਉਹੀ ਜਾਣਦੈ, ਉਹ ਨਿਰਾਕਾਰ ਹੈ, ਉਹ ਚੇਤਨ ਹੈ, ਉਹ ਗਿਆਤਾ ਹੈ। ਉਹਨੂੰ ਸਾਖੀ, ਗਿਆਤਾ, ਦ੍ਰਟਾ ਜੋ ਵੀ ਕਹਿ ਦੇਈਏ ਪਾਰਖ, ਉਹ ਸਾਰੇ ਉਹਦੇ ਵਿਣ ਨੇ, ਉਹ ਇੱਕ ਹੈ। ਪਰ ਉਹ ਗਿਆਤਾ ਇੱਕ ਚੇਤਨ ਹੀ ਹੋਊਗਾ। ਜਦ ਵੀ ਤੁਸੀਂ ਦੁਨੀਆਂ ਦੀ ਨਾਨਾ ਪ੍ਰਕਾਰ ਦੀ ਗੇਅ ਨੂੰ ਦੇਖੋਂਗੇ ਪਰ ਗਿਆਤਾ ਨਹੀਂ ਬਦਲੇਗਾ। ਗੇਅ ਨੇ ਤਾਂ ਬਦਲਨਾ ਹੀ ਹੈ, ਜੇ ਗੇਅ ਨਾ ਬਦਲੇ ਤਾਂ ਸੰਸਾਰ ਦਾ ਕੰਮ ਹੀ ਨਾ ਚੱਲੇ ਤੇ ਜੇ ਗਿਆਤਾ ਬਦਲ ਗਿਆ ਤਾਂ ਪਰਮੇਰ ਹੈ ਨਹੀਂ। ਬਦਲਣੇ ਵਾਲੀ ਚੀ ਮਿਥਿਆ ਹੁੰਦੀ ਹੈ। ਉਹ ਜੋ ਥੋਡੀ ਬੁੱਧੀ ਦੇ ਵਿੱਚ ਬੁੱਧੀ ਨੂੰ ਦੇ ਖਦੈ, ਜਾਣਦੈ, ਦਾਨਾ ਬੀਨਾ ਸਾਈਂ ਹੈ, ਉਹ ਸਾਰਿਆਂ ਦੀਆਂ ਬੁੱਧੀਆਂ ਦੇ ਵਿੱਚ ਇੱਕੋ ਹੀ ਹੈ। ਉਹ ਨਿਰਾਕਾਰ ਹੈ, ਉਹ ਨਿਰੰਜਨ ਹੈ। ਉਹ ਜਦ ਤੱਕ –

***ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥***
***ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥***

(ਪੰਨਾ ੬੩੨)

ਤੂੰ ਤਾਂ ਸੰਸਾਰ ਜੰਗਲ ਦੇ ਵਿੱਚ ਵੜਿਆ ਪਿਐਂ ਤੇ ਤੂੰ ਭਜਨ ਨਹੀਂ ਕੀਤਾ।

***ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ***

ਨਾ ਗੁਰੂ ਜਨਾਂ ਦੀ ਸੇਵਾ ਕੀਤੀ। ਜਿਨ੍ਹਾਂ ਨੇ ਅਪਣੇ ਗੁਰੂ ਜਨਾਂ ਦੀ ਸੇਵਾ ਕੀਤੀ। ਗੁਰੂ ਜਨਾਂ ਦੀ ਸੇਵਾ ਗੁਰੂ ਅੰਗਦ ਦੇਵ ਮਹਾਰਾਜ ਨੇ ਕੀਤੀ।

***ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥***

(ਪੰਨਾ ੪੯੦)

ਗੁਰੂ ਨਾਲ ਮਿਲਕੇ ਗੁਰੂ ਦੀ ਸੇਵਾ ਤੇ ਗੁਰੂ ਹੋ ਗਿਆ।

***ਨਹ ਉਪਜਿਓ ਕਛੁ ਗਿਆਨਾ॥***

ਤੈਨੂੰ ਉਹ ਪੂਰਣ ਗਿਆਨ ਜਿਹੜਾ ਸੀ, ਉਹ ਨਾ ਪੈਦਾ ਹੋਇਆ।

***ਘਟ ਹੀ ਮਾਹਿ ਨਿਰੰਜਨੁ ਤੇਰੈ***

ਤੇਰੇ ਹਿਰਦੇ ਵਿੱਚ ਨਿਰਾਕਾਰ ਪਰਮੇਰ ਹੈ।

***ਤੈ ਖੋਜਤ ਉਦਿਆਨਾ॥***

ਤੂੰ ਉਦਿਆਨ (ਜੰਗਲ) ਨੂੰ ਖੋਜਦਾ ਫਿਰਦੈਂ ਤੇ ਸੰਸਾਰ ਰੂਪੀ ਜੰਗਲ ਦੇ ਵਿੱਚੋਂ ਪਰਮੇਰ ਨਹੀਂ ਕਿਸੇ ਨੂੰ ਲੱਭਿਆ। ਗੁਰੂ ਦੁਆਰੇ ਹੀ ਲੱਭੇ ਗਾ, ਉਹਨੂੰ ਗੁਰੂ ਹੀ ਲਕ ਕਰਾਏਗਾ। ਪਹਿਲਾਂ ਸਾਰੇ ਖੇਤਰ ਨੂੰ ਨਿਰਣਾ ਕਰਕੇ ਸਾਰਾ ਤੁਹਾਨੂੰ ਦੱਸ ਦੇਵੇਗਾ।

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਦੇਖਣੇ ਚ ਆਉਂਦੈ ਉਹ ਮਿਥਿਆ ਹੁੰਦੈ, ਝੂਠ ਹੁੰਦਾ ਹੈ।

***ਮੂਈ ਸੁਰਤਿ ਬਾਦੁ ਅਹੰਕਾਰੁ॥***

***ਓਹੁ ਨ ਮੂਆ ਜੋ ਦੇਖਣਹਾਰ॥*** (ਪੰਨਾ ੧੫੨)

ਦੇਖਣੇ ਵਾਲਾ, ਮਰਨੇ ਵਾਲਾ ਨਹੀਂ ਹੁੰਦਾ। ਸੁਰਤ ਤੇ ਪ੍ਰਛਿੰਨ ਹੰਕਾਰ ਬਦਲੇਗਾ।

***ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥ ੨॥***

***ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ***

***ਮਾਹੀ॥***
***ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥੩॥***
***ਹਉ ਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥***
***ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ ਨਦਰਿ ਨ ਆਇਆ॥ ੪॥*** (ਪੰਨਾ ੧੫੨)

ਇਸ ਕਰਕੇ ਤੇਰੀ ਆਤਮ ਵਸਤੂ ਤੇਰੇ ਪਾਸ ਸੀ, ਤੇਰੇ ਹਿਰਦੇ ਵਿੱਚ ਸੀ। ਪਰ ਤੈਂ ਤੀਰਥਾਂ ਤੇ ਜਾਕੇ ਨਾ ਜਾਨਿਆ, ਪੜ੍ਹਕੇ ਵੀ ਨਾ ਜਾਨਿਆ, ਤੈਨੂੰ ਉਸ ਅਪਣੇ ਆਤਮਾ ਦਾ ਲਕ ਨਾ ਹੋਇਆ, ਉਹ ਲਕ ਹੈ, ਵਾਚਕ ਨਹੀਂ ਕਿਸੇ ਦਾ। ਚੇਤਨ ਕਦੇ ਵੀ ਕਿਸੇ ਦਾ ਵਾਚਕ ਨਹੀਂ ਹੋਇਆ। ਵਾਚਕ, ਵਿੱਦਿਆ ਵਸਿਟ ਹੁੰਦੈ। ਇਸ ਕਰਕੇ, ਉਹ ਜਿਹੜਾ ਗਿਆਤਾ ਹੈ ਉਹ ਤੇਰਾ ਆਤਮਾ ਹੈ ਤੇ ਗੇਅ ਸਾਰੀ ਮਿਥਿਆ ਹੈ। ਉਹ ਗੇਅ ਨੂੰ ਤੂੰ ਨਿਰਣੇ ਕਰਕੇ, ਦੇਖਕੇ ਜਾਣ ਲੈਣਾ ਕਿ ਮਿਥਿਆ ਹੈ। ਪਰ ਗਿਆਤਾ ਤਾਂ ਪਹਿਲੇ ਹੀ ਗਿਆਨ ਸਰੂਪ ਹੈ, ਉਹ ਤਾਂ ਚੇਤਨ ਹੈ, ਵਿਆਪਕ ਹੈ। ਤੇਰਾ ਆਤਮਾ ਵੀ ਉਹੀ ਹੈ, ਆਪਾ ਵੀ ਤੇਰਾ ਉਹੀ ਹੈ, ਉਹੀ ਪਾਰਖ ਹੈ। ਪਰ ਉਸ ਤੋਂ ਬਿਨਾ ਹੋਰ ਤੇਰੀ ਬੁੱਧੀ ਕਦੇ ਸੱਤਤਾ ਮੇਂ ਨਾ ਜਾਏ। ਸਤਿ, ਸਤਿ ਹੀ ਰਹੇਗਾ, ਅਸਤਿ, ਅਸਤਿ ਹੀ ਰਹੇਗਾ, ਗਿਆਤਾ, ਗਿਆਤਾ ਹੀ ਰਹੇਗਾ। ਨਿੱਤ, ਨਿੱਤ ਹੀ ਰਹੇਗਾ। ਅਨਿੱਤ, ਅਨਿੱਤ ਹੀ ਰਹੇਗਾ। ਇਹ ਕਦੇ ਬਦਲੇ ਨਹੀਂ। ਗਿਆਤਾ ਕਦੇ ਨਹੀਂ ਬਦਲੇਗਾ, ਗੇਅ ਬਦਲੇਗਾ, ਅਨਿੱਤ ਬਦਲੇਗਾ, ਨਿੱਤ ਕਦੇ ਨਹੀਂ ਬਦਲੇਗਾ ।ਅਸਤਿ ਬਦਲੇਗਾ, ਸਤਿ ਕਦੇ ਨਹੀਂ ਬਦਲੇਗਾ। ਸਤਿ ਤੋਂ ਹੀ ਇਹ ਸੰਸਾਰ ਬਣਿਆ ਹੈ।

**ਆਪਿ ਸਤਿ ਕੀਆ ਸਭੁ ਸਤਿ॥**
**ਤਿਸੁ ਪ੍ਰਭ ਤੇ ਸਗਲੀ ਉਤਪਤਿ॥** (ਪੰਨਾ ੨੯੪)

ਇਸ ਕਰਕੇ ਇਹ ਸਾਰਾ ਪਰਮੇਰ ਦਾ ਖੇਲ ਹੈ। ਪਰਮੇਰ ਇਹਦੀ

ਉਤਪਤੀ ਕਰਦੈ, ਇਹਦੀ ਪਾਲਣਾ ਕਰਦੈ। ਤੇ ਇਹੀ ਲੈਅ ਕਰਦਾ ਹੈ। ਉਹ ਨਿਰਾਕਾਰ **ਘਟ ਘਟ ਮੈ ਹਰਿ ਜੂ** ਹੈ। ਸਭ ਦੇ ਹਿਰਦੇ ਵਿੱਚ ਹੈ। ਸਭ ਦਾ ਆਤਮਾ ਹੈ। ਪਰ ਜਦ ਇਸ ਨੂੰ ਇਹ ਦ੍ਰਿੜ ਨਿਚਾ ਹੋ ਗਿਆ ਤਾਂ ਫਿਰ ਇਹ ਪਿੱਛੇ ਨਹੀਂ ਆਏਗਾ। ਫਿਰ ਸਿਮਰਨ ਦੁਆਰਾ ਇਹ ਪਰਮੇਰ ਨਾਲ ਮਿਲ ਜਾਏਗਾ। ਹਾਂ, ਚੱਲ ਭਾਈ–

**ਸੋਰਠਿ ਮਹਲਾ ੫॥**

ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ –

**ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ**

ਭਾਈ ! ਅਪਣੇ ਸਤਿਗੁਰੂ ਦੁਆਰੇ ਉਸ ਪਰਮੇਰ ਦਾ ਸਿਮਰਨ ਕਰ, ਜਿਹੜਾ ਵਿਆਪਕ ਹੈ। ਪਰਮੇਰ ਦਾ ਸਿਮਰਨ ਕਰਨਾ ਹੈ। ਗੁਰੂ ਨੇ ਕਿਤੇ ਨਹੀਂ ਆਖਿਆ ਕਿ ਮੇਰਾ ਸਿਮਰਨ ਕਰੋ। ਜਦ ਵੀ ਗੁਰੂ ਨੇ ਸਿਖਾ ਦਿੱਤੀ, ਪਰਮੇਰ ਦਾ ਹੀ ਧਿਆਨ ਦੱਸਿਆ, ਪਰਮੇਰ ਦਾ ਹੀ ਨਾਮ ਦੱਸਿਆ, ਪਰਮੇਰ ਦਾ ਹੀ ਸਿਮਰਨ ਦੱਸਿਆ। ਉਹ ਇੱਕ ਹੈ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਜੋਤੀ ਸਰੂਪ ਜੋ ਪਰਮੇਰ ਹੈ, ਚਾਹੇ ਉਹ ਗੁਰੂ ਆਪ ਕਹਾਇਆ–

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***

ਠੀਕ ਹੈ। ਪਰ ਉਸ ਨੇ ਇਹ ਕਿਤੇ ਨਹੀਂ ਕਿਹਾ ਬਈ ਮੇਰਾ ਸਿਮਰਨ ਕਰੋ। ਗੁਰੂ ਨੇ ਆਖਿਆ ਉਸ ਪਰਮੇਰ ਦਾ ਸਿਮਰਨ ਕਰ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਉਸ ਦੇ ਨਾਮ ਨੂੰ ਬਾਰ ਬਾਰ ਸਿਮਰਨ ਕਰੋ। ਜਦ ਤੁਹਾਡਾ ਸਿਮਰਨ

ਇਕ ਰਸ ਚੱਲ ਗਿਆ, ਤੁਹਾਨੂੰ ਪਰਮੇਰ ਪ੍ਰਾਪਤ ਹੋ ਜਾਏਗਾ। ਇਸ ਕਰਕੇ ਗੁਰੂ ਤੋਂ ਮੰਤਰ ਲੈਕੇ, ਗੁਰੂ ਤੋਂ ਸਿਖਾ ਲੈਕੇ ਜੋ ਗੁਰੂ ਤੁਹਾਨੂੰ ਗਿਆਨ ਧਿਆਨ ਦੱਸੇ, ਉਹਨੂੰ ਦ੍ਰਿੜ ਕਰਕੇ ਉਹੀ ਕੰਮ ਕਰਨਾ।

**ਸਗਲਾ ਦੂਖੁ ਮਿਟਾਇਆ॥**

ਜਿਤਨਾ ਵੀ ਦੁੱਖ ਹੈ, ਉਹ ਸਾਰਾ ਮਿਟ ਜਾਏਗਾ। ਇਹ ਸਾਰਾ ਸੰਸਾਰ ਹੀ ਮਿਥਿਆ ਹੈ। ਇਹਦੀ ਸੱਤਾ ਹੀ ਨਹੀਂ। ਸੱਤਾ ਇੱਕ ਹੈ, ਦੂਜੀ ਸੱਤਾ ਤਾਂ ਕੋਈ ਹੈ ਨਹੀਂ। ਜੇ ਦੋ ਸੱਤਾ ਹੁੰਦੀਆਂ ਤਾਂ ਕੋਈ ਗੁੰਜਾਇ ਹੁੰਦੀ। ਇਕ ਸੱਤਾ ਹੈ, ਇਸ ਕਰਕੇ ਉਹ ਸੁੱਖ ਸਰੂਪ ਹੈ, ਉਹ ਸਤਿ ਚਿੱਤ ਅਨੰਦ ਸਰੂਪ ਹੈ, ਇਸ ਕਰਕੇ ਇਹ ਸਭ ਮਿਥਿਆ ਹੈ। ਸਾਰੇ ਦੁੱਖ ਨਾ ਹੋ ਜਾਏਂਗੇ। ਜਿਹੜਾ ਸੁਰਗ ਸੁੱਖ ਹੈ, ਉਹਦੀ ਵੀ ਬ੍ਰਹਮ ਗਿਆਨੀ ਕਦੇ ਇੱਛਾ ਨਹੀਂ ਕਰਦਾ ਹੁੰਦਾ। ਕਿਉਂ ? ਇਹ ਵੀ ਮਿਥਿਆ ਹੀ ਹੈ। ਸੁਰਗ ਚ ਜਾਏਗਾ, ਚੰਦਰ ਲੋਕ ਮੇਂ, ਮੁੜਕੇ ਫਿਰ ਆਏਗਾ ਪਰ ਇਹਦਾ ਆਉਣਾ ਜਾਣਾ ਤਾਂ ਨਾ ਮਿਟਿਆ। ਸੁੱਖ ਵਿੇ ਨੂੰ ਸੁਰਗ ਕਹਿੰਦੇ ਨੇ, ਹੋਰ ਕੋਈ ਸੁਰਗ ਨਹੀਂ ਹੈਗਾ। ਇਸ ਕਰਕੇ ਸਾਰੇ ਦੁੱਖ ਇਹਦੇ ਮਿਟ ਜਾਏਂਗੇ ਸਿਮਰਨ ਦੁਆਰਾ।

**ਤਾਪ ਰੋਗ ਗਏ ਗੁਰ ਬਚਨੀ**

ਜਦ ਗੁਰੂ ਨੇ ਬਚਨ ਕੀਤਾ ਤੇ ਇਹ ਗੁਰੂ ਦੇ ਬਚਨਾਂ ਦੇ ਅਨੁਸਾਰ ਚੱਲਿਆ। ਇਹ ਤਾਪ ਨਾਨਾ ਪ੍ਰਕਾਰ ਦੇ ਸਾਰੇ ਨਾਸ ਹੋ ਜਾਏਂਗੇ। ਉਹ ਆਪ ਚਲੇ ਜਾਏਂਗੇ। ਕਿਉਂ ? ਉਹਨਾਂ ਦੀ ਸੱਤਾ ਨਹੀਂ। ਜਿਸਦੀ ਸੱਤਾ ਨਹੀਂ, ਉਹ ਵਸਤੂ ਹੁੰਦੀ ਨਹੀਂ ਹੈ, ਉਹ ਕਲਪਿਤ ਹੁੰਦੀ ਹੈ, ਅਧਿਅਸਤ ਹੁੰਦੀ ਹੈ, ਉਹਦੀ ਸੱਤਾ ਅਲਹਿਦਾ ਨਹੀਂ ਹੁੰਦੀ। ਸਰਪ ਦੀ ਸੱਤਾ ਰੱਸੀ ਤੇ ਅਲਹਿਦਾ ਕਦੇ ਨਹੀਂ ਹੋਈ। ਜਿਹੜਾ ਰੱਸੀ ਚ ਸਰਪ ਦੇਖੇਗਾ। ੍ਰਕਤੀ (ਸਿੱਪੀ) ਨੂੰ ਚਾਂਦੀ ਦੇਖੇਗਾ, ਚਾਂਦੀ ਦੀ ਸੱਤਾ ਕਦੇ ੍ਰਕਤੀ (ਸਿੱਪੀ) ਤੇ ਅਲਹਿਦਾ ਨਹੀਂ ਹੋਈ। ਪਰਮੇਰ ਦੀ ਜੋ ਸੱਤਾ ਹੈ, ਉਹੀ ਸੰਸਾਰ ਦੀ ਸੱਤਾ ਹੈ। ਸੱਤਾ ਸਰੂਪ ਉਹ ਆਪ ਹੀ ਹੈ। ਇਸ ਕਰਕੇ ਨਾਨਾ ਪ੍ਰਕਾਰ ਦੇ ਜੋ ਦੋਖ ਨੇ ਉਹ ਮਿਟ

ਜਾਏਂਗੇ॥

**ਮਨ ਇਛੇ ਫਲ ਪਾਇਆ॥**

ਜੋ ਮਨ ਦੇ ਵਿੱਚ ਇੱਛਾ ਸੀ, ਉਹ ਫਲ ਪਾਇਆ। ਇਸ ਨੂੰ ਆਤਮ ਫਲ ਪ੍ਰਾਪਤ ਹੋਇਆ। ਅਸਲੀ ਫਲ ਪ੍ਰਾਪਤ ਹੋਇਆ। ਹੋਰ ਵੀ ਸਾਰੇ ਸੰਸਾਰ ਦੇ ਸੁੱਖ ਇਹਨੂੰ ਆਪੇ ਪ੍ਰਾਪਤ ਹੋਣਗੇ।

**ਮੇਰਾ ਗੁਰੁ ਪੂਰਾ ਸੁਖਦਾਤਾ॥**

ਪੰਚਮ ਪਾਤਾਹ ਮਹਾਰਾਜ ਕਹਿੰਦੇ, ਮੇਰਾ ਜਿਹੜਾ ਗੁਰੂ ਹੈ ਗੁਰੂ ਰਾਮਦਾਸ–

***ਹਰਿ ਜੀਉ ਨਾਮੁ ਪਰਿਓ ਰਾਮਦਾਸ॥*** (ਪੰਨਾ ੬੧੨)

ਇਹ ਪੂਰਣ ਗੁਰੂ, ਇਹ ਸੁੱਖਦਾਤਾ ਹੈ। ਏਸ ਕਰਕੇ ਮੇਰਾ ਗੁਰੂ ਪੂਰਣ ਹੈ, ਸੁੱਖਦਾਤਾ ਹੈ, ਇਹ ਮੈਨੂੰ ਬਖਣੇ ਵਾਲਾ ਹੈ।

**ਕਰਣ ਕਾਰਣ ਸਮਰਥ ਸੁਆਮੀ**

ਉਹ ਜਿਹੜਾ ਸੁਆਮੀ ਮਾਲਕ ਹੈ, ਕਰਨ ਔਰ ਕਾਰਨ ਵਿੱਚ ਸਭ ਕੁੱਛ ਆਪ ਹੀ ਹੈ। ਉਸ ਦੇ ਹੁਕਮ ਮੇਂ ਹੀ ਸਭ ਕੁੱਛ ਹੁੰਦਾ ਹੈਗਾ।

***ਕਰਣ ਕਾਰਣ ਪ੍ਰਭੁ ਏਕੁ ਹੈ*** (ਪੰਨਾ ੨੭੬)

ਦੂਸਰਾ ਨਹੀਂ ਕਦੇ ਹੁੰਦਾ। ਇਸ ਕਰਕੇ ਕਰਨ ਕਾਰਨ ਮੇਰਾ ਮਾਲਕ ਇੱਕ ਹੈ, ਉਹ ਮੇਰਾ ਗੁਰੂ ਰਾਮਦਾਸ ਹੈ, ਜਿਸਨੇ ਮੇਰੇ ਸਾਰੇ ਦੁੱਖ ਮਿਟਾ ਦਿੱਤੇ।

**ਪੂਰਨ ਪੁਰਖੁ ਬਿਧਾਤਾ॥ ਰਹਾਉ॥**

ਉਹ ਪਰੀਪੂਰਣ ਪੁਰਖ ਹੈ। **ਪੁਰਖ ਬਿਧਾਤਾ** ਹੁੰਦਾ ਹੈ, ਫਲ ਪੁਰ ਦਾਤਾ। ਉਹ ਪਰਮੇਰ ਫਲ ਪੁਰ ਦਾਤਾ ਹੈ। ਉਹੀ ਪਰਮੇਰ ਪੂਰਣ ਹੈ, ਉਹ ਮੇਰਾ ਗੁਰੂ ਰਾਮਦਾਸ ਹੈ।

**ਅਨੰਦ ਬਿਨੋਦ ਮੰਗਲ ਗੁਣ ਗਾਵਹੁ**

ਅਨੰਦ, ਸੁਪਤੀ ਦੇ ਵਿੱਚ ਤੁਸੀਂ ਦੇਖਦੇ ਹੋਂ ਜਦ ਤੁਹਾਡੀ ਘੋਰ ਨਿੰਦ੍ਰਾ ਹੁੰਦੀ ਹੈ, ਤੁਹਾਨੂੰ ਓਥੇ ਆਨੰਦ ਹੁੰਦੈ। ਕਹਿੰਦੇ **ਬੜੇ ਸੁਖ ਸੇ**

**ਸੋਏ, ਕੁੱਛ ਨਾ ਜਾਨਤੇ ਭਏ** । ਉਹ ਨਾ ਜਾਣਨਾ ਅਗਿਆਨ ਸੀ। ਅਗਿਆਨ ਨਾ ਹੁੰਦਾ, ਬ੍ਰਹਮ ਗਿਆਨੀ ਹੋ ਜਾਂਦਾ। ਇਸ ਕਰਕੇ ਤੇਰਾ ਜਿਹੜਾ ਸੁਖ ਸਰੂਪ ਦਾਤਾ ਹੈ, ਉਹਦਾ ਅਗਿਆਨ ਦੀ ਉਪਾਧੀ ਕਰਕੇ ਪੂਰਣ ਗਿਆਨ ਨਹੀਂ ਹੋਇਆ। ਇਸ ਸੁੱਖ ਵਿੱਚ ਤਾਂ ਇਹ ਪਹੁੰਚ ਗਿਆ ਪਰ ਨਾਲ ਅਗਿਆਨ ਦੀ ਨਵਿਰਤੀ ਨਹੀਂ ਹੋਈ। ਤੇ ਜਿਹੜੀ ਇਹਦੀ ਬ੍ਰਹਮਾਕਾਰ ਬਿਰਤੀ ਹੈ ਉੱਥੇ ਅਗਿਆਨ, ਆਵਰਣ ਦੀ ਨਵਿਰਤੀ ਹੋਵੇ ਤਾਂ ਇਹਨੂੰ ਅਪਣੇ ਆਪੇ ਦੀ ਸੂਝ ਆ ਜਾਏਗੀ। ਸੂਝ ਆਏਗੀ ਤਾਂ ਉਹਨੂੰ ਬ੍ਰਹਮ ਗਿਆਨੀ ਕਹੋਂਗੇ, ਇਸਨੂੰ ਸੁੱਖ ਸਰੂਪ ਕਹੋਂਗੇ, ਵਿਆਪਕ ਕਹੋਂਗੇ, ਪੂਰਣ ਕਹੋਂਗੇ, ਮਾਲਕ ਕਹੋਂਗੇ।

**ਗੁਰ ਨਾਨਕ ਭਏ ਦਇਆਲਾ॥**

ਤੇ ਗੁਰੂ ਰਾਮਦਾਸ ਸਾਡੇ ਤੇ ਬੜੇ ਦਿਆਲੂ ਹੋਏ, **ਨਾਨਕ** ਪਦ ਇੱਥੇ ਗੁਰੂ ਰਾਮਦਾਸ ਨੂੰ ਕਹਿੰਦੇ ਨੇ। ਪੰਚਮ ਪਾਤਾਹ ਕਹਿੰਦੇ ਨੇ ਉਹ ਗੁਰੂ ਮੇਰੇ ਤੇ ਬੜਾ ਦਿਆਲੂ ਹੋਇਆ, ਬੜਾ ਕ੍ਰਿਪਾਲੂ ਹੋਇਆ।

**ਜੈ ਜੈ ਕਾਰ ਭਏ ਜਗ ਭੀਤਰਿ**

ਮੇਰੀ ਜੈ ਜੈ ਕਾਰ ਗੁਰੂ ਰਾਮਦਾਸ ਦੀ ਕ੍ਰਿਪਾ ਤੇ ਹੋਈ ਹੈ। ਮੈਨੂੰ ਗੁਰਦੇਵ ਨੇ,

***ਗੁਰ ਜੋਤਿ ਅਰਜੁਨ ਮਾਹਿ ਧਰੀ***

ਜਦ ਇਹ ਜੋਤ ਅਰਜਨ ਦੇਵ ਜੀਹਦਾ ਨਾਮ ਹੈ ਉਹਦੇ ਵਿੱਚ ਧਰੀ ਤਾਂ ਉਹ ਗੁਰੂ ਪਰਮੇਰ ਇੱਕ ਹੋ ਗਏ। ਉਹਨੂੰ ਗਿਆਨ ਹੋ ਗਿਆ। ਇਸ ਕਰਕੇ ਉਹ ਜੋਤੀ ਸਰੂਪ ਗੁਰੂ ਨਾਨਕ ਨੇ ਮੇਰੇ ਤੇ ਬੜੀ ਦਇਆ ਕੀਤੀ, ਬੜੀ ਕ੍ਰਿਪਾ ਕੀਤੀ।

**ਹੋਆ ਪਾਰਬ੍ਰਹਮੁ ਰਖਵਾਲਾ॥**

ਹੁਣ ਸਾਡਾ ਰਾਖਾ ਪਾਰਬ੍ਰਹਮ ਪਰਮੇਰ ਹੋ ਗਿਆ।

***ਰਾਖਾ ਏਕੁ ਹਮਾਰਾ ਸੁਆਮੀ॥***
***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਸਾਡਾ ਰਾਖਾ ਹੁਣ ਇੱਕ ਹੈ। ਜਦ ਇੱਕ ਰਾਖਾ ਹੋ ਜਾਏ ਤਾਂ ਨਾਨਾ

ਰਾਖਿਆਂ ਦੀ ਜਰੂਰਤ ਨਹੀਂ ਹੁੰਦੀ।

*ਰਾਖਾ ਏਕੁ ਹਮਾਰਾ ਸੁਆਮੀ ॥*
*ਸਗਲ ਘਟਾ ਕਾ ਅੰਤਰਜਾਮੀ॥*

ਜੋ ਸਾਰੇ ਹਿਰਦਿਆਂ ਦੀਆਂ ਬਾਤਾਂ ਨੂੰ, ਸੰਸਕਾਰਾਂ ਨੂੰ, ਕਾਮਨਾਂ ਨੂੰ, ਵਾਨਾਵਾਂ ਨੂੰ, ਸਾਰਿਆਂ ਨੂੰ ਜਾਣਨੇ ਵਾਲਾ ਪਰਮੇਰ ਮਾਲਕ ਹੈ, ਉਹ ਸਾਡਾ ਰਾਖਾ ਹੈ। ਹੁਣ ਪਰਮੇਰ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ। ਪ੍ਰਹਲਾਦ ਨੇ ਇੱਕੋ ਹੀ ਬਾਤ ਕਹੀ ਸੀ, ਕਿ ਮੇਰਾ ਰਾਖਾ ਪਰਮੇਰ ਹੈ। ਉਹਨੇ ਆਖਿਆ ਕਿੱਥੇ ਹੈ? ਉਹਨੇ ਉਹਦੇ ਵੱਲ ਇਾਰਾ ਕੀਤਾ ਤੇ ਉਹਦੇ ਵਿੱਚੋਂ ਹੀ ਪ੍ਰਗਟ ਹੋਕੇ, ਉਹਦੀ ਰੱਖਿਆ ਕੀਤੀ। ਕਿਉਂ ? ਵਿਆਪਕ ਤਾਂ ਸਾਰਿਆਂ ਵਿੱਚ ਹੈ। ਇਸ ਕਰਕੇ ਉਹ ਪਰਮੇਰ ਰਾਖਾ ਜਦ ਹੋ ਜਾਏ ਫਿਰ ਹੋਰ ਰਾਖਿਆਂ ਦੀ ਜਰੂਰਤ ਨਹੀਂ ਹੁੰਦੀ, ਨਾ ਹੀ ਹੋਰ ਰਾਖਿਆਂ ਦੀ ਇਹਦੀ ਇੱਛਿਆ ਹੀ ਰਹਿੰਦੀ ਹੈ। ਜਦ ਇਹਦਾ ਦ੍ਰਿੜ ਨਿਚਾ ਇੱਕ ਪਰਮੇਰ ਤੇ ਹੋ ਜਾਏ, ਉਹ ਏਕਾ ਵਿਆਪਕ ਹੈ, ਪਰੀਪੂਰਣ ਹੈ, ਘਟ ਘਟ ਮੇਂ ਵੱਸਦਾ ਹੈ, ਉਹ ਪਾਰਬ੍ਰਹਮ ਪਰਮੇਰ ਹੈ, ਉਹ ਹਮਾਰਾ ਰਾਖਾ ਹੈ। ਉਹ ਰਾਖਾ ਕੀਹਨੇ ਬਣਾਇਆ ਹੈ? ਗੁਰੂ ਰਾਮਦਾਸ ਨੇ, ਉਹ ਸਾਡਾ ਰਾਖਾ ਬਣਾਇਆ। ਗੁਰੂ ਰਾਮਦਾਸ ਵੀ ਆਪ ਪਰਮੇਰ ਹੈਂ।

*ਹਰਿ ਜੀਉ ਨਾਮੁ ਪਰਿਓ ਰਾਮ ਦਾਸੁ॥* (ਪੰਨਾ ੬੧੨)

ਉਸ ਦੇ ਸੰਬੰਧ ਕਰਕੇ ਰਾਮਦਾਸ ਨਾਉਂ ਪੈ ਗਿਆ ਹੈ। ਉਹ ਪਾਰਬ੍ਰਹਮ ਪਰਮੇਰ ਹੈ। ਇਸ ਕਰਕੇ ਗੁਰੂ ਦੇ ਨਾਲ ਮਿਲਣੇ ਸੇ-

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

(ਪੰਨਾ ੨੯੩)

ਹਰੀ ਦੀ ਕਿਰਪਾ ਤੇ ਜਦ ਸੰਤ ਦਾ ਮਿਲਾਪ ਹੋਇਆ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾ ਹੋ ਗਿਆ।

*ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥*

***ਨਾਮੁ ਪ੍ਰਭੂ ਕਾ ਲਾਗਾ ਮੀਠਾ॥*** (ਪੰਨਾ ੨੯੩)

ਉਹ ਸਾਨੂੰ ਕਦੇ ਭੁਲਦਾ ਨਹੀਂ, ਐਨਾ ਪਿਆਰਾ ਹੈਗਾ। ਪਰਮੇਰ ਕਦੇ ਵੀ ਭੁਲਦਾ ਨਹੀਂ। ਪਰਮੇਰ ਜੀਹਨੂੰ ਪ੍ਰਾਪਤ ਹੋਇਆ। ਕਬੀਰ ਨੂੰ ਗੰਗਾ ਵਿੱਚ ਸੁੱਟਿਆ ਸੰਗਲ ਬੰਨਕੇ, ਲੱਕੜਾਂ ਦੇ ਵਿੱਚ ਪਾਕੇ ਅੱਗ ਲਾਈ, ਬੰਦ ਕੀਤਾ, ਉਹ ਰਾਮ ਰਾਮ ਕਰਦਾ ਕਬੀਰ ਉੱਠ ਖੜਿਆ ਤੇ ਹਾਥੀ ਅੱਗੇ ਸੁੱਟਿਆ ਪਰ ਆਪ ਹੀ ਕਬੀਰ ਸਾਹਿਬ ਕਹਿੰਦੇ ਨੇ –

***ਬੂਝੀ ਨਹੀ ਕਾਜੀ ਅੰਧਿਆਰੈ॥*** (ਪੰਨਾ ੮੭੦)

ਇਹ ਅੰਨੇ ਕਾਜੀ ਨੇ ਤਿੰਨ ਵਾਰੀ ਮੇਰਾ ਪਰਤਾਵਾ ਲਿਆ। ਤਿੰਨ ਵਾਰੀ ਮੇਰੀ ਪਰੀਖਿਆ ਲਈ। ਪਰ ਅੰਨੇ ਕਾਜੀ ਨੂੰ ਹੁਣ ਤੱਕ ਪਤਾ ਨਹੀਂ ਕਿ ਰਾਖਾ ਇਹਦਾ ਕੌਣ ਹੈ? ਜਿਸ ਨੇ ਗੰਗਾ ਦੇ ਪਾਣੀ ਦੀਆਂ ਲਹਿਰਾਂ ਨਾਲ ਸੰਗਲ ਤੋੜ ਦਿੱਤੇ ਤੇ ਮ੍ਰਿਗਛਾਲਾ ਤੇ ਬੈਠਾ ਜਾਂਦੈ, ਜਿਹੜਾ ਲੱਕੜਾਂ ਵਿੱਚੋਂ ਆ ਗਿਆ ਤੇ ਹੁਣ ਉਹ ਹਾਥੀ ਵੀ ਨਮਕਾਰ ਕਰਕੇ ਜਾਂਦਾ ਹੈ। ਪਰ ਕਾਜੀ ਅੰਨੇ ਨੂੰ ਹੁਣ ਤੱਕ ਨਹੀਂ ਪਤਾ ਲੱਗਿਆ, ਇਹਦਾ ਰਾਖਾ ਕੌਣ ਹੈ? ਪ੍ਰਹਲਾਦ ਨੇ ਵੀ ਉਹੀ ਇੱਕੋ ਰਾਖਾ ਕਿਹਾ। ਜੋ ਵੀ ਦੁਨੀਆਂ ਤੇ ਬ੍ਰਹਮਗਿਆਨੀ ਮਹਾਂਪੁਰ ਹੋਏ, ਜਿਨ੍ਹਾਂ ਤੇ ਗੁਰੂ ਪਰਮੇਰ ਦੀ ਕਿਰਪਾ ਹੋਈ, ਉਹਨਾਂ ਨੂੰ ਇਕ ਰਾਖੇ ਦਾ ਸਹਾਰਾ ਹੋ ਗਿਆ। ਉਹਨਾਂ ਦੇ ਸਾਰੇ ਡਰ ਚੁੱਕੇ ਗਏ, ਦੁੱਖ ਨਾ ਹੋ ਗਏ। ਉਹਨਾਂ ਨੂੰ ਇਕ ਪਰਮੇਰ ਪ੍ਰਾਪਤ ਹੋ ਗਿਆ। ਪਰ ਤੁਹਾਨੂੰ ਐਂ ਤਾਂ ਪਤੈ ਜਿਹੜੀਆਂ ਤੁਹਾਡੇ ਹਿਰਦੇ ਦੇ ਵਿੱਚ ਬਾਤਾਂ ਨੇ ਥੋਡੀ ਬੁੱਧੀ ਦੇ ਵਿੱਚ, ਉਹਨਾਂ ਨੂੰ ਉਹ ਦੇਖਦੈ, ਜਾਣਦੈ, ਉਹੀ ਪਰਮੇਰ ਹੈ।

***ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ॥*** (ਪੰਨਾ ੩੯)

ਉਹ ਸਭ ਸੁਣਦਾ ਤੇ ਦੇਖਦਾ ਹੈ, ਤੇ ਉਹਦੇ ਅੱਗੇ ਮੁੱਕਰਿਆ ਕੈਸੇ ਜਾਏ ? ਪਰ ਜਿਹੜੀ ਨਿਰਾਕਾਰ ਚੀ ਹੈ, ਉਹ ਤੁਹਾਨੂੰ ਅੱਖਾਂ ਨਾਲ ਨਹੀਂ ਦਿਸਦੀ। ਤੁਹਾਡੀ ਬਿਰਤੀ ਜਦ ਉਹਦੇ ਅਕਾਰ ਤਦਾਕਾਰ ਹੋ ਜਾਊ। ਬਿਰਤੀ ਨੇ ਅਵਰਣ ਭੰਗ ਕਰਨੈ। ਚੇਤਨ ਦੀ ਪ੍ਰਾਪਤੀ ਨਹੀਂ

ਕਰਨੀ। ਚੇਤਨ ਤਾਂ ਸੁਤੇ ਸਿੱਧ ਹੈ, ਸੋਹੰ ਪ੍ਕਾ ਹੈ, ਉਹ ਪਰਤਾ ਪ੍ਕਾ ਤਾਂ ਹੈ ਨਹੀਂ। ਨਿਚਲ ਦਾਸ ਨੇ ਕਿਹਾ -

***ਏਕ ਸਮੇਂ ਹੀ ਭਾਨਿ ਹੋਇ ਸਾਖੀ ਅਰੁ ਅਭਾਸ।***

*(ਨਿਹਚਲ ਦਾਸ, ਵਿਚਾਰ ਸਾਗਰ ੪/੧੧੬)*

ਉਹ ਦੂਸਰਾ ਜੋ ਅਭਾਸ ਸਹਿਤ ਬਿਰਤੀ ਹੈ, ਉਹ ਤਾਂ ਤੁਹਾਨੂੰ ਦਿਸਦੀ ਹੈ। ਪਰ ਜੀਹਦੇ ਆਕਾਰ ਬਿਰਤੀ ਹੈ ਤੁਹਾਡੀ, ਉਹ ਹੈ ਨਿਰਾਕਾਰ। ਪਰ ਤੁਹਾਨੂੰ ਇਉਂ ਤਾਂ ਪਤੈ ਬਈ ਉਹ ਦਾਨਾ ਬੀਨਾ ਹੈ। ਉਹ ਦੇਖਦਾ ਵੀ ਹੈ, ਜਾਣਦਾ ਵੀ ਹੈ ਤੇ ਸੁਣਦਾ ਵੀ ਹੈ।

***ਸਾਕੀ ਬ੍ਰਹਮ ਸਰੂਪ ਇਕ ਨਹੀਂ ਭੇਦ ਕੋ ਗੰਧ।***
***ਰਾਗ ਦਵੈ ਮਤੀ ਕੇ ਧਰਮ ਤਾ ਮੈ ਮਾਨਤ ਅੰਧ।***

(ਨਿਹਚਲ ਦਾਸ ਵਿਚਾਰ ਸਾਗਰ ੨/੧੨)

***ਸਾਕੀ ਬ੍ਰਹਮ ਸਰੂਪ ਇਕ ਨਹੀਂ ਭੇਦ ਕੋ ਗੰਧ।***

ਉਹ ਤੁਹਾਡਾ ਗਿਆਤਾ ਸਾਖੀ ਹੈ, ਉਹ ਵਿਆਪਕ ਹੈ।

***ਨਹੀਂ ਭੇਦ ਕੋ ਗੰਧ।***

ਕਦੇ ਗੰਧ ਮਾਤਰ ਉਹਦੇ ਵਿੱਚ ਭੇਦ ਨਹੀਂ ਹੋਇਆ। ਹਮੇਾ ਅਭੇ ਦ ਹੈ।

***ਤਾ ਮੈ ਮਾਨਤ ਅੰਧ।***

ਬੁੱਧੀ ਦੇ ਧਰਮਾਂ ਨੂੰ ਚੇਤਨ ਵਿੱਚ ਮੰਨਦੇ ਨੇ, ਇਹ ਭੁੱਲ ਹੈ ਇਹੀ ਵਿਪਰਜੇ ਹੈ। ਇਹ ਬੁੱਧੀ ਦੇ ਧਰਮਾਂ ਨੂੰ ਮੰਨਦਾ ਹੈ ਚੇਤਨ, ਤੇ ਚੇਤਨ ਤਾਂ ਨਿਰਾਕਾਰ ਹੈ। ਉਹ ਗਿਯਾਤਾ ਹੈ, ਵਿਆਪਕ ਹੈ, ਪਰੀਪੂਰਣ ਹੈ, ਸਰਬੱਗ ਹੈ। ਪਰ ਇਹ ਤਾਂ ਨਹੀਂ। ਕਦੇ ਤੁਸੀਂ ਅੱਖਾਂ ਦੇ ਨਾਲ, ਤੁਹਾਡੀ ਬੁੱਧੀ ਦੇ ਵਿੱਚ ਚੇਤਨ ਹੈ, ਦੇਖ ਲਿਆ ? ਕਿਉਂ ? ਉਹਨੂੰ ਦੇਖਣੇ ਵਾਲਾ ਗਿਆਨ ਹੀ ਹੈ। ਉਹ ਗਿਆਨ ਹੀ ਚਕੂ ਹੈ। ਇਸ ਕਰਕੇ ਆਵਰਣ ਭੰਗ ਹੋਣੇ ਨੇ ਹੋਰ ਥੋੜਾ ਆਪਾ ਤਾਂ ਉਹੀ ਹੈ, ਉਹਨੂੰ ਆਤਮਾ ਕਹਿੰਦੇ ਨੇ। ਪਰ-

***ਅੰਤਰ ਆਤਮੈ ਬ੍ਰਹਮੁ ਨ ਚੀਨਿਆ ਮਾਇਆ ਕਾ ਮੁਹਤਾਜੁ ਭਇਆ॥*** (ਪੰਨਾ ੪੩੫)

ਮਾਇਆ ਦੇ ਵਿੱਚ ਮਨ ਲੱਗ ਗਿਆ, ਇਥੇ ਠਹਿਰ ਗਿਆ ਮਨ, ਕਿਤੇ ਮੋਹ ਹੋ ਗਿਆ, ਕਿਤੇ ਲੋਭ ਹੋ ਗਿਆ। ਇਸ ਕਰਕੇ ਜਦ ਇਹ ਸਾਰਿਆਂ ਨੂੰ ਮਿਥਿਆ ਸਮਝ ਲਏਗਾ, ਇਹਦੇ ਵਿੱਚ ਇਕ ਛੇਤਰੱਗਯ ਰਹਿ ਜਾਏਗਾ।

***ਖੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖੇਤ੍ਰੂ ਭਾਰਤ।***

(ਗੀਤਾ ੧੩/੨)

ਸਾਰੇ ਖੇਤਰਾਂ ਦੇ ਵਿੱਚ ਖੇਤਰੱਗਯ ਮੈਂ ਹਾਂ, ਹੋਰ ਕੋਈ ਨਹੀਂ ਹੈ। ਇਹ ਮੈਂ ਦਾ ਅਰਥ ਹੰਕਾਰ ਨਹੀਂ ਹੈ, ਇੱਥੇ ਮੈਂ ਦਾ ਅਰਥ ਈਰ ਹੈ। ਮੈਂ ਈਰ ਹਾਂ ਛੇਤਰੱਗਯ। ਛੇਤਰੱਗਯ ਹੈ ਜਿਹੜਾ ਉਹੀ ਈਰ ਹੈ, ਉਹੀ ਵਿਆਪਕ ਹੈ, ਉਹੀ ਇੱਕ ਹੈ, ਉਹੀ ਪਰਮੇਰ ਸਾਰੇ ਵਿਆਪਕ ਹੈ। ਪਰ ਇਸ ਨੂੰ ਭੁੱਲ ਕੇ ਨਾਨਾ ਪ੍ਰਕਾਰ ਦੀ ਭੁੱਲ ਪੈਣੇ ਸੇਜੀਵ ਬਣ ਗਿਆ। ਆਪ ਨੂੰ ਜੀਵ ਮੰਨਣ ਲੱਗ ਪਿਆ। ਪਰ ਜੀਵ ਕਦ ਤੱਕ ਹੈ? ਜਦ ਤੱਕ ਭੁੱਲ ਹੈ। ਜਦ ਭੁੱਲ ਨਿਕਲ ਗਈ ਤਾਂ ਜੀਵੱਤਵ ਵੀ ਗਈ। ਜੀਵੱਤਵ ਨਾਮ ਹੀ ਭੁੱਲ ਦਾ ਹੈ ਤੇ ਚੇਤਨ ਤਾਂ ਇੱਕੋ ਹੀ ਹੈ, ਨਿਰਾਕਾਰ ਹੈ, ਨਿਰੰਜਨ ਹੈ।

***ਘਟ ਘਟ ਮੈ ਹਰਿ ਜੂ ਬਸੈ***

ਏਸ ਕਰਕੇ ਉਸ ਦੇ ਸਾਧਨ ਨੇ। ਸਾਧਨ ਕੀ ਨੇ?

***ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥***
***ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥***

(ਪੰਨਾ ੬੩੨)

ਤੈਂ ਉਦਿਆਨ (ਜੰਗਲ) ਨੂੰ ਖੋਜਿਆ।

***ਮਨ ਰੇ ਕਉਨੁ ਕੁਮਤਿ ਤੈ ਲੀਨੀ॥***

***ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥***

(ਪੰਨਾ ੬੩੨)

ਤੂੰ ਰਾਮ ਦੀ ਭਗਤੀ, ਵਿਆਪਕ ਨਾਉਂ ਦੀ

***ਰਮਤ ਰਾਮ ਜਨਮ ਮਰਣੁ ਨਿਵਾਰੈ॥*** (ਪੰਨਾ ੮੬੫)

ਉਹਦੀ ਭਗਤੀ ਕਰਦਾ ਤੇ –

***ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥***
***ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥*** (ਪੰਨਾ ੬੩੧)

ਤੈਂ ਅਪਣੇ ਮਨ ਨੂੰ ਉਹਦੇ ਵਿੱਚ ਬੰਨ੍ਹ ਲਿਆ। ਚੇਤਨ ਨਹੀਂ ਕਦੇ ਬੱਝਦਾ ਹੁੰਦਾ। ਚੇਤਨ ਨੇ ਤਾਂ ਸਾਖੀ ਰਹਿਣੈ, ਗਿਆਤਾ ਰਹਿਣੈ, ਦ੍ਰਟਾ ਰਹਿਣੈ। ਉਹ ਬੱਝਦਾ ਤਾਂ ਕਦੇ ਹੁੰਦਾ ਨਹੀਂ। ਇਸ ਕਰਕੇ ਤੂੰ ਅਪਣੇ ਮਨ ਨੂੰ ਉੱਥੇ ਬੰਨ ਲਿਆ। ਉਹ **ਮਨ** ਨਾਉਂ ਹੈ ਬਿਰਤੀ ਦਾ, ਤੂੰ ਬਿਰਤੀ ਤਦਾਕਾਰ ਨਹੀਂ ਕੀਤੀ। ਇਸ ਕਰਕੇ –

***ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥***
***ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥***

(ਪੰਨਾ ੬੩੨)

ਤੂੰ ਜੰਗਲ ਖੋਜਦਾ ਰਿਹਾ, ਤੂੰ ਭੁੱਲ ਚ ਰਿਹਾ। ਦੁਨੀਆਂ ਦੇ ਵਿੱਚ ਸੰਸਾਰ ਵਿੱਚੋਂ ਰੱਬ ਲੱਭਦਾ ਰਿਹਾ, ਸੰਸਾਰ ਵਿੱਚ ਰੱਬ ਨਹੀਂ ਹੁੰਦਾ। ਸੰਸਾਰ ਨੂੰ ਬਣਾਉਣੇ ਵਾਲਾ, ਪਾਲਣਾ ਕਰਨੇ ਵਾਲਾ, ਲੈਅ ਕਰਨੇ ਵਾਲਾ, ਰੱਬ ਹੁੰਦੈ। ਇਸ ਕਰਕੇ–

***ਮੁਕਤਿ ਪੰਥੁ ਜਾਨਿਓ ਤੈ ਨਾਹਨਿ***

ਉਹ ਮੁਕਤੀ ਦਾ ਰਸਤਾ ਤੈਂ ਜਾਣਿਆ ਹੀ ਨਹੀਂ। ਉਹ ਤਾਂ ਘਟ ਘਟ ਦੇ ਵਿੱਚ ਹੈ।

***ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥***

***ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥***
***ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥***

(ਪੰਨਾ ੬੩੨)

ਗੁਰੂ ਸਾਹਿਬ ਨੇ ਇਹ ਬਾਤ ਬਤਾਈ ਨੌਵੀਂ ਪਾਤਾਹੀ ਨੇ, ਭਾਈ! ਮਨੁੱਖ ਜਨਮ ਪਾਇਐ, ਹਰੀ ਦਾ ਭਜਨ ਕਰ। ਇਹ ਭਜਨ ਤੈਨੂੰ ਪਰਮੇਰ ਦੇ ਪਾਸ ਲੈ ਜਾਏਗਾ। ਸਿਮਰਨ ਕਰ, ਨਾਮ ਜਪ, ਪਰ ਸੁਆਸ ਸੁਆਸ ਜਪ। ਉਹ ਨਿਧਿਆਸਨ ਦੀ ਪਰਪੱਕ ਅਵਸਥਾ ਸਮਾਧੀ ਵਿੱਚ ਲੈ ਜਾਂਦੀ ਹੈ। ਸਮਾਧੀ ਦਾ ਅਰਥ ਹੈ ਸਮ+ਧੀ। ਇਹਦੀ ਬੁੱਧੀ ਸਮ ਹੋ ਜਾਣੀ ਹੈ ਇੱਕ ਦੇ ਵਿੱਚ। ਇਸ ਕਰਕੇ ਇਹਨੂੰ ਅਪਣੇ ਆਪ ਦਾ ਗਿਆਨ ਹੋ ਜੂ। ਪਰ ਉਹਦਾ ਸਾਧਨ ਸਿਮਰਨ ਹੈ, ਜਪ ਹੈ, ਸੇਵਾ ਹੈ। ਇਹ ਰੂਰ ਕਰ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪ੍ਰਾਪਤਿ ਸੁਆਮੀ॥*** (ਪੰਨਾ ੨੮੬)

ਇਕੱਲੀ ਸੇਵਾ ਤੇ ਵੀ ਕੰਮ ਚੱਲ ਜਾਂਦਾ ਹੈ ਪਰ ਸੇਵਾ ਠੀਕ ਕਰੇ। ਇਹ ਸੇਵਕ ਬਣਕੇ ਸੇਵਾ ਕਰੇ, ਉਦੋਂ ਇਹ ਰੱਬ ਨਾ ਬਣੇ। ਉਦੋਂ ਸੇਵਕ ਬਣਕੇ ਸੇਵਾ ਕਰੇ। ਜਦ ਉੱਥੇ ਚਲਿਆ ਜਾਊ, ਇਹਨੂੰ ਆਤਮਾ ਦਾ ਲਕ ਹੋ ਜਾਏਗਾ। ਪਰ ਫਿਰ ਇਸਨੂੰ ਕੋਈ ਸੰਸੇ ਵਿਪਰਜੇ ਨਹੀਂ ਰਹੇ ਗਾ। ਸਰੂਪ ਦੀ ਪ੍ਰਾਪਤੀ ਦੇ ਮਗਰੋਂ ਸੰਸੇ ਵਿਪਰਜੇ ਨਾ ਕਿਸੇ ਨੂੰ ਹੋਇਆ ਨਾ ਹੋਵੇਗਾ। ਸਰੂਪ ਇਹਦਾ ਚੇਤਨ ਹੈ। ਇਹ ਸੋਇ ਸਰੂਪ, ਜਿਸ ਤਰ੍ਹਾਂ ਉਪਨਿਦ ਮੇਂ ਲਿਖਿਐ **ਸੋਇ** । ਉਹਨੇ ਆਖਿਆ ਕੀ ਸੋਇ ? ਕਹਿੰਦਾ ਸੋਇ ਸਰੂਪ ਉਹ ਜਿਹੜਾ ਤੇਰਾ ਸੋਹੰ ਸਰੂਪ ਹੈ, ਉਹਦੇ ਵਿੱਚ ਤੂੰ ਦ੍ਰਿੜ ਹੋ ਜਾ ਤੇ ਹੋਰ ਦੁਨੀਆਂ ਦੀਆਂ ਸਮਾਧੀਆਂ, ਫਲਾਣੀਆਂ ਇਹ ਸਭ ਕਲਪਿਤ ਹੈਂ, ਅਧਿਅਸਤ ਹੈਂ। ਅਸਲੀ ਉਹ ਵਿਆਪਕ ਚੇਤਨ, ਤੇਰਾ ਆਪਾ ਹੈ। ਉਸ ਦੇ ਵਿੱਚ ਕਦੇ ਕੋਈ ਬਿਘਨ ਨਹੀਂ ਆਇਆ, ਕਦੇ ਕੁੱਛ ਨਹੀਂ ਆਇਆ ਉਸ ਵਿੱਚ। ਉਹ ਤੂੰ ਆਪ ਹੀ ਹੈਂ, ਉਹ ਤੇਰਾ ਆਪਾ ਹੈ, ਜਿਹੜਾ ਤੇਰਾ ਆਪਾ

ਹੈ, ਉਹੀ ਤੂੰ ਆਪ ਹੈਂ। ਅਨਾਤਮਕ ਪਦਾਰਥ ਤੇਰਾ ਆਪਾ ਨਹੀਂ, ਉਹ ਤਾਂ ਨਾਵਾਨ ਹਨ। ਚਿੱਤ ਉਤਪੰਨ ਹੁੰਦੈ, ਨਾਸ ਹੁੰਦੈ, ਬਦਲਦੈ। ਉਹ ਪਰਮੇਰ ਨਾ ਕਦੇ ਉਤਪੰਨ ਹੋਇਐ, ਨਾ ਨਾ ਹੋਇਐ ਨਾ ਕਦੇ ਬਦਲਿਐ। ਉਹ ਇੱਕ ਰਸ ਵਿਆਪਕ ਹੈ। ਉਸ ਨੂੰ ਦ੍ਰਟਾ ਰੂਪੇ ਵੀ ਕਹਾਂਗੇ ਤਾਂ ਵੀ ਪਰਮ ਦ੍ਰਟਾ ਚੇਤਨ ਇੱਕ ਹੀ ਹੋਊ। ਉਹ ਦ੍ਰਟਾ ਅੱਖਾਂ ਤਾਂ ਨਹੀਂ ਹੁੰਦੀਆਂ, ਬੁੱਧੀ ਨਹੀਂ ਹੁੰਦੀ ਇਹ ਤਾਂ ਸਾਰੇ ਜੜ੍ਹ ਨੇ , ਦ੍ਰਟਾ ਚੇਤਨ ਹੀ ਹੋਏਗਾ, ਗਿਆਤਾ ਵੀ ਚੇਤਨ ਹੀ ਹੋਏਗਾ ਤੇ ਸਾਖੀ ਵੀ ਚੇਤਨ ਹੀ ਹੋਏਗਾ, ਪਾਰਖ ਵੀ ਚੇਤਨ ਹੀ ਹੋਏਗਾ। ਪਰ ਜਣਾਉਣਾ ਤਾਂ ਹੈ ਨਾ ਜਗਿਆਸੂ ਨੂੰ। ਇਸ ਕਰਕੇ ਇਤਨਾ ਕਿਹਾ।

**ਅਨਦ ਬਿਨੋਦ ਮੰਗਲ ਗੁਣ ਗਾਵਹੁ**

**ਗੁਰ ਨਾਨਕ ਭਏ ਦਇਆਲਾ॥**

ਜਦ ਤੂੰ ਸਾਧਨ ਕਰਦਾ ਰਿਹਾ ਤਾਂ ਫਿਰ ਤੇਰੇ ਤੇ ਦਿਆਲੂ ਹੋਏ ਗੁਰੂ ਸਾਹਿਬ ਜੀ, ਗੁਰੂ ਰਾਮਦਾਸ ਦਿਆਲੂ ਹੋਏ। ਗੁਰੂ ਅਰਜਨ ਦੇਵ ਕਹਿੰਦੇ ਸਾਨੂੰ ਇਹ ਪ੍ਰਾਪਤ ਹੋਇਆ।

**ਜੈ ਜੈ ਕਾਰ ਭਏ ਜਗ ਭੀਤਰਿ**

ਸਾਡੀ ਵੀ ਜੈ ਜੈ ਕਾਰ **ਭੀਤਰਿ** ਜਗਤ ਦੇ ਵਿੱਚ ਹੋ ਗਈ।

**ਹੋਆ ਪਾਰਬ੍ਰਹਮੁ ਰਖਵਾਲਾ॥**

ਹੁਣ ਸਾਡਾ,

***ਰਾਖਾ ਏਕੁ ਹਮਾਰਾ ਸੁਆਮੀ॥***
***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਹੁਣ ਸਾਡਾ ਰਾਖਾ ਇੱਕ ਹੈ। ਭਗਤ ਪ੍ਰਹਲਾਦ ਦਾ ਰਾਖਾ ਇੱਕ ਸੀ, ਕਬੀਰ ਦਾ ਰਾਖਾ ਇੱਕ ਸੀ, ਗੁਰੂ ਨਾਨਕ ਦਾ ਰਾਖਾ ਇੱਕ ਸੀ। ਜੋ ਵੀ ਦੁਨੀਆਂ ਦੇ ਵਿੱਚ ਮਹਾਂਪੁਰ ਆਏ, ਉਹਨਾਂ ਨੇ ਅਪਣਾ ਰਾਖਾ ਪਾਰਬ੍ਰਹਮ ਪਰਮੇਰ ਨੂੰ ਕਿਹਾ। ਚਾਹੇ ਉਹਨਾਂ ਨੂੰ ਲਕ ਵੀ ਹੋਇਆ ਪਰ ਫਿਰ ਵੀ ਭਗਤ ਪ੍ਰੇਮਾ ਭਗਤੀ ਦੁਆਰੇ ਹੀ ਬਣੇ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ***
***ਕਰਿ ਕਿਰਪਾ ਸੰਤੁ ਆਪਿ ਕਰਿਓ ਹੈ।।*** (ਪੰਨਾ ੧੩੮੮)

ਜਦ ਇਹ ਪ੍ਰੇਮਾ ਭਗਤੀ ਚ ਜਾਏਗਾ, ਇਹ ਆਪ ਹੀ ਸੰਤ ਬਣ ਜਾਊ, ਆਪ ਹੀ ਇਹਨੂੰ ਲਕ ਹੋ ਜਾਏਗਾ। ਇਹ ਸਭ ਪਰਮੇਰ ਦੀ ਦਇਆ ਤੇ ਹੋਣਾ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।।

❑

ੴ ਸਤਿਗੁਰ ਪ੍ਰਸਾਦਿ॥

## ੩੨

**ਧਨਾਸਰੀ ਮਹਲਾ ੪॥**

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧ ॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥**
**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ**
**ਜਪਿ ਹਰਿ ਭਵਜਲੁ ਤਰਨਾ॥੨॥** (ਪੰਨਾ ੬੬੯)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਬਦ, ਚੌਥੇ ਪਾਤਾਹ ਸ੍ਰੀ ਗੁਰੂ ਰਾਮਦਾਸ ਦੁਆਰਾ, ਈਗੀ ਬਦ, ਅਕਾਲ ਪੁਰਖ ਦੀ ਬਾਣੀ ਆਈ ਹੈ।

***ਹਰਿ ਜੀਉ ਨਾਮੁ ਪਰਿਓ ਰਾਮਦਾਸੁ॥*** (ਪੰਨਾ ੬੧੨)

ਗੁਰੂ ਅਰਜਨ ਦੇਵ ਮਹਾਰਾਜ ਆਂਹਦੇ ਓਏ, ਹਰੀ ਦਾ ਨਾਮ ਹੁਣ ਰਾਮਦਾਸ ਪਿਆ ਹੋਇਐ, ਪਰ ਲੋਕਾਂ ਨੂੰ ਪਤਾ ਨਹੀਂ। ਉਹ ਨਿਰਗੁਣ ਜੋ ਪਰਮੇਰ ਸੀ, ਉਹ ਸਰਗੁਣ ਹੋਕੇ, ਆਪ ਸਾਖਿਆਤ ਆਇਆ।

***ਜਬ ਬਰਦਾਨਿ ਸਮੈ ਵਹੁ ਆਵਾ॥***
***ਰਾਮਦਾਸ ਤਬ ਗੁਰੂ ਕਹਾਵਾ॥***
***ਤਿਹ ਬਰਦਾਨਿ ਪੁਰਾਤਨਿ ਦੀਆ॥***

***ਅਮਰਦਾਸਿ ਸੁਰ ਪੁਰਿ ਮਗੁ ਲੀਆ॥*** (ਬਚਿੱਤ੍ਰ ਨਾਟਕ)

ਇਹ ਦਸਮ ਪਾਤਾਹ ਦਾ ਬਚਿੱਤ੍ਰ ਨਾਟਕ ਮੇਂ ਲੇਖ ਹੈ। ਆਪ ਨੂੰ ਪਤਾ ਹੈ, ਸ੍ਰੀ ਰਾਮ ਚੰਦਰ ਮਹਾਰਾਜ ਦੇ ਦੋ ਸਾਹਿਬਜਾਦੇ ਹੋਏ, ਇੱਕ ਦਾ ਨਾਮ ਲਘੂ ਅਤੇ ਦੂਜੇ ਦਾ ਨਾਮ ਕੂ ਸੀ। ਕੂ ਨੇ ਕਸੂਰ ਬੰਨਿਆ ਤੇ ਲਘੂ ਨੇ ਲਾਹੌਰ ਬੰਨ੍ਹਿਆ। ਪੰਜਾਬ ਦੇ ਦੇ ਵਸਾਉਣ ਵਾਲੇ ਪਹਿਲੇ ਇਹੀ ਨੇ। ਤ੍ਰੇਤੇ ਦੇ ਵਿੱਚ ਇਹਨਾਂ ਨੇ ਇਸ ਦੇ ਨੂੰ ਵਸਾਇਆ। ਬੜਾ ਰਾਜ ਅੱਛਾ ਚੱਲਿਆ। ਬੜਾ ਸਲੂਕ ਆਪਸ ਮੇਂ ਰਿਹਾ। ਪਰ ਤੁਸੀਂ ਜਾਣਦੇ ਹੋ ਮਾਇਆ ਜਿੱਥੇ ਜਦ ਆ ਜਾਏ, ਇਹ ਝਗੜਾ ਵੀ ਪਾ ਦਿੰਦੀ ਹੈ। ਆਪਸ ਮੇਂ ਇਹਨਾਂ ਦਾ ਕੁੱਛ ਝਗੜਾ ਪੈ ਗਿਆ ਹੱਦ ਬੰਦੀ ਤੇ। ਕੂਆਂ ਨੇ ਲਘੂਆਂ ਨੂੰ ਕੱਢ ਦਿੱਤਾ ਪੰਜਾਬ ਦੇ ਵਿੱਚੋਂ। ਲਘੂ, ਸਨੌਢ ਦੇ ਵਿੱਚ ਜਾਕੇ ਵੱਸੇ, ਉਥੇ ਅਮਰਕੋਟ ਹੈ, ਉਸ ਰਾਜ ਮੇਂ। ਉੱਥੇ ਜੋ ਰਾਜਾ ਸੀ, ਉਸ ਨੇ ਆਪਣੀ ਲੜਕੀ, ਜੋ ਇਹਨਾਂ ਦਾ ਸਾਹਿਬਜਾਦਾ ਸੀ, ਉਹਦੇ ਨਾਲ ਵਿਆਹ ਦਿੱਤੀ। ਉਹਦੇ ਚੋਂ ਜੋ ਲੜਕਾ ਪੈਦਾ ਹੋਇਆ, ਉਹਦਾ ਨਾਉਂ ਰੱਖਿਆ ਸੀ, ਸੋਢੀ ਰਾਇ। ਸੋਢੀ, ਉਹਨਾਂ ਦਾ ਨਾਮ ਉੱਥੋਂ ਪੈ ਗਿਆ। ਉਸ ਜਗ੍ਹਾ ਤੱ ਤਾਕਤ ਲੈ ਕੇ ਉਸ ਰਾਜੇ ਦੀ, ਉਹਦੇ ਇੱਕੋ ਲੜਕੀ ਸੀ, ਕੂਆਂ ਨੂੰ ਆਕੇ ਕਸੂਰੋਂ ਕੱਢ ਦਿੱਤਾ। ਕੂ ਕਾਂਸੀ ਮੇਂ ਚਲੇ ਗਏ। ਚਾਰ ਵੇਦ ਪੜ੍ਹੇ ਇਹਨਾਂ ਨੇ । ਤਾਂ ਇਹਨਾਂ ਦਾ ਨਾਉਂ ਵੇਦੀ ਪੈ ਗਿਆ। ਵੇਦ ਪੜ੍ਹਨੇ ਸੇ ਇਹਨਾਂ ਦਾ ਨਾਉਂ ਵੇਦੀ ਪੈ ਗਿਆ। ਹੁਣ ਵੀ ਤੁਸੀਂ ਕਾਂਸੀ ਮੇਂ ਜਾਉਂਗੇ, ਉਹ ਤੁਹਾਨੂੰ ਆਖਣਗੇ– ਜੀ ਇਹ ਇਕ ਵੇਦੀ ਹੈ, ਇਕ ਵੇਦ ਪੜ੍ਹਿਆ ਹੋਇਆ ਹੈ । ਇਹ ਜੀ ਦੋ ਵੇਦੀ ਹੈ, ਇਹ ਦੋ ਵੇਦ ਪੜ੍ਹਿਆ ਹੋਇਆ ਹੈ। ਇਹ ਜੀ ਤ੍ਰੈ ਵੇਦੀ ਹੈ, ਇਹ ਚਤੁਰ ਵੇਦੀ ਹੈ ਜੀ। ਉਥੋਂ ਇਹਨਾਂ ਕੂਆਂ ਦਾ ਨਾਮ ਵੇਦੀ ਪੈ ਗਿਆ। ਜਦ ਇਹਨਾਂ ਸੋਢੀਆਂ ਨੂੰ ਪਤਾ ਲੱਗਿਆ, ਕਿ ਉਹਨਾਂ ਨੇ ਦੁਨੀਆਂ ਦੇ ਵਿੱਚ ਬੜੇ ਧਰਮ ਕਰਮ ਕੀਤੇ ਤੇ ਬੜੀ ਸਿਖਾ ਦਿੱਤੀ, ਬੜੇ ਮਹਾਂ ਪੁਰ ਹੋਏ ਚਾਰੇ ਵੇਦਾਂ ਨੂੰ ਪੜ੍ਹਕੇ । ਜਦ ਉਹਨਾਂ ਨੂੰ ਇਹ ਪਤਾ ਲੱਗਿਆ ਕਿ ਸਾਡੇ ਭਾਈ ਤਾਂ ਹੁਣ ਇਸ ਪਦਵੀ ਤੇ ਪਹੁੰਚ ਗਏ। ਇਹਨਾਂ ਨੇ ਜਾਕੇ

ਉਹਨਾਂ ਨੂੰ ਬੜੇ ਅਦਬ ਨਾਲ ਲਿਆਂਦਾ ਤੇ ਸੋਢੀਆਂ ਨੇ ਚਾਰ ਵੇਦ ਸੁਣਕੇ ਤੇ ਅਪਣਾ ਰਾਜ ਭਾਗ ਵੇਦੀਆਂ ਨੂੰ ਦੇਕੇ, ਇਹ ਸੋਢੀ ਜੰਗਲ ਮੇਂ ਚਲੇ ਗਏ। ਵੇਦੀਆਂ ਨੇ ਵਰਦਾਨ ਦਿੱਤਾ ਕਿ ਚੌਥੀ ਗੱਦੀ ਤੁਹਾਡੀ ਹੋਵੇਗੀ। ਉਹ ਚੌਥੀ ਗੱਦੀ ਤੇ ਗੁਰੂ ਰਾਮਦਾਸ ਜੀ ਨੇ ਆਉਣਾ ਸੀ। ਤੇ ਉਹ ਗੁਰੂ ਰਾਮਦਾਸ ਨੂੰ ਦੇਕੇ ਉਹਨਾਂ ਦੀ ਅਮਾਨਤ, ਗੁਰੂ ਅਮਰਦੇਵ ਜੀ ਸੁਰਿ ਮਗੁ ਚਲੇ ਗਏ। ਉਹ ਆਪ ਬੈਕੁੰਠ ਨੂੰ ਚਲੇ ਗਏ। ਉਸ ਗੁਰੂ ਰਾਮਦਾਸ ਦੁਆਰਾ, ਇਹ ਬਦ ਆਇਆ ਹੈ। ਤੇ ਹੁਣ ਤੁਸੀਂ ਸੁਣੋ। ਚੱਲ ਭਾਈ–

**ਧਨਾਸਰੀ ਮਹਲਾ ੪॥**

ਧਨਾਸਰੀ ਰਾਗ ਦੇ ਵਿੱਚ ਚੌਥੇ ਪਾਤਾਹ ਮਹਾਰਾਜ ਕਥਨ ਕਰਦੇ ਨੇ–

**ਇਛਾ ਪੂਰਕੁ ਸਰਬ ਸੁਖਦਾਤਾ ਹਰਿ**

ਹਰੀ, ਜੋ ਮਾਲਕ ਹੈ ਪਰਮੇਰ, ਉਹ ਸਾਰੇ ਸੁੱਖਾਂ ਦਾ ਦਾਤਾ, ਸਾਰੀਆਂ ਇਛਿਆਂ ਦੇ ਪੂਰਣ ਕਰਨ ਵਾਲਾ ਹੈ। ਆਪ ਨੇ ਕਦੇ ਸੁਣਿਆ ਹੋਵੇਗਾ ਸਿਧ ਗੋਟ। ਉਹਦੇ ਵਿੱਚ ਆਉਂਦੈ।

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੪੩)

ਜਦ ਗੁਰੂ ਨਾਨਕ ਦੀ ਬਾਤਚੀਤ ਹੋਈ ਗੋਰਖ ਦੇ ਨਾਲ, ਉਹਨੇ ਆਖਿਆ ਤੁਹਾਡਾ ਗੁਰੂ ਕੌਣ ਹੈ? ਕਹਿੰਦੇ–

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥***

ਸੁਰਤੀ ਚੇਲਾ ਹੈ ਤੇ ਬਦ ਗੁਰੂ ਹੈ। ਤੁਸੀਂ ਆਪ ਹੀ ਅਪਣੇ ਅੰਦਰ ਝਾਤੀ ਮਾਰਕੇ ਦੇਖ ਲਉ ਇਸ ਬਾਤ ਦੀ –

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਨਾਮ ਦੇ ਨਾਲ ਜੀਹਦਾ ਮਨ ਮੰਨ ਗਿਆ, ਉਹਨੂੰ ਨਿਰਾਕਾਰ ਪਰਮੇਰ ਪ੍ਰਾਪਤ ਹੋਜੇਗਾ, ਗੁਰੂ ਸਾਹਿਬ ਕਹਿੰਦੇ। ਤੁਸੀਂ ਆਪ ਹੀ

ਅਪਣੇ ਅੰਦਰ ਦੇਖੋ, ਜਦ ਥੋਡੀ ਬਦ ਨਾਲ ਸੁਰਤੀ ਜੁੜੀ ਹੋਈ ਹੋਊ, ਦੁਨੀਆਂ ਦਾ ਕੋਈ ਪਦਾਰਥ ਨਹੀਂ ਥੋਨੂੰ ਹਿਲਾਏਗਾ। ਉਹਨੂੰ ਸਮਾਧੀ ਕਹਿੰਦੇ ਨੇ। ਜਦ ਵੀ ਥੋਡਾ ਬਦ ਦੇ ਨਾਲ, ਉਹ ਬਦ ਚਾਹੇ ਸਤਿਨਾਮ ਹੈ, ਵਾਹਿਗੁਰੂ ਹੈ। ਚਾਹੇ ਦੁਨੀਆਂ ਦੇ ਵਿੱਚ ਹੋਰ ਕੋਈ, ਓਮ ਵੀ ਬਦ ਹੈ। ਉਪਨਿਦਾਂ ਵਿੱਚ ਸਾਰਿਆਂ ਤੋਂ ਪਹਿਲਾਂ ਓਮ ਆਉਂਦਾ ਹੈ। ਤੇ ਮੁਸਲਮਾਨਾਂ ਦੇ ਵਿੱਚ ਅੱਲ੍ਹਾ ਆ ਸਕਦੈ। ਉਹ ਵੀ ਨਿਰਾਕਾਰ ਦਾ ਵਾਚਕ ਹੈ। ਉਹ ਬਦ ਦੇ ਨਾਲ ਜਦ ਥੋਡਾ ਮਨ ਮੰਨ ਜਾਏਗਾ। ਫਿਰ ਬਦ ਤੇ ਬਦੀ ਤਾਂ ਇੱਕ ਨੇ, ਨਾਮ ਤੇ ਨਾਮੀ ਤਾਂ ਇੱਕ ਨੇ, ਤੁਸੀਂ ਅਪਣੇ ਅੰਦਰ ਇਹ ਬਾਤ ਦੇਖੋ, ਥੋਡਾ ਕਦੇ ਨਾਮ ਦੇ ਨਾਲ ਮਨ ਇੱਕ ਹੋਇਐ ? ਗੁਰੂ ਗ੍ਰੰਥ ਸਾਹਿਬ ਦੇ ਆਪਾਂ ਪਾਸ ਬੈਠੇ ਹਾਂ, ਇਹ ਤੁਸੀਂ ਸੱਚ ਦੱਸਿਓ, ਕਦੇ ਹੋਇਐ ਤਾਂ ਕਹੋ। ਤੁਸੀਂ ਤਾਂ ਕੁੱਛ ਵੀ ਨਾ ਦੱਸਿਆ। ਉਹ ਬਦ ਦੇ ਨਾਲ ਮਨ ਥੋਡਾ ਇੱਕ ਹੋ ਜਾਣਾ ਚਾਹੀਦੈ। ਉਹਦਾ ਨਾਉਂ ਸਮਾਧੀ ਹੈ। ਤੇ ਬਦ ਔਰ ਬਦੀ ਇੱਕ ਨੇ, ਉਹ ਪਰਮੇਰ ਹੈ। ਉਦੋਂ ਤੁਹਾਨੂੰ ਪਰਮੇਰ ਪ੍ਰਾਪਤ ਹੋ ਜੂ। ਏਸ ਕਰਕੇ ਗੁਰੂ ਸਾਹਿਬ ਨੇ ਲਿਖਿਆ-

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥***

ਨਾਮ ਦੇ ਨਾਲ ਜੀਹਦਾ ਮਨ ਇੱਕ ਹੋ ਗਿਆ, ਬੱਸ। ਉਸ ਨੇ ਹੀ ਨਿਰੰਜਨ ਨੂੰ ਜਾਣ ਲਿਆ। ਬਦ ਔਰ ਬਦੀ ਦਾ ਭੇਦ ਨਹੀਂ ਹੈ।

***ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥***

(ਭਾਈ ਗੁਰਦਾਸ, ੨੪/੧)

ਕਹਿੰਦੇ ਸਤਿ ਸਰੂਪ ਦਾ **ਸਤਿ** ਨਾਮ ਰੱਖਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਵਿੱਚ ਜਪਾ ਦਿੱਤਾ। ਸਤਿ ਤਾਂ ਪਰਮੇਰ ਹੀ ਹੈ ਹੋਰ ਤਾਂ ਕੋਈ ਹੈ ਨਹੀਂ। ਸਤਿ ਤਾਂ ਇੱਕ ਪਰਮੇਰ ਹੈ ਹੋਰ ਸਭ ਝੂਠ ਹੈ। ਹੋਰ ਤਾਂ ਮਾਇਐ, ਝੂਠ ਹੈ। ਸਤਿ ਇੱਕ ਆਤਮਾ ਹੈ, ਉਹੀ ਪਰਮਾਤਮਾ ਹੈ। ਆਤਮਾ ਤੇ ਪਰਮਾਤਮਾ ਦੋ ਨਹੀਂ ਹੁੰਦੇ। ਤੇ-

***ਨਾਮੁ ਸੰਗੀ ਸੋ ਮਨਿ ਨ ਵਸਾਇਓ॥***
***ਛੋਡਿ ਜਾਹਿ ਵਾਹੂ ਚਿਤੁ ਲਾਇਓ॥*** (ਪੰਨਾ ੭੧੫)

ਸਾਡਾ ਸੰਗੀ ਇੱਕ ਨਾਮ ਸੀ, ਉਹ ਬਿਰਤੀ ਸਾਡਾ ਸੰਗੀ ਨਹੀਂ, ਜਿਹੜਾ ਸਾਡਾ ਖਿਆਲ ਹੈ, ਇਹ ਸਾਡਾ ਸੰਗੀ ਨਹੀਂ। ਇਹ ਤੁਸੀਂ ਆਪ ਦੇਖੋ ਖਿਆਲ ਤਾਂ ਸਾਡੇ ਬਦਲਦੇ ਹੀ ਨੇ, ਇੱਕ ਖਿਆਲ ਤਾਂ ਕਦੇ ਰਿਹਾ ਨਹੀਂ ਕਿਸੇ ਦਾ। ਜੇ ਇੱਕ ਖਿਆਲ ਰਹੇ ਤੁਸੀਂ ਨਾ ਰੋਟੀ ਖਾ ਸਕੋਂ, ਕੋਈ ਕੰਮ ਨਾ ਕਰ ਸਕੋਂ, ਫਿਰ ਤਾਂ ਕੋਈ ਕੰਮ ਨਾ ਰਿਹਾ ਇੱਥੇ । ਨਾ! ਨਾ! ਉਹ ਨਾਮ ਜਿਹੜਾ, ਤੁਹਾਡੀ ਜਦ ਬਿਰਤੀ ਖਿਆਲ ਆਉਂਦੈ। ਉਹ ਖਿਆਲ ਨੂੰ ਦੇਖਣ ਵਾਲਾ ਤਾਂ ਚੇਤਨ ਆਤਮਾ ਹੀ ਹੈ ਹੋਰ ਤਾਂ ਕੋਈ ਹੈ ਨਹੀਂ, ਉਹ ਹੈ ਨਾਮ।

***ਨਾਮੁ ਸੰਗੀ ਸੋ ਮਨਿ ਨ ਵਸਾਇਓ॥***

ਉਹ ਜਿਹੜਾ ਤੇਰਾ ਸੰਗੀ ਨਾਮ ਸੀ ਜੀਵ, ਤੈਂ ਮਨ ਦੇ ਵਿੱਚ ਨਾ ਵਸਾਇਆ ਤੇ ਵਸਦਾ ਵੀ ਮਨ ਦੇ ਵਿੱਚ ਹੈ, ਦੇਖਦਾ ਵੀ ਹੈ। ਤੁਸੀਂ ਐਂ ਸਭ ਜਾਣਦੇ ਹੋਂ, ਤੁਸੀਂ ਅਪਣੇ ਮਨ ਨੂੰ ਹਰ ਵਕਤ ਦੇਖਦੇ ਹੋਂ। ਕਿਉਂ ? ਜਦ ਤੁਸੀਂ ਕਹਿੰਦੇ ਹੋਂ ਬਈ ਕੋਈ ਹਾਕ ਮਾਰਦੈ ਉਦੋਂ ਮਨ ਥੋੜਾ ਇੱਧਰ ਹੈ, ਉਹ ਕਹਿੰਦਾ ਹੁਣ ਦੱਸ ? ਉਹੀ ਕਹਿੰਦਾ ਹੈ ਅੱਗੇ ਕਿੱਥੇ ਸੀ? ਕਹਿੰਦਾ ਮੇਰਾ ਮਨ ਉੱਥੇ ਗਿਆ ਹੋਇਆ ਸੀ । ਹੁਣ ਅਖੇ ਆ ਗਿਆ ਤੇ ਜਦ ਫੇਰ ਦਸਦੈ, ਉਹਨੂੰ ਉਹ ਉੱਤਰ ਵੀ ਦੇ ਦਿੰਦੈ। ਉਹ ਜਿਹੜਾ ਮਨ ਹੈ, ਉਹ ਤਾਂ ਜਾਣ ਆਉਣ ਵਾਲੀ ਵਸਤੂ ਹੈ । ਉਹਨੂੰ ਖਿਆਲ ਕਹਿ ਦਿਉ, ਸੰਕਲਪ ਕਹਿ ਦਿਉ। ਸੰਕਲਪ ਵਿਕਲਪ ਇਹੀ ਮਨ ਹੈ। ਪਰ ਜਿਹੜਾ ਦੇਖਣੇ ਵਾਲਾ ਹੈ ਉਹ ਤਾਂ ਨਹੀਂ ਕਦੇ ਬਦਲਿਆ। ਉਹ ਤਾਂ ਇਹ ਵੀ ਦੱਸਦਾ ਹੈ ਪਹਿਲਾਂ, ਬਈ ਮੇਰਾ ਆਹ ਖਿਆਲ ਸੀ, ਹੁਣ ਮੇਰਾ ਇਹ ਖਿਆਲ ਹੋ ਗਿਆ। ਉਹ ਖਿਆਲਾਂ ਨੂੰ ਦੇਖਣੇ ਜਾਨਣੇ ਵਾਲਾ ਤਾਂ ਆਤਮਾ ਹੈ, ਚੇਤਨ ਹੈ ਤੇ ਉਹ ਤੁਸੀਂ ਹੋ। ਤੁਸੀਂ ਉਹੀ ਨਹੀਂ? ਤੁਸੀਂ ਅਪਣੇ ਮਨ ਨੂੰ ਦੇਖਦੇ ਹੋਂ ਕਿ ਨਹੀਂ? ਮੈਂ ਤੁਹਾਨੂੰ ਪੁੱਛਦਾਂ, ਅਪਣੇ ਮਨ ਨੂੰ ਦੇਖਦੇ ਹੋਂ ਕਿ ਨਹੀਂ? ਤੇ ਦੇਖਣੇ ਵਾਲਾ ਚੇਤਨ ਹੈ । ਦੇਖਣੇ ਵਾਲਾ ਭਾਈ ਚੇਤਨ

ਹੁੰਦੈ ਤੇ ਦੇਖਣੇ ਵਾਲਾ ਹੀ ਸੂਖਮ ਰੂਪ ਵਿੱਚ ਪਰਮੇਰ ਹੈ, ਉਹੀ ਦ੍ਰਟਾ ਹੈ।

***ਮੂਈ ਸੁਰਤਿ ਬਾਦੁ ਅਹੰਕਾਰੁ॥***
***ਓਹੁ ਨ ਮੂਆ ਜੋ ਦੇਖਣਹਾਰੁ॥*** (ਪੰਨਾ ੧੫੨)

ਉਹ ਕਹਿੰਦੇ ਗੁਰੂ ਨਾਨਕ ਦੇਵ ਉਸ ਪੰਡਿਤ ਖਟ ਯਸਤਰੀ ਨੂੰ । ਉਹ ਕਹਿੰਦੇ, ਪੰਡਿਤ ! ਉਹ ਮਰਨੇ ਵਾਲਾ ਨਹੀਂ, ਉਹ ਦੇਖਣੇ ਵਾਲਾ ਹੈ, ਤੂੰ ਕਿਉਂ ਅਫਸੋਸ ਕਰਦੈਂ ਐਨਾਂ। ਉਹ ਦੇਖਣੇ ਵਾਲਾ, ਮਰਨੇ ਵਾਲਾ ਨਹੀਂ।

***ਮੂਈ ਸੁਰਤਿ ਬਾਦੁ ਅਹੰਕਾਰੁ॥***

ਥੋੜੀ ਬਿਰਤੀ ਬਦਲੇਗੀ, ਸੁਰਤੀ ਬਦਲੇਗੀ। ਬਿਰਤੀ ਕਹਿ ਲਉ, ਸੁਰਤੀ ਕਹਿ ਲਉ, ਸੰਕਲਪ ਕਹਿ ਲਉ, ਇਹ ਤਾਂ ਪ੍ਰਾਯ ਵਾਚੀ ਬਦ ਨੇ, ਪਰ ਦੇਖਣੇ ਵਾਲਾ ਤਾਂ ਇੱਕੋ ਹੀ ਹੈ । ਉਹ ਦ੍ਰਟਾ ਹੈ, ਉਹ ਪਾਰਖ ਹੈ।

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥***
*(ਪੰਨਾ ੧੪੪)*

ਜਿਹੜਾ ਖੋਟੇ ਤੇ ਖਰੇ ਸੰਕਲਪਾਂ ਨੂੰ ਦੇਖਦੈ ਤੇ ਨਾਲ ਟੈਪ (ਟਾਈਪ) ਵੀ ਕਰਦੈ। ਜੇ ਟੈਪ ਕਰਨ ਵਾਲਾ ਨਾ ਹੋਵੇ ਤਾਂ ਸਾਡੇ ਤਾਂ ਪੁੰਨ ਪਾਪ ਐਵੇਂ ਹੀ ਨਿਕਲ ਜਾਣ। ਜੇ ਅਸੀਂ ਕਰਨਾ ਹੋਵੇ, ਅਸੀਂ ਚੰਗੇ ਚੰਗੇ ਟੈਪ ਕਰ ਲਈਏ, ਜਿਹੜੇ ਮਾੜੇ ਨੇ ਉਹ ਛੱਡ ਦਈਏ। ਉਹ ਟੈਪ ਕਰਨ ਵਾਲਾ ਤਾਂ ਹੋਰ ਹੈ ਕੋਈ। ਉਹ ਕੌਣ ਹੈ? ਪਾਰਖ ਹੈ।

***ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥***

ਆਪ ਉਹ ਪਰਮੇਰ ਪਾਰਖ ਹੈ ਜਿਹੜਾ ਖੋਟੇ ਖਰੇ ਸੰਕਲਪਾਂ ਨੂੰ ਦੇ ਖਦਾ ਤੇ ਨਾਲ ਟੈਪ ਵੀ ਕਰਦੈ। ਉਹ ਭੋਗਣੇ ਵੀ ਪੈਂਦੇ ਨੇ ਰੀਰ ਨੂੰ। ਕਰਮਾਂ ਦਾ ਰੀਰ ਹੈ।

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*** (ਪੰਨਾ ੨)

ਕਰਮਾਂ ਦੁਆਰੇ ਸਾਨੂੰ ਇਹ ਕੱਪੜਾ ਮਿਲਣੈ ਤੇ ਨਦਰ ਨਾਲ ਤਾਂ ਮੋਕ ਦਾ ਦਰਵਾਜਾ ਮਿਲ ਜਾਊ। ਜਿਸ ਦਿਨ ਵੀ ਪਰਮੇਰ ਦੀ ਨਰ ਹੋ ਜਾਏਗੀ। ਫਿਰ ਤਾਂ ਸਾਨੂੰ ਕੋਈ ਮੁਕਿਲ ਨਹੀਂ। ਇਹਦੇ ਚ ਪੜ੍ਹੇ ਦੀ ਵੀ ਕੋਈ ਜਰੂਰਤ ਨਹੀਂ ਬਈ ਪੜ੍ਹੇ ਲਿਖੇ ਦੀ ਜਰੂਰਤ ਹੈ। ਕਿਸੇ ਦੀ ਜਰੂਰਤ ਨਹੀਂ। ਤੁਸੀਂ ਦੱਸੋ ਉਹ ਘਾਹੀ ਕੀ ਪੜ੍ਹਿਆ ਹੋਇਆ ਸੀ ?

ਜਦ ਜਹਾਂਗੀਰ ਨੇ ਗੁਰੂ ਸਾਹਿਬ ਦੇ ਨਾਲ ਸੁਲਾਹ ਕੀਤੀ। ਜਦ ਗੁਰੂ ਸਾਹਿਬ ਨੇ ਆਖਿਆ, ਉਹ ਦੇਖ ਚੰਦੂ ਕੋਲ ਪਿਆ ਹੈ ਉਹ ਚੰਦੋਆ, ਜਹਾਂਗੀਰ ਕਹਿੰਦਾ ਸਾਡਾ ਇਹਦੇ ਚ ਕੋਈ ਤਅੱਲਕ ਨਹੀਂ ਸੀਗਾ। ਇਹ ਚੰਦੂ ਨੇ ਕੀਤਾ, ਜੋ ਕੁੱਛ ਵੀ ਕੀਤਾ, ਉਹ ਹੋ ਗਿਆ। ਉਹ ਜਦ ਗੁਰੂ ਸਾਹਿਬ ਮੰਨ ਗਏ ਉਹਦੇ ਬਾਅਦ ਜਹਾਂਗੀਰ ਕਹਿੰਦਾ ਮੈਂ ਤੁਹਾਨੂੰ ਕਮੀਰ ਦਾ ਸੈਰ ਕਰਾਉਣੈ ਜਰੂਰ। ਗੁਰੂ ਸਾਹਿਬ ਨੂੰ ਮਨਾ ਲਿਆ, ਨਾਲ ਲੈ ਗਿਆ। ਉੱਥੇ ਘਾਹੀ ਹਮੇਂ ਭਜਨ ਕਰਦਾ ਸੀ ਤੇ ਰੱਬ ਦਾ ਆਸਤਕ ਸੀ ਤੇ ਜਿੰਨਾ ਘਾਹ ਖੋਤਦਾ ਸੀ, ਉਹਦੀ ਰੋਟੀ ਖਾਂਦਾ ਸੀ ਤੇ ਬਾਕੀ ਸਮਾਂ ਉਹ ਭਜਨ ਕਰਦਾ ਸੀ। ਜਦ ਉਹਨੇ ਸੁਣਿਆ ਬਈ ਇੱਕ ਇਹੋ ਜਿਹੇ ਗੁਰੂ ਵੀ ਆਏ ਨੇ ਜਿਹੜੇ **ਨਦਰੀ ਨਦਰਿ ਨਿਹਾਲ** ਕਰ ਦਿੰਦੇ ਨੇ। ਉਹਨੇ ਆਖਿਆ ਬੱਸ! ਹੁਣ ਚੱਲੀਏ। ਉਹਨੇ ਪਹਿਲੇ ਦਿਨ ਦਾ ਘਾਹ ਖੋਤਕੇ, ਪੈਸੇ ਵੱਟਕੇ ਪਾਸ ਰੱਖ ਲਏ ਬਈ ਆਹ ਮੈਂ ਉੱਥੇ ਭੇਟਾ ਕਰੂੰ। ਹੁਣ ਉਹਦਾ ਤਾਂ ਸਰਬੰਸ ਦਾਨ ਉਹੀ ਸੀ, ਉਹਦੇ ਕੋਲ ਸਰਬੰਸ ਹੋਰ ਕੀ ਸੀ। ਉਤਨੇ ਹੀ ਪੈਸੇ ਸੀ, ਰੋਟੀ ਨਹੀਂ ਖਾਧੀ ਉਹਨੇ ਉਸ ਦਿਨ। ਉਹਨੇ ਪੈਸੇ ਰੱਖ ਲਏ ਤੇ ਉਸ ਪਾਸੇ ਕੁੱਛ ਭਾਣਾ ਬੀਤਿਆ ਤੇ ਮੁਸਲਮਾਨਾਂ ਨੇ ਇਕੱਠ ਕੀਤਾ ਕਿ ਬਈ ਇਹ ਜਿਹੜੇ ਸਿੱਖ ਨੇ ਇਹ ਅਪਣੇ ਗੁਰੂ ਨੂੰ ਤਾਂ ਸੱਚਾ ਪਾਤਾਹ ਕਹਿੰਦੇ ਨੇ ਤੇ ਤੁਹਾਨੂੰ ਇਹ ਝੂਠਾ ਪਾਤਾਹ ਕਹਿੰਦੇ ਨੇ। ਤੰਬੂ ਵੀ ਸਾਡੇ, ਸਾਮਾਨ ਵੀ ਸਾਡਾ, ਸਭ ਕੁੱਛ ਸਾਡਾ, ਸੀਧਾ ਵੀ ਸਾਡਾ ਫੇਰ ਝੂਠਾ ਪਾਤਾਹ ਕਹਿੰਦੇ ਨੇ। ਜਹਾਂਗੀਰ ਨੇ, ਇਤਿਹਾਸ ਦੱਸਦੈ, ਆਖਿਆ–ਨਾ ਤੁਸੀਂ ਇਹ ਗੱਲ ਨਾ ਕਰਿਓ। ਉਹਨੂੰ ਪਿਛਲਾ

ਕੁੱਛ ਤਜਰਬਾ ਸੀ। ਉਹਨਾਂ ਆਖਿਆ ਨਾ ਜੀ ਹੱਤਕ ਹੈ ਸਾਡੀ। ਸੰਤਰੀ ਨੂੰ ਕਹਿਤਾ ਬਈ ਜਦ ਵੀ ਕੋਈ ਆਕੇ ਪੁੱਛੇ, ਸੱਚੇ ਪਾਤਾਹ ਦਾ ਤੰਬੂ ਕਿਹੜੈ? ਤੂੰ ਜਹਾਂਗੀਰ ਦਾ ਦੱਸਣਾ। ਉਹ ਘਾਹੀ ਆਇਆ, ਉਹਨੇ ਆਖਿਆ ਸੱਚੇ ਪਾਤਾਹ ਦਾ ਤੰਬੂ ਕਿਹੜੈ? ਉਹਨੇ, ਜਹਾਂਗੀਰ ਦੇ ਤੰਬੂ ਵੱਲ ਹੱਥ ਕਰਤਾ, ਉਹ ਚਲਾ ਗਿਆ। ਉਸਨੇ ਜਾਕੇ ਪੈਸੇ ਉਹਦੇ ਅੱਗੇ ਰੱਖਤੇ ਤੇ ਚਾਰ ਪ੍ਰਕਰਮਾ ਕੀਤੀਆਂ, ਨਮਕਾਰ ਕੀਤੀ ਤੇ ਹੱਥ ਬੰਨ ਕੇ ਖੜ੍ਹਾ ਹੋ ਗਿਆ। ਉਹ ਕਹਿੰਦਾ ਮੰਗ ਕੀ ਮੰਗਦੈਂ? ਕਹਿੰਦਾ ਜੀ ਮੋਕ। ਉਹ ਸਾਰੇ ਜਿੰਨੇ ਕੋਲ ਬੈਠੇ ਸੀ, ਉਹ ਕਹਿੰਦਾ ਹੁਣ ਦਿਉ ਇਹਨੂੰ ਮੋਕ । ਉਹ ਕਹਿੰਦੇ ਓਏ ਤੂੰ ਟੱਕਰਾਂ ਮਾਰਦੈਂ, ਘਾਹ ਖੋਤਦੈਂ। ਤੈਨੂੰ ਇੱਕ ਖੂਹ ਦੇ ਦਿੰਦੇ ਹਾਂ, ਮੌਜਾਂ ਕਰੇਂਗਾ। ਉਹ ਕਹਿੰਦਾ ਨਾ। ਪਿੰਡ ਦੇ ਦਿੰਦੇ ਹਾਂ, ਨਾਮ ਤੱਕ ਪਹੁੰਚੇ, ਬਈ ਇਲਾਕਾ ਦੇ ਦਿਆਂਗੇ, ਪਰ ਉਹਨੇ ਇੱਕੋ ਗੱਲ ਕਹੀ ਘਾਹੀ ਨੇ, ਮੈਨੂੰ ਤਿੰਨਾਂ ਲੋਕਾਂ ਦੀ ਰੂਰਤ ਨਹੀਂ, ਮੋਕ ਦੀ ਰੂਰਤ ਹੈ। ਜਹਾਂਗੀਰ ਕਹਿੰਦਾ, ਉਹ ਹੈ ਸੱਚੇ ਪਾਤਾਹ ਦਾ ਤੰਬੂ, ਮੋਕ ਵਾਲੇ ਦਾ। ਇਹਨਾਂ ਨੇ ਤਾਂ ਤੇਰੇ ਨਾਲ ਧੋਖਾ ਕੀਤੈ। ਉਹ ਚੱਲ ਪਿਆ ਤੇ ਮਗਰੇ ਜਹਾਂਗੀਰ ਵੀ ਤੁਰ ਪਿਆ, ਸਾਰੇ ਤੁਰ ਪਏ। ਜਦ ਉਹਨੇ ਉਹੀ ਕੰਮ ਉੱਥੇ ਕੀਤਾ ਛੇਵੇਂ ਪਾਤਾਹ ਦੇ ਅੱਗੇ ਪੈਸੇ ਰੱਖਤੇ, ਉਹੀ ਪੈਸੇ ਉਥੋਂ ਚੱਕ ਕੇ ਲੈ ਗਿਆ ਸੀ ਹੋਰ ਉਹਦੇ ਕੋਲ ਪੈਸੇ ਤਾਂ ਹੈ ਨਹੀਂ ਸੀ। ਪੈਸੇ ਰੱਖਕੇ ਪ੍ਰਕਰਮਾਂ ਕੀਤੀਆਂ, ਨਮਕਾਰ ਕੀਤੀ, ਖੜ੍ਹਾ ਹੋ ਗਿਆ। ਕੀ ਮੰਗਦੈਂ ਸਿੱਖਾ? ਅਖੇ ਜੀ ਮੋਕ। ਕਹਿੰਦੇ ਸਾਡੀ ਅੱਖ ਨਾਲ ਅੱਖ ਮਿਲਾ। ਉਹ ਜਦ ਅੱਖ ਨਾਲ ਅੱਖ ਮਿਲਾਈ, ਉਹ ਕਹਿੰਦਾ ਜੀ ਨਿਹਾਲ! ਨਿਹਾਲ! ਨਿਹਾਲ! ਉਹ ਜਹਾਂਗੀਰ ਆਂਹਦਾ ਜੀ ਇੱਕ ਬਾਤ ਮੈਂ ਪੁੱਛ ਸਕਦਾਂ ? ਅਖੇ ਆਹ ਜਿਹੜੀ ਹਿੰਦੂਆਂ ਦੀ ਮੋਕ ਹੈ ਬੜੀ ਸਸਤੀ ਹੈ ਇੰਨੇਕੁ ਪੈਸਿਆਂ ਦੀ ਆ ਜਾਂਦੀ ਹੈ। ਉਹ ਕਹਿੰਦੇ ਤੂੰ ਕੀ ਦਿੰਦਾ ਸੀ? ਤੂੰ ਵੀ ਕੁੱਛ ਦਿੰਦਾ ਸੀ? ਉਹ ਕਹਿੰਦੇ ਅਸੀਂ ਤਾਂ ਸਭ ਕੁੱਝ ਦੇ ਬੈਠੇ, ਇਹ ਕਹਿੰਦਾ, ਤਿੰਨਾਂ ਲੋਕਾਂ ਦੀ ਲੋੜ ਨਹੀਂ, ਮੋਕ ਦੀ ਲੋੜ ਹੈ। ਫਿਰ ਤੂੰ ਦਿੱਤੀ ਨਾ? ਕਹਿੰਦਾ ਮੇਰੇ ਕੋਲ ਤਾਂ ਹੈ ਨਹੀਂ, ਇਹ ਤਾਂ ਇਹਨਾਂ

ਅਹਿਲਕਾਰਾਂ ਦੀ ਗਲਤੀ ਸੀ। ਇਸ ਕਰਕੇ ਭਾਈ ਜਦ ਇਸਦਾ ਅੰਤਹਕਰਣ੍ਹ ਧ ਹੋ ਜਾਏ, ਨਾਮ ਦੇ ਨਾਲ ਇਹਦਾ ਮਨ ਇੱਕ ਹੋ ਜਾਏ ਤਾਂ ਇਹ ਪਰਮੇਰ ਨੂੰ ਪਾ ਲੈਂਦੈ। ਪਰ ਨਾਮ ਤੇ ਇਹਨੂੰ ਯਕੀਨ ਨਹੀਂ। ਇਹ ਦੁਨੀਆਂ ਦੀਆਂ ਮੈਂ ਤੇ ਤੁਸੀਂ ਖਬਰੈ ਕਿੰਨੀਆਂ ਕੁ ਭਰੀ ਬੈਠੇ ਹਾਂ ਗੱਲਾਂ, ਉਹ ਸਹੁਰੀਆਂ ਮੁੱਕਦੀਆਂ ਹੀ ਨਹੀਂ। ਇਹ ਤੁਸੀਂ ਨਾ ਸਮਝੋ, ਮੈਂ ਵੀ ਭਰੀ ਬੈਠਾ ਹਾਂ। ਮੈਂ ਅਸਚਰਜ ਹੁੰਦਾਂ ਕਿ ਗੱਲ ਕੀ ਹੈ, ਐਂ ਕਿਉਂ ਸੰਕਲਪ ਆਇਆ। ਇਹਨੇ ਸੰਸਕਾਰ ਭਰੇ ਹੋਏ ਨੇ ਅੰਤਹਕਰਣ ਵਿੱਚ। ਇਹ ਜਿੱਥੇ ਜਾਂਦੈ ਇਕ ਦੋ ਸੰਸਕਾਰ ਭਰ ਲਿਆਉਂਦੈ। ਹੁਣ ਇਥੋਂ ਇੱਕ ਸੰਸਕਾਰ ਭਰ ਲਏਗਾ ਬਈ ਉੱਥੇ ਇਹਾ ਜਿਹਾ ਇਕ ਚੰਦੋਆ ਸੀ, ਐਂ ਹੋਇਆ, ਇਸ ਨੇ ਕੁੱਛ ਨਾ ਕੁੱਛ ਭਰਨੈ। ਜਦ ਤੁਸੀਂ ਭਰੀ ਜਾਉਂਗੇ, ਉਹ ਆਤਮਾ ਤਾਂ ਥੋਡਾ ਦਬ ਜਾਏ ਗਾ। ਉਹ ਆਤਮਾ ਦੇ ਨਾਲ ਮਨ ਥੋਡਾ ਤਾਂ ਮਿਲੇਗਾ ਜਦ ਥੋਡਾ ਮਨ ਖਾਲੀ ਹੋਊ। ਹੋਰ ਜਿੰਨੀਆਂ ਕਾਮਨਾਂ, ਵਾਨਾਵਾਂ ਨੇ, ਉਹ ਝੂਠੀਆਂ ਨੇ।

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਵੀ ਦੇਖੋ ਪਰ ਦ੍ਰਟਾ ਤਾਂ ਨਹੀਂ ਮਿਥਿਆ। ਜਿਹੜਾ ਥੋਡੇ ਅੰਦਰ ਪਾਰਖ, ਦੇਖਣੇ ਵਾਲਾ, ਦਾਨਾ ਬੀਨਾ ਚੇਤਨ ਹੈ, ਉਹ ਤਾਂ ਨਹੀਂ ਮਿਥਿਆ। ਅੱਛਾ ! ਦ੍ਰਟਾ ਦਾ ਦ੍ਰਟਾ ਕੋਈ ਨਹੀਂ ਹੈ। ਉਪਨਿਦ ਵਿੱਚ ਬੜਾ ਨਿਰਣਾ ਕੀਤੈ। ਜਿਹੜਾ ਦੇਖਣੇ ਵਾਲੈ, ਉਹਦੇ ਦੇਖਣੇ ਵਾਲਾ ਦੁਨੀਆਂ ਵਿੱਚ ਕੋਈ ਹੋਇਆ ਨਹੀਂ, ਨਾ ਹੋਵੇ। ਉਹ ਤਾਂ ਇੱਕ ਹੈ। ਉਹ ਤਾਂ ਚੇਤਨ ਹੈ। ਉਹ ਥੋਡਾ ਆਪਾ ਹੈ। ਥੋਡਾ ਆਪਾ ਉਹ ਹੈ ਕਿ ਕੋਈ ਹੋਰ ਹੈ? ਮੈਂ ਥੋਨੂੰ ਪੁੱਛਦਾਂ। ਹਾਂ ਉਹ–

***ਨਾਮੁ ਸੰਗੀ ਸੋ ਮਨਿ ਨ ਵਸਾਇਓ ॥***

ਉਹ ਜਿਹੜਾ ਨਾਮ ਸੀ ਥੋਡਾ ਸੰਗੀ ਉਹ ਤੁਸੀਂ ਮਨ ਨਾ ਵਸਾਇਆ।

***ਛੋਡਿ ਜਾਹਿ ਵਾਹੂ ਚਿਤੁ ਲਾਇਓ॥*** (ਪੰਨਾ ੭੧੫)

ਜਿਹੜੇ ਪਦਾਰਥ ਤੁਸੀਂ ਛੱਡ ਕੇ ਜਾਣੇ ਨੇ, ਲੋਕ ਥੋਡੇ ਸਾਹਮਣੇ

ਛੱਡ ਕੇ ਗਏ ਨੇ । ਉਹਨਾਂ ਦੇ ਨਾਲ ਤੁਹਾਡਾ ਮਨ ਚਿਪਕਿਆ ਪਿਐ। ਉਹ ਟੁੱਟਦਾ ਹੀ ਨਹੀਂ ਹੈ। ਇਸ ਕਰਕੇ ਤੁਸੀਂ ਇਕ ਪਰਮੇਰ ਦੇ ਨਾਮ ਨਾਲ, ਬਦ ਨਾਲ, ਬਦ ਨਾਉਂ ਹੀ ਪਰਮੇਰ ਦਾ ਹੈ। ਬਦ ਵੀ ਪਰਮੇਰ ਹੈ ਤੇ ਬਦੀ ਵੀ ਪਰਮੇਰ ਹੈ।

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੮੩)

ਅਪਣੀ ਸੁਰਤੀ ਨੂੰ ਬਦ ਦੇ ਨਾਲ ਜੋੜ ਲਉ, ਤੁਹਾਨੂੰ ਰੱਬ ਦਿਸ ਪਊ। ਚਾਹੇ ਮੈ ਜੋੜ ਲਵਾਂ, ਚਾਹੇ ਤੁਸੀਂ ਜੋੜ ਲਉ। ਤੇ ਜਦ ਤੱਕ ਬਦ ਦੇ ਨਾਲ ਮਨ ਇੱਕ ਨਹੀਂ ਹੋਏਗਾ ਤਦ ਤੱਕ ਪਰਮੇਰ ਤਾਂ ਪ੍ਰਾਪਤ ਹੋਣਾ ਨਹੀਂ। ਹੋਰ ਤਾਂ ਬਾਹਜ ਬਾਤਾਂ ਨੇ, ਅੰਤਰ ਬਾਤ ਤਾਂ ਅਸਲੀ ਇਹੀ ਹੈ। ਇਸ ਕਰਕੇ ਉਹ ਜਿਹੜਾ ਨਾਮ ਹੈ ਥੋਡਾ, ਤੁਸੀਂ ਸਤਿਨਾਮ ਕਹਿੰਦੇ ਹੋ। ਸਤਿ ਪਰਮੇਰ ਹੈ, ਸਤਿ ਹੋਰ ਤਾਂ ਕੋਈ ਵਸਤੂ ਹੈ ਨਹੀਂ । ਇਸ ਕਰਕੇ –

***ਮੂਈ ਸੁਰਤਿ ਬਾਦੁ ਅਹੰਕਾਰ॥***
***ਓਹੁ ਨ ਮੂਆ ਜੋ ਦੇਖਣਹਾਰੁ॥***
***ਪੜਿ ਪੜਿ ਪੰਡਿਤੁ ਬਾਦੁ ਵਖਾਣੈ॥***
***ਭੀਤਰਿ ਹੋਦੀ ਵਸਤੁ ਨ ਜਾਣੈ॥*** (ਪੰਨਾ ੧੫੨)

ਤੈਂ ਆਤਮ ਵਸਤੂ ਨੂੰ ਨਹੀਂ ਜਾਣਿਆ। ਪੜ੍ਹ ਪੜ੍ਹ ਕੇ ਤੂੰ ਬਾਦ ਬਿਬਾਦ ਕਰਦਾ ਰਿਹੈਂ, ਲੋਕਾਂ ਨੂੰ ਜਣਾਉਂਦਾ ਰਿਹੈਂ। ਤੈਂ ਅਪਣੀ ਵਸਤ ਨਾ ਪਛਾਣੀ ਆਤਮ ਵਸਤੂ। ਥੋਡੇ ਅੰਦਰ ਤਾਂ ਇੱਕੋ ਚਾਨਣ ਹੈ ਹੋਰ ਤਾਂ ਕੋਈ ਹੈ ਨਹੀਂ।

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥***

ਥੋਡੇ ਅੰਦਰ ਚਾਨਣ ਇੱਕੋ ਹੀ ਹੈ ਉਸ ਆਤਮਾ ਦਾ। ਥੋਡਾ ਮਨ ਚਾਨਣ ਨਹੀਂ ਹੈ, ਉਹ ਤਾਂ ਜੜ੍ਹ ਹੈ, ਬੁੱਧੀ ਥੋਡੀ ਚਾਨਣ ਨਹੀਂ, ਉਹ ਤਾਂ ਜੜ੍ਹ ਹੈ। ਉਹ ਜਿਹੜਾ ਬੁੱਧੀ ਦੇ ਵਿੱਚ ਬੈਠਕੇ ਦੇਖਦਾ ਹੈ ਅਤੇ

ਜਾਣਦਾ ਹੈ, ਉਹ ਚਾਨਣ ਹੈ ਹੋਰ ਤਾਂ ਕੋਈ ਚਾਨਣ ਨਹੀਂ ਹੈ। ਜੇ ਇੰਦਰੀਆਂ ਚਾਨਣ ਹੋਣ ਤਾਂ ਅੱਖਾਂ ਹੀ ਹੋਣ ਦੂਆ ਨਾ ਹੋਵੇ, ਕੰਨ ਨਾ ਹੋਣ। ਉਹ ਤਾਂ ਬਦਲ ਬਦਲ ਕੇ ਸਭ ਉਹੀ ਚਾਨਣ ਹੈ। ਵੇਦ ਕਹਿੰਦਾ ਓਏ ਜਿਹੜਾ ਤੇਰੇ ਅੰਦਰ ਚਾਨਣ ਹੈ, ਉਸ ਚਾਨਣ ਤੇ ਤੈਨੂੰ ਆਹ ਸਾਰੇ ਚਾਨਣ ਹੁੰਦੇ ਨੇ। ਹੋਰ ਕੋਈ ਚਾਨਣ ਹੈ? ਚਾਨਣ ਤਾਂ ਇੱਕੋ ਹੈ।

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥*** (ਪੰਨਾ ੧੩)

ਉਹਦੇ ਚਾਨਣ ਨਾਲ ਸਾਰੇ ਚਾਨਣ ਤੈਨੂੰ ਹੋਣਗੇ।

***ਗੁਰ ਸਾਖੀ ਜੋਤਿ ਪਰਗਟੁ ਹੋਇ॥***

ਜਦ ਤੈਨੂੰ ਗੁਰੂ ਬਦ ਮਿਲ ਜਾਏਗਾ, ਬਦ ਦੇ ਨਾਲ ਤੇਰਾ ਮਨ ਇੱਕ ਹੋ ਜਾਏਗਾ, ਤੈਨੂੰ ਰੂਰ ਚਾਨਣ ਹੋਊ। ਪਰ ਜਿੰਨਾ ਚਿਰ ਤੁਸੀਂ ਉਸ ਦੇ ਨਾਲ ਨਹੀਂ ਮਿਲਦੇ। ਇਹ ਤਾਂ ਥੋਨੂੰ ਪਤੈ ਕਿ ਦੇਖਣੇ ਜਾਨਣੇ ਵਾਲੀ ਵਸਤੂ ਹੈ ਤਾਂ ਸਹੀ ਕੋਈ। ਤੁਸੀਂ ਖਿਆਲ ਕਰਦੇ ਹੋ, ਖਿਆਲ ਨੂੰ ਦੇਖਦਾ ਵੀ ਹੈ ਕੋਈ, ਨਾਲੇ ਜਾਣਦਾ ਵੀ ਹੈ।

***ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥***

(ਪੰਨਾ ੫੨੦)

ਦਾਨਾ ਤੇ ਬੀਨਾ ਸਾਈਂ ਹੈ, ਪਰ ਉਹਦੀ ਅਸੀਂ ਸਾਰ ਨਹੀਂ ਜਾਣੀ। ਗੁਰੂ ਸਾਹਿਬ ਕਹਿੰਦੇ – ਉਹ ਹੈਗਾ, ਇਸ ਕਰਕੇ ਉਹ ਹੈ ਸਤਿ ਤੇ ਉਸ ਸਤਿ ਸਰੂਪ ਦਾ ਨਾਮ ਰੱਖਿਆ ਗੁਰੂ ਸਾਹਿਬ ਨੇ ਸਤਿਨਾਮ।

***ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥*** (ਪੰਨਾ ੬੭੦)

ਇਹ ਵਿਧੀ ਵਾਕ ਹੈ। ਇਕ ਹੁੰਦੇ ਨੇ ਵਾਕ ਐਵੇਂ ਕਹਿਣ ਵਾਲੇ । ਇਕ ਹੁੰਦੇ ਨੇ ਵਾਕ ਵਿਧੀ। ਵਿਧੀ ਵਾਕ ਕੌਣ ਹੁੰਦਾ ਹੈ ਜੈਸੇ ਪਹਿਲੀ ਪਉੜੀ ਤੁਸੀਂ ਪੜ੍ਹੀ।

**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥**

ਇਹ ਵਿਧੀ ਹੈ ਬਈ ਇਹਦਾ ਤੈਂ ਜਾਪ ਕਰਨੈ। ਜਿਹੜਾ ਤੈਨੂੰ ਦੱਸਿਆ। ਤੂੰ ਅਕਾਲ ਪੁਰਖ ਦਾ ਉਪਾਕ ਹੈਂ। ਹੋਰ ਕਿਸੇ ਦਾ ਉਪਾਕ ਨਹੀਂ। ਮੈਂ ਇਕ ਸੰਤ ਦੇਖੇ ਮਸਤੂਆਣੇ ਵਾਲੇ ਅਤਰ ਸਿੰਹੁ। ਕਿਸੇ ਨੇ ਤੁਹਾਡੇ ਚੋਂ ਵੀ ਦੇਖੇ ਹੋਣੇ ਨੇ । ਉਹ ਬਦ ਕੀਰਤਨ ਕਰਦੇ ਸੇ, ਬੜੇ ਸੁਹਣੇ ਬਦ ਪੜ੍ਹਦੇ ਸੇ। ਬੜੇ ਮਹਾਂਪੁਰ ਸੇ। ਉਹਨਾਂ ਨੇ ਸਬੱਦੀ ਵਾਲਿਆਂ ਦੀ ਹਵੇਲੀ ਵਿੱਚ ਇਕ ਬਦ ਪੜ੍ਹਿਆ ਤੇ ਨਾਲ ਇਕ ਸਵੱਈਯਾ ਪੜ੍ਹਿਆ ਦਸਵੇਂ ਪਾਤਾਹ ਦਾ – ਜਪੋ ਖਾਲਸਾ ਜੀ ਸਾਰੇ ਜਾਗਦੀ ਜੋਤ ਨੂੰ।

ਮੈਂ ਉੱਥੇ ਵਿੱਚ ਬੈਠਾ ਸੀ ਸੰਗਤ ਵਿੱਚ, ਛੋਟੀ ਉਮਰ ਵਿੱਚ, ਉਹ ਮੇਰੇ ਹੁਣ ਵੀ ਯਾਦ ਹੈ। ਤੇ ਉਹਨਾਂ ਨੇ ਪਹਿਲੇ ਇਹੀ ਕਹਾਇਆ, ਉਹ ਤਿੰਨ ਥਾਈਂ ਪਾਠ ਕਰਾਉਂਦੇ ਸੇ, ਪਹਿਲੇ ਆਪ ਬੋਲਦੇ ਸੇ, ਫਿਰ ਮਨੁੱਖ ਬੋਲਦੇ ਸੀ ਤੇ ਫਿਰ ਮਾਈਆਂ ਬੋਲਦੀਆਂ ਸੀ। ਪਹਿਲੇ ਜਮਾਨੇ ਵਿੱਚ ਇਹੀ ਸੀ, ਵਿਚਾਲੇ ਪੜਦਾ ਹੁੰਦਾ ਸੀ ਐਂ ਲਾਇਆ। ਮਾਈਆਂ ਇਕ ਪਾਸੇ ਹੁੰਦੀਆਂ ਸੀ ਤੇ ਮਨੁੱਖ ਇਕ ਪਾਸੇ ਹੁੰਦੇ। ਉਹ ਤਾਂ ਫਿਰ ਅਕਾਲੀਆਂ ਨੇ ਤੋੜ ਦਿੱਤੇ ਇਹ ਕਈ ਕੰਮ। ਤੇ ਸੰਤ ਇਉਂ ਜਪਾਉਂਦੇ। ਉਹਨਾਂ ਇਹੀ ਜਾਪ ਕਰਾਇਆ –

***ਜਪੋ ਖਾਲਸਾ ਜੀ ਸਾਰੇ ਜਾਗਦੀ ਜੋਤਿ ਨੂੰ***

ਸਾਰਿਆਂ ਤੋਂ ਜਪਾਇਆ। ਉਹ ਕਹਿੰਦੇ ਤੁਸੀਂ ਭਾਈ ਸਾਹਿਬ ਖਾਲਸਾ ਜੀ ! ਜਾਗਦੀ ਜੋਤ ਦੇ ਉਪਾਕ ਹੋਂ, ਕਿਸੇ ਹੋਰ ਪਾਸੇ ਨਾ ਚਲੇ ਜਾਇਓ। ਹੁਣ ਤੁਸੀਂ ਦੱਸੋ, ਨਾ ਤਾਂ ਤੁਸੀਂ ਦੇਵੀ ਦੇ ਉਪਾਕ ਹੋਂ, ਨਾ ਤੁਸੀਂ ਦੇਵਤਿਆਂ ਦੇ ਉਪਾਕ ਹੋਂ, ਤੇ ਨਾ ਤੁਸੀਂ ਗੁੱਗੇ ਦੇ ਉਪਾਕ ਹੋਂ, ਨਾ ਤੁਸੀਂ ਭੈਰੋਂ ਦੇ ਉਪਾਕ ਹੋਂ । ਤੁਸੀਂ ਤਾਂ ਇੱਕ ਦੇ ਹੀ ਉਪਾਕ ਹੋਂ ਕਿ ਕਿਸੇ ਹੋਰ ਦੇ ? ਉਹ ਏਕਾ ਗੁਰੂ ਸਾਹਿਬ ਨੇ ਲਿਖਿਆ, ਕਿਉਂ ਲਿਖਿਆ? ਵੇਦ ਚ ਏਕਾ ਨਹੀਂ ਆਉਂਦਾ, ਰਾਮਾਇਣ ਚ ਨਹੀਂ, ਗੀਤਾ ਚ ਨਹੀਂ ਏਕਾ,ਪਰ ਗੁਰੂ ਗ੍ਰੰਥ ਸਾਹਿਬ ਜਦ ਤੁਸੀਂ ਪੜਨ ਲੱਗੋਗੇ ਪਹਿਲਾਂ ੧ (ਏਕਾ) ਆਏਗਾ ਫਿਰ ਸਤਿਨਾਮ_ਰੂ

ਕਰੋਗੇ। ਉਹ ਏਕਾ ਕੌਣ ਹੈ?

***ਏਕਮ ਏਕੰਕਾਰੁ ਨਿਰਾਲਾ।। ਅਮਰੁ ਅਜੋਨੀ ਜਾਤਿ ਨ ਜਾਲਾ।।***

***ਅਗਮ ਅਗੋਚਰੁ ਰੂਪੁ ਨ ਰੇਖਿਆ।। ਖੋਜਤ ਖੋਜਤ ਘਟਿ ਘਟਿ ਦੇਖਿਆ।।*** (ਪੰਨਾ ੮੩੮)

ਗੁਰੂ ਸਾਹਿਬ ਕਹਿੰਦੇ ਅਸੀਂ ਸਾਰਿਆਂ ਦੇ ਹਿਰਦਿਆਂ ਵਿੱਚ ਉਹ ਏਕਾ ਦੇਖਿਆ। ਜਦ ਉਹੀ ਏਕਾ ਦਸਵੇਂ ਪਾਤਿਾਹ ਨੇ ਭਾਈ ਘਨੱਈਏ ਨੂੰ ਦਿਖਾ ਦਿੱਤਾ। ਉਹਨੇ ਮਕ ਫੜ ਕੇ, ਨਾ ਤਾਂ ਹਿੰਦੂ ਦੇਖੇ, ਨਾ ਸਿੱਖ ਦੇਖੇ, ਨਾ ਹੀ ਮੁਸਲਮਾਨ ਦੇਖੇ। ਕਿਉਂ ? ਗਰਮੀ ਦਾ ਮਹੀਨਾ ਸੀ, ਉਹ ਜਲ ਪਿਆਈ ਗਿਆ। ਜਦ ਉਹ ਤੁਰਦਾ ਸੀ ਉੱਧਰ ਨੂੰ ਮੁਸਲਮਾਨਾਂ ਵੱਲ ਨੂੰ, ਉਹ ਕਹਿੰਦੇ ਯੁੱਧ ਬੰਦ ਕਰ ਦਿਉ, ਪਾਣੀ ਪਿਲਾਉਣ ਵਾਲਾ ਸਿੱਖ ਆਇਆ ਹੈ। ਜੇ ਗੁਰੂ ਸਾਹਿਬ ਜਾਂਦੇ ਤਾਂ ਵੀ ਉਹ ਯੁੱਧ ਬੰਦ ਕਰਦੇ। ਕਿਉਂ ਬੰਦ ਕਰਦੇ? ਉਹਨਾਂ ਨੇ ਉਹਦੇ ਚ ਏ ਕਾ ਬੈਠਾਇਆ। ਭਾਈ ਘਨੱਈਏ ਦੇ ਹਿਰਦੇ ਵਿੱਚ ਏਕਾ ਬੈਠਾ ਸੀ। ਤਾਂ ਹੀ ਉਹ ਸਾਰਿਆਂ ਨੂੰ ਪਾਣੀ ਪਿਲਾਉਂਦਾ ਸੀ। ਉਹਨਾਂ ਦੀ ਸੰਪਰਦਾ ਹੁਣ ਵੀ ਤੁਸੀਂ ਦੇਖਦੇ ਹੋਂ, ਇਹ ਗੁਰਦੁਆਰੇ ਬਣਾਏ ਇਸੇ ਸੰਪਰਦਾ ਨੇ ਬਣਾਏ ਕੁੱਛ ਨਿਰਮਲਿਆਂ ਨੇ ਬਣਾਏ, ਪਰ ਇਹਨਾਂ ਨੇ ਬਹੁਤ ਬਣਾਏ। ਥੋਡੇ ਸਾਹਮਣੇ ਬਣਾਈ ਜਾਂਦੇ ਨੇ। ਇਹ ਸਪੈਲ ਬਣਾਉਂਦੇ ਨੇ, ਪਰ ਉਹ ਗੁਰੂ ਦੇ ਉਪਾਕ ਨੇ। ਉੱਥੇ ਮੈਂ ਕਰਨਾਲ ਰਿਹਾ, ਉੱਥੇ ਬਣਾਉਣ ਲੱਗੇ ਕਾਲਜ। ਮੈਂ ਕਿਹਾ ਉਏ ਸੰਤਾਂ ਕੋਲ ਜਾਉ, ਉਹ ਥੋਡਾ ਕਾਲਜ ਬਣਾਉਣਗੇ। ਉਹ ਗਏ, ਉਹ ਕਹਿੰਦੇ ਅਸੀਂ ਤਾਂ ਗੁਰਦੁਆਰਿਆਂ ਬਿਨਾਂ ਕੱਖ ਨਹੀਂ ਬਣਾਉਂਦੇ। ਇਹ ਕਾਲਜ ਦੇ ਤਾਂ ਅਸੀਂ ਨੇੜੇ ਵੀ ਨਹੀਂ ਲੱਗਦੇ। ਅਸੀਂ ਤਾਂ ਗੁਰਦੁਆਰੇ ਹੀ ਬਣਾਵਾਂਗੇ।

ਉਹ ਬੀਰਮ ਦਾਸ ਜਿਹੜਾ ਮਸਤ ਸੀ, ਸਾਨੂੰ ਆਪ ਦੱਸਿਆ ਗੁਰਮੁਖ ਸਿਹੁੰ ਹੋਰਾਂ ਨੇ, ਮੈਂ ਕੋਲ ਰਿਹਾ। ਉਹ ਰੋੜ ਇੱਕਠੇ ਕਰਾਉਂਦਾ ਸੀ ਸਾਧੂ ਸਿਹੁੰ। ਸਾਧੂ ਸਿਹੁੰ ਨੂੰ ਅਸੀਂ ਪੁੱਛਿਆ। ਉਹ ਕਹਿੰਦੇ ਅਸੀਂ ਸੀਗੇ ਉਪਾਕ ਬੀਰਮ ਦਾਸ ਮਸਤ ਦੇ। ਉਹ ਗਾਲ੍ਹਾਂ ਕੱਢਦਾ ਹੁੰਦਾ

ਸੀ। ਇਕ ਦਿਨ ਉਹਨੇ ਸਾਡੀ ਪਰੀਖਿਆ ਲਈ। ਅਸੀਂ ਉਸੇ ਵਕਤ ਉਵੇਂ ਹੀ ਗਏ। ਉਹ ਕਹਿੰਦਾ ਵਾਹ ਬਈ। ਪਰ ਮੈਂ ਤੁਹਾਨੂੰ ਓਏ ਇਕ ਬਾਤ ਕਹਿੰਨਾਂ ਸਹੁਰਿਓ ! ਕਿਉਂ ਮੇਰੇ ਮਗਰ ਲੱਗੇ ਹੋਂ ? ਤੁਹਾਡਾ ਪਿਛਲਾ ਸੰਜੋਗ ਾਮ ਸਿੰਘ ਨਾਲ ਹੈ । ਉਹ ਅੰਬਰਸਰ (ਅੰਮ੍ਰਿਤਸਰ) ਬੈਠਾ ਹੈ, ਦਿੱਸਦਾ ਨਹੀਂ ਤੁਹਾਨੂੰ ਅੰਨ੍ਹਿਉਂ ? ਪਿਛਲਾ ਸੰਜੋਗ ਤਾਂ ਤੁਹਾਡਾ ਾਮ ਸਿੰਘ ਨਾਲ ਹੈ, ਮੇਰੇ ਨਾਲ ਤਾਂ ਹੈ ਨਹੀਂ। ਤੁਸੀਂ ਕਰਨੀ ਹੈ ਗੁਰਦੁਆਰਿਆਂ ਦੀ ਸੇਵਾ, ਪਰ ਪਹਿਲਾਂ ਉਹਦੇ ਕੋਲ ਪਹੁੰਚੋ। ਉੱਥੋਂ ਗੁਰਮੁਖ ਸਿੰਘ ਪਹਿਲਾਂ ਤੁਰ ਪਿਆ, ਮੈਂ ਪਿੱਛੇ ਤੁਰ ਪਿਆ। ਜਦ ਅਸੀਂ ਆਏ ਾਮ ਸਿੰਹੁ ਦੀ ਧਰਮਾਲਾ। ਜਦ ਪਹਿਲਾ ਪੈਰ ਗੁਰਮੁਖ ਸਿੰਹੁ ਨੇ ਅੱਗੇ ਰੱਖਿਆ, ਾਮ ਸਿੰਹੁ ਐਂ ਬੈਠਾ ਸੀ, ਉਹ 1●8 ਸਾਲ ਦਾ ਹੋਊ, ਬੜਾ ਮਹਾਂ ਪੁਰ ਸੀ, ਉਹ ਐਂ ਬੈਠਾ ਸੀ, ਸਮਾਧੀ ਚ। ਆ ਗਏ ? ਉਹ ਕਹਿੰਦਾ–ਓਏ ਝੰਡਾ ਸਿੰਹਾਂ ਉਰ੍ਹੇ ਆ। ਉਹ ਆ ਗਿਆ। ਲੈ ਜਾ ਇਹਨਾਂ ਨੂੰ ਹਰਿਮੰਦਰ, ਨਮਕਾਰ ਕਰਕੇ, ਜਾਉ ਤੁਸੀਂ ਗੁਰਦੁਆਰੇ ਬਣਾਓ। ਉਹ ਕਹਿੰਦੇ ਅੱਛਾ। ਉਹ ਤਾਂ ਹੀ ਬੀਰਮ ਦਾਸ ਦਾ ਦਿਨ ਮਨਾਉਂਦੇ ਨੇ । ਉਹ ਕਹਿੰਦੇ ਹਾਂ, ਉੱਥੋਂ ਵੀ ਇਹੀ ਹੁਕਮ ਲੱਗਿਆ। ਹੁਣ ਤੱਕ ਇਹੀ ਸੰਪ੍ਰਦਾ ਚਲੀ ਆਉਂਦੀ ਹੈ। ਇਸ ਕਰਕੇ –

***ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥*** (ਪੰਨਾ ੧੦੦੭)

ਇਹ ਕਿਸੇ ਦੇ ਕਰੇ ਨਹੀਂ ਹੁੰਦਾ, ਇਹ ਧੁਰੋਂ ਹੋਇਆ ਹੁੰਦੈ। ਉਹ ਬੜਾ ਮਹਾਂਪੁਰ ਸੀ, ਉਹਨੂੰ ਪਤਾ ਸੀ ਬਈ ਸੰਜੋਗ ਤੁਹਾਡਾ ਪਿੱਛਲੇ ਜਨਮ ਦਾ ਉਹਦੇ ਨਾਲ ਹੈ, ਮੇਰੇ ਨਾਲ ਹੈ ਨਹੀਂ, ਸਹੁਰਿਓ ਇੱਥੇ ਆ ਵੜਦੇ ਹੋਂ। ਦੋਵੇਂ ਇਹ ਉੱਥੇ ਹੀ ਚਲੇ ਗਏ। ਇਸ ਕਰਕੇ ਜਦ ਇਹ ਜੀਵ ਸਿੱਧੇ ਰਸਤੇ ਚਲ ਪੈਂਦੈ। ਫਿਰ ਪਰਮੇਰ ਅਗਵਾਈ ਤਾਂ ਆਪ ਹੀ ਕਰਨ ਲੱਗ ਪੈਂਦੈ। ਇਹਦੀ ਨੀਅਤ ਸਿੱਧੀ ਹੋਵੇ, ਇਹਦਾ ਦਿਲ ਸਾਫ ਹੋਵੇ। ਔਖਾ ਤਾਂ ਦਿਲ ਸਾਫ ਹੋਣਾ ਹੈ। ਤੁਸੀਂ ਐਂ ਦੇਖੋ ਜਦ ਤੁਸੀਂ ਤੜਕੇ ਉੱਠਕੇ ਭਜਨ ਕਰਨ ਲੱਗਦੇ ਹੋਂ ਤੇ ਥੋਡਾ ਜੇ ਤਾਂ ਨਾਮ ਦੇ ਨਾਲ ਚਿੱਤ ਜੁੜ ਗਿਆ, ਫਿਰ ਤਾਂ ਬਹੁਤ ਅੱਛਾ, ਪਰ ਜੇ ਦੁਨੀਆਂ

ਦੀਆਂ ਕਾਮਨਾ ਆਕੇ ਖੜ ਗਈਆਂ, ਐਂ ਕਰਨਾ ਸੀ, ਕਲ੍ਹ ਐਂ ਕਰਨਾ ਸੀ, ਓਏ ਇਹ ਕਰਨਾ ਸੀ, ਉਹ ਨਹੀਂ ਹੋਇਆ, ਉਏ ਐਂ ਨਹੀਂ ਹੋਇਆ, ਉਹ ਮਨ ਥੋਡਾ ਜੁੜਿਆ ਹੀ ਨਾ, ਫਿਰ ਕੀ ਕਰੋਂਗੇ? ਫਿਰ ਤਾਂ ਤੁਹਾਨੂੰ ਪਰਮੇਰ ਦੀ ਮਿੰਨਤ ਕਰਨੀ ਪਊ ਜਾਂ ਕੋਈ ਦੁਨੀਆਂ ਵਿੱਚ ਬਈ ਇਹੋ ਜਿਹਾ ਮਹਾਂਪੁਰ ਹੋਵੇ ਬਖਿਆ ਹੋਇਆ ਉਹ ਵੀ ਥੋੜਾ ਘਣਾ ਥਹੁ ਦੱਸ ਸਕਦੈ। ਪਰ ਕ੍ਰਿਪਾ ਤਾਂ ਪਰਮੇਰ ਦੀ ਹੋਣੀ ਹੈ ਚਾਹੇ ਕਿਸੇ ਦੁਆਰਾ ਹੋਵੇ। ਕ੍ਰਿਪਾਲੂ ਉਹੀ ਹੈ, ਦਯਾਲੂ ਉਹੀ ਹੈ। ਇਸ ਕਰਕੇ ਗੁਰੂ ਸਾਹਿਬ ਜੀ ਹੁਣ ਇਹ ਕਹਿੰਦੇ ਨੇ, ਚੌਥੀ ਪਾਤਾਹੀ। ਪੜ੍ਹ ਭਾਈ –

**ਇਛਾ ਪੂਰਕੁ ਸਰਬ ਸੁਖਦਾਤਾ ਹਰਿ**

ਕਹਿੰਦੇ ਉਏ ਸਾਰੀਆਂ ਇੱਛਿਆਂ ਪੂਰਣ ਕਰਨ ਵਾਲਾ, ਸਾਰੇ ਸੁੱਖ ਦੇਣ ਵਾਲਾ ਦਾਤਾ ਉਹ ਪਰਮੇਰ ਹੈ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

(ਪੰਨਾ ੨)

ਸਾਰੇ ਜੀਆਂ ਦਾ ਦਾਤਾ ਇੱਕ ਪਰਮੇਰ ਹੈ, ਪਰ ਉਹਨੂੰ ਭੁੱਲਣਾ ਨਹੀਂ। ਹੁਣ ਤੁਸੀਂ ਸੱਚ ਦੱਸਿਉ, ਤੁਸੀਂ ਭੁੱਲ ਜਾਂਦੇ ਹੋ ਕਿ ਨਹੀਂ ? ਭੁੱਲੇ ਹੀ ਪਏ ਹਾਂ। ਸੱਚੀ ਗੱਲ ਤਾਂ ਇਹੀ ਹੈ। ਇਸ ਕਰਕੇ ਭਾਈ ਉਹਨੂੰ ਭੁੱਲਣਾ ਨਹੀਂ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

ਗੁਰੂ ਸਾਹਿਬ ਕਹਿੰਦੇ ਮੈਨੂੰ ਭੁੱਲੇ ਨਾ ਪਰਮੇਰ, ਇਹ ਪਰਮੇਰ ਨੂੰ ਕਹਿੰਦੇ ਨੇ। ਹੇ ਪਰਮੇਰ! ਮੈਨੂੰ ਰੱਬ ਨਾ ਭੁੱਲੇ। ਉਹ ਜਿਹੜਾ ਸਾਰਿਆਂ ਦਾ ਦਾਤਾ ਪਰਮੇਰ ਹੈ। ਹੇ ਪਰਮੇਰ ਮੈਨੂੰ ਉਹ ਨਾ ਭੁੱਲੇ। ਫਿਰ ਪ੍ਰਾਰਥਨਾ ਕਰੋ ਰੱਬ ਅੱਗੇ ਸੱਚੇ ਦਿਲੋਂ, ਗੁਰੂ ਨਾਨਕ ਅੱਗੇ ਪ੍ਰਾਰਥਨਾ ਕਰੋ, ਬਈ ਮੈਨੂੰ ਪਰਮੇਰ ਨਾ ਭੁੱਲੇ ਹੋਰ ਤਾਂ ਕੋਈ ਬਚਾਅ ਨਹੀਂ ਹੈ। ਉਹ ਸਾਰੀਆਂ ਚੀਜਾਂ ਦੇਣ ਵਾਲਾ ਹੈ। ਸੁੱਖ ਦੇਣ ਵਾਲਾ ਉਹ, ਸਾਰੀਆਂ ਇੱਛਾਂ ਪੂਰਣ ਕਰਨ ਵਾਲਾ ਉਹ। ਉਸ ਪਰਮੇਰ ਨੂੰ ਭਾਈ ਭੁੱਲਣਾ ਨਹੀਂ। ਫੇ

ਰ ਪੜ੍ਹ ਦੇ-

**ਇਛਾ ਪੂਰਕੁ ਸਰਬ ਸੁਖਦਾਤਾ ਹਰਿ**

ਕਹਿੰਦੇ ਇੱਛਾ ਨੂੰ ਪੂਰਣ ਕਰਨੇ ਵਾਲਾ, ਸਾਰੇ ਸੁੱਖ ਦੇਣ ਵਾਲਾ ਦਾਤਾ, ਭਾਈ ਹਰੀ ਪਰਮੇਰ ਹੈ। ਉਹਦੇ ਨਾਲ ਤੁਸੀਂ ਅਪਣੇ ਮਨ ਨੂੰ ਜੋੜੋ। ਨਾਮ ਨਾਮੀ ਦਾ ਅਭੇਦ ਹੈ। ਉਹਦੇ ਨਾਮ ਦੇ ਨਾਲ ਜੋੜੋ, ਇਹ ਥੋਨੂੰ ਪਰਤੱਖ ਹੈ, ਕੋਈ ਭੁੱਲ ਨਹੀਂ। ਤੁਹਾਨੂੰ ਤਾਂ ਪਤਾ ਹੈ ਕਿ ਮੇਰਾ ਮਨ ਕਿੱਥੇ ਜੁੜਿਆ ਹੋਇਐ। ਇਹ ਤੁਹਾਨੂੰ ਸਾਰਿਆਂ ਨੂੰ ਪਤੈ। ਤੁਸੀਂ ਦੱਸ ਵੀ ਦਿੰਦੇ ਹੋਂ, ਅੱਜ ਤਾਂ ਮੇਰਾ ਮਨ ਇੱਥੇ ਹੀ ਲੱਗਿਆ ਰਿਹਾ, ਤੇ ਜਦ ਥੋਡਾ ਪਰਮੇਰ ਦੇ ਨਾਲ ਮਨ ਜੁੜ ਜਾਏਗਾ, ਥੋਨੂੰ ਆਪ ਹੀ ਪਤਾ ਲੱਗ ਜਾਊ। ਨਾਮ ਦੇ ਨਾਲ ਮਨ ਜੋੜੋ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਨਾਮ ਨਾਲ ਜੀਹਦਾ ਮਨ ਮੰਨ ਗਿਆ, ਉਹ ਨਿਰੰਜਨ ਨੂੰ ਜਾਣ ਲਊ। ਸਿੱਧੀਆਂ ਸਾਫ ਬਾਤਾਂ ਨੇ ਇਹ। ਬਹੁਤੀਆਂ ਗੱਲਾਂ ਦਾ ਕੋਈ ਫਾਇਦਾ ਨਹੀਂ।

**ਜਾਕੈ ਵਸਿ ਹੈ ਕਾਮਧੇਨਾ॥**

ਕਾਮਧੇਨ ਗਊ ਜਿਸ ਦੇ ਵੱਸ ਹੈ, ਕਾਮਧੇਨ ਤੋਂ ਲਾਕੇ ਜਿੰਨੇ ਵੀ ਦੁਨੀਆਂ ਦੇ ਪਦਾਰਥ ਨੇ, ਜਿਹਦੇ ਵੱਸ ਨੇ, ਜਿਸ ਪਰਮੇਰ ਦੇ ਹੁਕਮ ਵਿੱਚ ਨੇ, ਉਸ ਪਰਮੇਰ ਦਾ ਭਜਨ ਕਰੋ, ਉਸ ਪਰਮੇਰ ਦੀ ਉਪਾਸਨਾ ਕਰੋ, ਤੁਸੀਂ ਜਾਗਦੀ ਜੋਤ ਨੂੰ ਜਪਿਆ ਕਰੋ।

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ**

ਹੇ ਮੇਰੇ ਜੀਅ ! ਹੇ ਮੇਰੇ ਮਨ ! ਇਹੋ ਜਿਹੇ ਪਰਮੇਰ ਨੂੰ ਧਿਆ। ਹੇ ਜੀਅ ! **ਜੀਅ** ਨਾਉਂ ਹੈ ਮਨ ਦਾ, ਹੇ ਮਨ ! ਇਹੋ ਜਿਹੇ ਪਰਮੇਰ ਨੂੰ ਧਿਆ ਜਿਹੜਾ ਤੇਰੇ ਕਾਰਜ ਪੂਰੇ ਕਰ ਦੇਵੇ ਤੇ ਮੋਕ ਵੀ ਦੇਵੇ।

**ਤਾ ਸਰਬ ਸੁਖ ਪਾਵਹਿ ਮੇਰੇ ਮਨਾ॥**

ਹੇ ਮੇਰੇ ਮਨ ! ਤੂੰ ਸਾਰੇ ਸੁੱਖ ਪਾ ਲਵੇਂਗਾ, ਕੋਈ ਸੁੱਖ ਤੇਰਾ ਬਾਕੀ

ਨਹੀਂ ਰਹੇਗਾ। ਹੇ ਮਨ! ਤੂੰ ਐਸ ਪਾਸੇ ਲੱਗ। ਤੂੰ ਨਾਮ ਨਾਲ ਜੁੜ, ਨਾਮੀ ਤੈਨੂੰ ਪ੍ਰਾਪਤ ਹੋ ਜਾਏਗਾ, ਤੇਰੇ ਸਾਰੇ ਕਾਰਜ ਸਿੱਧ ਹੋ ਜਾਣਗੇ।

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**

ਹੁਣ ਇਹ ਕੋਈ ਇਹਦੇ ਵਿੱਚ ਉਹਲਾ ਹੈ ? ਇਹ ਕੋਈ ਮੇਰੇ ਤਾਂ ਨਹੀਂ ਅਰਥ। ਇਹ ਗੁਰੂ ਸਾਹਿਬ ਅਰਥ ਆਪੇ ਹੀ ਕਰ ਗਏ ਜੇ ਉਹ ਨਾ ਕਰ ਗਏ ਹੁੰਦੇ, ਆਉਂਦੇ ਸਾਨੂੰ ਵੀ ਨਾ। ਸਾਨੂੰ ਵੀ ਨਾ ਆਉਂਦੇ ਇਹ ਤਾਂ ਇਕ ਡੰਗੋਰੀ ਫੜ ਕੇ ਤੁਰਨ ਵਾਲੀ ਬਾਤ ਹੈ।

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**

ਜਿਹੜਾ ਹਮੇਸ਼ਾ ਰਹਿਣੇ ਵਾਲਾ ਸਤਿ ਹੈ, ਉਸ ਸਤਿ ਦਾ ਨਾਮ **ਸਤਿਨਾਮ** ਧਿਆ।

***ਸਤਿ ਰੂਪੁ ਸਤਿ ਨਾਮ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥*** (ਭਾ: ਗੁਰਦਾਸ, ੨੪/੧)

ਉਹ ਜੀਹਦਾ ਨਾਉਂ ਸਤਿ ਨਾਮ ਰੱਖਕੇ ਮੰਤਰ ਬਣਾਇਆ ਗੁਰੂ ਨੇ। ਉਸ ਸਤਿ ਸਰੂਪ ਦਾ ਨਾਮ ਹੈ ਸਤਿਨਾਮ, ਨਾਮ ਨਾਮੀ ਨੇ ਇੱਕ। ਭਾਈ ਸਤਿਨਾਮ ਕਹੋ। ਹੇ ਮਨ! ਹੋਰ ਕੰਮ ਛੱਡ ਦੇ, ਪਹਿਲਾਂ ਸਤਿਨਾਮ ਨੂੰ ਜਪਿਆ ਕਰ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***
***ਨਾਨਕ ਜੀਅ ਕਾ ਇਹੈ ਅਧਾਰ॥*** (ਪੰਨਾ ੨੯੫)

ਬਾਰੰ ਬਾਰ ਉਸ ਪ੍ਰਮੇਰ ਦਾ ਸਿਮਰਨ ਕਰ, ਜੇ ਤੂੰ ਜੀਵ! ਅਪਣਾ ਉਧਾਰ ਚਾਹੁੰਦਾ ਹੈ। ਹੇ ਮਨ ! ਜੇ ਤੂੰ ਅਪਣਾ ਉਧਾਰ ਚਾਹੁੰਦਾ ਹੈਂ ਤਾਂ ਨਾਮ ਜਪਿਆ ਕਰ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*** (ਪੰਨਾ ੭੧੪)

ਉਹ ਨਾਰਾਇਣ ਦਾ ਨਾਮ ਤੂੰ ਸਦਾ ਸਿਮਰਿਆ ਕਰ। ਤੁਸੀਂ ਆਪ

ਦੇਖੋ, ਉਹ ਨਾਮ ਨੂੰ ਤੁਸੀਂ ਬੰਦ ਨਾ ਹੋਣ ਦਿਉ, ਜਿੰਨੇ ਖਿਆਲ ਆਉਣਗੇ ਕੱਟੇ ਜਾਣਗੇ। ਤੁਸੀਂ ਇਹ ਕਰ ਲਉ ਤੜਕੇ, ਬਈ ਨਾਮ ਨਹੀਂ ਬੰਦ ਹੋਣ ਦੇਣਾ। ਉਹ ਖਿਆਲ ਜਦ ਆਵੇ, ਖਿਆਲਾਂ ਨੇ ਆਉਣਾ ਤਾਂ ਹੈ, ਪਰ ਖਿਆਲਾਂ ਦੀ ਪਰਵਾਹ ਹੀ ਨਾ ਕਰਿਓ, ਤੁਸੀਂ ਨਾਮ ਹੀ ਜਪੀ ਜਾਇਓ, ਆਪੇ ਡਿੱਗ ਪੈਣਗੇ ਸਹੁਰੇ। ਕੀ ਕਰਨਗੇ ਖਿਆਲ? ਜੇ ਤੁਸੀਂ ਖਿਆਲ ਨਾਲ ਮਨ ਜੋੜਤਾ ਤਾਂ ਨਾਮ ਤਾਂ ਗਿਆ। ਇਹ ਤਾਂ ਸਿੱਧੀ ਬਾਤ ਹੈ। ਜੇ ਥੋੜਾ ਖਿਆਲ ਨਾਲ ਮਨ ਜੁੜ ਗਿਆ ਤਾਂ ਨਾਮ ਤਾਂ ਗਿਆ ਕਿ ਰਹਿ ਜਾਏਗਾ ਨਾਮ? ਉਹ ਖਿਆਲ ਖਬਰੈ ਕਿਹੜਾ ਆਉਣੈ ਥੋੜੇ ਅੰਦਰ, ਕੋਠੀ ਦਾ ਆਉਣੈ, ਕਿ ਪੈਸੇ ਦਾ ਆਉਣੈ, ਕਿ ਪੁੱਤ ਦਾ ਆਉਣੈ, ਕਿ ਧੀ ਦਾ ਆਉਣੈ । ਉਹਦੇ ਨਾਲ ਜੁੜ ਜਾਊ ਮਨ, ਫਿਰ ਉਹੀ ਥੋਨੂੰ ਦਿਸਣਗੇ। ਜੇ ਥੋੜਾ ਖਿਆਲ ਨਾ ਟੁੱਟਿਆ ਤਾਂ ਉਹ ਜੁੜ ਜਾਣਗੇ। ਪਰ ਤੁਸੀਂ ਐਂ ਦੱਸੋ, ਇਕ ਸੰਤ ਮਿਹਰ ਸਿੰਘ ਹੋਏ, ਮੈਂ ਉਹਨਾਂ ਦੇ ਨਾਲ ਰਿਹਾ ਕਾਫੀ ਚਿਰ, ਉਹ ਕਹਿੰਦਾ ਮੈਂ ਪਹਿਲੀ ਪਉੜੀ ਦਾ ਪਾਠ ਬਾਰਾਂ ਸਾਲ ਕਰਦਾ ਰਿਹਾ, ਫਿਰ ਬੰਦ ਕੀਤਾ। ਹੁਣ ਕਹਿੰਦਾ ਆਪੇ ਚੱਲੀ ਜਾਂਦੈ। ਜਦ ਕਹਿੰਦਾ ਕੋਈ ਗੱਲ ਕਰਦੈ, ਮੈਨੂੰ ਵਿਹੁ ਵਰਗੀ ਲੱਗਦੀ ਹੈ। ਉਹ ਕੀ ਕਰੇ, ਪਾਠ ਹੀ ਨਹੀਂ ਬੰਦ ਹੁੰਦਾ। ਉਹਨੇ ਬਾਰਾਂ ਸਾਲ ਕੋੱ ਕੀਤੀ, ਕਿ ਪਹਿਲੇ ਦਿਨ ਹੀ ਚੱਲ ਗਿਆ? ਇਸ ਲਈ ਨਾਮ ਦੇ ਅਭਿਆਸ ਦਾ ਵਕਤ ਤੁਸੀਂ ਜਰੂਰ ਰੱਖੋ। ਤੜਕੇ ਵਕਤ ਜਦ ਉਠੋਂਗੇ, ਜਦ ਤੁਹਾਨੂੰ ਜਾਗ ਆਵੇ ਉਦੋਂ ਹੀ_ਰੂ ਕਰ ਦਿਉ, ਨਹਾਈ ਜਾਉ, ਬੰਦ ਨਾਂ ਕਰਿਉ ਤਾਂ ਕੁੱਛ ਤਾਂ ਫਾਇਦਾ ਹੋਏਗਾ। ਘਾਸਾ ਪੈਂਦਾ ਪੈਂਦਾ ਖੂਹ ਦੀ ਮੌਣ ਨੂੰ ਘਾਸਾ ਪੈ ਜਾਂਦੈ ਲਾਸ (ਰੱਸੇ) ਦੇ ਨਾਲ, ਪੈ ਜਾਂਦਾ ਹੈ ਕਿ ਨਹੀਂ? ਇਹ ਥੋੜੇ ਤੇ ਵੀ ਤਾਂ ਇਵੇਂ ਹੀ ਘਾਸਾ ਪਏਗਾ। ਇਸ ਕਰਕੇ ਭਾਈ ! ਉਹ ਜਿਹੜਾ ਪਰਮੇਰ ਹੈ, ਕਦੇ ਉਹਦਾ ਸਿਮਰਨ ਨਾ ਤੁਸੀਂ ਛੱਡਿਓ।

***ਸਿਮਰਿ ਸਿਮਰਿ ਨਾਮੁ ਬਾਰੰ ਬਾਰ॥***

ਬਾਰੰਬਾਰ ਉਹਦਾ ਸਿਮਰਨ ਕਰੋ।

***ਨਾਨਕ ਜੀਅ ਕਾ ਇਹੈ ਅਧਾਰ॥***

ਗੁਰੂ ਸਾਹਿਬ ਕਹਿੰਦੇ ਭਾਈ ! ਜੀਵ ਦਾ ਉਧਾਰ ਹੀ ਇਸ ਬਾਤ ਵਿੱਚ ਹੈ। ਭਾਈ ਨਾਮ ਵਿੱਚ, ਜਦ ਨਾਮ ਥੋਡਾ ਠੀਕ ਆਜੂ, ਨਾਮੀ ਪ੍ਰਾਪਤ ਹੋ ਜਾਊ। ਤੇ ਥੋਡਾ ਜਨਮ ਮਰਨ ਕੱਟਿਆ ਜਾਣੈ। ਨਾਮੀ ਤਾਂ ਥੋਡੇ ਅੰਦਰ ਹੀ ਬੈਠਾ ਹੈ, ਜਿਹੜਾ ਥੋਡੇ ਮਨ ਨੂੰ ਦੇਖਦੈ। ਉਹ ਮਨ ਦੇ ਵਿੱਚ ਨਹੀਂ ਬੈਠਾ? ਜਿਹੜਾ ਥੋਡੀ ਬੁੱਧੀ ਨੂੰ ਦੇਖਦੈ ਉਹ ਬੁੱਧੀ ਦੇ ਵਿੱਚ ਨਹੀਂ ਬੈਠਾ? ਦੇਖਣੇ ਜਾਨਣੇ ਵਾਲਾ ਤਾਂ ਚੇਤਨ ਹੀ ਹੈ, ਜੜ੍ਹ ਤਾਂ ਹੈ ਨਹੀਂ। ਥੋਡਾ ਆਪਾ ਉਹ ਹੈ ਕਿ ਹੋਰ ਹੈ ਕੋਈ? ਦੱਸੋ ਮੈਂ ਥੋਨੂੰ ਪੁੱਛਦਾਂ, ਉਹ ਹੈ ਕਿ ਹੋਰ ਹੈ ਕੋਈ?

**ਹਲਤਿ ਪਲਤਿ ਮੁਖ ਊਜਲ ਹੋਈ ਹੈ**

ਲੋਕ ਪਰਲੋਕ ਵਿੱਚ ਥੋਡਾ ਮੁੱਖ ਸਾਫ ਹੋ ਜਾਏਗਾ, ਉੱਜਲ ਹੋ ਜਾਏਗਾ, ਨਾਮ ਨਾ ਛੱਡਿਓ। ਕਹਿੰਦਾ, ਲੋਕ ਪਰਲੋਕ ਥੋਡੇ ਦੋਵੇਂ ੱਧ ਹੋ ਜਾਣਗੇ, ਨਾਮ ਜਪਣ ਨਾਲ।

**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥**

ਉਹ ਜਿਹੜਾ ਨਿਰਾਕਾਰ ਹਰੀ ਪੁਰ ਹੈ, ਧਿਆਨ ਉਹਦਾ ਕਰਿਓ। ਉਹ ਥੋਡੇ ਹਿਰਦੇ ਵਿੱਚ ਨਹੀਂ ਬੈਠਾ?

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਉਹ ਜਿਹੜਾ ਥੋਡੇ ਹਿਰਦੇ ਚ ਬੈਠੈ। ਮੇਰੇ ਹਿਰਦੇ ਵਿੱਚ ਵੀ ਉਹੀ ਬੈਠਾ ਹੈ। ਉਹੀ ਚਾਰ ਖਾਣੀਆਂ ਦੇ ਹਿਰਦੇ ਵਿੱਚ ਨਹੀਂ ਬੈਠਾ? ਉਹ ਕਹਿੰਦਾ ਹੈ ਨਾ, ਕਾਜੀ ਨੂੰ–

***ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥*** (ਪੰਨਾ ੧੩੫੦)

ਉਹ ਕਬੀਰ ਨੂੰ ਕਹਿੰਦਾ ਸਾਰਿਆਂ ਵਿੱਚ ਖੁਦਾ ਹੈ, ਉਹ ਕਾਜੀ

ਆਂਹਦਾ। ਕਬੀਰ ਕਹਿੰਦਾ–

***ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥***

ਕਹਿੰਦੇ ਮੁਰਗੀ ਚ ਖੁਦਾ ਨਹੀਂ ਹੈ ? ਕਿਉਂ ਮਾਰਿਆ ਤੈਂ ? ਤੇ ਕਾਜੀ ਨੂੰ ਕੋਈ ਜੁਆਬ ਤਾਂ ਨਹੀਂ ਆਇਆ, ਰ੍ਹਾ ਚ ਚਲਿਆ ਗਿਆ। ਉਹ, ਜਦ ਇਹ ਅਪਣਾ ਬਚਾਅ ਦੇਖਦੈ ਤਾਂ ਭੱਜਦੈ ਰ੍ਹਾ ਵੱਲ, ਕਹਿੰਦਾ ਸਾਡੀ ਤਾਂ ਇਹੀ ਰ੍ਹਾ ਹੈਗੀ। ਤੇ ਕਬੀਰ ਨੇ ਸਿਧਾਂਤ ਕਿਹੈ –

***ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥***

ਕਹਿੰਦਾ, ਜੇ ਤੂੰ ਸਾਰਿਆਂ ਵਿੱਚ ਖੁਦਾ ਕਹਿੰਦਾ ਹੈਂ ਤਾਂ ਮੁਰਗੀ ਕਿਉਂ ਮਾਰਦੈਂ? ਕੀ ਇਹਦੇ ਵਿੱਚ ਖੁਦਾ ਨਹੀਂ ਹੈ? ਤੇ ਫਿਰ ਕਾਜੀ ਨੂੰ ਕੋਈ ਜੁਆਬ ਤਾਂ ਨਹੀਂ ਆਇਆ। ਸਿਧਾਂਤ ਤਾਂ ਸਾਰਿਆਂ ਦਾ ਇੱਕ ਹੈ। ਚਾਰ ਖਾਣੀਆਂ ਦੇ ਹਿਰਦਿਆਂ ਵਿੱਚ ਰੱਬ ਇੱਕ ਹੈ। ਸਾਡੇ ਸਾਰਿਆਂ ਦੇ ਹਿਰਦਿਆਂ ਵਿੱਚ ਰੱਬ ਵੱਸਦੈ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਗੁਰੂ ਸਾਹਿਬ ਕਹਿੰਦੇ ਸਾਰਿਆਂ ਦੇ ਹਿਰਦਿਆਂ ਵਿੱਚ ਰੱਬ ਇੱਕ ਹੈ, ਕ੍ਰਿਨ ਨੇ ਵੀ ਇਹੀ ਆਖਿਆ –

***ਈਵਰः ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ।***

(ਗੀਤਾ ੧੮/੬੧)

ਉਹ ਕਹਿੰਦਾ ਅਰਜਨ ਸਾਰਿਆਂ ਦੇ ਹਿਰਦਿਆਂ ਵਿੱਚ ਇੱਕੋ ਰੱਬ ਹੈ, ਦੋ ਨਹੀਂ ਹਨ। ਜੋ ਸਾਰਿਆਂ ਦੇ ਵਿੱਚ ਇੱਕ ਹੈ, ਉਹ ਸਾਡਾ ਆਪਾ ਹੈ। ਜੋ ਸਾਰਿਆਂ ਵਿੱਚ ਇੱਕ ਹੈ। ਜਦ ਸਾਡਾ ਮਨ ਉਹਦੇ

ਨਾਲ ਇੱਕ ਹੋ ਜਾਏ ਤਾਂ ਸਾਨੂੰ ਆਪਾ ਪ੍ਰਾਪਤ ਹੋ ਜਾਊ। ਜਦ ਤੱਕ ਥੋਨੂੰ ਅਪਣਾ ਆਪ ਨਹੀਂ ਥਿਆਇਆ ਤਾਂ ਦੂਜੇ ਵਿੱਚੋਂ ਕਿਵੇਂ ਥਿਆਏਗਾ। ਜਦ ਸਾਡਾ ਮਨ ਨਾਮ ਦੇ ਨਾਲ ਇੱਕ ਹੋ ਜਾਊਗਾ, ਨਾਮੀ ਦੇ ਨਾਲ ਇੱਕ ਹੋ ਜੂ, ਥੋਨੂੰ ਨਾਮੀ ਦਿੱਸਣ ਲੱਗ ਜੂ।

***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***

ਤੀਸਰੇ ਪਾਤਾਹ ਕਹਿੰਦੇ ਇਹ ਜੋ ਤੁਸੀਂ ਕਹਿੰਦੇ ਹੋ ਸੰਸਾਰ ਬੜਾ ਵਿਹੁ ਰੂਪ ਹੈ, ਕਹਿੰਦੇ ਨਾ, ਇਹ ਹਰੀ ਦਾ ਰੂਪ ਹੈ।

***ਹਰਿ ਰੂਪੁ ਨਦਰੀ ਆਇਆ॥*** (ਪੰਨਾ ੯੨੨)

ਸਾਨੂੰ ਇਹ ਸਾਰਾ ਹਰੀ ਦਾ ਰੂਪ ਨਰ ਆਇਆ। ਇਹ ਤੀਸਰੇ ਪਾਤਾਹ ਕਹਿੰਦੇ ਨੇ। ਇਹ ਕਦੋਂ ਦਿੱਸੇਗਾ ? ਜਦ ਤੁਹਾਨੂੰ ਅਪਣਾ ਆਪ ਪ੍ਰਾਪਤ ਹੋ ਜਾਏਗਾ। ਸਾਡਾ ਮਨ ਤਾਂ ਫਿਰਦਾ ਹੈ ਵਾਨਾ ਵਿੱਚ। ਵਾਨਾਂ ਇੱਕ ਇਹੋ ਜਿਹੀਆਂ ਸੜਕਾਂ ਨੇ, ਮਨ ਨੂੰ ਇਕ ਸੜਕ ਤੇ ਲਿਆਉ ਫੜਕੇ, ਫਿਰ ਦੂਸਰੀ ਸੜਕ ਤੇ ਲੈ ਜਾਂਦੈ। ਦੂਜੀ ਸੜਕ ਤੇ ਲਿਆਉ, ਫਿਰ ਤੀਸਰੀ ਸੜਕ ਤੇ ਲੈ ਜਾਊ। ਮਨ ਤਾਂ ਸਾਡਾ ਵਾਨਾ ਨਾਲ ਇੱਕ ਹੈ। ਹੋਰ ਤਾਂ ਨਹੀਂ ਕਿਸੇ ਨਾਲ, ਸੜਕਾਂ ਵਾਨਾਂ ਨੇ। ਇਹ ਵਾਨਾਂ ਹੀ ਖਿੱਚੀ ਫਿਰਦੀਆਂ ਨੇ। ਅਸੀਂ ਕਿਤੇ ਬੈਠੇ ਹਾਂ, ਇਹ ਕਿਤੇ ਫਿਰਦੈ ਤੇ ਦੱਸੋ ਕੰਮ ਕੈਸੇ ਬਣੂੰ? ਜਦ ਮਨ ਸਾਡਾ ਨਾਮ ਨਾਲ ਇੱਕ ਹੋ ਜੂ ਤੇ ਫਿਰ ਜਿਹੜਾ ਗੁਰੂ ਸਾਹਿਬ ਦਾ ਬਚਨ ਹੈ ਨਾ –

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*** (ਪੰਨਾ ੯੪੩)

ਭਾਈ ਬਦ ਗੁਰੂ ਹੈ, ਥੋਡੀ ਸੁਰਤੀ ਇਹਦਾ ਚੇਲਾ ਹੈ, ਇਹ ਜਦ ਥੋਡੀ ਬਦ ਦੇ ਨਾਲ ਮਿਲ ਜੂ ਨਾ ਸੁਰਤੀ, ਉਦੋਂ ਤੁਸੀਂ ਗੁਰੂ ਵਾਲੇ ਹੋ ਜਾਉਂਗੇ। ਕਿ ਪਹਿਲੇ ਵੀ ਹੋ ਜਾਉਂਗੇ? ਸਾਡੀ ਸੁਰਤੀ ਜਦ ਮਿਲੂ ਤਾਂ ਹੀ ਅਸੀਂ ਗੁਰੂ ਵਾਲੇ ਹੋਵਾਂਗੇ। ਗੁਰੂ ਬਦ ਹੈ, ਬਦ ਦੇ ਨਾਲ ਸੁਰਤੀ ਇੱਕ ਕਰਨੀ ਹੈ। ਚੱਲ ਭਾਈ –

**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ**

ਕਿੱਡੀ ਉੱਚੀ ਬਾਤ ਹੈ, ਕਿੰਨੀ ਸੁਖਾਲੀ ਹੈ। ਫੇਰ ਪੜ੍ਹ ਦੇ –

**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ**

ਜਿੱਥੇ ਹਰੀ ਦਾ **ਸਿਮਰਨ ਭਇਆ** ਪ੍ਰਾਪਤ ਹੋ ਗਿਆ, ਜਿਸ ਨੂੰ ਹਰੀ ਦਾ ਸਿਮਰਨ ਪ੍ਰਾਪਤ ਹੋ ਗਿਆ। ਫੇਰ ਕੀ ਹੋਇਆ?

**ਤਹ ਉਪਾਧਿ ਗਤੁ ਕੀਨੀ**
***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*** (ਪੰਨਾ ੧੦੮੩)

ਜੋ ਦੇਖਣੇ ਚ ਆਉਂਦੈ, ਝੂਠ ਹੈ। ਸਾਰੀ ਉਪਾਧੀ ਚਲੀ ਜਾਂਦੀ ਹੈ ਕਿ ਨਹੀਂ ? ਦ੍ਰਟਾ ਤਾਂ ਨਹੀਂ ਕਿਤੇ ਗਿਆ। ਦ੍ਰਟਾ ਤਾਂ ਸੱਤ ਹੈ, ਦ੍ਰਿ ਝੂਠ ਹੈ। ਦ੍ਰਟਾ, ਦ੍ਰਿ ਨੂੰ ਇੱਕ ਨਹੀਂ ਕਰਨਾ, ਅਲਹਿਦਾ ਕਰਨੈ। ਅਸੀਂ ਤੁਸੀਂ ਉਸ ਦ੍ਰਿ ਨਾਲ ਇੱਕ ਹੋ ਜਾਂਦੇ ਹਾਂ, ਇਸੇ ਨੂੰ ਅਵਿੱਦਿਆ ਕਹਿੰਦੇ ਨੇ। ਅਸੀਂ ਤਾਂ ਹਾਂ ਚੇਤਨ_ੱਧ, ਤੇ ਬਿਰਤੀ ਇਹ ਤਿੰਨਾਂ ਗੁਣਾਂ ਦੀ ਹੈ।

***ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥*** (ਪੰਨਾ ੧੧੨੩)

ਇਹ ਤਿੰਨ ਗੁਣ ਤਾਂ ਮਾਇਆ ਦੇ ਨੇ।

***ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦੁ ਪਾਇਆ॥*** (ਪੰਨਾ ੧੧੨੩)

ਉਹ ਚੌਥਾ ਪਦ ਹੈ, ਉਹ ਅਲਹਿਦਾ ਨਹੀਂ ਹੈ? ਇਹ ਅਲਹਿਦੈ।

**ਜਹ ਹਰਿ ਸਿਮਰਨੁ ਭਇਆ**

ਜਿਸ ਨੂੰ ਹਰੀ ਦਾ ਸਿਮਰਨ ਪ੍ਰਾਪਤ ਹੋ ਗਿਆ, ਜਿਸ ਵੀ ਪੂਰਣ ਪੁਰ ਨੂੰ।

**ਤਹ ਉਪਾਧਿ ਗਤ ਕੀਨੀ**

ਉਹ ਚੀਜ ਜਿਹੜੀ ਤੁਸੀਂ ਜਾਣਦੇ ਹੋ –

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥***

ਝੂਠ ਹੈ, ਥੋੜਾ ਦਿਲ ਕਹੇਗਾ। ਉਥੇ ਤੁਸੀਂ ਆਖੋਂਗੇ, ਉਹ ਝੂਠੀ ਵਸਤੂ ਹੈ। ਇਹ ਰੱਸੀ ਦੇ ਵਿੱਚ ਸੱਪ ਦਾ ਭੁਲੇਖਾ ਪੈਂਦੈ। ਤੁਸੀਂ ਉੱਥੇ ਜਾਕੇ ਉਹਨੂੰ ਦੇਖੋ, ਛੱਡਕੇ ਆ ਜਾਉਂਗੇ, ਓਏ ਰੱਸੀ ਹੈ। ਕਤੀ (ਸਿੱਪੀ) ਚਮਕਦੀ ਹੋਵੇ ਉਹਦੇ ਵਿੱਚ ਚਾਂਦੀ ਦਿੱਸੇ, ਉਹ ਭੱਜਕੇ ਜਾਏਗਾ ਬੱਚਾ, ਜਦ ਉਹਨੂੰ ਚੁੱਕੇਗਾ। ਉਹ ਸੁੱਟ ਦੇਵੇਗਾ, ਕਹਿੰਦਾ ਨਾ ਚਾਂਦੀ ਨਹੀਂ ਹੈ। ਇਹ ਤਾਂ ਕਤੀ (ਸਿੱਪੀ) ਹੈ। ਇਹ ਤਾਂ ਝੂਠੀ ਹੈ। ਝੂਠੀ ਚੀ ਉਦੋਂ ਥੋੜੇ ਅੰਦਰੋਂ ਜਾਏਗੀ, ਜਦ ਤੁਸੀਂ ਸਤਿ ਨੂੰ ਜਾਣ ਲਉਂਗੇ।

**ਜਹ ਹਰਿ ਸਿਮਰਨੁ ਭਇਆ**

ਜਿਸ ਨੂੰ ਹਰੀ ਦਾ ਸਿਮਰਨ ਪ੍ਰਾਪਤ ਹੋ ਗਿਆ। ਚੱਲ ਭਾਈ –

**ਤਹ ਉਪਾਧਿ ਗਤੁ ਕੀਨੀ**

ਤਾਂ ਸਾਰੀ ਉਪਾਧੀ ਚਲੀ ਜਾਏਗੀ। ਪਰ ਇਹਦਾ ਦੁੱਖ ਨਹੀਂ ਥੋਨੂੰ ਰਹੇਗਾ, ਇਹ ਪੱਕੀ ਗੱਲ ਹੈ। ਥੋੜਾ ਫਾਇਦਾ ਝੂਠ ਛੱਡਣੇ ਵਿੱਚ ਹੀ ਹੋਏਗਾ। ਉਹ ਝੂਠ ਨਾਲ ਹੀ ਚਿੰਬੜੇ ਰਹੇ। ਦੁਨੀਆਂ ਵਿੱਚ ਕੋਈ ਰਹਿਣੇ ਵਾਲੀ ਚੀ ਹੈ? ਸਭ ਬਦਲਣੇ ਵਾਲੀਆਂ ਹੈ। ਪਰ ਥੋੜਾ ਆਤਮਾ ਕਦੇ ਬਦਲਿਐ? ਕਿੰਨੇ ਅੱਠੇ ਪਹਿਰ ਚ ਖਿਆਲ ਕਰਦੇ ਹੋਂ, ਉਹ, ਉਹੀ ਰਹੇਗਾ। ਦੇਖਣੇ ਵਾਲਾ ਵੀ ਉਹੀ ਰਹੇਗਾ ਤੇ ਜਾਨਣੇ ਵਾਲਾ ਵੀ ਉਹੀ ਰਹੇਗਾ ਤੇ ਦਿੱਸਣ ਵਾਲਾ ਸਭ ਝੂਠ ਹੈ ਤੇ ਅਸੀਂ ਦਿੱਸਣ ਵਾਲੇ ਨੂੰ ਚਿੰਬੜੇ ਪਏ ਹਾਂ। ਚਿੰਬੜੇ ਨਹੀਂ ਪਏ ? ਤੇ ਫਿਰ ਕੈਸੇ ਕੰਮ ਚੱਲੇਗਾ। ਹਾਂ ਜੀ –

**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤ ਕੀਨੀ**

ਉਪਾਧੀ, ਭਾਈ ! ਤਾਂ ਨਾਸ ਹੋਵੇਗੀ ਜੇ ਹਰੀ ਦਾ ਸਿਮਰਨ ਥੋੜਾ ਚੱਲ ਜਾਏ। ਹਰੀ ਦਾ ਸਿਮਰਨ ਪਹਿਲੇ ਪ੍ਰਾਪਤ ਕਰਨੈ। ਚੱਲੀਏ –

**ਵਡਭਾਗੀ ਹਰਿ ਜਪਨਾ॥**

ਜੀਹਦੇ ਵੱਡੇ ਭਾਗ ਹੋਣਗੇ, ਗੁਰੂ ਰਾਮਦਾਸ ਮਹਾਰਾਜ ਕਹਿੰਦੇ, ਉਹ ਹਰੀ ਦਾ ਜਪ ਕਰੇਗਾ। ਜੀਹਦੇ ਵੱਡੇ ਭਾਗ ਹੋਣ, ਉਹਦੀ ਬਿਰਤੀ

ਨਾਮ ਨਾਲ ਜੁੜਦੀ ਹੈ। ਜੀਹਦੇ ਬੜੇ ਪੁਰਾਣੇ ਹੋਏ ਹੋਣ ਉਹ ਪਿੱਛੋਂ ਆਉਂਦੇ ਨੇ, ਸਰਮਦ ਵਰਗੇ ਕੇ। ਉਹ ਖੜਾ ਹੈ ਨੰਗਾ, ਸਰਮਦ ਨੂੰ ਪਤਾ ਨਹੀਂ ਸੀਗਾ ਅਪਣੇ ਆਪ ਦਾ। ਇੱਥੋਂ ਤੱਕ ਫਕੀਰ ਪਹੁੰਚਿਆ ਹੋਇਆ ਸੀ। ਔਰੰਗਜੇਬ ਹਾਥੀ ਤੇ ਜਾਂਦਾ ਸੀ, ਅਪਣਾ ਦੁਾਲਾ ਸੁੱਟ ਦਿੱਤਾ ਬਈ ਉਏ ਲੈ ਲੈ। ਉਹਨੇ ਸਿਰ ਤੇ ਬੰਨ ਲਿਆ। ਔਰੰਗਜੇਬ ਜਦ ਮੁੜਕੇ ਆਇਆ ਤਾਂ ਸਰਮਦ ਓਥੇ ਹੀ ਫੇਰ ਖੜਾ ਓਵੇਂ। ਉਹ ਕਹਿੰਦਾ ਓਏ !ਤੈਨੂੰ ਦੁਾਲਾ ਦਿੱਤਾ ਸੀਗਾ ਤੂੰ ਫਿਰ ਨੰਗਾ ਹੀ ਖੜ੍ਹਾ ਹੈਂ ਸਿਰ ਤੇ ਬੰਨੀ। ਉਹ ਕਹਿੰਦਾ ਤੂੰ ਬੇਵਕੂਫ ਹੈਂ, ਕਰਮ ਦੇ ਨਾਲ ਤੂੰ ਰਾਜਾ ਤਾਂ ਹੋ ਗਿਆ। ਤੇਰਾ ਕਰਮ ਸੀ। ਪਰ ਹੈਂ ਤੂੰ ਬੇਵਕੂਫ। ਉਹ ਰਾਜਾ ਕਹਿੰਦਾ ਮੈਂ ਬੇਵਕੂਫ ਹਾਂ। ਅਖੇ ਹੋਰ ਕੀ ਹੈਂ ? ਅਖੇ ਕਿਉਂ? ਅਖੇ ਜਿਹੜੀ ਬਾਦਾਹ ਥੋਨੂੰ ਚੀਜ ਦੇਵੇ, ਗੁਰੂ ਦੇਵੇ, ਖੁਦਾ ਦੇਵੇ ਉਹ ਸਿਰ ਤੇ ਰੱਖੀਦੀ ਹੈ? ਕਿ ਐਥੇ ਰੱਖੀਦੀ ਹੈ? ਉਹ ਕਹਿੰਦਾ ਚੱਲ ਤੇ ਉਹ ਰਥਵਾਨ ਨੂੰ ਕਹਿੰਦਾ ਚੱਲ ਹਾਥੀ ਚਲਾ। ਉਹ ਤਾਂ ਹੋਰ ਹੀ ਪਾਸੇ ਚਲਾ ਗਿਆ। ਕਹਿੰਦਾ ਤੂੰ ਬੇਵਕੂਫ ਤਾਂ ਹੈਂ ਹੀ। ਪਰ ਉਸਨੂੰ ਚਾਹੇ ਕੁੱਛ ਵੀ ਕੀਤਾ, ਉਹ ਫਕੀਰ ਡੋਲਿਆ ਤਾਂ ਨਹੀਂ ਜੇਲ੍ਹ ਚ ਗਿਆ, ਕਿਤੇ ਗਿਆ। ਜਦ ਉੱਥੋਂ ਇਕ ਆਦਮੀ ਆਇਆ ਅਰਬ ਵਿੱਚੋਂ, ਬਈ ਸਬਰ ਤੇ_ਕਰ ਦਾ ਅਰਥ ਦੱਸੋ ? ਔਰੰਗਜੇਬ ਦੇ ਪਾਸ ਆਇਆ, ਕਹਿੰਦਾ ਤੁਹਾਡੇ ਚ ਕੋਈ ਇਹੋ ਜਿਹਾ ਹੈ ? ਜਿਹੜਾ ਮੈਨੂੰ ਸਬਰ ਤੇ _ਕਰ ਦਾ ਅਰਥ ਦੱਸੇ । ਇੱਕ ਆਦਮੀ ਨੇ ਦੱਸਿਆ ਅਖੇ ਸਰਮਦ ਹੈ ਹੋਰ ਕੋਈ ਨਹੀਂ। ਉਹ ਕਹਿੰਦਾ ਜਾਓ, ਜੇਲ੍ਹ ਵਿਚ ਚਲੇ ਜਾਓ। ਉਹ ਗਏ, ਉਹਨੇ ਆਖਿਆ ਸਵੇਰੇ ਲਿਆਉ ਮਕ, ਇੱਕ ਲਿਆਓ ਤਹਿਮਤ (ਧੋਤੀ)। ਸਰਮਦ ਪਹਿਲੇ ਨਹਾਤਾ ਫਿਰ ਤਹਿਮਤ ਬੰਨੀ। ਉਹ ਕਹਿੰਦਾ ਦੇਖੋ ਸਬਰ ਤੇ_ਕਰ ਦਾ ਅਰਥ। ਉਹ ਆਦਮੀ ਕਹਿੰਦਾ ਖੜ੍ਹ ਜਾਉ। ਉਹਨੂੰ ਫਕੀਰ ਨੂੰ ਲੂਣ ਦਾ ਦਿੱਤਾ ਇਕ ਥਾਲ ਖਾਣ ਨੂੰ, ਉਹਨੇ ਆਖਿਆ_ਕਰ ਹੈ ਖੁਦਾ ਦਾ। ਪਿੱਛੋਂ ਪਾਣੀ ਦਿੱਤਾ, ਪੀ ਕੇ ਕਹਿੰਦਾ ਖੁਦਾ ਦਾ_ਕਰ ਹੈ। ਕਹਿੰਦਾ ਆਹ ਸਬਰ ਤੇ_ਕਰ ਹੈ। ਸਾਹਮਣੇ ਖੜੇ ਦਿਖਾਏ ਉਹਨੂੰ ਉਹ ਲੋਕ, ਜਿਹੜੇ ਕਹਿੰਦੇ ਕਰ ਦਈਏ

ਖਤਮ ਜੇ ਤੁਸੀਂ ਆਂਹਦੇ ਹੋ। ਇਸ ਕਰਕੇ ਜਿਹੜੇ ਰੱਬ ਦੇ ਬਖੇ ਹੋਏ ਬੰਦੇ ਹੁੰਦੇ ਨੇ –

***ਜਾ ਕਉ ਅਪੁਨੀ ਕਰੈ ਬਖਸੀਸ॥***
***ਤਾ ਕਾ ਲੇਖਾ ਨ ਗਨੈ ਜਗਦੀਸ॥*** (ਪੰਨਾ ੨੭੭)

ਜਿੰਨ੍ਹਾਂ ਨੂੰ ਰੱਬ ਬਖ ਦੇਵੇ, ਉਹਨਾਂ ਦਾ ਲੇਖਾ ਫਿਰ ਕੋਈ ਨਹੀਂ ਰਹਿੰਦਾ ਹੁੰਦਾ। ਉਹ ਮੁਕਤ ਹੋ ਜਾਂਦਾ ਹੈ। ਉਹ ਤਾਂ ਭਾਈ ਇਹੋ ਜਿਹੇ ਆਦਮੀ ਨੇ ਬੜੇ ਭਾਗਾਂ ਵਾਲੇ। ਉਹ ਜਪ ਕਰਗੇ ਹਰੀ ਦਾ ਤੇ ਛੋਟੇ ਭਾਗਾਂ ਵਾਲਿਆਂ ਤੋਂ ਨਹੀਂ ਹੁੰਦਾ। ਪਰ ਜਦ ਤੁਸੀਂ ਜਪੋਂਗੇ, ਵੱਡੇ ਭਾਗਾਂ ਵਾਲੇ ਤੁਸੀਂ ਹੋ ਜਾਉਂਗੇ। ਜੇ ਮੈਂ ਜਪੂੰਗਾ, ਮੈਂ ਬੜੇ ਭਾਗਾਂ ਵਾਲਾ ਹੋ ਜਾਊਂਗਾ। ਚੱਲ –

**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ**

ਗੁਰੂ ਰਾਮਦਾਸ ਕਹਿੰਦੇ ਮੈਨੂੰ ਪਰਮੇਰ ਨੇ, ਮੇਰੇ ਸਤਿਗੁਰਾਂ ਨੇ ਆਹ ਮਤੀ ਦਿੱਤੀ ਹੈ। ਆਹ ਬੁੱਧੀ ਦਿੱਤੀ ਹੈ ਭਾਈ। ਕੀ?

**ਜਪਿ ਹਰਿ ਭਵਜਲੁ ਤਰਨਾ॥**

ਭਾਈ, ਪਰਮੇਰ ਦਾ ਜਾਪ ਨਾ ਛੱਡਿਓ, ਸੰਸਾਰ ਤੋਂ ਪਾਰ ਹੋ ਜਾਉਂਗੇ। ਆਹ ਬੁੱਧੀ ਮੈਨੂੰ ਦਿੱਤੀ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

❑

ੴ ਸਤਿਗੁਰ ਪ੍ਰਸਾਦਿ॥

## ੩੩

**ਸੋਰਠਿ ਮਹਲਾ ੫ ਘਰੁ ੩ ਦੁਪਦੇ ਸਤਿਗੁਰ ਪ੍ਰਸਾਦਿ॥**
**ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥**
**ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥੧॥**
**ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ**
**ਗੁਰ ਕਾ ਸਬਦੁ ਵੀਚਾਰੇ॥ ਰਹਾਉ॥**
**ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥**
**ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥੨॥**

(ਪੰਨਾ ੬੨੫)

---

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਇਹ, ਸ੍ਰੀ ਗੁਰੂ ਰਾਮਦਾਸ ਜੀ, ਕ੍ਰਿਪਾ ਦਾ ਵਰਣਨ ਕਰਦੇ ਨੇ। ਪਹਿਲੇ ਇਸ ਜਗ੍ਹਾ ਜਦ ਲਘੂ ਕੂ ਨਾਲ ਲੜਾਈ ਹੋਈ ਹੈ ਭਰਤ ਵਰਗਿਆਂ ਦੀ, ਉਹ ਹਾਰ ਗਏ ਤੇ ਰਾਮ ਚੰਦਰ ਜੀ ਆਏ। ਉਹਨਾਂ ਨੇ ਅੰਮ੍ਰਿਤ ਦਾ ਘੜਾ ਲਿਆਂਦਾ, ਉਹ ਸਾਰੀ ਸੈਨਾ ਤੇ ਛਿੜਕਿਆ ਤੇ ਉਸ ਜਗ੍ਹਾ ਦੱਬ ਦਿੱਤਾ। ਪਹਿਲੀ ਪਾਤਾਹੀ, ਦੂਸਰੀ ਪਾਤਾਹੀ ਨੂੰ ਇਹ ਬਾਤ ਕਹਿ ਗਏ ਕਿ ਇੱਥੇ ਅੰਮ੍ਰਿਤ ਦਾ ਘੜਾ ਹੈ, ਇਹ ਜਗ੍ਹਾ ਪਵਿੱਤਰ ਹੈ, ਇਹ ਤੀਰਥ ਬਣੇਗਾ। ਤੇ ਦੂਸਰੀ ਪਾਤਾਹੀ ਨੂੰ ਨਾ ਮੌਕਾ ਮਿਲਿਆ ਤੇ ਉਹਨਾਂ ਤੀਸਰੀ ਨੂੰ ਕਿਹਾ। ਉਹਨਾਂ ਨੇ ਹੁਕਮ ਦਿੱਤਾ ਬਾਬੇ ਬੁੱਢੇ ਵਰਗਿਆਂ ਨੂੰ, ਸ੍ਰੀ ਗੁਰੂ ਰਾਮਦਾਸ ਮਹਾਰਾਜ ਨੂੰ ਬਈ ਜਾਕੇ ਉਥੇ ਤੀਰਥ ਸਰਜੀਤ ਕਰੋ। ਉਹਨਾਂ ਨੇ ਗੁੜ ਵੰਡਿਆ

ਜੈਸੇ ਪਹਿਲਾਂ ਪੁਟੀਦਾ ਹੈ ਤਲਾਅ ਪੁੱਟਿਆ ਜੋ ਕੁੱਛ ਕਰਨਾ ਸੀ ਕਰਿਆ। ਉਸ ਦਾ ਜੋ ਮਹਾਤਮ ਹੈ, ਉਸ ਦੀ ਬਾਬਤ ਗੁਰੂ ਸਾਹਿਬ ਜੀ ਵਰਣਨ ਕਰਦੇ ਨੇ। ਚੱਲ ਬਈ, ਹੁਣ ਪੜ੍ਹ –

**ਸੋਰਠਿ ਮਹਲਾ ੫**

ਪੰਚਮ ਪਾਤਾਹ ਜੀ ਮਹਾਰਾਜ ਸੋਰਠਿ ਰਾਗ ਦੇ ਵਿੱਚ ਕਥਨ ਕਰਦੇ ਨੇ।

**ਘਰ ੩**

ਤੀਸਰੀ ਤਾਰ ਦੇ ਵਿੱਚ ਗਾਉਣਾ।

**ਦੁਪਦੇ**

ਦੋ ਪਦਿਆਂ ਦਾ ਇਹ ਬਦ ਹੈ।

**ਸਤਿਗੁਰ ਪ੍ਰਸਾਦਿ॥**

ਇੱਕ ਜੋ ਪਰਮੇਰ ਹੈ, ਉਹ ਪੂਰਣ ਗੁਰੂ ਦੀ ਕ੍ਰਿਪਾ ਦੁਆਰੇ ਪ੍ਰਾਪਤ ਹੁੰਦਾ ਹੈ।

**ਰਾਮਦਾਸ ਸਰੋਵਰਿ ਨਾਤੇ॥**

ਸ੍ਰੀ ਗੁਰੂ ਰਾਮਦਾਸ ਮਹਾਰਾਜ ਨੇ ਜਹਾਂ ਟੱਕ ਲਾਇਆ ਤੇ ਅਰਦਾਸ ਕੀਤੀ ਉਸ ਸਰੋਵਰ ਦੇ ਵਿੱਚ ਨਹਾਉਣੇ ਤੇ ਸਾਰੇ ਪਾਪ ਨਾ ਹੋ ਜਾਏਂਗੇ। ਕਿਉਂ ਹੋ ਜਾਏਗੇ? ਗੁਰੂ ਰਾਮਦਾਸ ਜੀ ਈਰ ਸੇ।

***ਹਰਿ ਜੀਉ ਨਾਮੁ ਪਰਿਓ ਰਾਮਦਾਸੁ॥*** (ਪੰਨਾ ੬੧੨)

ਹਰੀ ਦਾ ਨਾਮ ਰਾਮਦਾਸ ਪੈ ਗਿਆ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਪਰਮੇਰ ਆਪ ਜੋਤੀ ਸਰੂਪ ਗੁਰੂ, ਅਵਤਾਰ ਧਾਰਕੇ ਦੁਨੀਆਂ ਦੇ ਉੱਤੇ ਆਇਆ। ਉਹ ਜਦ ਉੱਥੇ ਇਕੱਠ ਹੋਇਆ ਤਾਂ ਗੁਰੂ

ਰਾਮਦਾਸ ਜੀ ਆਪ ਈਰ ਰੂਪ ਸੇ, ਉਹਨਾਂ ਨੇ ਜੋ ਵਰ ਦਿੱਤਾ ਉਹ ਸਹੀ ਵਰ ਹੈ। ਉਹਨਾਂ ਨੇ ਇਹ ਵਰ ਦਿੱਤਾ ਭਾਈ ! ਇਸ ਸਰੋਵਰ ਮੇਂ ਜੋ ਇਨਾਨ ਕਰੇਂਗੇ, ਉਹਨਾਂ ਦੇ ਪਾਪ ਕੱਟੇ ਜਾਏਂਗੇ। ਇਸ ਕਰਕੇ ਗੁਰੂ ਰਾਮਦਾਸ ਦੇ ਸਰੋਵਰ ਵਿੱਚ ਜੋ ੁੱਧ ਹੋ ਕੇ ਪੂਰਣ ਰਧਾ ਤੇ ਨਹਾਏਗਾ, ਉਹਦੇ ਪਾਪ ਨਾਸ ਹੋ ਜਾਏਂਗੇ।

**ਸਭਿ ਉਤਰੇ ਪਾਪ ਕਮਾਤੇ॥**

ਜਿੰਨੇ ਜੀਵ ਦੇ ਪਾਪ ਨੇ, ਉਹ ਸਾਰੇ ਨਾਸ ਹੋ ਜਾਏਂਗੇ, ਇਸ ਜਗ੍ਹਾ ਦੀ ਇਹ ਮਹੱਤਤਾ ਹੈ। ਇਸ ਜਗ੍ਹਾ ਦੀ ਇਹ ਵਿਤਾ ਹੈ ਜੋ ਵੀ ੁੱਧ ਹੋਕੇ ਨਹਾਏਗਾ, ਉਹਦੇ ਪਾਪ ਕੱਟੇ ਜਾਏਂਗੇ।

**ਨਿਰਮਲ ਹੋਏ ਕਰਿ ਇਸਨਾਨਾ॥**

ਭਾਈ ! ਅੰਦਰੋਂ ਰਾਗ ਦਵੈ ਤਿਆਗ ਕੇ, ਬਾਹਰ ਸੇ ੁੱਧ ਹੋਕੇ, ਇਨਾਨ ਕਰਕੇ, ਫਿਰ ਇਨਾਨ ਕਰਨਾ।

**ਗੁਰਿ ਪੂਰੈ ਕੀਨੇ ਦਾਨਾ॥**

ਇਹ ਸਾਡੇ ਪੂਰਨ ਗੁਰੂ ਨੇ ਦਾਨ ਕੀਤਾ। ਗੁਰੂ ਅਰਜਨ ਦੇਵ ਜੀ ਕਹਿੰਦੇ ਸਾਡੇ ਪੂਰਨ ਗੁਰੂ ਨੇ ਗੁਰੂ ਰਾਮਦਾਸ ਜੀ ਮਹਾਰਾਜ। ਇਹ ਉਹਨਾਂ ਨੇ ਦਾਨ ਕੀਤਾ ਹੈ, ਬਈ ਜੋ ਇੱਥੇ ੁੱਧ ਹੋਕੇ ਨਹਾਏਗਾ, ਉਹਦੇ ਪਾਪ ਕੱਟੇ ਜਾਏਂਗੇ।

**ਸਭਿ ਕੁਸਲ ਖੇਮ ਪ੍ਰਭਿ ਧਾਰੇ॥**

ਪਰਮੇਰ ਨੇ ਬੜੀ ਕ੍ਰਿਪਾ ਕੀਤੀ ਸਾਰੀ ਕੁਲ, ਸੁਖ ਆਨੰਦ ਖੇਮ ਸਭ ਧਾਰਨ ਕੀਤੇ। ਜੋ ਵੀ ਇੱਥੇ ਇਨਾਨ ਕਰੇਗਾ ਪੂਰਣ ਰਧਾ ਤੇ, ਉਸਨੂੰ ਸਭ ਚੀਜਾਂ ਪ੍ਰਾਪਤ ਹੋਏਂਗੀਆਂ।

**ਸਹੀ ਸਲਾਮਤਿ ਸਭਿ ਥੋਕ ਉਬਾਰੇ**

ਸਹੀ ਸਲਾਮਤ ਉਹਦੀਆਂ ਸਾਰੀਆਂ ਵਸਤੂਆਂ **ਉਬਾਰੀਆਂ** ਬੱਚ ਜਾਏਂਗੀਆਂ, ਇਸਥਿਤ ਹੋ ਜਾਏਂਗੀਆਂ। ਜੋ ਵੀ ਉਸ ਪਰਮੇਰ ਅੱਗੇ ਬੇਨਤੀ ਕਰੇਗਾ, ਅਰਦਾਸ ਕਰੇਗਾ, ਉਹ ਗੁਰੂ ਰਾਮਦਾਸ

ਮਹਾਰਾਜ ਪੂਰਣ ਕਰਨਗੇ।

**ਗੁਰ ਕਾ ਸਬਦ ਵੀਚਾਰੇ॥ ਰਹਾਉ॥**

ਪਰ ਜੋ ਗੁਰੂ ਨੇ ਬਦ ਦਿੱਤਾ, ਉਹਦਾ ਵਿਚਾਰ ਕਰੇ। ਗੁਰੂ ਦਾ ਬਦ ਹੁੰਦਾ ਹੈ ਪਰਮੇਰ ਦਾ ਨਾਮ, ਉਸ ਨਾਮ ਦਾ ਵਿਚਾਰ ਕਰਕੇ, ਧਾਰਨ ਕਰੇ। ਉਸ ਨਾਮ ਦੇ ਨਾਲ ਜਿਸਦਾ ਮਨ ਜੁੜ ਜੇਗਾ। ਉਹਦੇ ਸਾਰੇ ਪਾਪ ਕੱਟੇ ਜਾਏਂਗੇ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਉਸ ਨਾਮ ਦੇ ਨਾਲ ਜਿਸਦਾ ਮਨ ਇੱਕ ਹੋ ਗਿਆ, ਉਹਦੇ ਪਾਪ ਕੱਟੇ ਜਾਏਂਗੇ ।ਜਦ ਮਨ ਨਾਮ ਦੇ ਨਾਲ ਇੱਕ ਹੋ ਜਾਏ ਤਾਂ ਸਮਾਧੀ ਹੋ ਜਾਂਦੀ ਹੈ, ਸਾਰੇ ਪਾਪ ਕੱਟੇ ਜਾਂਦੇ ਨੇ। ਆਤਮਾ ਦਾ ਗਿਆਨ ਹੋ ਜਾਂਦਾ ਹੈ।

***ਗਿਆਨੈ ਕਾਰਨ ਕਰਮ ਅਭਿਆਸੁ॥***
***ਗਿਆਨੁ ਭਇਆ ਤਹ ਕਰਮਹ ਨਾਸੁ॥*** (ਪੰਨਾ ੧੧੬੭)

ਸਾਰੇ ਕਰਮ ਨਾਸ ਹੋ ਜਾਂਦੇ ਨੇ, ਜਦ ਗਿਆਨ ਪ੍ਰਾਪਤ ਹੋ ਜਾਏ। ਗਿਆਨ ਕਦ ਪ੍ਰਾਪਤ ਹੁੰਦਾ ਹੈ ? ਜਦ ਨਾਮ ਦੇ ਨਾਲ ਇਹਦਾ ਮਨ ਇੱਕ ਹੋ ਜਾਏ। ਨਾਮ ਨਾਮੀ ਦਾ ਅਭੇਦ ਹੈ।

***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** (ਪੰਨਾ ੨੮੪)

ਜਦ ਨਾਮ ਦੇ ਨਾਲ ਇਹਦਾ ਮਨ ਇੱਕ ਹੋ ਜਾਏ, ਉਹਨੂੰ ਸਮਾਧੀ ਕਹਿੰਦੇ ਨੇ, ਤੇ ਉਸ ਜਗ੍ਹਾ ਇਕ ਛਿਨ ਦੇ ਵਿੱਚ ਪਾਪ ਕੱਟੇ ਜਾਂਦੇ ਨੇ। ਉਹ ਪੰਚਮ ਪਾਤਾਹ ਦਾ ਜੋ ਬਚਨ ਹੈ, ਉਹਨਾਂ ਨੇ ਸਾਫ ਲਿਖਿਆ ਹੈ –

***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** (ਪੰਨਾ ੨੮੧)

ਇਹ ਪੰਜਵੇਂ ਗੁਰੂ ਸਾਹਿਬ ਦਾ ਬਚਨ ਹੈ। ਨਾਮ ਦੇ ਨਾਲ ਮਨ ਮਿਲਨੇ ਸੇ ਨਾਮੀ ਪ੍ਰਾਪਤ ਹੋ ਜਾਂਦਾ ਹੈ। ਨਾਮੀ ਮੇਂ ਕੋਈ ਪਾਪ ਨਹੀਂ ਹੈ।

ਨਾਮੀ ਹੈ ਇਹਦਾ ਆਤਮਾ, ਆਪਾ। ਉਸ ਦੇ ਵਿੱਚ ਕੋਈ ਪਾਪ ਪੁੰਨ ਨਹੀਂ ਹੁੰਦਾ। ਉਸ ਤੇ ਪਹਿਲੇ ਅੰਤਹਕਰਣ ਵਿੱਚ ਪਾਪ ਪੁੰਨ ਰਹਿੰਦੇ ਨੇ। ਜਦ ਇਸ ਦਾ ਮਨ ਮਿਲ ਜਾਏ ਨਾਮ ਦੁਆਰਾ ਨਾਮੀ ਨਾਲ। ਨਾਮ ਦੁਆਰਾ ਹੀ ਨਾਮੀ ਪ੍ਰਾਪਤ ਹੁੰਦਾ ਹੈ, ਇਹ ਨਿਯਮ ਹੈ। ਉਦੋਂ ਇਹਦੇ ਸਾਰੇ ਪਾਪ ਕੱਟੇ ਜਾਂਦੇ ਨੇ, ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ।

**ਸਾਧਸੰਗਿ ਮਲੁ ਲਾਥੀ॥**

ਜਦ ਸੰਤ ਦਾ ਸੰਗ ਕੀਤਾ ਪੂਰਣ ਦਾ, ਸਾਡੀ ਸਾਰੀ ਮੈਲ ਕੱਟੀ ਗਈ। ਸੰਤ ਕੌਣ ਹੈ ਇੱਥੇ? ਗੁਰੂ ਰਾਮਦਾਸ ਮਹਾਰਾਜ। ਜਦ ਅਸੀਂ ਉਹਨਾਂ ਦਾ ਸੰਗ ਕੀਤਾ, ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਸਾਡੀ ਸਾਰੀ ਮੈਲ ਕੱਟੀ ਗਈ ਅੰਤਹਕਰਣ ਦੀ। ਤੇ ਪਰਮੇਰ ਦੀ ਪ੍ਰਾਪਤੀ ਹੋ ਗਈ ਤੇ ਸਾਡਾ ਜਨਮ ਮਰਨ ਕੱਟਿਆ ਗਿਆ।

**ਪਾਰਬ੍ਰਹਮੁ ਭਇਓ ਸਾਥੀ॥**

ਹੁਣ ਸਾਡਾ ਸਾਥੀ ਪਾਰਬ੍ਰਹਮ ਹੋ ਗਿਆ। ਦਸਮ ਪਾਤਾਹ ਨੇ ਡੱਲੇ ਨੂੰ ਹਾਕ ਮਾਰੀ ਡੱਲਿਆ! ਡੱਲਿਆ! ਡੱਲਿਆ! ਉੱਥੇ ਉਹ ਝੰਡਾ ਸਾਹਿਬ ਗੁਰਦੁਆਰਾ ਹੈ। ਤੇ ਡੱਲਾ ਅੱਧੀ ਰਾਤ ਪ੍ਰਕਰਮਾ ਕਰਕੇ ਭੱਜ ਗਿਆ। ਉਹਨੇ ਆਖਿਆ ਮੇਰੀ ਸਾਬੋ ਉੱਜੜ ਜਾਊ। ਦਸਮ ਪਾਤਾਹ ਤਾਂ ਮੈਨੂੰ ਹੁਣ ਨੰਦੇੜ ਨੂੰ ਲਈ ਜਾਂਦੇ ਨੇ, ਮੇਰੀ ਸਾਬੋ ਦਾ ਕੀ ਹਾਲ ਹੋਊ ? ਉਹ ਤੀਹ ਪਿੰਡ ਸੇ ਉਹਦੇ, ਰਿਆਸਤ ਸੀ ਛੋਟੀ, ਉਹਦਾ ਡੱਲਾ ਮਾਲਕ ਸੀ। ਇਸ ਕਰਕੇ ਉਹਨੇ ਸੋਚਿਆ ਮੇਰਾ ਦੇਸ ਵਿਗੜ ਜੂ। ਛੱਡ ਕੇ ਭੱਜ ਗਿਆ। ਜਦ ਗੁਰੂ ਸਾਹਿਬ ਨੇ ਪਹਿਰ ਦੇ ਤੜਕੇ ਆਵਾਜ ਮਾਰੀ ਡੱਲਿਆ! ਡੱਲਿਆ! ਡੱਲਿਆ! ਉਹ ਮੁਸਲਮਾਨ ਫਕੀਰ ਜਾਗਦਾ ਸੀ, ਉਹ ਅਮਲੀ ਸੀ, ਸੌਂਦਾ ਕਮ ਹੁੰਦਾ ਸੀ। ਉਹਨੇ ਆਖਿਆ, ਨਾ ਡੱਲਾ, ਨਾ ਮੱਲਾ ; ਗੁਰੂ ਰਹਿ ਗਿਆ ਕੱਲਾ। ਗੁਰੂ ਸਾਹਿਬ ਆਂਹਦੇ ਉਏ ਫਕੀਰਾ ! ਕਦੇ ਗੁਰੂ ਵੀ ਕੱਲਾ ਹੋਇਐ ? ਗੁਰੂ ਨਾਲ ਤਾਂ ਅੱਲ੍ਹਾ ਹੁੰਦੈ। ਉਹ ਕਹਿੰਦਾ ਹਾਂ ਜੀ ਭੁੱਲ ਗਿਆ। ਗੁਰੂ ਨਾਲ ਅੱਲ੍ਹਾ ਹੀ ਹੁੰਦਾ ਹੈ। ਹਾਂ ਭੁੱਲ ਗਿਆ ਮਹਾਰਾਜ।

ਇਸ ਕਰਕੇ ਜਦ ਇਹਦਾ ਪਾਰਬ੍ਰਹਮ ਸਾਥੀ ਹੋ ਜਾਏ, ਇਹ ਗੁਰੂ ਦੁਆਰਾ ਬਖਸ਼ਿਆ ਜਾਂਦਾ ਹੈ। ਉਹ ਪਰਮੇਰ ਜੋ ਹੈ, ਇਹਨੂੰ ਬਖ ਦਿੰਦਾ ਹੈ। ਹੁਣ ਪਾਰਬ੍ਰਹਮ ਸਾਥੀ ਹੋ ਗਿਆ, ਪਹਿਲੇ ਇਹਨੂੰ ਇਹ ਨਹੀਂ ਸੀ ਪਤਾ ਕਿ ਜਿਹੜੀ ਮੇਰੀ ਬਿਰਤੀ ਹੈ, ਖਿਆਲ ਹੈ, ਸੰਕਲਪ ਹੈ, ਇਹਨੂੰ ਦੇਖਣੇ ਵਾਲਾ ਓਥੇ ਹੀ ਬੈਠਾ ਹੈ। ਉਹ ਜਿਹੜਾ ਚੇਤਨ ਹੈ, ਪਰਮੇਰ ਹੈ। ਉਹ ਪਾਰਬ੍ਰਹਮ ਪਰਮੇਰ ਹੈ। ਉਹ ਹੈ ਨਿਤ, ਗਿਆਤਾ ਉਹੀ ਹੈ।

***ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥***

(ਪੰਨਾ ੫੨੦)

ਉਹ ਦੇਖਦਾ ਵੀ ਹੈ ਤੇ ਜਾਣਦਾ ਵੀ ਹੈ, ਉਹ ਪਰਮੇਰ ਹੈ। ਜੇ ਉਹ ਬਿਰਤੀ ਦਾ ਸਹਾਇਕ ਨਾ ਹੋਵੇ, ਬਿਰਤੀ ਤਾਂ ਜੜ੍ਹ ਹੈ, ਇਹਨੂੰ ਤਾਂ ਪਤਾ ਨਾ ਲੱਗੇ। ਉਹ ਚੇਤਨ ਹੈ, ਉਹ ਅੱਲ੍ਹਾ ਹੈ, ਉਹ ਪਰਮੇਰ ਹੈ, ਉਹ ਪਾਰਬ੍ਰਹਮ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਸ੍ਰੀ ਗੁਰੂ ਰਾਮਦਾਸ ਜੀ ਦੀ ਕ੍ਰਿਪਾ ਤੇ ਸਾਡਾ ਸਾਥੀ ਪਾਰਬ੍ਰਹਮ ਹੋ ਗਿਆ। ਹੁਣ ਸਾਨੂੰ ਕੋਈ ਕਿਸੇ ਕਿਸਮ ਦੀ ਵੀ ਚਿੰਤਾ ਨਹੀਂ ਹੈਗੀ। ਹੁਣ ਸਾਡਾ ਪਾਰਬ੍ਰਹਮ ਪਰਮੇਰ ਰਖਕ ਹੈ।

***ਰਾਖਾ ਏਕੁ ਹਮਾਰਾ ਸੁਆਮੀ॥***
***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਉਹ ਅੰਤਰਜਾਮੀ ਜੋ ਵੀ ਕੰਮ ਕਰਨਾ ਚਾਹੇਗਾ, ਕਰ ਦੇਵੇਗਾ। ਤੁਸੀਂ ਸਾਹਮਣੇ ਨਹੀਂ ਦੇਖਦੇ ਬਈ ਪਰਮੇਰ ਨੇ ਜੋ ਵੀ ਕੁੱਛ ਕਰਨਾ ਹੈ, ਉਹ ਕਰ ਦੇਣਾ ਹੈ। ਪਰ ਕਦ? ਜਦ ਇਹ ਪਰਮੇਰ ਦੀ ਰਣ ਲੈ ਲਏ, ਜਦ ਇਹ ਪਰਮੇਰ ਨੂੰ ਹਾਜਰ ਨਾਜਰ ਸਮਝੇ। ਉਸ ਗੁਰੂ ਰਾਮਦਾਸ ਮਹਾਰਾਜ ਸੰਤ ਦੀ ਕ੍ਰਿਪਾ ਤੇ ਸਾਡਾ ਸਾਥੀ ਪਾਰਬ੍ਰਹਮ ਹੋ ਗਿਆ। ਗੁਰੂ ਕੱਲਾ ਨਹੀਂ ਹੁੰਦਾ, ਗੁਰੂ ਨਾਲ ਪਰਮੇਰ ਹੁੰਦੈ।

**ਨਾਨਕ ਨਾਮੁ ਧਿਆਇਆ॥**

ਕਹਿੰਦੇ ਜੈਸੇ ਸਾਨੂੰ ਗੁਰੂ ਨੇ ਉਪਦੇ ਦਿੱਤਾ ਸੀ, ਸ੍ਰੀ ਗੁਰੂ ਰਾਮਦਾਸ

ਜੀ ਨੇ, ਅਸੀਂ ਉਹ ਨਾਮ ਧਿਆਇਆ। ਉਹ ਨਾਮ ਧਿਆਉਣ ਦਾ ਫਲ ਕੀ ਹੋਇਆ? ਅੱਗੇ ਪੜ੍ਹ ਭਾਈ –

**ਆਦਿ ਪੁਰਖ ਪ੍ਰਭੁ ਪਾਇਆ॥**

ਇਹ ਜਿਹੜਾ ਆਦਿ ਪੁਰਖ ਸ੍ਰਿਟੀ ਦੀ ਉਤਪਤੀ, ਪਾਲਣਾ, ਲੈਅ ਕਰਦਾ ਹੈ, ਉਹ ਅਸੀਂ ਪਾ ਲਿਆ। ਗੁਰੂ ਅਰਜਨ ਦੇਵ ਜੀ ਕਹਿੰਦੇ–ਗੁਰੂ ਰਾਮਦਾਸ ਮਹਾਰਾਜ ਜੀ ਦੀ ਕ੍ਰਿਪਾ ਤੇ ਸਾਨੂੰ ਉਹ ਪ੍ਰਾਪਤ ਹੋ ਗਿਆ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

❑

ੴ ਸਤਿਗੁਰ ਪ੍ਰਸਾਦਿ॥

## ੩੪

**ਰਾਮਕਲੀ ਮਹਲਾ ੯॥**

**ਸਾਧੋ ਕਉਨ ਜੁਗਤਿ ਅਬ ਕੀਜੈ ॥**
**ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ॥੧॥ ਰਹਾਉ॥**
**ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥**
**ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ॥੧॥**
**ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥**
**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥੨॥**
**ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ॥**
**ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ॥ ੩॥**

(ਪੰਨਾ ੯੦੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ ।

ਆਪ ਸਭ ਨੇ ਸੁਣ ਲਿਐ ਨੌਵੇਂ ਪਾਤਾਹ ਦਾ ਹੁਕਮਨਾਮਾ, ਜੋ ਅਕਾਲ ਪੁਰਖ ਵੱਲੋਂ ਉਹਨਾਂ ਨੂੰ ਆਇਆ ਹੈ, ਉਹਨੂੰ ਬਾਣੀ ਕਹਿੰਦੇ ਨੇ। ਰੱਬੀ ਬਾਣੀ, ਈਰੀ ਬਾਣੀ । ਇਹ ਜੋ ਦੁਨੀਆਂ ਦੇ ਮਹਾਂਪੁਰ ਹੋਏ ਨੇ ਸ੍ਰੀ ਗੁਰੂ ਨਾਨਕ ਦੇਵ, ਦਾਦੂ, ਕਬੀਰ, ਈਸਾ, ਇਹ ਸਭ ਪਰਮੇਰ ਦੇ ਭੇਜੇ ਹੋਏ ਮਹਾਂਪੁਰ ਦੁਨੀਆਂ ਵਿਚ ਆਏ ਨੇ । ਉਹਨਾਂ ਗੈਸਾਂ ਦੇ ਨਾਲ ਜਿੰਨ੍ਹਾਂ ਦਾ ਥੋੜਾ ਜਿਹਾ ਵੀ ਛੋਹ ਹੋ ਗਿਆ, ਉਹ ਵੀ ਦੁਨੀਆਂ ਦੇ ਵਿਚ ਮਹਾਂਪੁਰ ਹੋ ਗਏ । ਇਹ ਕੰਮ ਬਖ਼ਾਂ ਦਾ ਹੈ ।

ਅੱਠਵੇਂ ਪਾਤਾਹ ਜਦ ਸਰੀਰ ਛੱਡਣ ਲੱਗੇ, ਸਾਰੀ ਸੰਗਤ ਨੇ ਬੇਨਤੀ ਕੀਤੀ, ਗੁਰੂ ਕੌਣ ਹੈ? ਉਹਨਾਂ ਆਖਿਆ, ਬਾਬਾ ਬਕਾਲੇ। ਗੁਰੂ ਤੇਗ ਬਹਾਦਰ ਉਹਨਾਂ ਦੇ ਨਾਤੇ ਚ ਬਾਬਾ ਲੱਗਦੇ ਸੇ। ਬਕਾਲੇ ਰਹਿੰਦੇ ਸੀ ਇਕ ਗੁਫਾ ਦੇ ਵਿਚ ਮਹਾਂਪੁਰ, ਜਿਨਾਂ ਨੇ ਛੱਤੀ ਸਾਲ ਤਪ ਕੀਤਾ, ਐਸੇ ਮਹਾਂਪੁਰ ਸੀ । ਤੇ ਉਹ ਗੁਰੂ ਹੈ । ਸੰਗਤ ਭਾਲਦੀ ਭਾਲਦੀ ਗਈ, ਥਿਆਏ ਨਹੀਂ । ਲੁਬਾਣੇ ਮੱਖਣ ਾਹ ਦਾ ਜਹਾਜ ਸਮੁੰਦਰ ਵਿਚ ਅੜ ਗਿਆ, ਨਾ ਨਿਕਲਿਆ । ਉਹਨੇ ਗੁਰੂ ਨਾਨਕ ਦੇਵ ਦੀ ਗੱਦੀ ਦੀ ਸੁੱਖ ਸੁੱਖੀ, ਜੋ ਗੁਰੂ ਹੋਏਗਾ ਮੈਂ ਉਹਦੀ ਪੰਜ ਸੌ ਮੋਹਰ ਭੇਟਾ ਕਰਾਂਗਾ। ਪਰ ੱਕ ਇਹ ਪੈ ਗਿਆ ਕਿ ਗੁਰੂ ਹੁਣ ਦੁਨੀਆਂ ਵਿਚ ਰਿਹਾ ਨਹੀਂ ਕੋਈ । ਤੇ ਉਹ ਆਇਆ ਤੇ ਇਹ ਪਤਾ ਦੁਨੀਆਂ ਵਿੱਚ ਲੱਗ ਗਿਆ ਕਿ ਉਥੇ ਬਾਈ (22) ਗੁਰੂ ਗੱਦੀਆਂ ਲਾਕੇ ਬਹਿ ਗਏ, ਜੀਹਦੇ ਵਿਚ ਧੀਰ ਮੱਲ ਦੇ ਪਾਸ ਗੁਰੂ ਗ੍ਰੰਥ ਸਾਹਿਬ ਸੀ। ਉਹ ਆਇਆ, ਉਹਨੇ ਆਖਿਆ ਓਏ ਬਾਈ ਤਾਂ ਗੁਰੂ ਨਹੀਂ ਹੁੰਦੇ ਇਕੱਠੇ । ਜਗਤ ਗੁਰੂ ਤਾਂ ਭੇਜਿਆ ਹੋਇਆ ਪਰਮੇਰ ਵੱਲੋਂ ਗੁਰੂ ਅਵਤਾਰ ਆਉਂਦਾ ਹੁੰਦਾ ਹੈ ।

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਤਾਂ ਇੱਕ ਦਾ ਉਪਦੇ ਕਰਨ ਆਉਂਦਾ ਹੁੰਦਾ ਹੈ ।

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥***

***ਅਗਮ ਅਗੋਚਰੁ ਰੂਪੁ ਨ ਰੇਖਿਆ ॥***
***ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਤਾਂ ਸਾਰਿਆਂ ਦੀਆਂ ਬਿਰਤੀਆਂ ਦੇ ਵਿਚ ਅਰੂੜ ਹੈ, ਚਾਰ ਖਾਣੀਆਂ ਦੇ ਵਿੱਚ । ਨਿਹਚਲ ਦਾਸ ਨੇ ਵੀ ਲਿਖਿਆ ਹੈ –

***ਏਕ ਸਮੇਂ ਹੀ ਭਾਂਨ ਹੋਇ ਸਾਖੀ ਅਰੁ ਆਭਾਸ।***

***ਦੂਜੋ ਚੇਤਨ ਕੋ ਵਿੈ ਸਾਖੀ ਸਵਯੰ ਪ੍ਰਕਾਸ॥***

(ਨਿਹਚਲ ਦਾਸ, ਵਿਚਾਰ ਸਾਗਰ ੪/੧੧੬)

ਪੰਡਤ ਰਾਮ ਸਿੰਘ ਜੀ ਰਿਕੇ ਝਾੜੀ ਚ ਰਹਿੰਦੇ ਹੁੰਦੇ, ਉਹ ਕਹਿੰਦੇ ਹੁੰਦੇ – ਆਪਣਾ ਆਪ ਸੋਹੰ ਪ੍ਰਕਾ ਹੈ, ਸੁਤੇ ਪ੍ਰਕਾ ਹੈ ।ਪਰ ਇਹਨੂੰ ਬਿਰਤੀ ਅਰੂੜ ਚੇਤਨ, ਸੁਤੇ ਪ੍ਰਕਾ ਦੀ ਹੋ, ਬਿਨਾਂ ਕਿਰਪਾ ਤੇ ਨਹੀਂ ਆਉਂਦੀ ਹੈ ।

***ਜਾ ਕਉ ਅਪੁਨੀ ਕਰੈ ਬਖਸੀਸ ॥***
***ਤਾ ਕਾ ਲੇਖਾ ਨ ਗਨੈ ਜਗਦੀਸ ॥*** (ਪੰਨਾ ੨੭੭)

ਇਹ ਬਖਸਿ ਤੋਂ ਬਿਨਾਂ ਕੰਮ ਨਹੀਂ ਬਣਨੇ ਵਾਲਾ । ਇਹ ਉਸ ਗੁਰੂ ਦਾ ਬਦ ਹੈ ਜਿਸ ਨੇ ਦੁਨੀਆਂ ਵਿੱਚ ਆਕੇ ਧਰਮ ਦੀ ਰੱਖਿਆ ਕੀਤੀ ।

***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥***
***ਕੀਨੋ ਬਡੋ ਕਲੂ ਮਹਿ ਸਾਕਾ ॥***
**ਸਾਧਨਿ ਹੇਤਿ ਇਤੀ ਜਿਨਿ ਕਰੀ ॥**
**ਸੀਸ ਦੀਯਾ ਪਰ ਸੀ ਨ ਉਚਰੀ ॥** (ਬਚਿੱਤ੍ਰ ਨਾਟਕ)

ਉਹ ਸੀ ਧਰਮ ਦੀ ਰਖਾ ਵਾਲਾ ਗੁਰੂ ।ਉਸ ਗੁਰੂ ਦਾ ਬਦ ਆਇਆ ਹੈ, ਗੁਰੂ ਤੇਗ ਬਹਾਦਰ ਦਾ ।ਤੇ ਮੱਖਣ ਾਹ ਨੇ ਆਖਿਆ ਇਤਨੇ ਗੁਰੂ ਤਾਂ ਇਕੱਠੇ ਨਹੀਂ ਹੋ ਸਕਦੇ ।ਐਨਾ ਤਾਂ ਦੁਨੀਆਂ ਦਾ ਭਾਗ ਹੀ ਨਹੀਂ ਹੈ, ਬਈ ਇਤਨੇ ਗੁਰੂ ਹੋ ਜਾਣ । ਇਹ ਤਾਂ ਬਖ਼ਿ ਨਾਲ ਹੁੰਦਾ ਹੈ ।ਬਖ਼ਿ ਨਾਲ ਆਉਂਦੇ ਨੇ, ਬਖ਼ਿ ਕਰਕੇ ਜਾਂਦੇ ਨੇ ।ਇਹ ਤਾਂ ਬਖ਼ਿ ਦੀ ਸਾਰੀ ਬਾਤ ਹੈ ।ਉਹਨੇ ਦੋ–ਦੋ ਮੋਹਰਾਂ ਰੱਖਣੀਆਂ ੁਰੂ ਕਰ ਦਿੱਤੀਆਂ, ਸਾਰਿਆਂ ਨੇ ਥਾਪੀਆਂ ਦੇ ਦਿੱਤੀਆਂ। ਵਾਹ !ਬਈ ਵਾਹ !ਭਾਈ, ਤੇਰੇ ਕਾਰਜ ਪੂਰੇ, ਐਸਾ ।ਧੀਰ ਮੱਲ ਦੇ ਪਾਸ ਜਾਕੇ ਇਤਿਹਾਸ ਕਹਿੰਦਾ ਬਈ ਉਹਨੇ ਪੰਜ ਮੋਹਰਾਂ ਰੱਖ ਦਿੱਤੀਆਂ। ਤਿੰਨ ਗੁਰੂ ਗ੍ਰੰਥ ਸਾਹਿਬ ਵਾਸਤੇ ਤੇ ਦੋ ਉਹਦੇ ਵਾਸਤੇ । ਉਹਨੇ ਵੀ ਅਸੀਸ ਦੇ ਦਿੱਤੀ, ਬਈ ਮੈਂ ਗੁਰੂ ਹਾਂ, ਗੁਰੂ ਗ੍ਰੰਥ ਸਾਹਿਬ

ਮੈਨੂੰ ਮਿਲਿਐ ।ਪਰ ਉਹ ਜਦ ਵਾਪਿਸ ਚੱਲਿਆ ਤਾਂ ਦਿਲ ਦੇ ਵਿਚ ਇਹਿੰ ਕਾ ਹੋ ਗਈ ਕਿ ਜੇ ਇਹ ਗੁਰੂ ਹੁੰਦਾ ਤਾਂ ਬੁੱਝ ਲੈਂਦਾ । ਗੁਰੂ ਸਰਬੱਗ ਹੁੰਦੈ, ਗੁਰੂ ਤਾਂ ਜਾਣਦਾ ਹੁੰਦੈ ।ਉਹ ਜਾਂਦਾ ਹੋਇਆ ਪੁੱਛਦੈ ਲੋਕਾਂ ਨੂੰ, ਇਕ ਮਾਈ ਨੂੰ ਵੀ ਪੁੱਛਿਆ, ਬਈ ਇਥੇ ਹੋਰ ਵੀ ਸੋਢੀ ਹੈ ? ਅਖੇ ਇਕ ਹੋਰ ਹੈ, ਉਹਨੂੰ ਤੇਗਾ ਕਮਲਾ ਕਹਿੰਦੇ ਨੇ ।ਐਸ ਪਾਸੇ ਰਹਿੰਦਾ ਹੈ ।ਉਹ ਕਹਿੰਦਾ ਚਲੋ ਠੀਕ ਹੈ ।ਚਲੇ ਗਏ ।ਮਾਤਾ ਜੀ ਨੂੰ ਜਾਕੇ ਪੁੱਛਿਆ ।ਉਹਨੇ ਆਖਿਆ, ਨਹੀਂ, ਮੇਰਾ ਜਿਹੜਾ ਪੁੱਤਰ ਹੈ ਉਹ ਹਰ ਵਕਤ ਸਮਾਧੀ ਵਿਚ ਰਹਿੰਦਾ ਹੈ ਤੇ ਤੁਸੀਂ ਨਾ ਜਾਉ, ਖਬਰੈ ਕੀ ਮੁੱਖ ਤੋਂ ਨਿੱਕਲ ਜਾਏ।ਉਹਨੇ ਆਖਿਆ ਨਾ ਮਾਤਾ ਕੋਈ ਫਿਕਰ ਨਾ ਕਰੋ ।ਉਹਨਾਂ ਨੇ ਜਾਕੇ ਨਮਕਾਰ ਕੀਤੀ ਤੇ ਦੋ ਮੋਹਰਾਂ ਰੱਖ ਦਿੱਤੀਆਂ ।ਉਹਦੇ ਦਿਲ ਵਿਚ ਤਾਂ ਕਾ ਸੀ ਕਿ ਦੁਨੀਆਂ ਵਿਚ ਗੁਰੂ ਤਾਂ ਕੋਈ ਨਹੀਂ ਹੈਗਾ, ਜੇ ਗੁਰੂ ਹੁੰਦਾ, ਬੁੱਝ ਨਾ ਲੈਂਦਾ ।ਗੁਰੂ ਤਾਂ ਸਰਬੱਗ ਹੁੰਦੈ। ਜਿਹੜਾ ਧੁਰੋਂ ਬਖਸ਼ਿਆ ਹੋਇਆ ਗੁਰੂ ਹੁੰਦੈ, ਉਹ ਤਾਂ ਸਰਬੱਗ ਹੁੰਦਾ ਹੈ ।ਗੁਰੂ ਸਾਹਿਬ ਨੇ ਆਹ ਚੱਕ ਕੇ ਚਾਦਰਾ ਜਦ ਦਿਖਇਆ ਉਹ ਮੋਢਾ ਜਿਹੜਾ ਮੋਢਾ ਲਾਕੇ ਉਹਦਾ ਜਹਾਜ ਕੰਢੇ ਲਾਇਆ ਸੀ, ਅਖੇ ਤੈਂ ਤਾਂ ਪੰਜ ਸੌ ਮੋਹਰ ਸੁੱਖੀ ਸੀ, ਹੁਣ ਦੋ ਰਖਦੈਂ ।ਉਹਨੂੰ ਚਾਨਣ ਹੋ ਗਿਆ।ਉਹਨੇ ਆਖਿਆ ਓਹੋ ! ਗੁਰੂ ਤਾਂ ਆਹ ਹੁੰਦੈ, ਇਹਨੂੰ ਗੁਰੂ ਕਹਿੰਦੇ ਨੇ, ਅਸਲੀ ਗੁਰੂ ਤਾਂ ਬਖਸ਼ਿਆ ਹੋਇਆ, ਇਹ ਗੁਰੂ ਹੈ।ਉਹ ਜਿਉਂ ਉੱਠਿਆ ਕੋਠੇ ਤੇ ਚੜ੍ਹ ਗਿਆ। ਉਹਨਾਂ ਨੇ ਆਖਿਆ ਮੈਂ ਦਰਗਾਹ ਵਿਚ ਮੂੰਹ ਕਾਲਾ ਕਰੂੰਗਾ ਜੇ ਤੈਂ ਮੈਨੂੰ ਪ੍ਰਗਟ ਕੀਤਾ।ਮੈਂ ਆਪਣੀ ਸਮਾਧੀ ਚ ਇਸਥਿਤ ਬੈਠਾਂ ਂਤੀ ਵਿਚ ।ਫਿਰ ਸਾਰਾ ਕੰਮ ਕਰਨਾ ਪਏਗਾ ।ਉਹ ਉਤੇ ਗਿਆ, ਉਹਨੇ ਜਾਕੇ ਐਸ ਲੋਟ ਝੰਡਾ ਝੁਲਾ ਦਿੱਤਾ, ਗੁਰੂ ਲੱਧਾ ਰੇ! ਗੁਰੂ ਲੱਧਾ ਰੇ ! ਗੁਰੂ ਲੱਧਾ ਰੇ ! ਆਇਆ, ਆਕੇ ਮਾਤਾ ਨੂੰ ਕਹਿੰਦਾ, ਤੁਸੀਂ ਜਿਥੇ ਰੋਟੀ ਪਕਾਉਂਦੇ ਹੋ, ਤਵਾ ਕਿੱਥੇ ਹੈ? ਉਹਨਾਂ ਨੇ ਆਖਿਆ ਆਹ ਪਿਐ।ਉਹਨੇ ਸਾਰੇ ਮੂੰਹ ਨੂੰ ਕਾਲਖ ਲਾਕੇ, ਫੇਰ ਜਾਕੇ ਮੱਥਾ ਟੇਕਿਆ ।ਗੁਰੂ ਸਾਹਿਬ ਹੱਸ ਪਏ , ਅਖੇ ਇਹ ਕੀ ਕੀਤਾ? ਅਖੇ ਜੀ ਦਰਗਾਹ ਵਿਚ ਵੀ ਤਾਂ ਤੁਸੀਂ

ਕਾਲਾ ਕਰਨਾ ਹੀ ਸੀ ਤੇ ਮੈਂ ਆਪੇ ਕਰ ਆਇਆ। ਅਖੇ ਜਾਹ ! ਹੁਣ ਨਹੀਂ ਹੋਏਗਾ। ਤੇ ਉਸ ਗੁਰੂ ਸਾਹਿਬ ਦਾ ਇਹ ਬਦ ਹੈ ਤੇ ਜੈਸੇ ਪਰਮੇਰ ਬੁੱਧੀ ਦੇਵੇਗਾ, ਉਹਦੇ ਅਨੁਸਾਰ ਜਿਹੋ ਜਿਹੀ ਮੇਰੇ ਤੋਂ ਵਿਆਖਿਆ ਹੋਏਗੀ, ਕਰੂੰਗਾ। ਚੱਲੀਏ–

**ਰਾਮਕਲੀ ਮਹਲਾ ੯ ॥**

ਰਾਮਕਲੀ ਰਾਗ ਦੇ ਵਿਚ ਨੌਵੇਂ ਪਾਤਾਹ ਧਰਮ ਦੇ ਰਖਕ, ਪੂਰਣ ਪਰਮੇਰ, ਧਰਮ ਦੀ ਚਾਦਰ । ਉਹਨਾਂ ਦੁਆਰੇ ਇਹ ਬਦ ਅਕਾਲ ਪੁਰਖ ਵਲੋਂ ਆਇਆ ਹੈ ।

**ਸਾਧੋ ਕਉਨ ਜੁਗਤਿ ਅਬ ਕੀਜੈ ॥**

ਹੁਣ ਦੱਸੋ ਸੰਤੋ ! ਕਿਹੜੀ ਜੁਗਤੀ ਕੀਤੀ ਜਾਵੇ ? ਪ੍ਰੇਮਾ ਭਗਤੀ ਪ੍ਰਾਪਤ ਹੋਣੀ ਕੋਈ ਸੁਖਾਲੀ ਜਿਹੀ ਬਾਤ ਨਹੀਂ ਹੈ । ਸਾਰੇ ਵਿਕਾਰਾਂ ਨੂੰ ਮਨ ਛੱਡ ਦੇਵੇ, ਅੰਤਹਕਰਣ ਦੇ ਧਰਮਾਂ ਨੂੰ ਛੱਡ ਦੇਵੇ, ਸੋਹੰ ਪ੍ਰਕਾ ਸਾਖੀ ਦੇ ਵਿਚ ਇਸਥਿਤ ਹੋ ਜਾਏ, ਪੂਰਣ ਇਕਾਗਰਤਾ ਹੋ ਜਾਏ ਤੇ ਸੰਸਾਰ ਦਾ ਮਿਥਿਆਤਵ ਸਾਖਾਤ ਹੋ ਜਾਏ –

***ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥***

ਇਹ ਸਭ ਝੂਠ ਹੈ ਤਾਂ ਜਾਕੇ ਉਥੇ ਮਨ ਜੁੜੇਗਾ। ਉਸ ਛਿਨ ਦੇ ਵਿਚ ਇਸ ਨੂੰ ਉਹ ਚੀਜ ਪ੍ਰਾਪਤ ਹੋਏਗੀ । ਮੈਂ ਥੋੜੀ ਜਿਹੀ ਇਕ ਬਾਤ ਦੱਸਣੀ ਚਾਹੁੰਨਾ । ਸੰਤ ਮਿਹਰ ਸਿੰਘ ਦੇ ਕੋਲ ਇਕ ਭਗਤ ਨੇ ਆਕੇਂ ਕਾ ਕੀਤੀ, ਜੀ ਉਹ ਛਿਨ ਕਿਹੜੀ ਹੈ?

***ਏਕ ਚਿਤਿ ਜਿਹ ਇਕ ਛਿਨ ਧਿਆਇਓ॥***

***ਕਾਲ ਫਾਸ ਕੇ ਬੀਚ ਨ ਆਇਓ॥*** (ਅਕਾਲ ਉਸਤਤਿ)

ਉਹ ਮੈਂ ਤੁਹਾਥੋਂ ਛਿਨ ਪੁੱਛਣੀ ਚਾਹੁੰਨਾ । ਉਹ ਕਹਿੰਦੇ ਨਾ ਭਾਈ ! ਜੀਹਨੂੰ ਛਿਨ ਮਿਲੀ ਹੈ ਉਹਨੂੰ ਪੁੱਛ । ਉਹਨੇ ਬੜਾ ਸਪਟ, ਬੜਾ ਸੁਹਣਾ ਉੱਤਰ ਦਿੱਤਾ । ਚਾਹੇ ਨਿੰਮਰਤਾ ਕਰੀ, ਉਹ ਸੰਤ ਤਾਂ ਬੜਾ ਲਾਇਕ ਸੀਗਾ । ਉਹਨੇ ਆਖਿਆ ਓਏ ! ਛਿਨ ਜਿਨ੍ਹਾਂ ਨੂੰ ਮਿਲੀ ਹੈ ਉਹਨਾਂ ਨੂੰ ਜਾਕੇ ਪੁੱਛ । ਕਬੀਰ ਨੂੰ ਪੁੱਛ, ਧੰਨੇ ਨੂੰ ਪੁੱਛ, ਨਾਮਦੇਵ ਨੂੰ

ਪੁੱਛ । ਜਿਸ ਨੂੰ ਇਹ ਛਿਨ ਮਿਲ ਜਾਏਗੀ, ਉਹਦਾ ਤਾਂ ਸਾਰਾ ਸਰੀਰ ਸਣੇ ਅੰਤਹਕਰਣ ਬਦਲ ਜਾਏਗਾ । ਚੱਲ ਭਾਈ–

**ਜਾ ਤੇ ਦੁਰਮਤਿ ਸਗਲ ਬਿਨਾਸੈ**

ਜਾ ਤੇ ਖੋਟੀ ਬੁੱਧੀ ਮਨ ਦੀ ਸਾਰੀ ਨਾਸ ਹੋ ਜਾਏ । ਇਹ ਗੱਲ ਕੋਈ ਕਹਿਣ ਵਾਲੀ ਨਹੀਂ ਹੈ। ਇਹ ਸਭ ਤੁਸੀਂ ਜਾਣਦੇ ਹੋਂ। ਮੇਰੇ ਨਾਲੋਂ ਤੁਸੀਂ ਥੋੜੇ ਜਿਹੇ ਸਿਆਣੇ ਨਹੀਂ, ਜਿਆਦਾ ਹੋਵੋਂਗੇ। ਤੁਸੀਂ ਆਪਣੇ ਮਨ ਨੂੰ ਦੇਖਦੇ ਨਹੀਂ ਹੋਂ ? ਉਹ ਮਨ ਦੇ ਵਿਚ ਤੁਹਾਡੇ, ਜਿਹੜਾ ਕੁਛ ਭਰਿਆ ਹੋਇਐ, ਉਹ ਦੇਖਦੇ ਨਹੀਂ ਹੋਂ ? ਜਿਹੜੇ ਵਲ-ਛਲ ਤੁਸੀਂ ਲੋਕਾਂ ਨਾਲ ਕਰਦੇ ਹੋਂ ਉਹ ਜਾਣਦੇ ਨਹੀਂ ਹੋਂ ?

***ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥***
***ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥***

(ਪੰਨਾ ੭੨੭)

ਸਾਰੇ ਕੰਮ ਤੁਸੀਂ ਜਾਣਕੇ ਕਰਦੇ ਹੋਂ। ਜੋ ਵੀ ਗਲਤੀ ਆਦਮੀ ਕਰਦਾ ਹੈ, ਜਾਣਕੇ ਕਰਦਾ ਹੈ ।

***ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗੁਨੁ ਕਰੈ ॥***
***ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥***(ਪੰਨਾ ੧੩੭੬)

ਇਹਦੇ ਵਿਚ ਕੀ ਕੁਲਤਾ ਹੈਗੀ ? **ਹਾਥ ਦੀਪੁ** , ਤੁਹਾਡੀ ਬੁੱਧੀ ਦੇ ਵਿਚ ਅਰੂੜ ਚੇਤਨ ਬੈਠਾ ਹੈ। ਸਭ ਦੇਖਦਾ ਹੈ ਤੇ ਜਾਣਦਾ ਵੀ ਹੈ, ਫੇਰ ਤੁਸੀਂ ਖੂਹ ਚ ਗਿਰਦੇ ਹੋਂ, ਗਲਤੀ ਕਰਦੇ ਹੋਂ ਜਾਣਕੇ।

***ਸਭ ਮਹਿ ਜੋਤਿ ਜੋਤਿ ਹੈ ਸੋਇ ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥***
***ਗੁਰ ਸਾਖੀ ਜੋਤਿ ਪਰਗਟੁ ਹੋਇ ॥*** (ਪੰਨਾ ੧੩)

ਇਹ ਬਾਤ ਤੁਸੀਂ ਆਪਣੀ ਆਪ ਦੇਖੋ। ਤੁਹਾਡੇ ਮਨ ਦਾ ਉਹਦੇ ਨਾਲ ਸੰਬੰਧ ਹੋ ਗਿਆ। ਤੁਹਾਡਾ ਮਨ ਨਾਮ ਦੇ ਵਿੱਚ ਵਿੰਨਿਆ ਗਿਆ । ਇਕ ਭਾਈ ਵੀਰ ਸਿੰਘ ਹੋਰਾਂ ਨੇ ਤਾਂ ਬਹੁਤਾ ਟੀਕਾ ਕੀਤਾ ਗੁਰ ਬਾਣੀ ਦਾ। ਉਹਦੇ ਵਿੱਚ ਆਇਆ ਹੈ ਕਿ ਪਹਿਲਾਂ ਇਹਨੇ,

ਆਪਣੇ ਮਨ ਨੂੰ ਨਾਮ ਦੇ ਨਾਲ ਵਿੰਨਣਾ, ਫਿਰ ਨਾਮ ਰੱਤਾ ਹੋਣਾ, ਫਿਰ ਰਜਾ ਵਿਚ ਖੜਾ ਹੋਣਾ, ਫਿਰ ਇਹਨੇ ਉਹ ਸਿਮਰਨ ਕਦੇ ਬੰਦ ਨਹੀਂ ਕਰਨਾ, ਇਹ ਅਸਲੀ ਸੱਤ ਹੈ, ਇਸ ਨੂੰ ਪਰਮੇਰ ਪ੍ਰਾਪਤ ਹੋਏਗਾ।

***ਸਿਮਰਿ ਸਿਮਰਿ ਨਾਮੁ ਬਰੰ ਬਾਰ ॥***
***ਨਾਨਕ ਜੀਅ ਕਾ ਇਹੈ ਅਧਾਰ ॥*** (ਪੰਨਾ ੨੯੫)

ਇਹ ਪਰਮੇਰ ਦੀ ਬਖਸ਼ ਤੋਂ ਬਿਨਾਂ ਖੋਟੀ ਬੁੱਧੀ ਦੂਰ ਨਹੀਂ ਹੋਣੀ । ਸੰਤੋ ! ਸੋਚ ਲਓ, ਸਭ ਤੁਸੀਂ ਜਾਣਦੇ ਹੋ, ਉਹ ਚੀਜ ਦੱਸੋ ਸੰਤੋ ! ਜਿਸ ਕਰਕੇ ਖੋਟੀ ਬੁੱਧੀ ਨਾਸ ਹੋ ਜਾਏ ਤੇ ਆਤਮਾਕਾਰ ਬਿਰਤੀ ਇਕਾਗਰ ਹੋਕੇ ਪਰਮੇਰ ਦੀ ਪ੍ਰਾਪਤੀ ਹੋ ਜਾਏ । ਮੈਂ ਪੁੱਛਣਾ ਚਾਹੁੰਨਾ ਸੰਤੋ, ਆਹ ਕੰਮ ਕਰਨ ਵਾਲਾ ਹੈ।

**ਰਾਮ ਭਗਤਿ ਮਨੁ ਭੀਜੈ ॥ ਰਹਾਉ ॥**

ਰਾਮ ਜੀ ਦੀ ਭਗਤੀ ਦੇ ਨਾਲ ਮਨ ਭਿੱਜ ਜਾਏ । ਪ੍ਰੇਮਾ ਭਗਤੀ ਦੇ ਨਾਲ ਮਨ ਭਿੱਜਿਆ ਭੀਲਣੀ ਦਾ। ਭਿੱਜਿਆ ਕਿ ਨਹੀਂ ? ਉਹਦੇ ਚਰਣ ਧੋਣੇ ਸੇ ਸਾਰਾ ਪੰਪਾਸਰ ਐਨ ਠੀਕ ੁੱਧ ਹੋ ਗਿਆ । ਉਹਨਾਂ ਹੀ ਰਿਸ਼ੀਆਂ ਨੂੰ ਜਿਹਨਾਂ ਦੇ ਅੰਦਰ ਹੰਕਾਰ ਸੀ, ਜਲ ਪੀਣਾ ਪਿਆ, ਉਹਦੇ ਵਿਚ ਨਹਾਉਣਾ ਪਿਆ । ਪਰ ਪ੍ਰੇਮਾ ਭਗਤੀ ਦੇ ਵਿਚ ਇਹ ਮਨ ਭਿੱਜ ਜਾਏ । ਕਹਿੰਦਾ ਉਹ ਇਲਾਜ ਸੰਤੋ ਦੱਸੋ ? ਜਿਸ ਕਰਕੇ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਏ । ਸਾਰਿਆਂ ਤੋਂ ਵੱਡੀ ਪ੍ਰੇਮਾ ਭਗਤੀ ਹੈ। ਜਿੰਨੇ ਇਹ ਸਾਰੇ ਆਏ ਨੇ, ਪ੍ਰੇਮਾ ਭਗਤੀ ਲੈ ਕੇ ਆਏ ਨੇ । ਜੇ ਨਾ ਲੈਕੇ ਆਏ ਹੁੰਦੇ ਤਾਂ ਆਪ ਨੂੰ ਦਾਸ ਨਾ ਕਹਿੰਦੇ ਨਾਨਕ ਦਾਸ, ਕਬੀਰ ਦਾਸ, ਦਾਦੂ ਦਾਸ। ਦਾਸ ਦਾ ਮਤਲਬ ਇਹ ਹੁੰਦਾ ਹੈ ਜੋ ਪ੍ਰੇਮਾ ਭਗਤੀ ਐਨ ਪਰਮੇਰ ਦੀ ਪੂਰਣ ਲੈ ਕੇ ਆਉਂਦਾ ਹੈ ।

***ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥*** (ਪੰਨਾ ੧੩੮੮)

ਇਹ ਤੀਸਰੇ ਪਾਤਾਹ ਨੇ ਲਿਖਿਆ ਹੈ । ਪ੍ਰੇਮਾ ਭਗਤੀ ਦੇ ਨਾਲ ਸਾਡਾ ਉਧਾਰ ਹੋਇਐ। ਪ੍ਰੇਮਾ ਭਗਤੀ ਦੇ ਦੁਆਰੇ, ਕਿਰਪਾ ਦੇ ਦੁਆਰੇ ਸਾਨੂੰ ਗੁਰੂ ਨੇ ਆਪ ਸੰਤ ਬਣਾਇਆ । ਅਸੀਂ ਆਪ ਨਹੀਂ ਸੰਤ ਬਣੇ। ਗੁਰੂ ਅੰਗਦ ਦੇਵ ਜੀ ਦੀ ਕਿਰਪਾ ਦੁਆਰੇ ਅਸੀਂ ਸੰਤ ਬਣ ਗਏ ।

**ਮਨੁ ਮਾਇਆ ਮਹਿ ਉਰਝਿ ਰਹਿਓ ਹੈ**

ਇਹ ਤਾਂ ਸਿੱਧੀ ਬਾਤ ਹੈ ਸਾਰੇ ਜਾਣਦੇ ਹੋ ।

**ਮਨੁ ਮਾਇਆ ਮਹਿ ਉਰਝਿ ਰਹਿਓ ਹੈ** (ਪੰਨਾ ੯੦੨)

ਮਨ ਮਾਇਆ ਦੀਆਂ ਗੀਟੀਆਂ ਗਿਣਦਾ ਰਹਿੰਦੈ । ਸਵੇਰੇ ਤੜਕੇ ਉੱਠਕੇ ਕਰੀਬ ਸਵਾ ਪਹਿਰ ਦੇ ਤੜਕੇ ਨਹਾਕੇ ਬਹਿ ਜਾਇਓ। ਆਪ ਜੱਜ ਬਣਿਓ ਆਪਣੇ ਮਨ ਨੂੰ ਦੇਖਿਓ ਕੀ ਕਹਿੰਦਾ ਤੇ ਕੀ ਇਹ ਬਾਤਾਂ ਕਰਦਾ ਹੈ ? ਇਹ ਵਿਖੇਪ ਕਤੀ ਦਾ ਭਰਿਆ ਪਿਐ ਤੇ ਆਵਰਣ ਕਤੀ ਦਾ ਢਕਿਆ ਪਿਐ । ਮਾਇਆ ਦੀਆਂ ਦੋ ਹੀ ਕਤੀਆਂ ਨੇ ਇੱਕ ਆਵਰਣ ਕਤੀ ਤੇ ਇਕ ਵਿਖੇਪ ਕਤੀ । ਤੇ ਬਾਤਾਂ ਬਣਾਉਣ ਨੂੰ ਚਾਹੇ ਅਸੀਂ ਕਿੰਨੀਆਂ ਬਣਾਈ ਜਾਈਏ । ਇਹ ਤਾਂ ਰੱਬੀ ਬਾਣੀ ਹੈ। ਇਹਨੇ ਤਾਂ ਕਿਸੇ ਦੀ ਲਿਹਾਜ ਨਹੀਂ ਕਰਨੀ। ਏਥੇ ਤਾਂ ਸੱਚੋ ਸੱਚ ਨਿਬੜੇਗਾ ।

**ਬੂਝੈ ਨਹ ਕਛੁ ਗਿਆਨਾ ॥**

ਮੇਰਾ ਮਨ ਕੁਛ ਗਿਆਨ ਨਹੀਂ ਬੁੱਝਦਾ, ਨੌਵੇਂ ਪਾਤਾਹ ਕਹਿੰਦੇ । ਇਹ ਉੱਤਮ ਪੁਰ ਦੁਆਰਾ ਉਪਦੇ ਹੈ। ਮੇਰਾ ਮਨ ਗਿਆਨ ਨਹੀਂ ਬੁੱਝਦਾ। ਮੇਰਾ ਮਨ ਗਿਆਨ ਪਰ ਨਹੀਂ ਜਾਂਦਾ। ਇਹ ਮਨ, ਮਾਇਆ ਦੇ ਮੋਹ ਦੇ ਵਿਚ, ਮਮਤਾ ਦੇ ਵਿਚ ਐਨਾ ਉਲਝ ਚੁੱਕਿਆ ਹੈ, ਇਹ ਕੁੱਛ ਗਿਆਨ ਦੀ ਬੂਝ ਨਹੀਂ ਕਰਦਾ। ਇਹ ਮਨ ਨੂੰ ਬੂਝ ਉਦੋਂ ਹੋਏਗੀ, ਜਦ ਨਾਮ ਦੇ ਨਾਲ –

***ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥***

(ਪੰਨਾ ੫੫)

ਜਦ ਮਨ ਦੇ ਵਿਚ ਬਦ ਵੱਸ ਜਾਏਗਾ । ਬਦ ਦੇ ਵਿਚ ਪਰਮੇ

ਰ ਵੱਸਦਾ ਹੈ। ਤਾਂ ਉਹ ਪਰਮੇਰ ਪ੍ਰਾਪਤ ਹੋਏਗਾ। ਪਰ ਕੀਤਾ ਕੀ ਜਾਵੇ ? ਪਰਮੇਰ ਦਾ ਹੁਕਮ ਹੈ। ਅਸੀਂ ਵੀ ਕਈ ਵਾਰ ਅੜਿੱਕੇ ਆ ਜਾਂਦੇ ਹਾਂ, ਉੱਥੇ ਐਂ ਚੱਲੋ ਜੀ, ਉਥੇ ਐਂ ਕਰੋ ਜੀ। ਪਰ ਪਰਮੇਰ ਦੇ ਨਾਮ ਦੇ ਬਿਨਾਂ ਤਾਂ ਹੋਰ ਕੋਈ ਉਧਾਰ ਦਾ ਤਰੀਕਾ ਨਹੀਂ ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰੁ ਨ ਜਾਈ ॥***

(ਪੰਨਾ ੨)

ਸਾਰੇ ਜੀਆਂ ਦਾ ਇੱਕ ਦਾਤਾ ਹੈ, ਉਹਨੂੰ ਕਦੇ ਭੁੱਲਣਾ ਨਹੀਂ ਹੈਗਾ । ਉਹ ਨਾਮਦੇਵ ਨੇ ਸਾਫ ਲਿਖਿਐ –

***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥***

(ਪੰਨਾ ੧੩੭੬)

ਪੰਚਮ ਪਾਤਾਹ ਨੂੰ ਉਸ ਫਕੀਰ ਨੇ ਪੁੱਛਿਆ ਜੀ ਤੁਸੀਂ ਤਾਂ ਆਹ ਕਹਿੰਦੇ ਹੋ ਵਾਹ ਬਈ ਵਾਹ ! ਸਾਬਾ ! ਬੜੀ ਟੋਕਰੀ ਚੁੱਕੀ। ਉਹ ਫਕੀਰ ਮੁੜ ਪਿਆ। ਬਾਬੇ ਬੁੱਢੇ ਨੂੰ ਆਖਿਆ, ਉਹਨੂੰ ਮੋੜ ਲਿਆ। ਲਿਆਂਦਾ। ਲੈਚੀ ਬੇਰੀ ਹੇਠਾਂ ਸਨ ਤੇ ਉਹ ਜਦ ਆਇਆ ਕਹਿੰਦੇ –ਕਿਉਂ ਫਕੀਰ ? ਅਖੇ ਜੀ ਮੈਂ ਆਇਆ ਸੀ ਚੱਲਕੇ ਦਰਨ ਕਰਨ ਵਾਸਤੇ ਬਈ ਇੱਕ ਮਹਾਂਪੁਰ ਬਖੀਂਦ ਹੈ ਜੀਹਦੇ ਤੇ ਧੁਰੋਂ ਬਖੀ ਹੋਈ ਹੋਈ ਹੈ। ਮੈਂ ਬਖਿਆ ਜਾਊਂ । ਤੁਸੀਂ ਵਿਹਾਰ ਮੇਂ ਲੱਗੇ ਹੋਏ ਹੋਂ। ਉਹ ਕਹਿੰਦੇ ਬਹਿ ਜਾ। ਇਹ ਬਦ ਦਾ ਉਪਦੇ ਦਿੱਤਾ–

**ਸਾਚਿ ਨਾਮਿ ਮੇਰਾ ਮਨੁ ਲਾਗਾ ॥**
**ਲੋਗਨ ਸਿਉ ਮੇਰਾ ਠਾਠਾ ਬਾਗਾ॥** (ਪੰਨਾ ੩੮੪)

ਪਰ ਇਹਦਾ ਮਨ ਕਦੇ ਨਾਮ ਨਾਲੋਂ ਵਿੱਛੜੇ ਨਾ । ਪਰ ਜੇ ਨਾਮ ਪ੍ਰਾਪਤ ਹੋਵੇ ਤਾਂ ਹੀ ਨਾ ਵਿੱਛੜੇ । ਜੇ ਨਾਮ ਦੇ ਨਾਲ ਜੁੜਿਆ ਹੋਇਆ ਹੀ ਨਾ ਹੋਵੇ ਫਿਰ ਕੈਸੇ ਬਈ? ਇਹ ਤੁਸੀਂ ਆਪ ਦੇਖੋ, ਇਹ ਕਿਸੇ ਨੂੰ ਪੁੱਛਣ ਵਾਲੀ ਬਾਤ ਨਹੀਂ ਹੈ । ਇਹ ਸਭ ਤੁਸੀਂ ਆਪਣੇ ਮਨ ਦੇ ਸਾਖੀ ਹੋਂ, ਦ੍ਰਟਾ ਥੋਡਾ ਨਿੱਜ ਰੂਪ ਹੈ, ਬਿਰਤੀ ਅਰੂੜ ਚੇਤਨ ਤੁਸੀਂ ਹੋਂ, ਉਹ ਜੋਤੀ ਚਾਰ ਖਾਣੀਆਂ ਵਿਚ ਵਿਆਪਕ ਇੱਕੋ ਹੈ, ਦੋ

ਤਾਂ ਹੈ ਨਹੀਂ, ਉਸ ਤੋਂ ਬਿਨਾਂ ਸਭ ਝੂਠ ਹੈ । ਇਹਨੂੰ ਦ੍ਰਿੜ ਨਿਚਾ ਨਹੀਂ ਹੋਇਆ। ਕ੍ਰਿਪਾ ਨਹੀਂ ਹੋਈ, ਬਖ਼ਸ਼ ਨਹੀਂ ਹੋਈ। ਪੂਰਣ ਸੰਤ, ਪੂਰਣ ਪਰਮੇਰ ਦੀ ਬਖ਼ਸ਼ ਬਿਨਾਂ ਇਹ ਕੰਮ ਚੱਲਣ ਵਾਲਾ ਨਹੀਂ ਹੈਗਾ । ਚਾਹੇ ਹੋਰ ਤੁਸੀਂ ਸੋਚ ਲਉ । ਚੱਲ –

**ਕਉਨੁ ਨਾਮੁ ਜਗੁ ਜਾ ਕੈ ਸਿਮਰੈ**

ਉਹ ਕਿਹੜਾ ਨਾਮ ਹੈ ਜਗਤ ਦੇ ਵਿੱਚ ਜਿਸ ਦੇ ਸਿਮਰਨੇ ਸੇ –

**ਪਾਵੈ ਪਦੁ ਨਿਰਬਾਨਾ ॥**

ਹਮਾਰੇ ਕੋ ਨਿਰਬਾਣ ਪਦ ਦੀ ਪ੍ਰਾਪਤੀ ਹੋ ਜਾਏ, ਜਿਹੜੀ ਮਹਾਤਮਾ ਬੁੱਧ ਨੂੰ ਪ੍ਰਾਪਤ ਹੋਈ ਸੀ। ਜਿਥੇ ਦੁੱਖ ਸੁੱਖ ਦਾ ਲੇ ਮਾਤਰ ਨਹੀਂ ਹੈ । ਉਹ ਨਿਰਬਾਣ ਪਦ ਦੀ ਪ੍ਰਾਪਤੀ ਮੈਨੂੰ ਹੋ ਜਾਏ, ਨੌਵੇਂ ਪਾਤਾਹ ਕਹਿੰਦੇ ਹੇ ਪਰਮੇਰ ! ਉਹ ਕੌਣ ਨਾਮ ਹੈ ਜੀਹਦੇ ਸਿਮਰਨ ਤੇ ਨਿਰਬਾਣ ਪਦ ਦੀ ਪ੍ਰਾਪਤੀ ਹੈ ?

**ਭਏ ਦਇਆਲ ਕ੍ਰਿਪਾਲ ਸੰਤ ਜਨ**

ਮੇਰੇ ਉਤੇ ਬੜੇ ਕਿਰਪਾਲੂ ਹੋਏ ਮੇਰੇ ਗੁਰੂ, ਬੜੇ ਸੰਤ । ਮੇਰੇ ਤੇ ਦਯਾ ਕੀਤੀ ਉਹਨਾਂ ਨੇ ਬੜੀ ਮਿਹਰ ਕੀਤੀ । ਕੀ ਕਿਹਾ ਫਿਰ –

**ਤਬ ਇਹ ਬਾਤ ਬਤਾਈ ॥**

ਫੇਰ ਇਹ ਗੁਰ ਕੀ ਬਾਤ ਮੈਨੂੰ ਉਹਨਾਂ ਨੇ ਬਤਾਈ ਜਿਹੜੀ ਅਸਲੀ ਬਾਤ ਸੀ।

**ਸਰਬ ਧਰਮ ਮਾਨੋ ਤਿਹ ਕੀਏ**

ਸਾਰੇ ਧਰਮ ਸਮਝ ਲਉ ਉਸ ਪੁਰ ਨੇ ਕਰ ਲਏ । ਉਸ ਜੀਵ ਨੇ ਸਾਰੇ ਧਰਮ ਕਰ ਲਏ ।

**ਜਿਹ ਪ੍ਰਭ ਕੀਰਤਿ ਗਾਈ ॥**

ਜਿਸ ਨੇ ਪਰਮੇਰ ਦੀ ਕੀਰਤੀ ਗਾਈ ਹੈ । ਨਾਮ ਅਨੇਕ ਨੇ ਤੇ ਨਾਮੀ ਇੱਕ ਹੈ। ਜੇ ਉਹ ਇੱਥੇ ਇਕ ਨਾਮ ਦੱਸ ਦਿੰਦੇ ਤਾਂ ਪੱਖ ਪਾਤ

ਹੋ ਜਾਂਦਾ। ਪਰਮੇਰ ਦੀ ਕੀਰਤੀ ਜਿਨ੍ਹਾਂ ਨੇ ਵੀ ਗਾਈ ਹੈ ਉਹਨਾਂ ਦੇ ਸਾਰੇ ਧਰਮ ਪੂਰੇ ਹੋ ਗਏ ।

**ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ**

ਕਹਿੰਦੇ ਰਾਮ ਹੈ ਨਾਮ ਜਿਸਕਾ, ਸੋ ਸਾਰੇ ਰਮਿਆ ਹੋਇਆ ਹੈ –

***ਰਮਤ ਰਾਮ ਜਨਮੁ ਮਰਨੁ ਨਿਵਾਰੈ ॥*** (ਪੰਨਾ ੩੯੪)

ਰਾਮ ਹੈ ਨਾਮ ਜਿਸਕਾ ਜਿਹੜਾ ਸਾਰੇ ਰਮਿਆ ਹੋਇਐ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥***

(ਪੰਨਾ ੧੪੨੭)

ਜਿਹੜਾ ਸਾਰਿਆਂ ਦੀ ਬੁੱਧੀ ਰੂਪੀ ਗੁਫਾ ਦੇ ਵਿਚ ਜੋਤੀ ਸਰੂਪ ਬੈਠਾ ਹੈ । ਹੁਣ ਫਿਰ ਪੜ੍ਹ –

**ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ**
**ਨਿਮਖ ਏਕ ਉਰਿ ਧਾਰੈ ॥**

ਇਹ ਉਸ ਰਾਮ ਦੇ ਨਾਮ ਨੂੰ ਇਕਾਗਰ ਬਿਰਤੀ ਨਾਲ ਇਕ ਨਿਮਖ ਮਾਤਰ ਵੀ ਧਾਰਣ ਕਰ ਲਏ ।

***ਏਕ ਚਿਤਿ ਜਿਹ ਇਕ ਛਿਨ ਧਿਆਇਓ ॥***

***ਕਾਲ ਫਾਸ ਕੇ ਬੀਚ ਨ ਆਇਓ॥*** (ਅਕਾਲ ਉਸਤਤਿ)

ਜੇ ਇਹਦਾ ਮਨ ਛਿਨ ਮਾਤਰ ਵੀ ਉਸ ਪਰਮੇਰ ਦੀ ਔਰ ਗੁਰੂ ਦੀ ਕ੍ਰਿਪਾ ਨਾਲ ਜੁੜ ਜਾਏ।

**ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ**

ਗੁਰੂ ਸਾਹਿਬ ਕਹਿੰਦੇ ਫਿਰ ਆਉਣੇ ਜਾਣੇ ਦਾ ਇਹਦਾ ਜਮਾਂ ਦਾ ਤ੍ਰਾਸ ਮਿਟ ਜਾਏ, ਜਨਮ ਮਰਨ ਕੱਟਿਆ ਜਾਏ, ਜਨਮ ਮਰਨ ਟੁੱਟ ਜਾਏ । ਇਹ ਹੈ ਭਾਈ ਅਸਲੀ ਬਾਤ । ਇਹ ਇਤਨਾ ਪਰਮੇਰ ਦਾ ਧਿਆਨ ਤੇ ਕੀਰਤਨ ਕਰੇ, ਨਾਮ ਦਾ ਅਭਿਆਸ –

***ਸੁਣਿਆ ਮੰਨਿਆ ਮਨਿ ਕੀਤਾ ਭਾਉ॥***

***ਅੰਤਰਗਤਿ ਤੀਰਥਿ ਮਲਿ ਨਾਉ ॥*** (ਪੰਨਾ ੪)

ਜੇ ਸ੍ਰਵਣ, ਮੰਨਣ, ਨਿਧਿਆਸਨ ਦੁਆਰਾ ਨਾਮ ਦਾ, ਤੇ ਪਰਮੇਰ ਦੇ ਵਿਚ ਲੀਨ ਹੋ ਜਾਏ ਇਹਦੀ ਬਿਰਤੀ, ਸੁਰਤੀ । ਫਿਰ ਇਹ ਉਹਦਾ ਰੂਪ ਹੋ ਜਾਏਗਾ ।

***ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥*** (ਪੰਨਾ ੫੫)

ਜਿਥੇ ਜੋਤੀ ਦੇ ਵਿਚ ਜੋਤ ਸਮਾ ਜਾਣੀ ਹੈ, ਉਥੇ ਕਾਲ ਦੀ ਗੰਮਤਾ ਹੀ ਨਹੀਂ ਹੈ, ਉਥੇ ਕਾਲ ਪਹੁੰਚਦਾ ਹੀ ਨਹੀਂ ਹੈ ਉਸ ਜਗ੍ਹਾ।

***ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥***

(ਪੰਨਾ ੫੫)

ਇਹ ਵੀ ਗੁਰੂ ਸਾਹਿਬ ਨੇ ਲਿਖਿਆ ਹੈ, ਜਿਥੇ ਗੁਰੂ ਦਾ ਬਦ ਇਹਦੇ ਮਨ ਨੂੰ ਲੈ ਜਾਏਗਾ ਨਾਮ ਦੁਆਰਾ ।

***ਤਿਥੈ ਕਾਲੁ ਨ ਅਪੜੈ*** (ਪੰਨਾ ੫੫)

ਓਥੇ ਕਾਲ ਨਹੀਂ ਜਾਏਗਾ। ਉਹ ਦੇਸ ਕਾਲ ਤੇ ਅੱਗੇ ਲੰਘਕੇ ਪਰਮੇ ਰ ਮੇਂ ਲੀਨ ਹੋ ਜਾਏਗਾ। ਉਹ ਗੁਰੂ ਤੇਗ ਬਹਾਦਰ ਲੀਨ ਹੋ ਗਏ ਸੇ , ਉਹ ਪਰਮੇਰ ਨਾਲ ਇੱਕ ਹੋ ਗਏ ਸੀ, ਉਹਨਾਂ ਨੂੰ ਇਹ ਬਾਣੀ ਆਈ, ਉਹਨਾਂ ਨੇ ਬਾਣੀ ਦਾ ਇਹ ਬਦ ਦਾ ਉਚਾਰਣ ਕੀਤਾ। ਪੜ੍ਹ ਭਾਈ –

**ਅਪੁਨੋ ਜਨਮੁ ਸਵਾਰੈ ॥**

ਉਹਦਾ ਜਨਮ ਸਵਾਰਿਆ ਜਾਏਗਾ । ਉਹਦਾ ਜਨਮ ਮਰਨ ਮਿਟ ਜਾਏਗਾ । ਉਹਦਾ ਜਨਮ ਸਫਲ ਹੋ ਜਾਏਗਾ ।

ਪੜ੍ਹਦੇ ਪਿਛਲੀ ਪੰਕਤੀ –

**ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ॥**
**ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥**

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ॥

❑

ੴ ਸਤਿਗੁਰ ਪ੍ਰਸਾਦਿ॥

## ੩੫

**ਧਨਾਸਰੀ ਮਹਲਾ ੫ ॥**

**ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥**
**ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥ ੧॥**
**ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥**
**ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ॥**
**ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ॥**
**ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ॥੨॥**

(ਪੰਨਾ ੬੮੦)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ ।

**ਧਨਾਸਰੀ ਮਹਲਾ ੫ ॥**

ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਧਨਾਸਰੀ ਰਾਗ ਦੇ ਵਿੱਚ ਕਥਨ ਕਰਦੇ ਨੇ –

**ਜਤਨ ਕਰੈ ਮਾਨੁਖ ਡਹਕਾਵੈ**

ਐਵੇਂ ਇਹ ਲੋਕਾਂ ਨੂੰ ਖਰਾਬ ਕਰਦੈ, ਯਤਨ ਕਰਕੇ ਮੱਨੁਖਾਂ ਨੂੰ ਖਰਾਬ ਕਰਦੈ । ਆਹ ਲੁੱਚੇ ਜਿਹੇ ਆਦਮੀ ਬੜੇ ਲੋਕਾਂ ਨੂੰ ਖਰਾਬ ਕਰਦੇ ਨੇ। ਇਥੇ ਕੁੱਛ ਕਹਿ ਦਿੱਤਾ, ਉਥੇ ਕੁੱਛ ਕਹਿ ਦਿੱਤਾ । ਇਹੋ ਜਿਹੇ ਆਦਮੀ ਲੋਕਾਂ ਨੂੰ ਬੜਾ ਖਰਾਬ ਕਰਦੇ ਨੇ । ਸੱਚ ਨੂੰ ਤਾਂ ਰੱਖਦੇ ਨਹੀਂ, ਇਹ ਡਰਦੇ ਹੀ ਨਹੀਂ ਕਿ ਝੂਠ ਬੋਲਣਾ ਪਾਪ ਹੈ । ਇਹ ਲਿਖਿਆ ਹੋਇਐ ਗ੍ਰੰਥ–ਕਾਰਾਂ ਨੇ ।

*ਨਹੀਂ ਅਸੱਤ ਸਮ ਪਾਤਿਕ ਪੁੰਜਾ ।* (ਰਾਮਾਇਣ)

ਤੁਲਸੀ ਦਾਸ ਕਹਿੰਦੇ – ਦੇਖੀਂ ਝੂਠ ਨਾ ਕਿਤੇ ਬੋਲ ਪਈਂ। ਝੂਠ ਜਿੱਡਾ ਵੱਡਾ ਪਾਪ ਦੁਨੀਆਂ ਵਿਚ ਕੋਈ ਨਹੀਂ ਹੈਗਾ, ਇਹ ਲੋਕਾਂ ਨੂੰ ਸਮਝਦੇ ਨੇ ਐਵੇਂ । ਪੜ੍ਹਦੇ –

**ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥**

ਉਹ ਤੇਰੇ ਹਿਰਦੇ ਦੇ ਵਿੱਚ, ਬਿਰਤੀ ਵਿੱਚ ਬੈਠਾ ਤੇਰੀ ਬਿਰਤੀ ਨੂੰ ਤੇਰੇ ਫੁਰਨੇ ਨੂੰ ਦੇਖਦਾ ਜਾਣਦਾ ਨਹੀਂ ਹੈ ?

**ਰਾਖਾ ਏਕੁ ਹਮਾਰਾ ਸੁਆਮੀ॥**
**ਸਗਲ ਘਟਾ ਕਾ ਅੰਤਰਜਾਮੀ ॥** (ਪੰਨਾ ੧੧੩੬)

ਇਕ ਬਾਤ ਹੋਰ ਵੀ ਹੈ ਜਦ ਆਦਮੀ ਕਿਸੇ ਨੂੰ ਭਕਾਉਂਦੈ, ਪਤਾ ਤਾਂ ਉਹਨੂੰ ਵੀ ਲੱਗ ਜਾਂਦੈ ਬਈ ਜਿਹੜੀਆਂ ਐਂ ਗੱਲਾਂ ਕਰਦੈ ਇਹ, ਹੈ ਵਾਧੂ ਜਿਹੀਆਂ, ਸਮਝ ਗਏ ਪਤਾ ਹੁੰਦੈ ਪਰ ਜਕਦਾ ਰਹਿੰਦੈ। ਪਰ ਜੋ ਇਹ ਰਾਜਨੀਤਕ ਲੋਕ ਨੇ ਇਹਨਾਂ ਨੇ ਬਹੁਤੀ ਖਰਾਬੀ ਕੀਤੀ ਹੈ । ਇਹਨਾਂ ਨੇ ਸਿਆਸਤ ਨਾਉਂ ਰੱਖ ਲਿਆ ਹੈ ਝੂਠ ਦਾ। ਦੁਨੀਆਂ ਦਾ ਨਾਸ ਕਰਕੇ ਰੱਖ ਦਿੱਤਾ । ਜੇ ਉਹ ਭਲੇ ਕੰਮ ਕਰਨ ਤਾਂ ਸਾਰੇ ਲੋਕ ਅੱਛੇ ਪਾਸੇ ਆ ਜਾਣ। ਏਸ ਕਰਕੇ ਦੁਨੀਆਂ ਨੂੰ ਦੁਖਾਇਆ ਨਾ ਕਰੋ, ਉਹ ਅੰਤਰਜਾਮੀ ਦਾ ਜਿਹੜਾ ਹੁਕਮ ਹੈ, ਉਹਨੂੰ ਹਰ ਵਕਤ ਦੇ ਖਿਆ ਕਰੋ। ਉਹ ਅੰਤਰਜਾਮੀ ਅੰਦਰ ਬੈਠਾ ਦੇਖਦੈ, ਉਹ ਤੁਹਾਨੂੰ ਵੀ ਦੱਸ ਦਿੰਦਾ ਹੈ, ਬਈ ਐਨਾ ਤੂੰ ਝੂਠ ਬੋਲਿਆ ਅਰ ਐਨਾ ਸੱਚ ਬੋਲਿਆ । ਹੋਰ ਤੁਹਾਨੂੰ ਕੋਈ ਨਹੀਂ ਦਸਦਾ। ਤੁਹਾਨੂੰ ਪਤੈ ਜਦ ਤੁਸੀਂ ਝੂਠ ਬੋਲਦੇ ਹੋਂ, ਸੱਚ ਬੋਲਦੇ ਹੋਂ, ਤੁਹਾਨੂੰ ਨਹੀਂ ਪਤਾ ਹੁੰਦਾ ? ਤੁਸੀਂ ਰੋਜ ਜਾਣਦੇ ਹੋਂ ਸਭ ਕੁੱਛ । ਜਿਹੜਾ ਧੋਖੇ ਚ ਆ ਗਿਆ ਜਾਂ ਨਾ ਆਇਆ, ਵਾਹ ਨਹੀਂ ਕੁੱਛ । ਚੱਲੀਏ –

**ਪਾਪ ਕਰੇ ਕਰਿ ਮੂਕਰਿ ਪਾਵੈ**

ਕਿੰਨੀ ਬੁਰੀ ਬਾਤ ਹੈ, ਪਾਪ ਕਰਦੈ ਫਿਰ ਮੁੱਕਰਦੈ ਤੇ ਜੀਹਨੇ ਅੰਦਰ ਬੈਠਕੇ ਟੈਪ ਕਰਨੈ, ਉਹ ਤਾਂ ਅੰਤਰਜਾਮੀ ਚੇਤਨ ਹੈ । ਉਹਦੇ

ਅੱਗੇ ਤੁਸੀਂ ਕੀ ਕਰੋਂਗੇ ? ਕਰਮ ਤਾਂ ਓਥੇ ਬਣਨੇ ਨੇ ਤੁਹਾਡੇ । ਕਰਮ ਤਾਂ ਈਰ ਨੇ ਬਣਾਉਣੇ ਨੇ, ਭੁਗਤਾਉਣੇ ਵੀ ਈਰ ਨੇ ਹੀ ਨੇ।

**ਭੇਖ ਕਰੈ ਨਿਰਬਾਨੈ ॥**

ਨਿਰਬਾਣ ਭੇਖ ਬਣਾਉਂਦੈ । ਜਟਾਂ ਬਣਾਕੇ ਇਹੋ ਜਿਹਾ ਬਣਾਉਂਦੈ ਦੁਨੀਆਂ ਨੂੰ ਭੁਲਾ ਦਿੰਦਾ ਹੈ। ਇਹ ਬੜਾ ਮਹਾਤਮਾ ਹੈ । ਪਰ ਅੰਦਰ ਲੱਗੀ ਹੈ ਅੱਗ ਮਾਇਆ ਦੀ।

**ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥**

ਪ੍ਰਭੂ ਨੇੜੇ ਤੋਂ ਨੇੜੇ ਹੈ, ਪਰ ਇਹ ਜਾਣਦਾ ਦੂਰ ਹੈ । ਇਹਦੀ ਗਲਤੀ ਇਹੀ ਹੈ। ਨੇੜੇ ਆਪਾ ਹੈ । ਤੁਸੀਂ ਪਹਿਲਾਂ ਦੱਸੋ ਜਦ ਤੁਸੀਂ ਆਪਣੇ ਖਿਆਲਾਂ ਨੂੰ ਦੇਖਦੇ ਹੋਂ, ਖਿਆਲੀ ਤਾਂ ਤੁਸੀਂ ਹੋਂ, ਖਿਆਲ ਤਾਂ ਨਾਨਾ ਨੇ, ਖਿਆਲੀ ਤਾਂ ਤੁਸੀਂ ਇੱਕ ਹੋਂ। ਥੋਡੇ ਕੋਲ ਦੀ ਖਿਆਲ ਲੰਘਣੇ ਨੇ ਸਾਰੇ। ਸਾਰੇ ਤੁਸੀਂ ਦੇਖਣੇ ਨੇ, ਤੇ ਏਸ ਕਰਕੇ ਉਹ ਦੇਖਣ ਵਾਲਾ ਪਰਮੇਰ ਤਾਂ ਥੋਡਾ ਆਪਾ ਹੈ। ਅਤਿਅੰਤ ਨਦੀਕ ਹੈ ਪਰ ਤੁਸੀਂ ਉਹਨੂੰ ਦੂਰ ਜਾਣਦੇ ਹੋਂ ਕਿਤੇ । ਹਾਂ –

**ਉਤ ਤਾਕੈ ਉਤ ਤੇ ਉਤ ਪੇਖੈ**

ਨਾਲੇ ਤਾਂ ਐਧਰ ਉੱਧਰ ਦੇਖਦੈ ਬਈ ਗੱਲ ਤਾਂ ਹੈ ਆਹ ਤੇ ਮੇਰਾ ਪੋਲ ਵੀ ਨਾ ਖੁਲ੍ਹ ਜਾਏ ਤੇ ਨਾਲੇ ਉਦੋਂ ਹੀ ਕਰਦੈ। ਪਰ ਉਹ ਅਤਿਅੰਤ ਨਦੀਕ ਹੈ ਇਹ ਦੂਰ ਦੇਖਦੈ ਉਹਨੂੰ, ਬਈ ਖੌਰੇ ਰੱਬ ਕਿਤੇ ਅਲਹਿਦਾ ਹੁੰਦਾ ਹੈ ।

**ਆਵੈ ਲੋਭੀ ਫੇਰਿ॥ ਰਹਾਉ॥**

ਫੇਰ ਇਹ ਲੋਭ ਦੇ ਵਿੱਚ ਫੇਰੇ ਮਾਰਦੈ। ਲੋਭ ਦੇ ਵਿਚ ਇਹ ਸਾਰੀਆਂ ਗੱਲਾਂ ਕਰਦਾ ਹੈ ।

**ਜਬ ਲਗੁ ਤੁਟੈ ਨਾਹੀ ਮਨ ਭਰਮਾ**

ਜਦ ਤੱਕ ਥੋਡੇ ਮਨ ਦਾ ਭਰਮ ਨਹੀਂ ਟੁੱਟਦਾ ਮਨ ਤਾਂ ਕੋਈ ਚੀ ਨਹੀਂ । ਸੰਕਲਪ ਵਿਕਲਪ ਹੀ ਮਨ ਹੈ । ਸੰਕਲਪ ਵਿਕਲਪ ਦਾ

ਨਾਉਂ ਹੀ ਮਨ ਹੈ। ਤੁਸੀਂ ਤਾਂ ਮਨ ਨੂੰ ਦੇਖਣੇ ਵਾਲੇ, ਜਾਨਣੇ ਵਾਲੇ ਹੋ, ਤੁਸੀਂ ਤਾਂ ਆਤਮਾ ਚੇਤਨ ਹੋ । ਏਸ ਕਰਕੇ ਤੁਸੀਂ ਭਰਮ ਦੇ ਵਿਚ ਫਸ ਗਏ, ਮਨ ਬਣ ਗਏ, ਤੁਸੀਂ ਆਪਣੇ ਆਪ ਨੂੰ ਮਨ ਮੰਨਣ ਲੱਗ ਗਏ , ਤੁਸੀਂ ਮਨ ਨਹੀਂ । ਮਨ ਤਾਂ ਇਕ ਬਿਰਤੀ ਹੈ ਜੜ, ਤੇ ਤੁਸੀਂ ਹੋਂ ਚੇਤਨ, ਤੁਸੀਂ ਤਾਂ ਗਿਆਨ ਹੋਂ। ਤੁਸੀਂ ਜੜ੍ਹ ਥੋੜੀ ਹੋਂ, ਤੁਸੀਂ ਤਾਂ ਵਿਆਪਕ ਹੋਂ, ਪਰੀਪੂਰਣ ਹੋਂ। ਆਤਮਾ ਪਰਮਾਤਮਾ ਤੇ **ਦਾਨਾ ਬੀਨਾ ਸਾਂਈ ਮੈਡਾ** ਹਾਂ ਜੀ –

**ਤਬ ਲਗੁ ਮੁਕਤੁ ਨ ਕੋਈ ॥**

ਕੋਈ ਮੁਕਤ ਨਹੀਂ ਹੋਏਗਾ ਜਦ ਤੱਕ ਸਰੂਪ ਦੀ ਪ੍ਰਾਪਤੀ ਨਹੀਂ ਹੋਏਗੀ। ਜਦ ਤੱਕ ਤੁਹਾਨੂੰ ਸਰੂਪ ਦੀ ਪ੍ਰਾਪਤੀ ਨਹੀਂ ਹੋਊ, ਉਦੋਂ ਤੱਕ ਕਿਸੇ ਦੀ ਮੋਕ ਨਹੀਂ ਹੋਊ, ਆਪਣੇ ਸਰੂਪ ਦੀ ਪ੍ਰਾਪਤੀ ਕਰੋ। ਆਪਣਾ ਸਰੂਪ ਥੋਡਾ ਆਪਾ ਹੈ । ਇਹ –

***ਤਦਾ ਦ੍ਰਸਟੂ ਸ੍ਵਰੂਪੇ ਅਵਸਥਾਨਮ ॥*** (ਉਪਨਿਦ)

ਉਹ ਕਹਿੰਦਾ – ਉਏ ਸਰੂਪ ਦੇ ਵਿੱਚ ਇਸਥਿਤ ਹੋ ਜਾ । ਦ੍ਰਟਾ ਦੇ ਵਿੱਚ ਇਸਥਿਤ ਹੋ ਜਾ, ਇਹ ਤੇਰਾ ਸਰੂਪ ਹੈ । ਉਹ ਜਿਹੜਾ ਅੰਦਰ ਦ੍ਰਟਾ ਚੇਤਨ ਹੈ ਗਿਆਤਾ **ਆਤਮਾ** ਉਹਦੇ ਵਿੱਚ ਇਸਥਿਤ ਹੋ ਜਾ, ਉਹ ਤੇਰਾ ਆਪਾ ਹੈ ਤੇ ਤੇਰਾ ਜਨਮ ਮਰਨ ਕੱਟਿਆ ਜਾਏਗਾ ।

**ਕਹੁ ਨਾਨਕ ਦਇਆਲ ਸੁਆਮੀ**

ਉਹ ਸੁਆਮੀ ਬੜਾ ਦਿਆਲੂ ਹੈ ।

***ਰਾਖਾ ਏਕੁ ਹਮਾਰਾ ਸੁਆਮੀ ॥***
***ਸਗਲ ਘਟਾ ਕਾ ਅੰਤਰਜਾਮੀ ॥*** (ਪੰਨਾ ੧੧੩੬)

ਉਹ ਬੜਾ ਦਿਆਲੂ ਹੈ, ਉਹ ਪਰਮੇਰ ਬੜਾ ਦਿਆਲੂ ਹੈ, ਉਹਦਾ ਦਾਸ ਬਣ ਜਾ ਸੱਚੇ ਦਿਲੋਂ।

**ਸੰਤੁ ਭਗਤੁ ਜਨੁ ਸੋਈ ॥**

ਇਕ ਵਾਰੀ ਉਸ ਦਿਆਲੂ ਦੀ ਕਿਰਪਾ ਹੋ ਗਈ, ਜੀਹਨੂੰ ਆਤਮਾ ਪ੍ਰਮਾਤਮਾ ਦੀ ਪ੍ਰਾਪਤੀ ਹੋ ਗਈ, ਉਹਨੂੰ ਚਾਹੇ ਸੰਤ ਕਹਿ ਦਿਉ, ਚਾਹੇ ਭਗਤ ਕਹਿ ਦਿਉ, ਉਹਦੇ ਤੇ ਪਰਮੇਰ ਦੀ ਕਿਰਪਾ ਹੋ ਗਈ ਤੇ ਕਿਰਪਾ ਦੇ ਨਾਲ ਉਹਦਾ ਸਾਰਾ ਕਾਰਜੁ ੱਧ ਹੋ ਗਿਆ ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।।

❑

ੴ ਸਤਿਗੁਰ ਪ੍ਰਸਾਦਿ॥

## ੩੬

**ਸੋਰਠਿ ਮਹਲਾ ੫ ॥**

**ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ॥**
**ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ॥੧॥**
**ਹੋਈ ਰਾਜੇ ਰਾਮ ਕੀ ਰਖਵਾਲੀ ॥**
**ਸੂਖ ਸਹਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ ॥ ਰਹਾਉ॥**
**ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥**
**ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥੨॥**

(ਪੰਨਾ ੬੨੦)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ ।

ਇਹ ਰੱਬੀ ਬਾਣੀ ਦਾ ਵਾਕ, ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਦੁਆਰੇ ਆਇਆ ਹੈ, ਇਹ ਧੁਰੋਂ ਆਈ ਹੋਈ ਬਾਣੀ ਹੈ, ਇਲਹਾਮ ਹੈ। ਪੂਰਣ ਪੁਰਾਂ ਨੂੰ ਇਲਹਾਮ ਹੁੰਦਾ ਹੈ । ਉਸ ਇਲਹਾਮ ਦੇ ਮਗਰ ਦੁਨੀਆ ਦੇ ਜਿਤਨੇ ਮੋਕ ਦੇ ਹਿਤੈਂ ਨੇ, ਉਹ ਬਖੇ ਜਾਂਦੇ ਨੇ । ਇਸ ਕਰਕੇ ਪੰਚਮ ਪਾਤਾਹ ਦੁਆਰਾ ਜੋ ਹੁਕਮਨਾਮਾ ਹੈ, ਉਸ ਪੰਚਮ ਪਾਤਾਹ ਦੀ ਬਾਬਤ ਲਿਖਿਆ ਹੈ –

***ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥***
***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥***

(ਪੰਨਾ ੧੪੦੯)

ਇਹ ਹਰੀ ਪਰਤੱਖ ਹੈ **ਗੁਰੂ ਅਰਜਨ ਦੇਵ** । ਇਹ ਮਥਰਾ ਭੱਟ ਦਾ ਕਥਨ ਹੈ, ਉਹ ਜੋ ਪਰੀਪੂਰਣ ਸੀ ਪ੍ਰਿਥਵੀ ਆਕਾ ਸਾਰੇ ਵਿਆਪਕ, ਉਹ ਹੁਣ ਵਿਆਪਕ ਸਰਗੁਣ ਰੂਪ ਧਾਰਕੇ ਬੈਠੈ, ਜਿਹਨਾਂ ਨੇ ਭੱਟਾਂ ਦਾ ਜਿਤਨਾਂ ਸਰਾਪ ਸੀ, ਉਹ ਵੀ ਨਵਿਰਤ ਕਰ ਦਿੱਤਾ ਤੇ ਉਹਨਾਂ ਨੂੰ ਗਿਆਨ ਵੀ ਬਖ ਦਿੱਤਾ ਤੇ ਉਹ ਪਰਮੇਰ ਦੀ ਦਰਗਾਹ ਦੇ ਅਧਿਕਾਰੀ ਹੋ ਗਏ। ਏਸ ਕਰਕੇ ਉਹ ਮਥਰਾ ਭੱਟ ਕਹਿੰਦਾ ਇਹ ਗੁਰੂ ਅਰਜਨ ਪਰਤੱਖ ਹਰੀ ਨੇ । ਇਹਨਾਂ ਦਾ ਜੋ ਵਾਕ ਹੁੰਦੈ, ਉਹ ਹਰੀ ਦਾ ਵਾਕ ਹੁੰਦੈ । ਚਲੋ–

**ਸੋਰਠਿ ਮਹਲਾ ੫ ॥**

ਪੰਚਮ ਪਾਤਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸੋਰਠ ਰਾਗ ਵਿਚ ਕਥਨ ਕਰਦੇ ਨੇ–

**ਦੂਰਤੁ ਗਵਾਇਆ ਹਰਿ ਪ੍ਰਭਿ ਆਪੇ**

ਜਦ ਪਰਮੇਰ ਦੇ ਦਿਲ ਵਿੱਚ ਰਹਿਮ ਆਉਂਦਾ ਹੈ, ਉਹ ਦੁਨੀਆਂ ਦਾ ਜਿੰਨਾ ਦੁੱਖ ਹੁੰਦੈ, ਉਹ ਸਾਰਾ ਨਾਸ ਕਰ ਦਿੰਦਾ ਹੈ । ਜਦ ਪਰਮੇ ਰ ਦੇ ਦਿਲ ਵਿਚ ਮਿਹਰ ਆਉਂਦੀ ਹੈ, ਤੁਸੀਂ ਦੇਖਦੇ ਹੋਂ ਕਿਸੇ ਕਿਸੇ ਸਾਲ ਤੁਹਾਡੇ ਸਾਹਮਣੇ, ਇੱਕ ਇਹੋ ਜਿਹੇ ਆਦਮੀ ਨੇ ਜਿੰਨ੍ਹਾ ਕੋਲ ਪੱਠਾ ਨਹੀਂ ਰਿਹਾ ਚਾਰਨ ਨੂੰ, ਫਸਲ ਨਹੀਂ ਰਹੀ। ਇੱਕ ਇਹੋ ਜਿਹੇ ਆਦਮੀ ਨੇ ਉਹਨਾਂ ਦੀ ਇਹੋ ਜਿਹੀ ਫਸਲ ਲੱਗੀ ਹੋਈ ਹੈ, ਕਦੇ ਅੱਜ ਤੱਕ ਲੱਗੀ ਨਹੀਂ ਹੈ। ਉਹ ਪਰਮੇਰ ਦੇ ਵੱਸ ਹੈ, ਕਿਸੇ ਜੀਵ ਦੇ ਕੁੱਛ ਵੱਸ ਨਹੀਂ। ਜੀਵ ਨੇ ਤਾਂ ਪ੍ਰਾਰਥਨਾ ਕਰਨੀ ਹੈ, ਬੇਨਤੀ ਕਰਨੀ ਹੈ, ਅਰਦਾਸ ਕਰਨੀ ਹੈ, ਭਲਾ ਕੰਮ ਕਰਨੈ, ਸੇਵਾ ਕਰਨੀ ਹੈ, ਨਾਮ ਜਪਣੈ, ਜੀਵ ਦੇ ਤਾਂ ਇਹ ਫਰ ਨੇ । ਤੇ ਉਹ ਪਰਮੇਰ ਹੈ ਕਰਨ ਵਾਲਾ। ਗੀਤਾ ਵਿੱਚ ਵੀ ਲਿਖਿਐ –

***ਕਰਮਣਯੇਵਾ ਧਿਕਾਰਸਤੇ ਮਾ ਫਲੇ਼ੂ ਕਦਾਚਨ।***

***ਮਾ ਕਰਮਫਲ ਹੇਤੁਰ ਭੂਰਮਾ ਤੇ ਸੰਗੋਅਸਤਵ ਕਰਮਣਿ॥***

(ਗੀਤਾ ੨/੪੭)

ਉਹ ਜਦ ਅਰਜਨ ਲੜਾਈ ਦੇ ਵਿੱਚ ਸੀ, ਐਂ ਨਹੀਂ, ਐਂ ਹੋ ਜਾਂਦਾ। ਉਹ ਕ੍ਰਿਨ ਕਹਿੰਦਾ ਤੇਰਾ ਕਰਮਾਂ ਦਾ ਅਧਿਕਾਰ ਹੈ, ਤੇਰਾ ਅਧਿਕਾਰ ਨਹੀਂ ਇਸ ਗੱਲ ਦਾ –

***ਮਾ ਕਰਮ ਫਲ ਹੇਤੁਰ ਭੂਰਮਾ ਤੇ ਸੰਗੋ ਸਤਵ ਕਰਮਣਿ।***

ਫਲ ਤਾਂ ਈਰ ਪਾਸੋਂ ਆਉਣਾ ਹੈ। ਕਰਮ ਜੀਵ ਨੇ ਕਰਨਾ ਹੈ ਤੇ ਫਲ ਈਰ ਦੇ ਹੱਥ ਹੈ। ਜੇ ਜੀਵ ਦੇ ਹੱਥ ਵਿਚ ਕਰਮ ਤੇ ਫਲ ਵੀ ਹੋਵੇ ਤਾਂ ਫੇਰ ਤਾਂ ਇਹ ਕਿਸੇ ਨੂੰ ਪੁੱਛੇ ਹੀ ਨਾ । ਇਹ ਤਾਂ ਹੁਣੇ ਨਹੀਂ ਪੁੱਛਦਾ ਹੈਗਾ, ਨਾਲੇ ਇਹਨੂੰ ਪਤੈ ਬਈ ਮੇਰੇ ਹੱਥ ਵਿਚ ਫਲ ਨਹੀਂ। ਏਸ ਕਰਕੇ ਫਲ ਹੁੰਦਾ ਹੈ ਈਰ ਦੇ ਹੱਥ ਵਿੱਚ ਤੇ ਕਰਮ ਹੁੰਦੈ ਜੀਵ ਦੇ ਹੱਥ। ਕਰਮ ਤਾਂ ਕਿੰਨਿਆਂ ਨੇ ਕੀਤਾ, ਇੱਥੇ ਲੁਧਿਆਣੇ ਮੇਂ ਬੜਾ ਭਾਰੀ ਹੜ ਆਇਆ ਤੇ ਉਹਨਾਂ ਨੇ ਕਰਮ ਚ ਤਾਂ ਕੋਈ ਕਸਰ ਨਹੀਂ ਛੱਡੀ। ਪਰ ਹੁਣ ਉਹਨਾਂ ਕੋਲ ਖਾਣ ਨੂੰ ਦਾਣਾ ਵੀ ਨਹੀਂ ਕੋਲ ਰਿਹਾ ਤੇ ਪੱਠਾ ਪਾਉਣ ਨੂੰ ਪੂਆਂ ਦੇ, ਨਹੀਂ ਰਿਹਾ। ਜੇ ਫਲ ਇਹਨਾਂ ਦੇ ਹੱਥ ਹੁੰਦਾ ਤਾਂ ਕੁੱਛ ਨਾ ਹੁੰਦਾ। ਇਹਨੇ ਆਪਣੀ ਜਿਹੜੀ ਇਹਨਾਂ ਦੀ ਮਰਜੀ ਸੀ, ਉਹੋ ਜਿਹਾ ਫਲ ਕਰਨਾ ਸੀ । ਨਾ ! ਨਾ ! ਜੀਵ ਦੇ ਹੱਥ ਵਿਚ ਕਰਮ ਹੁੰਦੈ, ਫਲ ਈਰ ਦੇ ਹੱਥ ਵਿਚ ਹੁੰਦੈ। ਏਸ ਕਰਕੇ ਜਦ ਇਹ ਕਰਮ ਕਰੇ ਤਾਂ ਬਿਲਕੁਲ ਇਉਂ ਕਰਮ ਕਰੇ ਈਰ ਨੂੰ ਸਨਮੁੱਖ ਰੱਖਕੇ। ਮੈਂ ਇਕ ਬਿਰਧ ਦੇਖਿਆ ਉਥੇ ਆਪਣੇ, ਜਦ ਉਹ ਬੀਜਣ ਲੱਗੇ, ਪੋਰ ਨਾਲ ਬੀਜਦੇ ਹੁੰਦੇ ਜਦ। ਉਹ ਜਦੋਂ ਬੀਜਣ ਲੱਗਦਾ ਸੀ ਤਾਂ ਉਹ ਸਾਰਿਆਂ ਨੂੰ ਨਿਰੰਕਾਰ ਨੂੰ, ਅਕਾਲ ਪੁਰਖ ਨੂੰ, ਬਾਬੇ ਨਾਨਕ ਨੂੰ, ਗੁਰੂ ਅੰਗਦ ਦੇਵ ਨੂੰ, ਜਿਉਂ ਲਗਦਾ ਸੀ, ਉਹ ਸਾਰਿਆਂ ਨੂੰ ਧਿਆਉਂਦਾ ਸੀ। ਪਿੱਛੋਂ ਉਹ ਕਹਿੰਦਾ ਹੁੰਦਾ – ਓਏ ਚਿੜੀਆਂ ਦਾ, ਪੂਆਂ ਦਾ ਜੋ ਹਿੱਸਾ ਹੈ, ਉਹਦੇ ਵਾਸਤੇ ਹੀ ਈਰ ਸਾਨੂੰ ਬਖ ਦੇਈਂ। ਉਹ ਬੜਾ ਸਿਧਾਂਤ ਅੱਛਾ ਸੀ। ਏਸ ਕਰਕੇ ਹੋਰ ਸਾਰਿਆਂ ਦਾ ਫਲ ਇਹਦੇ ਹੱਥ ਵਿਚ ਨਹੀਂ ਹੁੰਦਾ, ਕਰਮ ਇਹਦੇ ਹੱਥ ਵਿਚ ਹੁੰਦਾ ਹੈ। ਇਹਨੂੰ ਕਰਮੁੱਭ ਕਰਨਾ ਚਾਹੀਦਾ ਹੈ।

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***

***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*** (ਪੰਨਾ ੨੬੬)

ਕਰਮ ਸਾਰੇ੍ਰੱਭ ਕਰੋ ਤੇ ਨਾਮ ਜਪੋ। ਨਾਮ ਵੀ ਜਪੋ। ਇਕ ਆਦਮੀ ਹਾੜ੍ਹੀ ਵੱਢਦਾ ਮੈਂ ਦੇਖਿਆ, ਉਹ ਉਸੇ ਪਿੰਡ ਸੀ ਬਿਰਧ। ਉਹ ਓਸ ਪਾਸੇ ਲੱਗਦਾ ਸੀ ਜਿੱਥੇ ਦੂਜੇ ਦਾ ਨਾਲ ਖੇਤ ਹੁੰਦਾ ਸੀ। ਉਦੋਂ ਮੁਰੱਬੇ ਬੰਦੀ ਨਹੀਂ ਸੀ ਹੋਈ। ਉਹਨੂੰ ਦੂਸਰੇ ਪੁੱਛਦੇ ਸੀ ਕਿ ਤੂੰ ਇਧਰੋਂ ਛੱਡਕੇ ਉਧਰ ਕਿਉਂ ਜਾਨੈਂ। ਉਹ ਕਹਿੰਦਾ ਮੈ ਤਾਂ ਲੱਗ ਜਾਨਾਂ ਬਈ ਜੇ ਐਧਰ ਕੋਈ ਛਿੱਟਾ ਉਹਦਾ ਡਿਗਿਆ ਹੋਊ ਤਾਂ ਮੈਂ ਉਹਦੇ ਵੱਲ ਸੁੱਟ ਤਾਂ ਦੇਉਂ। ਇਹਨਾਂ ਨੇ ਤਾਂ ਵਿੱਚੇ ਵੱਢ ਲੈਣੈਗਾ। ਬਿਰਧ ਕਹਿੰਦਾ – ਉਹ ਛਿੱਟਾ ਸਾਡੇ ਚ ਆ ਜਾਊ ਤੇ ਹੈ ਉਹ ਬੇਗਾਨਾ। ਕਿੰਨਾ ਉਹਦਾ ਉੱਚਾ ਦਿਮਾਗ ਸੀ, ਤੇ ਕਿੰਨੀ ਸੁੱਚ ਸੀ, ਇਹਦਾ ਨਾਉਂ ਸੰਤੋਖ ਹੈ। ਏਸ ਕਰਕੇ ਇਹ ਜੀਵ ਨੂੰ ਕਰਮ ਕਰਨਾ ਚਾਹੀਏ ਤੇ ਜਦ ਉਹ ਪਰਮੇਰ ਖ਼ੁਸ਼ੀ ਹੋ ਗਿਆ, ਉਹ ਤੁਹਾਡੇ ਸਾਰੇ ਪਾਪ, ਸਾਰੀਆਂ ਤਕਲੀਫਾਂ ਆਪ ਹੀ ਸਾਂ ਕਰ ਦਏਗਾ।

**ਦੁਰਤੁ ਗਵਾਇਆ ਹਰਿ ਪ੍ਰਭਿ ਆਪੇ**

ਹਰੀ ਪ੍ਰਭੂ ਨੇ ਆਪ ਹੀ ਸਾਰਾ ਦੁਰਤ ਗਵਾਇਆ ਹੈ। ਉਹ ਸੱਜਣ ਦੇ ਐਨੇ ਦੁਰਤ ਕਿੱਥੇ ਚਲੇ ਗਏ ਸੀ, ਐਨੇ ਪਾਪ ਉਹ ਗੁਰੂ ਨਾਨਕ ਨੇ ਇਕ ਮਿੰਟ ਵਿਚ ਸਾਰੇ ਗੁਆ ਦਿੱਤੇ, ਕੌਡੇ ਰਾਖ ਦੇ ਕਿੱਧਰ ਚਲੇ ਗਏ ਸੀਗੇ, ਉਹ ਕੌਡੇ ਰਾਖ ਤੇ ਗੁਰੂ ਨਾਨਕ ਨੇ ਜਦ ਉਹਦੇ ਵੱਲ ਨਿਗਾਹ ਕੀਤੀ, ਉਹ ਸਾਰੇ ਨਾਸ ਹੋ ਗਏ। ਉਹ ਪਰਮੇਰ ਆਪ ਹੀ ਰੂਪ ਧਾਰਕੇ ਆਇਆ। ਨਾਲੇ ਗੁਰੂ ਨਾਨਕ ਦੀ ਬਾਬਤ ਤਾਂ ਲਿਖਿਆ ਹੈ –

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥***
***ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥***

(ਪੰਨਾ ੧੪੦੮)

ਉਹ ਤਾਂ ਜੋਤੀ ਸਰੂਪ ਆਪ ਦੁਨੀਆਂ ਵਿਚ ਆਇਆ ਹੈ । ਉਸਨੇ ਦੁਨੀਆਂ ਵਿੱਚ ਆਕੇ ਸਿੱਧਾ ਰਸਤਾ ਦੱਸਿਆ । ਪਰ ਹੁਣ ਅਸੀਂ ਜੇ ਨਾ ਚੱਲੀਏ ਇਹ ਤਾਂ ਸਾਡੀ ਗਲਤੀ ਹੈ। ਇਹਦੇ ਵਿਚ ਗੁਰੂ ਨਾਨਕ ਦੀ ਤਾਂ ਕੋਈ ਕਸਰ ਨਹੀਂ ਹੈਗੀ, ਉਹਨਾਂ ਨੇ ਤਾਂ ਸਿੱਧਾ ਰਸਤਾ ਤੁਹਾਨੂੰ

ਦੱਸਕੇ ਚਲੇ ਗਏ। ਪਹਿਲਾਂ ਉਹਨਾਂ ਨੇ ਏਕਾ ਲਿਖਿਆ। ਤੁਸੀਂ ਜਿਹੜੇ ਪੜ੍ਹੇ ਲਿਖੇ ਹੋਏ ਹੋਂ, ਜਦ ਗੁਰੂ ਗ੍ਰੰਥ ਸਾਹਿਬ ਪੜ੍ਹੋਂਗੇ ਪਹਿਲਾਂ ਉਹਦੇ ਵਿੱਚ ਏਕਾ (੧) ਆਏਗਾ। ਏਕੇ ਦਾ ਅਰਥ ਕੀ ਹੈ ? ਉਹ ਆਪ ਹੀ ਅਰਥ ਕਰਕੇ ਗਏ ਨੇ ਪਹਿਲੀ ਪਾਤਾਹੀ –

***ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥***

***ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥*** (ਪੰਨਾ ੮੩੮)

ਉਹ ਕਹਿੰਦੇ ਏਕਾ ਚਾਰ ਖਾਣੀਆਂ ਦੇ ਹਿਰਦਿਆਂ ਦੇ ਵਿਚ ਹੈ, ਦੇਖੀਂ ਕਿਸੇ ਦਾ ਹਿਰਦਾ ਨਾ ਦੁਖੀ ਕਰ ਦੇਵੀਂ। ਉਹ ਬੁਲ੍ਹੇ ਾਹ ਨੇ ਆਖਿਆ ਦੇਖੀਂ ਓਏ ਕਿਸੇ ਦਾ ਦਿਲ ਨਾ ਢਾਹ ਦੇਵੀਂ। ਅਖੇ, ਕੀ ਹੋ ਜੂ ? ਕਹਿੰਦੇ ਤੇਰਾ ਦਰਗਾਹ ਦਾ ਦਰਵਾਜਾ ਬੰਦ ਹੋ ਜੂ, ਜੇ ਤੈਂ ਕਿਸੇ ਦਾ ਦਿਲ ਢਾਹ ਦਿੱਤਾ। ਦਿਲ ਤਾਂ ਰੱਬ ਦਾ ਦਰਵਾਜਾ ਹੈ, ਦਿਲ ਦੇ ਵਿੱਚ ਤਾਂ ਪਰਮੇਰ ਬੈਠਾ ਹੈ ਸਾਾਤ। ਉਹ ਲਿਖਿਆ ਹੈ ਨਾ –

***ਦਿਲ ਦਰਵਾਜਾ ਰੱਬ ਦਾ ਦੇਖੀਂ ਕਿਤੇ ਢਾਹ ਦਿੰਦਾ।***

ਏਸ ਕਰਕੇ ਉਹ ਸਿਧੇ ਰਸਤੇ ਸਾਰਿਆਂ ਵਿੱਚ ਪਰਮੇਰ ਦੇਖ ਜੇ ਤੇਰੇ ਤੋਂ ਸਹਾਇਤਾ ਹੁੰਦੀ ਹੈ ਤਾਂ ਕਰ, ਨਹੀਂ ਹੁੰਦੀ ਤਾਂ ਬੁਰਾ ਨਾ ਕਰ। ਇਕ ਮੁਸਲਮਾਨ ਫਕੀਰ ਹੋਇਐ ਉਸ ਨੇ ਲਿਖਿਐ। ਗੌਰੇ ਾਹ ਉਹਦਾ ਨਾਉਂ ਸੀ। ਉਹਨੇ ਲਿਖਿਐ –

***ਜਿਉਂਦਿਆਂ ਨੂੰ ਕਿਉਂ ਮਾਰਦਾ ਹੈਂ,***
***ਜੇ ਮੋਇਆਂ ਨੂੰ ਨਹੀਂ ਜੀਵਾਉਣ ਜੋਗਾ।***
***ਘਰ ਆਏ ਫਕੀਰ ਨੂੰ ਝਿੜਕਦਾ ਕਿਉਂ,***
***ਜੇ ਪੱਲਿਉਂ ਖੈਰ ਨਹੀਂ ਪਾਉਣ ਜੋਗਾ।***
***ਮਿਲੇ ਦਿਲਾਂ ਤੇ ਭਾਨੀਆਂ ਮਾਰਦਾ ਕਿਉਂ,***
***ਜੇ ਵਿੱਛੁੜੇ ਨਹੀਂ ਮਿਲਾਉਣ ਜੋਗਾ।***
***ਗੌਰੇ ਾਹ ਬਦੀਆਂ ਰੱਖ ਬੰਦੀਖਾਨੇ,***

***ਜੇਕਰ ਨੇਕੀਆਂ ਨਹੀਂ ਕਮਾਉਣ ਜੋਗਾ ।***

ਇਹ ਬੜਾ ਸੁਹਣਾ ਕੰਮ ਇਕ ਥੋੜੇ ਜਿਹੇ ਵਿਚ ਕਹਿ ਦਿੱਤਾ। ਜੇ ਕਰ ਤੂੰ ਨੇਕੀਆਂ ਨਹੀਂ ਕਰ ਸਕਦਾ ਤਾਂ ਆਪਣੀਆਂ ਬਦੀਆਂ ਨੂੰ ਤਾਂ ਰੱਖ ਸਾਂਭ ਕੇ ਆਪਣੇ ਬੰਦੀਖਾਨੇ ਵਿਚ। ਏਸ ਕਰਕੇ ਤੂੰ ਮਰਿਆਂ ਹੋਇਆਂ ਨੂੰ ਜਿਉਂਦੇ ਨਹੀਂ ਕਰ ਸਕਦਾ ਤਾਂ ਜਿਉਂਦਿਆਂ ਨੂੰ ਕਿਉਂ ਮਾਰਦਾ ਹੈਂ। ਅਧਿਕਾਰ ਤਾਂ ਤੇਰੇ ਕੋਲ ਹੈ ਨਹੀਂ । ਕਈ ਕਹਿੰਦੇ ਨੇ ਜੀ ਦਸਮ ਪਾਤਾਹ ਮਾਰਦੇ ਸਨ ਜੀਵ। ਮੈਂ ਆਖਿਆ ਬਈ ਦਸਮ ਪਾਤਾਹ ਤਾਂ ਜਿਉਂਦੇ ਵੀ ਕਰਦੇ ਸੇ, ਕਲਿਆਣ ਕਰਦੇ ਸਨ ।

ਇੱਕ ਬਾਣੀਆ ਉਜੈਨ ਦਾ, ਨੌਂਵੇਂ ਪਾਤਾਹ ਦਾ ਸਿੱਖ ਸੀ । ਜਦ ਦਸਵੇਂ ਪਾਤਾਹ ਗੱਦੀ ਤੇ ਆ ਗਏ, ਉਜੈਨ ਦਾ ਨੌਂਵੇਂ ਪਾਤਾਹ ਦਾ ਸਿੱਖ ਹੋਰ ਬਾਣੀਆਂ ਨੂੰ ਕਹਿੰਦਾ-ਮੈਂ ਆਪਣੇ ਗੁਰੂ ਦੇ ਦਰਨਾਂ ਨੂੰ ਜਾਣਾ ਹੈ, ਹੁਣ ਮੇਰਾ ਦੂਆ ਗੁਰੂ ਗੱਦੀ ਤੇ ਆਇਆ ਹੈ, ਪਹਿਲੇ ਗੁਰੂ ਮੇਰੇ ਬੈਕੁੰਠ ਨੂੰ ਚਲੇ ਗਏ । ਉਹ ਕਹਿੰਦੇ ਬਈ ਚੱਲ ਸਾਨੂੰ ਵੀ ਲੈ ਚੱਲ। ਉਹ ਬਾਣੀਆਂ ਕਹਿੰਦਾ, ਚਲੋ । ਉਹ ਜਦ ਆਏ ਕੁਦਰਤ ਰੱਬ ਦੀ, ਗੁਰੂ ਸਾਹਿਬ ਜੀਵ - ਜਾਨਵਰ ਮਾਰਕੇ ਮੋਢੇ ਤੇ ਸੁੱਟ ਕੇ ਤੁਰੇ ਆਉਂਦੇਸੇ । ਉਹਨਾਂ ਆਖਿਆ ਤੇਰਾ ਗੁਰੂ ਇਹੀ ਤਾਂ ਨਹੀਂ ਹੈ ? ਅਖੇ ਹੈ ਤਾਂ ਇਹੀ । ਕਹਿੰਦੇ ਸਾਨੂੰ ਕਿਉਂ ਵਾਟ ਪਵਾਈ? ਸਾਨੂੰ ਕਿਉਂ ਐਨੀ ਦੂਰ ਲਿਆਇਆ ? ਕਿਉਂ ਭਾੜਾ ਗੁਆਇਆ ? ਜੇ ਤੇਰਾ ਗੁਰੂ ਇਹੋ ਜਿਹਾ ਸੀ । ਉਹ ਬਾਣੀਆਂ ਬੜਾ ਉਦਾਸ ਹੋਇਆ। ਗੁਰੂ ਸਾਹਿਬ ਅੰਤਰਜਾਮੀ ਤਾਂ ਸੀਗੇ, ਉਹ ਕਹਿੰਦੇ ਭਾਈ ! ਤੂੰ ਐਨਾ ਉਦਾਸ ਕਿਉਂ ਹੈਂ ? ਤੇਰੇ ਨਾਲ ਇਹ ਨੇ, ਗੱਲ ਕੀ ਹੈ ? ਸੱਚ ਬੋਲ। ਜਦ ਦੋ ਤਿੰਨ ਵਾਰੀ ਕਿਹਾ, ਫਿਰ ਉਹ ਬੋਲਿਆ ਜੀ ਆਹ ਗੱਲ ਹੈ । ਅਖੇ ਫਿਰ ਇਹਨਾਂ ਨੂੰ ਪੁੱਛ, ਛੱਡ ਦੇਈਏ ਇਹਨਾਂ ਜਾਨਵਰਾਂ ਨੂੰ । ਉਹ ਕਹਿੰਦੇ ਹਾਂ ਜੀ, ਬਾਣੀਏਂ ਸੀ ਨਾ, ਛੱਡ ਦਿਓ ਮਹਾਰਾਜ ! ਛੱਡ ਦਿਓ ਮਹਾਰਾਜ ! ਉਹਨਾਂ ਆਖਿਆ-ਜਾਉ ਉੱਡ ਜਾਉ ! ਉਹ ਉੱਤਰੇ ਤੇ ਉਹਨਾਂ ਬਾਣੀਆਂ ਦੇ ਦੁਆਲੇ ਹੋ ਗਏ। ਉਹ ਕਹਿੰਦੇ ਸਾਡੇ ਤਾਂ ਸਹੁਰਿਓ ਜਨਮ ਕੱਟੇ ਗਏ ਸੀ, ਤੁਸੀਂ ਫਿਰ ਮੁੜਕੇ ਜਨਮਾਂ ਚ ਪਾ ਦਿੱਤਾ। ਫਿਰ ਉਹਨਾਂ

ਨੂੰ ਪਤਾ ਲੱਗਿਆ, ਇਹ ਤਾਂ ਗੁਰੂ ਹੈ ਧੁਰੋਂ ਆਇਆ ਹੋਇਐ, ਇਹ ਤਾਂ ਦੁਨੀਆਂ ਦੀ ਮੁਕਤੀ ਕਰਨ ਆਇਆ ਹੈ ਕਿਸੇ ਢੰਗ ਨਾਲ । ਤੇ ਏਸ ਕਰਕੇ ਤੁਹਾਨੂੰ ਪਤਾ ਨਹੀਂ, ਦਸਵੇਂ ਪਾਤਾਹ ਲਿਖਦੇ ਨੇ, ਖਵਾਜਾ ਮਨਜੂਰ ਨੂੰ ਅਸੀਂ ਇਕ ਤੀਰ ਬਖ ਦੇਣਾ ਸੀ, ਉਹ ਸੌਹਰਾ ਦਿੱਲੀਉਂ ਕਹਿਕੇ ਆਇਆ ਸੀ, ਮੈਂ ਫੜਕੇ ਲਿਆਊਂ ਪਰ ਭੀਤ ਦੇ ਉਹਲੇ ਹੋ ਗਿਆ। ਨਾਹਰ ਨੂੰ ਬਖ ਦਿੱਤਾ ਸੀ ਤੀਰ ਮਲੇਰ ਕੋਟਲੇ ਵਾਲੇ ਨੂੰ । ਇਹ ਗੱਲ ਉਹਨਾਂ ਦੀ ਹੈ, ਉਹ ਜਿਹੜੇ ਤੀਰ ਉਹਨਾਂ ਨੇ ਬਖਣੇ ਸੀ, ਜਿੱਥੇ ਉਹਨਾਂ ਦਾ ਤੀਰ ਵੱਜਦਾ ਸੀ ਉਹ ਵੀ ਤਾਂ ਬਖਿਆ ਜਾਂਦਾ ਸੀ ਜਨਮ ਮਰਨ ਤੋਂ। ਏਸ ਕਰਕੇ ਲੋਕ ਐਵੇਂ ਉਹਨਾਂ ਦੀਆਂ ਰੀਸਾਂ ਕਰਦੇ ਨੇ । ਏਸ ਕਰਕੇ ਗੌਰੇ ਾਹ ਸਾਫ ਲਿਖਦਾ ਹੈ, ***ਜਿਉਂਦਿਆਂ ਨੂੰ ਕਿਉਂ ਮਾਰਦਾ ਹੈਂ, ਜੇ ਮੋਇਆਂ ਨੂੰ ਨਹੀਂ ਜੀਵਾਉਣ ਜੋਗਾ*** । ਜੇ ਤੂੰ ਮਰਿਆਂ ਨੂੰ ਜਿਉਂਦਾ ਨਹੀਂ ਕਰ ਸਕਦਾ ਤੇ ਫਿਰ ਜਿਉਂਦਿਆਂ ਨੂੰ ਕਿਉਂ ਮਾਰਦਾ ਹੈਂ ?

***ਘਰ ਆਏ ਫਕੀਰ ਨੂੰ ਝਿੜਕਦਾ ਕਿਉਂ, ਜੇ ਪੱਲਿਉਂ ਖੈਰ ਨਹੀਂ ਪਾਉਣ ਜੋਗਾ।*** ਜੇ ਤੇਰੇ ਕੋਲ ਖੈਰ ਪਾਉਣ ਨੂੰ ਨਹੀਂ ਤਾਂ ਝਿੜਕਦਾ ਕਿਉਂ ਹੈਂ ?

***ਮਿਲੇ ਦਿਲਾਂ ਤੇ ਭਾਨੀਆਂ ਮਾਰਦਾ ਕਿਉਂ, ਜੇ ਵਿੱਛੁੜੇ ਨਹੀਂ ਮਿਲਾਉਣ ਜੋਗਾ।*** ਜੇ ਤੂੰ ਵਿਛੜੇ ਦਿਲਾਂ ਨੂੰ ਮਿਲਾ ਨਹੀਂ ਸਕਦਾ ਤਾਂ ਭਾਨੀਆਂ ਮਾਰ ਕੇ ਅਡੋ ਅੱਡੀ ਕਿਉਂ ਕਰਦੈਂ ?

**ਗੌਰੇ ਾਹ ਬਦੀਆਂ ਰੱਖ ਬੰਦੀਖਾਨੇ, ਜੇਕਰ ਨੇਕੀਆਂ ਨਹੀਂ ਕਮਾਉਣ ਜੋਗਾ।** ਤੂੰ ਆਪਣੀਆਂ ਬਦੀਆਂ ਨੂੰ ਬੰਦੀਖਾਨੇ ਵਿਚ ਰੱਖ ਮਨ ! ਜੇਕਰ ਨੇਕੀਆਂ ਨਹੀਂ ਕਮਾਉਣ ਜੋਗਾ। ਨੇਕੀਆਂ ਤਾਂ ਤੂੰ ਕਰ ਨਹੀਂ ਸਕਦਾ, ਬਦੀਆਂ ਨੂੰ ਤਾਂ ਸਾਂਭ ਕੇ ਰੱਖ ।

ਏਸ ਕਰਕੇ ਉਹ ਆਪ ਪਰਮੇਰ ਬਖੰਦਿ ਹੈ, ਬਖ ਦਿੰਦਾ ਹੈ, ਪਰ ਤੁਸੀਂ ਉਹਦੇ ਸਨਮੁੱਖ ਹੋ ਜਾਉ। ਉਹ ਸਾਰੇ ਪਾਪਾਂ ਦਾ ਨਾਸ ਕਰ ਦਿੰਦਾ ਹੈ । ਹੁਣ ਦੱਸੋ ਕਿੱਧਰ ਗਏ ਕੌਡੇ ਦੇ ਪਾਪ ? ਉਹ ਕਸਾਈ ਦੇ ਪਾਪ ਕਿੱਧਰ ਗਏ ? ਅਜਾਮਲ ਦੇ ਕਿੱਧਰ ਗਏ ?

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***

(ਪੰਨਾ ੬੩੨)

ਐਨਾ ਪਾਪੀ ਸੀ, ਇੱਕ ਨਿਮਖ ਦੇ ਵਿੱਚ ਉਹਦਾ ਨਿਸਤਾਰਾ ਹੋ ਗਿਆ। ਭਗਵਾਨ ਨੇ ਕਰ ਦਿੱਤਾ ਜਦ ਉਹਨੇ ਯਾਦ ਕੀਤਾ । ਏਸ ਕਰਕੇ ਉਹ ਦਿਆਲੂ ਹੈ, ਕਿਰਪਾਲੂ ਹੈ । ਉਹ ਹਰੀ ਆਪ ਹੀ ਬਖ ਦਿੰਦਾ ਹੈ ।

**ਸਭੁ ਸੰਸਾਰੁ ਉਬਾਰਿਆ ॥**

ਉਹ ਸਾਰਾ ਸੰਸਾਰ ਨਹੀਂ ਬਚਾ ਲਿਆ ? ਹੁਣ ਤੁਹਾਡੇ ਸਾਹਮਣੇ ਤੁਸੀਂ ਦੇਖਦੇ ਨਹੀਂ? ਉਥੋਂ ਹੀ ਲੋਕ ਗਏ ਨੇ ਥੋਨੂੰ ਪਤਾ ਹੈ ਤੇ ਉਹ ਥਿਆਏ ਨਹੀਂ, ਉਹਨਾਂ ਦੇ ਪ੍ਰੂ ਨਹੀਂ ਲੱਭੇ। ਉਥੇ ਬੈਠੇ ਓਵੇਂ ਜਿਵੇ ਂ ਰਹਿ ਗਏ । ਜੀਹਨੂੰ ਉਹਨੇ ਬਚਉਣਾ ਹੈ ਉਹਨੂੰ ਬਚਾ ਲਿਆ।

***ਰਾਖਾ ਏਕੁ ਹਮਾਰਾ ਸੁਆਮੀ॥***
***ਸਗਲ ਘਟਾ ਕਾ ਅੰਤਰਜਾਮੀ॥*** (ਪੰਨਾ ੧੧੩੬)

ਰਾਖਾ ਸਾਡਾ ਇੱਕੋ ਹੀ ਪਰਮੇਰ ਹੈ, ਉਹ ਸਾਰੇ ਹਿਰਦਿਆਂ ਦਾ ਅੰਤਰਜਾਮੀ ਹੈ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥***

(ਪੰਨਾ ੧੪੨੭)

ਜਿਹੜਾ ਸਾਰਿਆਂ ਦੇ ਹਿਰਦਿਆਂ ਵਿਚ ਰੱਬ ਬੈਠੈ, ਤੇਰੇ ਵਿੱਚ ਵੀ ਬੈਠੈ, ਜੇ ਤੂੰ ਉਹਨਾਂ ਸਾਰਿਆਂ ਤੇ ਰਹਿਮ ਕਰੇਂ। ਤੇਰੇ ਤੇ ਰੱਬ ਰਹਿਮ ਕਰ ਦੇਊ। ਇਕ ਸਾਧ, ਇਕ ਸੰਤ ਨੂੰ ਕਹਿੰਦਾ ਓਏ ਰੱਬ ਰਹਿਮ ਕਦ ਕਰੂਗਾ ? ਕਹਿੰਦਾ ਜਦ ਤੂੰ ਕਰੇਂਗਾ ਉਦੋਂ ਕਰੇਗਾ । ਜੇ ਤੂੰ ਰਹਿਮ ਚਾਹੁੰਨੈ ਤਾਂ ਰਹਿਮ ਕਰਨ ਲੱਗ ਜਾ। ਤੂੰ ਲੋਕਾਂ ਤੇ ਰਹਿਮ ਕਰਦੇ, ਉਹ ਰਹਿਮ ਫਿਰ ਤੇਰੇ ਕੋਲ ਆ ਜਾਏਗਾ। ਜੇ ਤੂੰ ਆਖੇਂ ਮੈਂ ਨਾ ਰਹਿਮ ਕਰਾਂ, ਤੇਰੇ ਤੇ ਰਹਿਮ ਕੈਸੇ ਹੋ ਜਾਊ ਓਏ ? ਇਹ ਤਾਂ–

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*** (ਪੰਨਾ ੧੩੪)

ਇਹ ਤਾਂ ਕਰਮਾਂ ਦਾ ਖੇਤ ਹੈ ਭਾਈ ।

**ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ**

ਉਹ ਪਾਰਬ੍ਰਹਮ ਨੇ, ਪਰਮੇਰ ਨੇ ਬੜੀ ਕਿਰਪਾ ਧਾਰੀ, ਬੜੀ ਕਿਰਪਾ ਕੀਤੀ।

**ਅਪਣਾ ਬਿਰਦੁ ਸਮਾਰਿਆ ॥**

ਉਹਨੇ ਆਪਣਾ ਬਿਰਦ, ਪ੍ਰਣ ਨਹੀਂ ਛੱਡਣਾ । ਤੁਸੀਂ ਜੇ ਕਿਸੇ ਨੂੰ ਕਹੋਂਗੇ ਕਿ ਇਹਨੂੰ ਤਾਂ ਰੋਟੀ ਨਹੀਂ ਦੇਣੀ ਚਾਹੀਦੀ। ਪਰ ਉਹ ਤਿਨ ਵਕਤ ਦੇਊ, ਉਹ ਥੋਡੇ ਕਹੇ ਤੇ ਕਿਹੜਾ ਹਟ ਜਾਏਗਾ।ਸਮਝ ਗਏ? ਉਹ ਆਪਣਾ ਬਿਰਦ ਨਹੀਂ ਛੱਡੇਗਾ । ਪਰਮੇਰ ਆਪਣਾ ਪ੍ਰਣ ਨਹੀਂ ਛੱਡੇ ਗਾ । ਉਹਦੀ ਜਿੰਮੇਵਾਰੀ ਹੈ । ਸ੍ਰਿਟੀ ਦੀ ਉਤਪਤੀ ਕਰਨੀ, ਪਾਲਣਾ ਕਰਨੀ, ਲੈਅ ਕਰਨੀ । ਉਹਨੇ ਜਰੂਰ ਕਰਨੈ । ਜੇ ਤੁਸੀਂ ਉਲਟੇ ਪਾਸੇ ਨੂੰ ਜਾਉਂਗੇ ਤੁਹਾਡੀ ਰਖਾ ਫਿਰ ਵੀ ਉਹਨੇ ਕਰਨੀ ਹੈ। ਏਸ ਕਰਕੇ ਤੁਹਾਨੂੰ ਉਹਦੇ ਮਾਰਗ ਵਿਚ ਚੱਲਣਾ ਚਾਹੀਏ।ਪਰਮੇਰ ਦੀ ਦਇਆ ਦੇ ਹੇਠ, ਛਾਇਆ ਵਿਚ ਰਹਿਣਾ ਚਾਹੀਏ, ਉਹ ਪਰਮੇਰ ਬੜਾ ਦਿਆਲੂ ਹੈ ।

**ਹੋਈ ਰਾਜੇ ਰਾਮ ਕੀ ਰਖਵਾਲੀ ॥**

ਉਹ ਤਾਂ ਰਾਜਾ ਜੋ ਹੈ ਨਾ, **ਰਾਮ** ਵਿਆਪਕ । ਰਾਜਾ ਤੇ ਰਾਮ ਦੋ ਨੀਂ । ਜਿਹੜਾ ਵਿਆਪਕ ਰਾਜਾ ਪ੍ਰਕਾ ਰੂਪ ਚੇਤਨ ਸਾਰੇ ਵਿਆਪਕ ਰਾਮ, ਉਹਦੀ ਰਖਵਾਲੀ ਹੋ ਗਈ, ਹੁਣ ਤਾਂ ਅਸੀਂ ਉਹਦੀ ਰਾਖੀ ਹੇਠਾਂ ਹੋ ਗਏ । ਪਰ ਤੁਹਾਨੂੰ ਇਉਂ ਨਹੀਂ ਪਤਾ ਰਾਖੀ ਹੇਠਾਂ ਜੀਵ ਕਦੋਂ ਹੁੰਦਾ ਹੈ ? ਇਹ ਤੁਹਾਨੂੰ ਪਤੈ ? ਦੱਸ ਦਿਉ ਤਾਂ, ਜੇ ਤੁਹਾਨੂੰ ਪਤਾ ਹੈ । ਹਾਂ ਜੇ ਇਹਦਾ ਨਾਮ ਲੈਕੇ ਨਹੀਂ ਛੱਡੋਂਗੇ ਕਦੇ ਤਾਂ ਰਖਵਾਲੀ ਵਿੱਚ ਹੋ ਜਾਉਂਗੇ। ਆਹ ਨਿਾਨੀ ਹੈ, ਉਹਦਾ ਨਾਮ ਨਾ ਕਦੇ ਭੁੱਲਣਾ । ਉਹਦੇ ਅੱਗੇ ਅਰਦਾਸ ਕਰੋ, ਬੇਨਤੀ ਕਰੋ, ਨਾਮ ਜਪੋ, ਫਿਰ ਉਹ ਤੁਹਾਡੀ ਰਖਾ ਜਰੂਰ ਕਰੇਗਾ। ਉਹਨੇ ਸਾਰਿਆਂ ਭਗਤਾਂ ਦੀ ਰਖਿਆ ਕੀਤੀ, ਕਬੀਰ ਦੀ ਕੀਤੀ, ਧੰਨੇ ਦੀ ਕੀਤੀ, ਨਾਮਦੇਵ ਦੀ

ਕੀਤੀ, ਕਿਤਨਿਆਂ ਦੀ ਕੀਤੀ ।ਤੇ ਜਦ ਅਸੀਂ ਵੀ ਓਥੇ ਜਾਕੇ ਖੜ੍ਹ ਜਾਵਾਂਗੇ, ਸਾਡੀ ਵੀ ਕਰੂਗਾ ।ਸਾਡਾ ਇਹ ਫਰਜ ਹੈ ਬਈ ਭਲਾ ਕੰਮ ਕਰਨਾ,ਸੁਖ ਦੇਣਾ ਪਬਲਿਕ ਨੂੰ ਜਿਹੜਾ ਦੇ ਸਕੀਏ ਤੇ ਫਿਰ ਉਹ ਪਰਮੇ ਰ ਸਾਡੀ ਰੱਖਿਆ ਕਰੇਗਾ।

**ਸੂਖ ਸਹਜ ਅਨਦ ਗੁਣ ਗਾਵਹੁ**

**ਸੂਖ** ਸੁੱਖ ਦਾ ਨਾਉਂ ਹੈ, **ਸਹਜ** ਨਾਉਂ ਹੈ ਗਿਆਨ ਦਾ । ਗਿਆਨ, ਸੁੱਖ, **ਅਨੰਦ** ਨਾਉਂ ਹੈ ਜਿਥੇ ਦੁੱਖ ਕੋਈ ਨਾ ਹੋਵੇ, ਉਸ ਪਰਮੇਰ ਦੇ ਗੁਣ ਗਾਉ ।ਉਹ ਪਰਮੇਰ ਹੈ , ਉਹਦੇ ਗੁਣ ਗਾਇਆ ਕਰੋ । ਤੇ ਇਉਂ ਨਹੀਂ ਬਈ ਉਹ ਭੁੱਲਿਆ ਹੋਇਐ। ਉਹ ਤਾਂ –

***ਘਟ ਘਟ ਮੈ ਹਰਿ ਜੂ ਬਸੈ।*** ਤਹਾਡੇ ਹਿਰਦੇ ਵਿਚ ਨਹੀਂ ਬੈਠਾ ? ਇਉਂ ਤਾਂ ਨਹੀਂ ਕਿ ਉਹ ਹੈ ਨਹੀਂ ।ਨਾ! ਉਹਦੇ ਗੁਣ ਗਾਉ ਪਰ ਸੱਚੇ ਦਿਲੋਂ ਗਾਉ, ਉਹਦਾ ਦਾਸ ਹੋ ਕੇ ਗਾਉ। ਇਹ ਸਾਰੀ ਦੁਨੀਆਂ ਨੂੰ ਪਰਮੇਰ ਦਾ ਰੂਪ ਸਮਝੋ ਔਰ ਪਰਮੇਰ ਰੂਪ ਸਮਝ ਕੇ ਸੇਵਾ ਕਰੋ ।

**ਮਨੁ ਤਨੁ ਦੇਹ ਸੁਖਾਲੀ ॥ ਰਹਾਉ॥**

ਇਹ ਤੇਰਾ ਮਨ ਵੀ ਤਨ ਵੀ ਦੇਹ ਸਰੀਰ ਵੀ ਸੁਖਾਲੇ ਹੋ ਜਾਣਗੇ, ਕੋਈ ਦੁੱਖ ਨਹੀਂ ਰਹੇਗਾ।ਪਰ ਤੂੰ ਉਹਦੀ ਰਖਾ ਦੇ ਵਿਚ ਖੜਾ ਹੋ ਜਾ। ਤੂੰ ਨਾਮ ਨਾ ਛੱਡੀਂ, ਧਰਮ ਨਾ ਛੱਡੀਂ ਤੇ ਬਿਲਕੁਲ ਸੱਚ ਬੋਲੀਂ, ਸੰਤੋਖ ਰੱਖੀਂ ਫਿਰ ਤੇਰਾ ਕੰਮ ਆਪੇ ਠੀਕ ਹੋ ਜਾਊ ।

**ਪਤਿਤ ਉਧਾਰਣ ਸਤਿਗੁਰੁ ਮੇਰਾ**

ਮੇਰਾ ਜੋ ਸਤਿਗੁਰੂ ਹੈ ਗੁਰੂ ਰਾਮ ਦਾਸ, ਉਹ ਤਾਂ ਪਾਪੀਆਂ ਦਾ ਉਧਾਰ ਕਰ ਦਿੰਦਾ ਹੈ। ਇਹ ਤਾਂ ਪੰਚਮ ਪਾਤਾਹ ਨੇ ਗੁਰੂ ਅਰਜਨ ਦੇਵ ।ਮੇਰਾ ਜੋ ਸਤਿਗੁਰੂ ਹੈ, ਉਹ ਤਾਂ ਪਾਪੀਆਂ ਦਾ ਉਧਾਰ ਕਰ ਦਿੰਦਾ ਹੈ, ਉਹਨਾਂ ਨੇ ਕਿੰਨੇ ਪਾਪੀ ਤਾਰੇ ਨੇ। ਏਸ ਕਰਕੇ ਉਹਨਾਂ ਦਾ ਤਾਂ ਸੁਭਾਅ ਹੈ, ਉਹ ਤਾਂ ਪਤਿਤਾਂ ਨੂੰ ਪਵਿੱਤਰ ਕਰ ਦਿੰਦਾ ਹੈ ।

**ਮੋਹਿ ਤਿਸ ਕਾ ਭਰਵਾਸਾ ॥**

ਮੇਰਾ ਉਹਦੇ ਤੇ ਪੂਰਣ ਭਰਵਾਸਾ, ਪੂਰਣ ਨਿਸਚਾ ਹੈ।ਗੁਰੂ ਅਰਜਨ

ਦੇਵ ਜੀ ਕਹਿੰਦੇ ਮੈਨੂੰ ਆਪਣੇ ਗੁਰੂ ਤੇ ਪੂਰਣ ਨਿਸਚਾ ਹੈ, ਉਹਨੇ ਮੈਨੂੰ ਉਪਦੇ ਦਿੱਤਾ ਹੈ ਤਾਂ ਤੇ ਤੁਸੀਂ ਉਹਨਾਂ ਦਾ ਉਪਦੇ ਪੜ੍ਹੋਂਗੇ, ਤੁਹਾਨੂੰ ਬੜਾ ਚੰਗਾ ਲੱਗੂਗਾ ।

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧ ਸੰਗਤ ਮੋਹਿ ਪਾਈ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿਆਈ ॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਓ***
***ਏਹ ਸੁਮਤਿ ਸਾਧੂ ਤੇ ਪਾਈ ॥***
***ਸਭ ਮਹਿ ਰਵਿ ਰਹਿਆ ਪ੍ਰਭ ਏਕੈ***
***ਪੇਖਿ ਪੇਖਿ ਨਾਨਕ ਬਿਗਸਾਈ ॥*** (ਪੰਨਾ ੧੨੯੯)

ਉਹ ਜਿਸ ਦਿਨ ਤੋਂ ਉਹਦੀ ਕਿਰਪਾ ਹੋਈ ਸਾਡੇ ਗੁਰੂ ਦੀ, ਸਾਡੇ ਈਰਖਾ, ਵੈਰ ਪੁਰਾਣੇ ਸਭ ਨਾਸ ਹੋ ਗਏ। ਸਾਨੂੰ ਸਾਰਿਆਂ ਵਿਚ ਪਰਮੇਰ ਦਿੱਸਣ ਲੱਗ ਪਿਆ। ਇਥੇ ਤੱਕ ਸਾਡੇ ਗੁਰੂ ਨੇ ਸਾਨੂੰ ਪਹੁੰਚਾ ਦਿੱਤਾ। ਮੈਨੂੰ ਉਸ ਗੁਰੂ ਤੇ ਪੂਰਣ ਨਿਸਚਾ ਹੈ ਤੇ ਤੁਸੀਂ ਵੀ ਆਪਣੇ ਗੁਰੂ ਤੇ ਨਿਸਚਾ ਕਰੋ ।

**ਬਖਸਿ ਲਏ ਸਭਿ ਸਚੈ ਸਾਹਿਬਿ**

ਸਾਰੇ ਜਿੰਨੇ ਹਨ, ਉਹ ਸੱਚੇ ਸਾਹਿਬ ਨੇ ਲਏ ਬਖ। ਉਹ ਸੱਚਾ ਸਾਹਿਬ ਸਭ ਦਾ ਗੁਰੂ ਹੈ।

***ਜਾ ਕਉ ਅਪੁਨੀ ਕਰੈ ਬਖਸੀਸ ॥***
***ਤਾ ਕਾ ਲੇਖਾ ਨ ਗਨੈ ਜਗਦੀਸ ॥*** (ਪੰਨਾ ੨੭੭)

ਜੀਹਦੇ ਤੇ ਉਹ ਬਖ਼ਸ਼ ਕਰ ਦੇਵੇ ਫਿਰ ਲੇਖਾ ਰਿਹੈ ਕਿਸੇ ਦਾ? ਕੌਡੇ ਦਾ ਕਿਸੇ ਨੇ ਲੇਖਾ ਗਿਣਿਆ? ਸੱਜਣ ਠੱਗ ਦਾ ਲੇਖਾ ਗਿਣਿਆ? ਉਹ ਕਸਾਈ ਦਾ, ਵੇਸਵਾ ਦਾ ਕਿਸੇ ਨੇ ਲੇਖਾ ਗਿਣਿਆ? ਬੈਕੁੰਠ ਨੂੰ ਗਈ ਸਿੱਧੀ ਨਾਮ ਜਪਦੀ । ਏਸ ਕਰਕੇ ਉਹ ਬਖ ਲੈਂਦੈ ਨੇ ਭਾਈ, ਉਹ ਬੜਾ ਬਖ਼ਸ਼ਿੰਦ ਹੈ ।

**ਸੁਣਿ ਨਾਨਕ ਕੀ ਅਰਦਾਸਾ ॥**

ਮੇਰੀ ਇਹ ਅਰਦਾਸ ਸੁਣ, ਗੁਰੂ ਅਰਜਨ ਦੇਵ ਜੀ ਕਹਿੰਦੇ- ਮੈਂ ਅਰਦਾਸ ਵਜੋਂ ਤੁਹਾਨੂੰ ਇਹ ਬਦ ਸੁਣਾਉਂਦਾਂ ਬਈ ਤੁਸੀਂ ਉਸ ਈਰ ਅੱਗੇ ਅਰਦਾਸ ਬੇਨਤੀ ਕਰੋ, ਸੱਚ ਬੋਲੋ ਤੇ ਕਿਸੇ ਦਾ ਬੁਰਾ ਨਾ ਕਰੋ ਤੇ ਤੁਹਾਡੇ ਨਾਲ ਵੀ ਇਹੀ ਵਰਤਾਉ ਪਰਮੇਰ ਕਰੇਗਾ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ॥

❑